# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 24 | 22 June 2022 to 28 June 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਇਸਲਾਮਿਕ ਸਟੇਟ ਵੱਲੋਂ ਕਾਬੁਲ ਵਿਚ ਕਰਤੇ ਪਰਵਾਨ ਗੁਰਦੁਆਰੇ ’ਤੇ ਹਮਲਾ

**✪ ਤਿੰਨੇ ਹਮਲਾਵਰ ਮਾਰ ਮੁਕਾਏ ✪ ਦੋ ਵਿਅਕਤੀ ਮਾਰੇ ਗਏ ਤੇ ਸੱਤ ਹੋਰ ਜ਼ਖ਼ਮੀ ਹੋਏ ✪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਰੱਖਿਅਤ ਸਥਾਨ ’ਤੇ ਪਹੁੰਚਾਏ**

**✪ ਕਾਬੁਲ ਤੋਂ ਭਾਰਤ ਆਉਣ ਲਈ ਦਿਨ ਗਿਣ ਰਹੇ ਹਨ 150 ਤੋਂ ਵੱਧ ਸਿੱਖ ✪ ਤਾਲਿਬਾਨ ਨੇ ਨੁਕਸਾਨੇ ਗਏ ਗੁਰਦੁਆਰਾ ਸਾਹਿਬ ਦੇ ਮੁੜ ਨਿਰਮਾਣ ਵਿਚ ਕਰੇਗੀ ਸਹਾਇਤਾ**

**ਅੰਮ੍ਰਿਤਸਰ/ਏ.ਟੀ.ਨਿਊਜ਼** :- ਬੀਤੇ ਸ਼ਨਿਚਰਵਾਰ ਦਹਿਸ਼ਤਗਰਦਾਂ ਨੇ ਕਾਬੁਲ ਵਿਚ ਕਰਤੇ ਪਰਵਾਨ ਗੁਰਦੁਆਰੇ ’ਤੇ ਹਮਲਾ ਕੀਤਾ ਜਿਸ ਵਿਚ ਦੋ ਵਿਅਕਤੀ ਮਾਰੇ ਗਏ ਤੇ ਸੱਤ ਹੋਰ ਜ਼ਖ਼ਮੀ ਹੋਏ। ਮ੍ਰਿਤਕਾਂ ਵਿਚ ਇਕ ਅਫ਼ਗਾਨ ਸਿੱਖ ਸਵਿੰਦਰ ਸਿੰਘ (60 ਸਾਲ) ਵੀ ਸੀ। ਦਹਿਸ਼ਤਗਰਦ ਧਮਾਕਾਖ਼ੇਜ਼ ਸਮਗਰੀ ਨਾਲ ਭਰਿਆ ਟਰੱਕ ਗੁਰਦੁਆਰੇ ਤੱਕ ਲੈ ਜਾਣਾ ਚਾਹੁੰਦੇ ਸਨ ਜਿਸ ਨੂੰ ਤਾਲਿਬਾਨ ਦੇ ਸੁਰੱਖਿਆ ਕਰਮਚਾਰੀਆਂ ਨੇ ਰੋਕ ਲਿਆ। ਦਹਿਸ਼ਤਗਰਦਾਂ ਅਤੇ ਤਾਲਿਬਾਨ ਸੁਰੱਖਿਆ ਕਰਮਚਾਰੀਆਂ ਵਿਚਕਾਰ ਕਈ ਘੰਟੇ ਮੁਕਾਬਲਾ ਹੋਇਆ ਜਿਸ ਵਿਚ ਤਿੰਨ ਹਮਲਾਵਰ ਮਾਰੇ ਗਏ। ਹਮਲੇ ਸਮੇਂ ਗੁਰਦੁਆਰੇ ਵਿਚ ਸਿੱਖ ਤੇ ਹਿੰਦੂ ਸ਼ਰਧਾਲੂ ਮੌਜੂਦ ਸਨ। ਸੁਰੱਖਿਆ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਇਹ ਹਮਲਾ ਇਸਲਾਮਿਕ ਸਟੇਟ (ਖੋਰਾਸਾਨ) ਨਾਮ ਦੀ ਜਥੇਬੰਦੀ ਨੇ ਕੀਤਾ ਹੈ। ਇਸਲਾਮਿਕ ਸਟੇਟ ਦੇ ਖ਼ੁਰਾਸਾਨ ਸੂਬੇ ਦੇ ਕੇਂਦਰੀ ਬਿਆਨ ਵਿਚ ਕਿਹਾ ਗਿਆ ਹੈ ਕਿ 18 ਜੂਨ ਦਾ ਹਮਲਾ ਪੈਗ਼ੰਬਰ ਮੁਹੰਮਦ ਦੀ ਬੇਅਦਬੀ ਦੇ ਪ੍ਰਤੀਕਰਮ ਵਜੋਂ ਕੀਤਾ ਗਿਆ ਸੀ। ਇਸਲਾਮਿਕ ਸਟੇਟ ਦੀ ਨਿਊਜ਼ ਏਜੰਸੀ ਅਮਕ ਨੇ ਹਮਲੇ ਦੀ ਜ਼ਿੰਮੇਵਾਰੀ ਲੈਣ ਦੀ ਖ਼ਬਰ ਨੂੰ ਪੇਸ਼ ਕੀਤਾ ਸੀ। ਇਸਲਾਮਿਕ ਸਟੇਟ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਕਾਬੁਲ ਵਿਚ ਹੋਏ ਇਸ ਹਮਲੇ ਵਿਚ ਕੁੱਲ 30 ਸਿੱਖਾਂ ਅਤੇ ਹਿੰਦੂਆਂ ਨੂੰ ਜਾਂ ਤਾਂ ਮਾਰਿਆ ਜਾਂ ਫਿਰ ਜ਼ਖ਼ਮੀ ਕੀਤਾ ਹੈ। ਇਸ ਤੋਂ ਇਲਾਵਾ ਤਾਲਿਬਾਨ ਦੇ 20 ਮੈਂਬਰ ਵੀ ਮਾਰੇ ਗਏ ਜਾਂ ਫਿਰ ਜ਼ਖ਼ਮੀ ਹੋਏ ਹਨ।

ਦੱਸਣਯੋਗ ਹੈ ਕਿ ਇਸ ਅੱਤਵਾਦੀ ਹਮਲੇ ਵਿਚ ਮਾਰੇ ਗਏ ਸਿੱਖ ਸਵਿੰਦਰ ਸਿੰਘ ਦਾ ਪਰਿਵਾਰ ਪਿਛਲੇ ਸਮੇਂ ਦੌਰਾਨ ਦਿੱਲੀ ਆ ਗਿਆ ਸੀ। ਗੁਰਦੁਆਰਾ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਕਰਤਾ-ਏ-ਪਰਵਾਨ ਦੇ ਹੈੱਡ ਗ੍ਰੰਥੀ ਅਤੇ ਪ੍ਰਬੰਧਕ ਗੁਰਨਾਮ ਸਿੰਘ ਦੱਸਿਆ ਕਿ ਸਵੇਰੇ 6 ਵਜੇ (ਅਫ਼ਗਾਨਿਸਤਾਨੀ ਸਮੇਂ ਮੁਤਾਬਿਕ) ਪਹਿਲੇ ਧਮਾਕੇ ਦੇ ਅੱਧੇ ਘੰਟੇ ਬਾਅਦ ਦੂਜਾ ਵੱਡਾ ਧਮਾਕਾ ਹੋਇਆ, ਜਿਸ ਨਾਲ ਗੁਰਦੁਆਰੇ ਦੇ ਵੱਡੇ ਹਿੱਸੇ ਵਿਚ ਅੱਗ ਲੱਗ ਗਈ ਅਤੇ ਪ੍ਰਕਾਸ਼ ਅਸਥਾਨ ਤੇ ਹੋਰਨਾਂ ਭਵਨਾਂ ਨੂੰ ਭਾਰੀ ਨੁਕਸਾਨ ਪਹੁੰਚਿਆ। ਧਮਾਕੇ ਐਨੇ ਜ਼ਬਰਦਸਤ ਸਨ ਕਿ ਆਸ-ਪਾਸ ਦੀਆਂ ਇਮਾਰਤਾਂ ਦਾ ਵੀ ਕਾਫ਼ੀ ਹਿੱਸਾ ਢਹਿ ਗਿਆ। ਗੁਰਨਾਮ ਸਿੰਘ ਅਨੁਸਾਰ ਜਦੋਂ ਇਹ ਹਮਲਾ ਹੋਇਆ ਤਾਂ ਗੁਰਦੁਆਰਾ ਸਾਹਿਬ ਵਿਚ 25-30 ਸਿੱਖ ਮੌਜੂਦ ਸਨ।ਉਕਤ ਹਮਲੇ ਦੌਰਾਨ ਪ੍ਰਬੰਧਕ ਸ: ਗੁਰਨਾਮ ਸਿੰਘ ਗੁਰਦੁਆਰਾ ਸਾਹਿਬ ਵਿਖੇ ਸਥਾਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਸਰੂਪ ਸੁਰੱਖਿਅਤ ਆਪਣੇ ਨਿਵਾਸ ਸਥਾਨ ’ਤੇ ਲੈ ਆਏ, ਜਦਕਿ ਦੋ ਸਰੂਪ ਅਜੇ ਵੀ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਹਨ।



ਅਫ਼ਗਾਨ ਗ੍ਰਹਿ ਮੰਤਰਾਲੇ ਦੇ ਤਾਲਿਬਾਨ ਬੁਲਾਰੇ ਅਬਦੁਲ ਨਫ਼ੀ ਟਕੋਰ ਨੇ ਹਮਲੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਹਮਲਾਵਰਾਂ ਦੀ ਵਿਸਫੋਟਕਾਂ ਨਾਲ ਭਰੀ ਕਾਰ ਵਿਚ ਨਿਸ਼ਾਨੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਧਮਾਕਾ ਹੋ ਗਿਆ। ਅੱਤਵਾਦੀ ਹਮਲੇ ਤੋਂ ਬਾਅਦ ਅਫ਼ਗਾਨਿਸਤਾਨ ਦੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਅਫ਼ਗਾਨ ਸਿੱਖਾਂ ਨਾਲ ਮੁਲਾਕਾਤ ਕੀਤੀ ਅਤੇ ਨੁਕਸਾਨੇ ਗਏ ਗੁਰਦੁਆਰਾ ਸਾਹਿਬ ਦੇ ਨਵਨਿਰਮਾਣ ਲਈ ਸਹਾਇਤਾ ਦੇਣ ਦੀ ਪੇਸ਼ਕਸ਼ ਕੀਤੀ। ਤਾਲਿਬਾਨ ਦੀ ਅਗਵਾਈ ਵਾਲੀ ਅਫ਼ਗਾਨਿਸਤਾਨ ਸਰਕਾਰ ਨੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ 1-1 ਲੱਖ ਰੁਪਏ (ਅਫ਼ਗਾਨੀ ਕਰੰਸੀ), ਤਿੰਨ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਅਤੇ ਗੁਰਦੁਆਰਾ ਸਾਹਿਬ ਦੇ ਸ਼ੁਰੂਆਤੀ ਰੱਖ-ਰਖਾਅ ਲਈ 1.50 ਲੱਖ ਰੁਪਏ ਅਫ਼ਗਾਨੀ ਵਿੱਤੀ ਸਹਾਇਤਾ ਦਿੱਤੀ ਹੈ।

ਤਾਲਿਬਾਨ ਵੱਲੋਂ ਨੁਕਸਾਨੇ ਗਏ ਗੁਰਦੁਆਰਾ ਸਾਹਿਬ ਦੀ ਸਫ਼ਾਈ ਲਈ ਸਫ਼ਾਈ ਕਰਮਚਾਰੀ ਵੀ ਤਾਇਨਾਤ ਕੀਤੇ ਗਏ ਹਨ। ਗ੍ਰਹਿ ਮੰਤਰਾਲੇ ਨੇ ਅਫ਼ਗਾਨ ਸਿੱਖ ਭਾਈਚਾਰੇ ਨੂੰ ਭਰੋਸਾ ਦਿੱਤਾ ਹੈ ਕਿ ਉਹ ਅਫ਼ਗਾਨਿਸਤਾਨ ਵਿਚ ਰਹਿੰਦੇ ਸਿੱਖਾਂ ਅਤੇ ਹਿੰਦੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਗੰਭੀਰ ਯਤਨ ਕਰਨਗੇ। ਅਫ਼ਗਾਨਿਸਤਾਨ ‘ਚ ਮੌਜੂਦਾ ਸਮੇਂ ਵਿਚ ਰਹਿ ਰਹੇ ਜ਼ਿਆਦਾਤਰ ਅਫ਼ਗਾਨ ਸਿੱਖਾਂ ਅਤੇ ਹਿੰਦੂਆਂ ਨੂੰ ਭਾਰਤ ਸਰਕਾਰ ਤੋਂ ਐਮਰਜੈਂਸੀ ਈ-ਵੀਜ਼ੇ ਮਿਲ ਚੁੱਕੇ ਹਨ ਅਤੇ ਉਹ ਸਾਰੇ ਪ੍ਰਬੰਧ ਮੁਕੰਮਲ ਹੋਣ ਤੋਂ ਬਾਅਦ ਜਲਦੀ ਹੀ ਭਾਰਤ ਆ ਜਾਣਗੇ।

### ਅਫ਼ਗਾਨ ਆਗੂਆਂ ਤੇ ਸੰਯੁਕਤ ਰਾਸ਼ਟਰ ਵੱਲੋਂ ਹਮਲੇ ਦੀ ਨਿੰਦਾ

ਅਫ਼ਗਾਨਿਸਤਾਨ ਦੇ ਆਗੂਆਂ ਅਤੇ ਸੰਯੁਕਤ ਰਾਸ਼ਟਰ ਨੇ ਕਾਬੁਲ ਵਿਖੇ ਗੁਰਦੁਆਰੇ ’ਤੇ ਕੀਤੇ ਗਏ ਹਮਲੇ ਦੀ ਨਿੰਦਾ ਕੀਤੀ ਹੈ। ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਾਈ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਇਸ ਨੂੰ ਅੱਤਵਾਦੀ ਘਟਨਾ ਦੱਸਿਆ।

### ਇਸਲਾਮਿਕ ਸਟੇਟ ਦੇ ਸਿੱਖਾਂ ਉੱਪਰ ਹਮਲੇ

ਮਾਰਚ 2020 ਵਿਚ ਹੱਕਾਨੀ ਦਹਿਸ਼ਤਗਰਦਾਂ ਨਾਲ ਸਬੰਧਿਤ ਇਸਲਾਮਿਕ ਸਟੇਟ ਨੇ ਕਾਬੁਲ ਵਿਚ ਗੁਰਦੁਆਰਾ ਹਰਿ ਰਾਏ ਸਾਹਿਬ ’ਤੇ ਹਮਲਾ ਕੀਤਾ ਸੀ ਜਿਸ ਵਿਚ 25 ਸਿੱਖ ਸ਼ਰਧਾਲੂ ਮਾਰੇ ਗਏ ਅਤੇ ਕਈ ਜ਼ਖ਼ਮੀ ਹੋਏ ਸਨ। 2018 ਵਿਚ ਜਲਾਲਾਬਾਦ ਵਿਖੇ ਇਕ ਗੁਰਦੁਆਰੇ ’ਤੇ ਹਮਲਾ ਹੋਇਆ ਸੀ। ਅਫ਼ਗਾਨ ਸਿੱਖ ਸਦੀਆਂ ਤੋਂ ਅਫ਼ਗਾਨਿਸਤਾਨ ਵਿਚ ਵੱਸਦੇ ਆਏ ਹਨ ਅਤੇ ਉਨਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ ਪਰ ਧਾਰਮਿਕ ਕੱਟੜਤਾ ਨੇ ਅਫ਼ਗਾਨਿਸਤਾਨ ਨੂੰ ਇਸ ਮੁਕਾਮ ’ਤੇ ਲੈ ਆਂਦਾ ਹੈ ਕਿ ਹਿੰਦੂਆਂ, ਸਿੱਖਾਂ ਅਤੇ ਹੋਰ ਘੱਟਗਿਣਤੀ ਭਾਈਚਾਰਿਆਂ ਦਾ ਉੱਥੇ ਰਹਿਣਾ ਸੰਭਵ ਨਹੀਂ। ਦਹਿਸ਼ਤਗਰਦਾਂ ਨੇ ਸ਼ੀਆ ਭਾਈਚਾਰੇ ਅਤੇ ਉਸ ਦੀਆਂ ਮਸਜਿਦਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ।

### ਤਾਲਿਬਾਨ ਦੀ ਵਿਰੋਧੀ ਹੈ ਇਸਲਾਮਿਕ ਸਟੇਟ

ਅਫ਼ਗਾਨਿਸਤਾਨ ਦਾ ਦੁਖਾਂਤ ਇਹ ਹੈ ਕਿ ਤਾਲਿਬਾਨ ਜੋ ਖ਼ੁਦ ਦਹਿਸ਼ਤਗਰਦ ਜਥੇਬੰਦੀ ਹਨ, ਉੱਥੇ ਹੁਕਮਰਾਨ ਹਨ ਅਤੇ ਇਸਲਾਮਿਕ ਸਟੇਟ ਉਨਾਂ ਦਾ ਵਿਰੋਧ ਕਰ ਰਹੀ ਹੈ। ਇਸ ਤਰਾਂ ਦੇ ਹਮਲੇ ਕਰਕੇ ਉਹ ਇਹ ਦਿਖਾਉਣਾ ਚਾਹੁੰਦਾ ਹੈ ਕਿ ਤਾਲਿਬਾਨ ਅਫ਼ਗਾਨਿਸਤਾਨ ਵਿਚ ਸੁਰੱਖਿਆ ਅਤੇ ਸਥਿਰਤਾ ਨਹੀਂ ਲਿਆ ਸਕਦਾ ਹੈ। 1979 ਵਿਚ ਸੋਵੀਅਤ ਯੂਨੀਅਨ ਦੇ ਅਫ਼ਗਾਨਿਸਤਾਨ ਵਿਚ ਫ਼ੌਜੀ ਦਖ਼ਲ ਅਤੇ ਉਸ ਵਿਰੁੱਧ ਅਮਰੀਕਾ ਦੁਆਰਾ ਚਲਾਈ ਗਈ ਮੁਹਿੰਮ ਨੇ ਅਫ਼ਗਾਨਾਂ ਨੂੰ ਦਹਿਸ਼ਤਗਰਦੀ ਦੇ ਰਸਤੇ ’ਤੇ ਧੱਕਿਆ। ਅਫ਼ਗਾਨਾਂ ਨੇ ਅਮਰੀਕਾ ਦੇ ਫ਼ੌਜੀ ਦਖ਼ਲ ਵਿਰੁੱਧ ਲੜਨ ਲਈ ਵੀ ਦਹਿਸ਼ਤਗਰਦੀ ਦਾ ਤਰੀਕਾ ਅਪਣਾਇਆ। ਇਹ ਦਹਿਸ਼ਤਗਰਦੀ ਸਵੈ-ਘਾਤਕ ਅਤੇ ਆਪਾ-ਮਾਰੂ ਮੁਕਾਮ ’ਤੇ ਪਹੁੰਚ ਗਈ ਹੈ। ਹਰ ਸਮਾਜਿਕ, ਸਿਆਸੀ, ਫ਼ੌਜੀ ਅਤੇ ਆਰਥਿਕ ਕੜਵੱਲ ਦੇ ਬਾਅਦ ਸਮਾਜ ਨੂੰ ਆਪਣੀ ਸਹਿਜ-ਭਾਵੀ ਤੋਰ ਵੱਲ ਪਰਤਣ ਦੀ ਜ਼ਰੂਰਤ ਹੁੰਦੀ ਹੈ। ਅਫ਼ਗਾਨਿਸਤਾਨ ਸਰਕਾਰ ਨੂੰ ਵੀ ਘੱਟਗਿਣਤੀ ਫ਼ਿਰਕਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਸਮਾਜਿਕ ਸਮਤਾ ਵਾਲਾ ਮਾਹੌਲ ਪੈਦਾ ਕਰਨ ਵੱਲ ਪਰਤਣਾ ਚਾਹੀਦਾ ਹੈ।

**ਬਾਕੀ ਸਫ਼ਾ 31 ’ਤੇ**

# ਮੁੱਖ ਮੰਤਰੀ ਦੇ ਹਵਾਈ ਸਫ਼ਰ ’ਤੇ ਇਕ ਮਹੀਨੇ ਵਿਚ 73 ਲੱਖ ਤੋਂ ਵੱਧ ਖ਼ਰਚੇ

**4 ਲੱਖ ਰੁਪਏ ਪ੍ਰਤੀ ਘੰਟੇ ਦੇ ਹਿਸਾਬ ਨਾਲ ਕਿਰਾਏ ’ਤੇ ਲਿਆ ਗਿਆ ਏਅਰਕ੍ਰਾਫਟ**

**ਬਰਨਾਲਾ/ਏ.ਟੀ.ਨਿਊਜ਼** :- ਮੁੱਖ ਮੰਤਰੀ ਦੇ ਹਵਾਈ ਸਫ਼ਰ ’ਤੇ ਸਿਰਫ਼ ਮਾਰਚ 2022 ਦੇ ਮਹੀਨੇ ਵਿਚ ਹੀ 73,65,717 ਰੁਪਏ ਤੋਂ ਜ਼ਿਆਦਾ ਦਾ ਖ਼ਰਚ ਹੋਇਆ ਹੈ ਜਿਸ ਵਿਚ 15 ਤੇ 16 ਮਾਰਚ ਨੂੰ ਹੀ ਦੋ ਦਿਨਾਂ ਅੰਦਰ 55,44,918 ਰੁਪਏ ਦਾ ਖ਼ਰਚਾ ਕੀਤਾ ਗਿਆ ਹੈ। ਜਨਵਰੀ, ਫ਼ਰਵਰੀ ਤੇ ਮਾਰਚ ’ਚ ਹੈਲੀਕਾਪਟਰ ਦੀ ਉਡਾਨ ਯੋਗਤਾ ਪ੍ਰਬੰਧਨ ਸੇਵਾਵਾਂ ’ਤੇ ਹੀ 8,11,899 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਤੇ 3 ਮਹੀਨਿਆਂ ਵਿਚ 24,35,697 ਰੁਪਏ ਤੋਂ ਜ਼ਿਆਦਾ ਬਿੱਲ ਪਾਸ ਕੀਤੇ ਗਏ ਹਨ।

ਆਰਟੀਆਈ ਐਕਟ 2005 ਅਧੀਨ ਡਾਇਰੈਕਟਰ ਸ਼ਹਿਰੀ ਹਵਾਬਾਜ਼ੀ ਵਿਭਾਗ ਚੰਡੀਗੜ ਦੇ ਪੱਤਰ ਰਾਹੀਂ ਜੋ ਸੂਚਨਾ ਭੇਜੀ ਗਈ ਹੈ, ਉਸ ਵਿਚ ਹਵਾਈ ਖਰਚ ਦੇ ਬਿੱਲ, ਪਾਇਲਟਾਂ ਦੇ ਰਹਿਣ ਦਾ ਬਿੱਲ, ਪਾਇਲਟਾਂ ਦੇ ਟੈਕਸੀ ਚਾਰਜ ਦੇ ਬਿੱਲ, ਹੈਲੀਕਾਪਟਰ ਦੀ ਲਾਗਬੁੱਕ, ਤੇਲ ਦੇ ਬਿੱਲ ਤੇ ਹੈਲੀਕਾਪਟਰ ਆਦਿ ਦੀ ਰਿਪੇਅਰ ਆਦਿ ’ਤੇ ਆਏ ਖ਼ਰਚ ਦੇ ਬਿੱਲਾਂ ਦੀਆਂ ਨਕਲਾਂ ਭੇਜੀਆਂ ਗਈਆਂ ਹਨ। ਹੈਲੀਕਪਟਰ ਦੇ ਬੇਅਰਿੰਗ ਦੀ ਖਰੀਦ, ਇੰਪੋਰਟ ’ਤੇ ਲੈ ਕੇ ਜਾਣ ਆਦਿ ’ਤੇ ਹੀ ਲਗਪਗ 22,03,028 ਰੁਪਏ ਦਾ ਖਰਚਾ ਆਇਆ ਹੈ। ਬਿੱਲਾਂ ਅਨੁਸਾਰ ਹੈਲੀਕਾਪਟਰ ਦੇ ਟਰਾਂਸਮਿਸ਼ਨ ’ਤੇ 3,74,763 ਰੁਪਏ ਦਾ ਖਰਚ, ਹੈਲੀਕਾਪਟਰ ਦੀ 24 ਬੋਲਟ ਦੀ ਬੈਟਰੀ ’ਤੇ 3,29,716 ਰੁਪਏ, ਹੈਲੀਕਾਪਟਰ ਦੀ 24 ਮਹੀਨੇ ਇੰਸਪੈਕਸ਼ਨ ’ਤੇ 1,73,250 ਰੁਪਏ ਖਰਚ ਆਇਆ ਹੈ। ਪਾਇਲਟਾਂ ਦੇ ਰਹਿਣ ਤੇ ਟੈਕਸੀ ਚਾਰਜਰ ਆਦਿ ’ਤੇ 3,01,484 ਰੁਪਏ ਦਾ ਖਰਚ, ਇਕ ਪਾਇਲਟ ਦਾ ਹੋਟਲ ’ਚ ਰਹਿਣ ਦਾ ਖਰਚਾ 10,000 ਰੁਪਏ ਪ੍ਰਤੀ ਦਿਨ ਤੇ ਟੈਕਸੀ ਚਾਰਜ ਆਦਿ ਅਲੱਗ ਤੋਂ ਹੈ। ਪਾਇਲਟ ਦੇ 22,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਬਿੱਲ ਪਾਸ ਕੀਤੇ ਗਏ ਹਨ ਜਿਸ ਵਿਚ 3,06,648 ਰੁਪਏ ਦੇ ਬਿੱਲ ਦਿੱਤੇ ਗਏ ਹਨ। ਤੇਲ ਦੇ ਬਿੱਲਾਂ ਦੀਆਂ ਨਕਲਾਂ 12,56,520 ਰੁਪਏ ਦਿੱਤੀ ਗਈ ਹੈ। ਹੈਲੀਕਾਪਟਰ ਦੀ ਲਾਗਬੁੱਕ ਦੀਆਂ ਨਕਲਾਂ 2 ਜਨਵਰੀ 2022 ਤੋਂ ਲੈ ਕੇ 3 ਮਈ 2022 ਤਕ ਦਿੱਤੀਆਂ ਗਈਆਂ ਹਨ ਜਿਸ ਅਨੁਸਾਰ 16 ਮਾਰਚ, 21 ਮਾਰਚ, 23 ਮਾਰਚ, 27 ਮਾਰਚ, 6 ਅਪ੍ਰੈਲ, 8,9,10 ਤੇ 12 ਅਪ੍ਰੈਲ, 13,15 ਅਪ੍ਰੈਲ, 3 ਮਈ ਨੂੰ ਕਈ ਵਾਰ ਉਡਾਨ ਭਰੀ ਗਈ ਹੈ।

ਆਰਟੀਆਈ ’ਚ ਮਿਲੀ ਸੂਚਨਾ ਅਨੁਸਾਰ ਸਿਰਫ਼ 15 ਤੇ 16 ਮਾਰਚ ਦਾ ਹਵਾਈ ਸਫ਼ਰ/ਏਅਰਕ੍ਰਾਫ਼ਟ ਦਾ ਖਰਚਾ ਲਗਭਗ 55,44,918 ਰੁਪਏ ਦਾ ਹੈ। ਪੂਰੇ ਮਾਰਚ ਮਹੀਨੇ 2022 ਦੇ ਹਵਾਈ ਸਫ਼ਰ ਦੇ ਖਰਚ ਦੀ ਗੱਲ ਕੀਤੀ ਜਾਵੇ ਤਾਂ ਹੈਲੀਕਾਪਟਰ ਤੇ ਕਿਰਾਏ ’ਤੇ ਲਏ ਗਏ ਏਅਰਕ੍ਰਾਫਟਾਂ ਦਾ ਖਰਚਾ ਹੀ 73,65,717 ਰੁਪਏ ਬਣਦਾ ਹੈ। ਹਵਾਈ ਸਫ਼ਰ ਦਾ ਮਾਰਚ ਮਹੀਨੇ ਦਾ ਖਰਚਾ ਦੇਖ ਕੇ ਤਾਂ ਅਜਿਹਾ ਲੱਗਦਾ ਹੈ ਕਿ ਮੌਜੂਦਾ ਸਰਕਾਰ ਦੇ ਹੈਲੀਕਾਪਟਰ ਤੇ ਏਅਰਕ੍ਰਾਫਟ ਦੇ ਕਿਰਾਏ ਆਦਿ ਦਾ ਖਰਚਾ ਵੀ ਪਹਿਲਾਂ ਵਾਲੀ ਸਰਕਾਰਾਂ ਦੇ ਸਮੇਂ ਤੋਂ ਘੱਟ ਨਹੀਂ ਰਹਿਣ ਵਾਲਾ। ਕੀ ਇਸ ਤਰਾਂ ਖਾਲੀ ਖਜ਼ਾਨਾ ਭਰਿਆ ਜਾਵੇਗਾ?

**ਬਾਕੀ ਸਫ਼ਾ 31 ’ਤੇ**

# ਅਫ਼ਗਾਨੀ ਜਿਹਾਦੀ ਨੂੰ ਦਿੱਤੀ ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਨੂੰ ਮਾਰਨ ਦੀ ਸੁਪਾਰੀ



**ਪਿਸ਼ਾਵਰ** : ਅੱਤਵਾਦ ਵਿਰੋਧੀ ਵਿਭਾਗ ਦੀ ਖੈਬਰ ਪਖਤੂਨਖਵਾ ਬ੍ਰਾਂਚ ਨੇ ਚਿਤਾਵਨੀ ਦਿੱਤੀ ਹੈ ਕਿ ਅੱਤਵਾਦੀ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਹੱਤਿਆ ਦੀ ਸਾਜ਼ਿਸ਼ ਰਚ ਰਹੇ ਹਨ। ਉਰਦੂ ਅਖ਼ਬਾਰ ਜੰਗ ਨੇ ਕਿਹਾ ਕਿ ਸੀਟੀਡੀ ਨੇ ਸਾਰੀਆਂ ਸਬੰਧਿਤ ਏਜੰਸੀਆਂ ਨੂੰ ਖ਼ਤਰੇ ਦੇ ਮੱਦੇਨਜ਼ਰ ਸਾਬਕਾ ਪ੍ਰਧਾਨ ਮੰਤਰੀ ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਚੇਅਰਮੈਨ ਇਮਰਾਨ ਦੀ ਸੁਰੱਖਿਆ ਲਈ ਹਰ ਸੰਭਵ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਹੈ। ਪੀਟੀਆਈ ਨੇਤਾਵਾਂ ਨੇ ਹੁਣੇ ਜਿਹੇ ਖ਼ਾਨ ਦੀ ਜਾਨ ’ਤੇ ਖ਼ਤਰਾ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਸੀ। ਨੇਤਾਵਾਂ ਨੇ ਦਾਅਵਾ ਕੀਤਾ ਸੀ ਕਿ ਉਨਾਂ ਦੀ ਹੱਤਿਆ ਲਈ ਇਕ ਹਤਿਆਰੇ ਨੂੰ ਹਾਇਰ ਕੀਤਾ ਗਿਆ ਹੈ। ਪੀਟੀਆਈ ਨੇਤਾ ਫੈਆਜ਼ ਚੌਹਾਨ ਨੇ ਕਿਹਾ ਸੀ ਕਿ ਕੁਝ ਲੋਕਾਂ ਨੇ ਇਕ ਅੱਤਵਾਦੀ ਨੂੰ ਖ਼ਾਨ ਦੀ ਹੱਤਿਆ ਦਾ ਜ਼ਿੰਮਾ ਸੌਂਪਿਆ ਹੈ। ਸਾਬਕਾ ਸੂਬਾਈ ਮੰਤਰੀ ਨੇ ਇਕ ਟਵੀਟ ਵਿਚ ਕਿਹਾ ਕਿ ਮੇਰੇ ਕੋਲ ਜਾਣਕਾਰੀ ਹੈ ਕਿ ਕੁਝ ਲੋਕਾਂ ਨੇ ਅਫ਼ਗਾਨਿਸਤਾਨ ’ਚ ‘ਕੋਚੀ’ ਨਾਂ ਦੇ ਅੱਤਵਾਦੀ ਨੂੰ ਪੀਟੀਆਈ ਮੁਖੀ ਇਮਰਾਨ ਖ਼ਾਨ ਦੀ ਹੱਤਿਆ ਕਰਨ ਦਾ ਹੁਕਮ ਦਿੱਤਾ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com

# ਉੱਘੇ ਪੰਥਕ ਆਗੂ ਡਾਕਟਰ ਰਣਜੀਤ ਸਿੰਘ ਜੀ ਨੂੰ ਸ਼ਰਧਾਂਜਲੀ ਸਮਾਰੋਹ



**ਡੈਲਸ/ਟੈਕਸਸ/ਹਰਜੀਤ ਸਿੰਘ ਢੇਸੀ :-** ਸਿੱਖ ਆਗੂ ਅਤੇ ਸਿੱਖ ਯੂਥ ਆਫ਼ ਅਮਰੀਕਾ ਦੇ ਬਾਨੀ ਮੈਂਬਰ ਡਾਕਟਰ ਰਣਜੀਤ ਸਿੰਘ ਜੋ ਪਿਛਲੇ ਦਿਨੀਂ ਡੈਲਸ (ਟੈਕਸਸ) ਵਿਚ ਅਕਾਲ ਚਲਾਣਾ ਕਰ ਗਏ ਸਨ, ਉਨਾਂ ਦਾ ਅੰਤਿਮ ਸਸਕਾਰ ਇੱਥੋਂ ਦੇ ਰੈਸਟਲੈਂਡ ਫਿਊਨਰਲ ਹੋਮ ਵਿਖੇ ਕੀਤਾ ਗਿਆ। ਖ਼ਾਲਸਾਈ ਜਾਹੋ ਜਲਾਲ ਨਲਾ ਉਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਗਈ। ਹਰ ਪਾਸੇ ਖਾਲਿਸਤਾਨ ਜਿੰਦਾਬਾਦ ਦੇ ਅਕਾਸ਼ ਗੁੰਜਾਊ ਜੈਕਾਰਿਆਂ ਦੀ ਗੂੰਜ ਸੁਣਾਈ ਦਿੱਤੀ। ਉਨਾਂ ਦੇ ਪੰਜ ਭੂਤਕ ਸਰੀਰ ਨੂੰ ਅਗਨਭੇਟ ਕਰਨ ਉਪਰੰਤ ਗੁਰਦੁਆਰਾ ਸਿੰਘ ਸਭਾ ਆਫ਼ ਨਾਰਥ ਅਮਰੀਕਾ ਵਿਖੇ ਅੰਤਿਮ ਅਰਦਾਸ ਅਤੇ ਕੀਰਤਨ ਸਮਾਗਮ ਕਰਵਾਇਆ ਗਿਆ। ਦੇਸ਼ ਵਿਦੇਸ਼ ਤੋਂ ਪੁੱਜੇ ਪੰਥਕ ਆਗੂਆਂ ਨੇ ਉਨਾਂ ਨੂੰ ਸ਼ਰਧਾਂਜਲੀਆਂ ਅਰਪਣ ਕੀਤੀਆਂ। ਦੱਸਿਆ ਗਿਆ ਕਿ ਡਾਕਟਰ ਰਣਜੀਤ ਸਿੰਘ ਜੀ ਸਿੱਖ ਪਰੰਰਾਵਾਂ ਨੂੰ ਪ੍ਰਣਾਏ ਹੋਏ ਦਾਨਸ਼ਵਰ ਇਨਸਾਨ ਸਨ। ਜਿਨਾਂ ਦੀਆਂ ਕੌਮ ਪ੍ਰਤੀ ਨਿਭਾਈਆਂ ਸੇਵਾਵਾਂ ਲਸਾਨੀ ਹਨ। ਉਨਾਂ ਆਪਣੀ ਜਿੰਦਗੀ ਦਾ ਹਰ ਇਕ ਸਾਹ ਕੌਮ ਦੀ ਅਣਖ ਗੈਰਤ ਖਾਤਰ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਗੁਜਾਰਿਆ। ਆਪ ਦੀ ਜ਼ਿੰਦਗਾਨੀ ਨੂੰ ਕੌਮ ਦੀ ਅਮਾਨਤ ਸਮਝ ਕੇ ਕੌਮੀ ਦਰਦੀਆਂ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਕੌਮ ਦੇ ਦਰ ਘਰ ਲਈ ਸੰਘਰਸ਼ਸ਼ੀਲ ਰਹੇ। ਪੰਥਕ ਬੁਲਾਰਿਆਂ ਨੇ ਆਪਣੇ ਸੰਬੋਧਨਾਂ ਵਿਚ ਦੱਸਿਆ ਕਿ ਜਿਨਾਂ ਨੂੰ ਡਾਕਟਰ ਸਾਹਿਬ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ ਉਹ ਜਾਣਦੇ ਹਨ ਕਿ ਉਹ ਦਿਲ ਦੇ ਦਰਿਆ ਬੰਦੇ ਸਨ। ਉਨਾਂ ਆਪਣੇ ਜੀਵਨ ਕਾਲ ਦੌਰਾਨ ਅਨੇਕਾਂ ਲੋੜਵੰਦਾਂ ਦੀ ਦਿਲ ਖੋਲ ਕੇ ਵਿੱਤੀ ਸਹਾਇਤਾ ਕੀਤੀ। ਉਨਾਂ ਦੇ ਘਰ ਦੇ ਦਰਵਾਜੇ ਹਮੇਸ਼ਾ ਪੰਥਕ ਦਰਦੀਆਂ ਲਈ ਖੁੱਲੇ ਰਹਿੰਦੇ ਸਨ। ਉਨਾਂ ਨੇ ਅਜੋਕੇ ਯੁੱਗ ਅੰਦਰ ਮੀਡੀਆ ਦੀ ਅਹਿਮੀਅਤ ਨੂੰ ਸਮਝਦਿਆਂ ਖ਼ਾਲਸਾ ਪੰਥ ਦਾ ਆਪਣਾ ਟੀ ਵੀ ਚੈਨਲ ਟੀ ਵੀ 84 ਨੂੰ ਸਥਾਪਤ ਕਰਨ ਵਿਚ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਤੇ ਇਸ ਨੂੰ ਕਾਮਯਾਬ ਕਰਨ ਲਈ ਆਪਣਾ ਤਨ, ਮਨ, ਧਨ ਸਭ ਕੁਝ ਨਿਸ਼ਾਵਰ ਕਰ ਕੇ ਹਮੇਸ਼ਾ ਚੜਦੀ ਕਲਾ ਵਿਚ ਰਹੇ ਅਤੇ ਆਖਰੀ ਸਾਹਾਂ ਤੱਕ ਖਾਲਿਸਤਾਨ ਦੀ ਆਵਾਜ ਬੁਲੰਦ ਕਰਦੇ ਰਹੇ। ਖਾਲਿਸਤਾਨ ਅਫ਼ੇਅਰਜ਼ ਸੈਂਟਰ ਦੇ ਸੰਚਾਲਕ ਡਾਕਟਰ ਅਮਰਜੀਤ ਸਿੰਘ ਜੀ ਨੇ ਆਪਦੇ ਸਦੀਵੀ ਵਿਛੋੜਾ ਦੇ ਗਏ ਸਾਥੀ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, ਉਨਾਂ ਦੀ ਜੀਵਨ ਦੀ ਖੁਸ਼ਬੋ ਹਮੇਸ਼ਾ ਸਾਡੇ ਅੰਗ ਸੰਗ ਰਹੇ। ਉਹ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਉਨਾਂ ਦਾ ਖਾਲਿਸਤਾਨ ਦਾ ਸੁਪਨਾ ਸਾਕਾਰ ਹੋਵੇ, ਸਿੱਖਾਂ ਦੀ ਪਿੱਠ ਭੂਮੀ ਪੰਜਾਬ ਦੀ ਸਰਜਮੀਨ ਤੇ ਆਜ਼ਾਦ ਖਾਲਿਸਤਾਨ ਦੇ ਪਰਚਮ ਝੁਲਾਏ, ਇਸ ਤੋਂ ਵੱਡੀ ਹੋਰ ਕੋਈ ਸ਼ਰਧਾਂਜਲੀ ਉਨਾਂ ਨੂੰ ਹੋ ਨਹੀਂ ਸਕਦੀ।

ਅੰਤ ਵਿਚ ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਵਲੋਂ ਡਾਕਟਰ ਸਾਹਿਬ ਜੀ ਦੀ ਧਰਮ ਪਤਨੀ ਬੀਬੀ ਅਭਿਨਾਸ਼ ਕੌਰ ਜੀ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਨਾਲ ਨਿਵਾਜਿਆ ਗਿਆ। ਗੁਰੂਘਰ ਦੇ ਜਨਰਲ ਸਕੱਤਰ ਭਾਈ ਸੁਰਿੰਦਰ ਸਿੰਘ ਗਿੱਲ ਨੇ ਇਸ ਮੌਕੇ ਪਹੁੰਚੇ ਹੋਏ ਸਿੱਖ ਨੁਮਾਇੰਦਿਆਂ ਅਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਾਈ ਸਾਹਿਬ ਭਾਈ ਡਾਕਟਰ ਰਣਜੀਤ ਸਿੰਘ ਜੀ ਦੀਆਂ ਪੰਥਕ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਅਕਾਲ ਪੁਰਖ ਉਨਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਅਮਰੀਕਾ ਦੇ ਸਿੱਖ ਜੈਪਾਲ ਸਿੰਘ ਨੂੰ 'ਇਕੁਏਜ਼ਨ' ਸੰਸਥਾ ਵੱਲੋਂ ਦਿੱਤਾ ਗਿਆ ਕਮਿਉਨਿਟੀ ਪੁਰਸਕਾਰ

**ਸਿਨਸਿਨਾਟੀ (ਓਹਾਇਓ, ਅਮਰੀਕਾ)/ਏ.ਟੀ.ਨਿਊਜ਼ :-** ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਵੱਖ-ਵੱਖ ਧਰਮਾਂ, ਭਾਈਚਾਰਿਆਂ ਵਿਚ ਆਪਸੀ ਸੰਬੰਧ, ਪਿਆਰ ਤੇ ਸਮਝ ਵਧਾਉਣ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਲਈ ਜੈਪਾਲ ਸਿੰਘ (ਮਰਨ ਉਪਰੰਤ) ਨੂੰ ਇੰਟਰਫੇਥ ਸੰਸਥਾ ਇਕੁਏਜ਼ਨ ਵੱਲੋਂ ਪਹਿਲੇ ਜੇਮਸ ਪੀ. ਬੁਕਾਨਨ ਕਮਿਊਨਿਟੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਜੈਪਾਲ ਸਿੰਘ ਦਾ ਪਿਛਲੇ ਮਹੀਨੇ ਕੈਂਸਰ ਦੀ ਬਿਮਾਰੀ ਕਾਰਨ 41 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਸੀ। ਉਹ ਇੱਕ ਆਰਕੀਟੈਕਟ ਸਨ ਜਿਨਾਂ ਨੇ ਆਪਣੇ ਜੀਵਨ ਵਿੱਚ ਕੰਮ ਦੇ ਨਾਲ ਨਾਲ ਸਿੱਖ ਧਰਮ ਦੇ ਪ੍ਰਚਾਰ ਵਿੱਚ ਅਹਿਮ ਯੋਗਦਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਉਸਦੀ ਮਨਪਸੰਦ ਕਹਾਣੀਆਂ ਵਿੱਚੋਂ ਇੱਕ ਕਹਾਣੀ ਚਾਤ੍ਰਿਕ ਦੀ ਸੀ, ਜਿਸਦੇ ਨਾਮ ਉੱਤੇ ਉਸਨੇ ਆਪਣੀ ਆਰਕੀਟੈਕਚਰ ਕੰਪਨੀ ਦਾ ਨਾਮ ਰੱਖਿਆ ਸੀ। ਪੁਰਸਕਾਰ ਸਮਾਰੋਹ ਸਿਨਸਿਨਾਟੀ ਦੇ ਲੌਰੇਲ ਪਾਰਕ ਦੇ ਉਸੇ ਸਥਾਨ 'ਤੇ ਆਯੋਜਿਤ ਕੀਤਾ ਗਿਆ ਸੀ ਜਿੱਥੇ ਸਿਨਸਿਨਾਟੀ ਪਾਰਕਸ ਫਾਉਂਡੇਸ਼ਨ ਵਲੋਂ ਜੈਪਾਲ ਸਿੰਘ ਦੀ ਟੀਮ ਦੁਆਰਾ ਡਿਜ਼ਾਈਨ ਕੀਤਾ ਸਿਨਸਿਨਾਟੀ ਦੇ ਮਹਾਨ ਐਜ਼ਾਰਡ ਚਾਰਲਸ ਦੇ ਬੁੱਤ ਦੀ ਸਥਾਪਨਾ ਕਰੇਗੀ।

ਜੈਪਾਲ ਸਿੰਘ ਲਈ ਸੇਵਾ ਬਹੁਤ ਮਹੱਤਵਪੂਰਨ ਸੀ। ਉਨਾਂ 2018 ਵਿੱਚ ਸ਼ੁਰੂ ਹੋਏ ਸਾਲਾਨਾ ਸਿਨਸਿਨਾਟੀ 'ਫੈਸਟੀਵਲ ਆਫ਼ ਫ਼ੇਥਸ (ਵਿਸ਼ਵ ਧਰਮ ਸੰਮੇਲਨ)' ਲਈ ਸਹਾਇਕ ਚੇਅਰ ਵਜੋਂ ਸੇਵਾ ਕੀਤੀ। ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 90 ਤੋਂ ਵੀ ਵੱਧ ਸੰਸਥਾਵਾਂ ਭਾਗ ਲੈਂਦੀਆਂ ਹਨ ਜਿੱਥੇ ਸਿੱਖ ਸੰਗਤਾਂ ਵੱਲੋਂ ਲੰਗਰ ਵੀ ਲਗਾਇਆ ਜਾਂਦਾ ਹੈ। ਉਨਾਂ ਗੁਰੂ ਸਾਹਿਬ ਦਾ ਸੁਨੇਹਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ', ਵੱਖ-ਵੱਖ ਧਰਮਾਂ ਦੇ ਲੋਕਾਂ ਤੱਕ ਪਹੁੰਚਾਇਆ।





ਹੈਤੀ ਵਿਖੇ ਆਏ ਭੂਚਾਲ ਤੋਂ ਬਾਅਦ 2010 ਤੋਂ 2012 ਤੱਕ, ਉਨਾਂ ਨੇ ਸਕੂਲਾਂ, ਅਨਾਥ ਆਸ਼ਰਮਾਂ, ਘਰਾਂ ਦੇ ਪੁਨਰ ਨਿਰਮਾਣ ਲਈ ਸਹਾਈਤਾ ਕੀਤੀ। 2017 ਵਿੱਚ ਪੋਰਟੋ ਰੀਕੋ ਵਿੱਚ ਹਰੀਕੇਨ ਮਾਰੀਆ ਤੋਂ ਬਾਅਦ, ਉਨਾਂ ਦੂਰ-ਦੁਰਾਡੇ ਖੇਤਰਾਂ ਵਿੱਚ ਗਰਮ ਭੋਜਨ, ਡਾਕਟਰੀ ਸਪਲਾਈ ਅਤੇ ਸਾਫ ਪਾਣੀ ਮੁਹੱਈਆ ਕਰਨ ਵਿੱਚ ਮਦਦ ਕੀਤੀ। ਉਹ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੇ ਗੁਰਮਤਿ ਕੈਂਪ ਲਾਉਂਦੇ ਅਤੇ ਗੁਰਬਾਣੀ ਕੀਰਤਨ ਨਾਲ ਜੋੜਦੇ ਸਨ। ਉਨਾਂ ਵਲੋਂ ਹਰ ਸਾਲ ਕੀਰਤਨ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਸੀ, ਜਿਸ ਵਿੱਚ ਬੱਚਿਆਂ ਸਮੇਤ ਸੰਗਤਾਂ ਵਲੋਂ ਰਸਭਿੰਨਾ ਕੀਰਤਨ ਕੀਤਾ ਜਾਂਦਾ ਸੀ।

ਅਮਰੀਕਨ ਜੀਉਸ਼ ਆਰਕਾਈਵਜ਼ ਦੇ ਡਾਇਰੈਕਟਰ, ਰੈਬਾਈ ਡਾ. ਗੈਰੀ ਜ਼ੋਲਾ ਨੇ ਕਿਹਾ ਕਿ ਜੈਪਾਲ ਸਿੰਘ ਨੇ ਹਮੇਸ਼ਾ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਮਹੱਤਵਪੂਰਨ ਉਪਦੇਸ਼ 'ਤੇ ਜ਼ੋਰ ਦਿੱਤਾ ਕਿ ਸਾਰੀ ਮਨੁੱਖਤਾ ਅਤੇ ਅਸਲ ਵਿੱਚ ਸਾਰਾ ਬ੍ਰਹਿਮੰਡ ਇੱਕ ਸਾਂਝੇ ਸਰੋਤ, ਇੱਕ ਪ੍ਰਕਾਸ਼ ਤੋਂ ਪੈਦਾ ਹੁੰਦਾ ਹੈ।

ਸਿਨਸਿਨਾਟੀ ਦੇ ਪਹਿਲੇ ਏਸ਼ੀਅਨ ਅਮਰੀਕਨ ਮੇਅਰ ਆਫ਼ਤਾਬ ਸਿੰਘ ਪੁਰੇਵਾਲ ਅਤੇ ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਵੀ ਉਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਕਿਹਾ ਕਿ ਉਹ ਸਾਰਿਆਂ ਨੂੰ ਜੋੜਦਾ ਪਿਆਰ ਵੰਡਦਾ ਸੀ। ਮੇਅਰ ਨੇ ਦੱਸਿਆ ਕਿ 'ਮੈਂ ਉਨਾਂ ਨੂੰ ਬਚਪਨ ਤੋਂ ਜਾਣਦਾ ਹਾਂ, ਅਸੀਂ ਇਕੱਠੇ ਵੱਡੇ ਹੋਏ। ਜੈਪਾਲ ਨੇ ਸਤੰਬਰ 2001 ਦੇ ਹਮਲੇ ਤੋਂ ਬਾਅਦ ਸਿੱਖਾਂ ਦੀ ਵੱਖਰੀ ਪਛਾਣ ਨੂੰ ਦਰਸਾਉਂਦੇ ਸਿੱਖੀ ਸਰੂਪ ਬਾਰੇ ਪ੍ਰਚਾਰ ਕੀਤਾ।'

ਉਨਾਂ ਦੀ ਧਰਮ ਪਤਨੀ ਅਸੀਸ ਕੌਰ ਨੇ ਇਹ ਐਵਾਰਡ ਸਵੀਕਾਰ ਕਰਦਿਆਂ ਕਿਹਾ ਕਿ ਸਾਡੇ ਪਰਿਵਾਰ ਤੇ ਸਭਨਾਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਜੈਪਾਲ ਸਿੰਘ ਨੇ ਹਮੇਸ਼ਾ 'ਇਕ' ਦੀ ਗੱਲ ਕੀਤੀ ਤੇ ਅੱਜ ਅਸੀਂ ਉਨਾਂ ਦੀ ਯਾਦ ਵਿੱਚ ਇਕੱਠੇ ਹੋਏ ਹਾਂ।

ਬੱਚਿਆਂ ਨੇ ਜੈਪਾਲ ਸਿੰਘ ਵੱਲੋਂ ਸਿਖਾਏ ਸ਼ਬਦ 'ਸੋ ਵਡਭਾਗੀ ਜਿਸੁ ਨਾਮਿ ਪਿਆਰੁ' ਦਾ ਗਾਇਨ ਕੀਤਾ। ਉਨਾਂ ਦੇ ਨੌਜਵਾਨ ਵਿਦਿਆਰਥੀ ਕੀਰਤ ਸਿੰਘ ਨੇ ਦੱਸਿਆ, 'ਹਰ ਸਾਲ ਅਸੀਂ ਗਰਮੀਆਂ ਦੇ ਕੈਂਪ ਦੋਰਾਨ ਰੋਜ਼ ਮੁੱਖ ਸ਼ਬਦ ਨੂੰ ਗਾਉਂਦੇ, ਤਾਂ ਜੋ ਸ਼ਬਦ ਤੇ ਇਸ ਦੇ ਅਰਥ ਸਦਾ ਯਾਦ ਰਹਿਣ। ਅਸੀਂ ਸਾਰੇ ਖੁਸ਼ਕਿਸਮਤ ਹਾਂ ਕਿ ਜੈਪਾਲ ਸਿੰਘ ਸਾਡੇ ਅਧਿਆਪਕ ਸਨ। ਉਨਾਂ ਨੇ ਸਾਨੂੰ ਸਾਡੀ ਭਾਸ਼ਾ, ਸਾਡੀ ਬੋਲੀ, ਧਰਮ ਤੇ ਇਤਿਹਾਸ ਸੰਬੰਧੀ ਬਹੁਤ ਸਾਰੀਆਂ ਮਹਾਨ ਗੱਲਾਂ ਸਿਖਾਈਆਂ।'

# ਵਾਈਟ ਹਾਊਸ ਨੇੜੇ ਫਿਲੀਪੀਨ ਦੇ ਸਰਕਾਰੀ ਅਟਾਰਨੀ ਦਾ ਗੋਲੀ ਮਾਰ ਕੇ ਕਤਲ

**ਵਾਸ਼ਿੰਗਟਨ/ /ਏ.ਟੀ.ਨਿਊਜ਼:** ਵਾਈਟ ਹਾਊਸ ਤੋਂ 2 ਮੀਲ ਤੋਂ ਵੀ ਘੱਟ ਦੂਰ ਵਾਸ਼ਿੰਗਟਨ, ਡੀ.ਸੀ. ਵਿੱਚ ਯੂ ਸਟਰੀਟ ਨਾਰਥਵੈਸਟ ਵਿੱਚ ਇੱਕ ਸੰਗੀਤ ਸਮਾਰੋਹ ਵਿੱਚ ਇੱਕ ਪੁਲਿਸ ਅਧਿਕਾਰੀ ਸਮੇਤ ਕਈ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ। 'ਮੈਟਰੋਪੋਲੀਟਨ ਪੁਲਸ ਡਿਪਾਰਟਮੈਂਟ (ਐਮਪੀਡੀ) 14ਵੀਂ ਅਤੇ ਯੂ ਸਟਰੀਟ, ਐਨਡਬਲਯੂ ਏਰੀਆ ਵਿੱਚ ਗੋਲੀਬਾਰੀ ਦੀ ਸਥਿਤੀ ਦਾ ਜਵਾਬ ਦੇ ਰਹਾ ਹੈ, ਜਿਸ ਵਿੱਚ ਇੱਕ ਐਮਪੀਡੀ ਅਧਿਕਾਰੀ ਸਮੇਤ ਕਈ ਲੋਕਾਂ ਨੂੰ ਗੋਲੀ ਮਾਰ ਦਿੱਤੀ ਗਈ। ਡੀਸੀ ਪੁਲਿਸ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਇੱਕ ਨੌਜਵਾਨ ਦੀ ਮੌਤ ਹੋ ਗਈ ਹੈ। ਜਦਕਿ ਇੱਕ ਪੁਲਿਸ ਅਧਿਕਾਰੀ ਅਤੇ ਦੋ ਲੋਕ ਜ਼ਖਮੀ ਹੋਏ ਹਨ। ਇਲਾਜ ਮਗਰੋਂ ਪੁਲਿਸ ਅਧਿਕਾਰੀ ਦੀ ਸਥਿਤੀ ਸਥਿਰ ਦੱਸੀ ਗਈ ਹੈ। ਫਿਲਹਾਲ ਪੁਲਿਸ ਨੇ ਲੋਕਾਂ ਨੂੰ ਇਲਾਕੇ ਵਿਚ ਜਾਣ ਤੋਂ ਮਨਾ ਕੀਤਾ ਹੈ।

ਫਿਲੀਪੀਨ ਦੇ ਸਰਕਾਰੀ ਵਕੀਲ ਦੀ ਫਿਲਾਡੇਲਫੀਆ ਫੇਰੀ ਦੌਰਾਨ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜੌਨ ਅਲਬਰਟ ਲਾਇਲੋ ਆਪਣੀ ਮਾਂ ਨਾਲ ਫਿਲਾਡੇਲਫੀਆ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਜਾ ਰਿਹਾ ਸੀ। ਇਸ ਦੌਰਾਨ ਸ਼ਨੀਵਾਰ ਤੜਕੇ 4:10 ਵਜੇ ਪੈਨਸਿਲਵੇਨੀਆ ਯੂਨੀਵਰਸਿਟੀ ਨੇੜੇ ਲਾਲ ਬੱਤੀ 'ਤੇ ਉਸ ਦੀ 'ਉਬੇਰ' (ਪ੍ਰਾਈਵੇਟ ਕੈਬ) ਰੁਕੀ। ਉਦੋਂ ਇਕ ਕਾਲੇ ਰੰਗ ਦੀ ਕਾਰ ਉਸ ਦੇ ਨੇੜੇ ਆ ਕੇ ਰੁਕੀ ਅਤੇ ਉਸ ਦੀ ਕਾਰ 'ਤੇ ਕਈ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਕਿਹਾ ਕਿ ਲਾਇਲੋ ਦੇ ਸਿਰ ਵਿੱਚ ਗੋਲੀ ਲੱਗੀ ਸੀ ਅਤੇ ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਹਮਲੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਹਮਲੇ ਵਿੱਚ ਲਾਇਲੋ, ਉਸਦੀ ਮਾਂ ਜਾਂ ਉਬੇਰ ਡਰਾਈਵਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਫਿਲਾਡੇਲਫੀਆ ਦੇ ਕੇਵਾਈਡਬਲਯੂ-ਟੀਵੀ ਦੇ ਅਨੁਸਾਰ, ਫਿਲੀਪੀਨ ਕੌਂਸਲੇਟ ਜਨਰਲ ਨੇ ਰਿਪੋਰਟ ਦਿੱਤੀ ਕਿ ਲਾਇਲੋ ਫਿਲੀਪੀਨ ਸਰਕਾਰ ਦਾ ਅਟਾਰਨੀ ਸੀ। ਉਬੇਰ ਡਰਾਈਵਰ ਦੀ ਮਾਂ ਅਤੇ ਅਟਾਰਨੀ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

# ਅਮਰੀਕਾ ਬੱਚਿਆਂ ਦੇ ਕੋਵਿਡ ਵੈਕਸੀਨ ਲਾਉਣ ਦੀ ਸ਼ੁਰੂਆਤ ਕਰਨ ਵਾਲਾ ਪਹਿਲਾ ਦੇਸ਼ ਬਣਿਆ : ਬਾਈਡਨ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਦੇ ਰਾਸ਼ਟਰਪਤੀ ਤੇ ਫਸਟ ਲੇਡੀ ਜਿਲ ਬਾਈਡਨ ਨੇ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੋਵਿਡ-19 ਤੋਂ ਬਚਾਅ ਲਈ ਵੈਕਸੀਨ ਲਾਉਣ ਦੀ ਸ਼ੁਰੂਆਤ ਕਰਨ ਮੌਕੇ ਵਾਸ਼ਿੰਗਟਨ, ਡੀ ਸੀ ਵਿਚ ਇਕ ਕਲੀਨਿਕ ਦਾ ਦੌਰਾ ਕੀਤਾ ਤੇ ਉਨਾਂ ਨੇ ਕੁਝ ਸਮਾਂ ਬੱਚਿਆਂ ਨਾਲ ਬਿਤਾਇਆ। ਯੂ ਐਸ ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਹਰੀ ਝੰਡੀ ਮਿਲਣ ਉਪਰੰਤ ਪੂਰੇ ਅਮਰੀਕਾ ਵਿਚ ਬੱਚਿਆਂ ਦੇ ਟੀਕੇ ਲਾਉਣ ਦਾ ਕੰਮ ਸ਼ੁਰੂ ਹੋ ਗਿਆ। ਪੂਰੇ ਦੇਸ਼ ਵਿਚ 1.70 ਕਰੋੜ ਬੱਚੇ ਟੀਕਾਕਰਣ ਦੇ ਯੋਗ ਹਨ। ਰਾਸ਼ਟਰਪਤੀ ਨੇ ਡੀ ਸੀ ਹੈਲਥ ਕੋਵਿਡ-19 ਸੈਂਟਰ ਵਿਖੇ ਮਾਪਿਆਂ ਨੂੰ ਕਿਹਾ ਕਿ ਵਿਸ਼ਵ ਭਰ ਵਿਚ ਸਾਡਾ ਪਹਿਲਾ ਦੇਸ਼ ਹੈ ਜਿਸ ਨੇ ਬੱਚਿਆਂ ਨੂੰ ਵੈਕਸੀਨ ਲਾਉਣ ਦੀ ਸ਼ੁਰੂਆਤ ਕੀਤੀ ਹੈ। ਰਾਸ਼ਟਰਪਤੀ ਨੇ ਇਕ ਛੋਟੀ ਬੱਚੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਪਾਂ ਕੋਵਿਡ ਵਾਇਰਸ ਖਤਮ ਕਰਨ ਜਾ ਰਹੇ ਹਾਂ, ਹੁਣ ਤੁਸੀਂ ਜਿਥੇ ਵੀ ਜਾਣਾ ਚਾਹੋ ਜਾ ਸਕੋਗੇ।

# ਮਹਾਰਾਸ਼ਟਰ ਵਿਚ ਊਧਵ ਠਾਕਰੇ ਸਰਕਾਰ ਸੰਕਟ ਵਿਚ ਘਿਰੀ

## ✪ ਏਕਨਾਥ ਸ਼ਿੰਦੇ ਤੇ ਸ਼ਿਵ ਸੈਨਾ ਵਿਧਾਇਕਾਂ ਨੇ ਸੂਰਤ ਦੇ ਹੋਟਲ ਵਿਚ ਡੇਰੇ ਲਾਏ ✪ ਸ਼ਿੰਦੇ ਦੀ ਥਾਂ ਅਜੈ ਚੌਧਰੀ ਨੂੰ ਵਿਧਾਇਕ ਦਲ ਦਾ ਆਗੂ ਥਾਪਿਆ ✪ ਰਾਊਤ ਨੇ ਸੂਰਤ ਵਿਚ ਦੋ ਵਿਧਾਇਕਾਂ ਨਾਲ ਕੁੱਟਮਾਰ ਹੋਣ ਦਾ ਦਾਅਵਾ

**ਮੁੰਬਈ/ਸੂਰਤ:** ਮਿਲਿੰਦ ਨਾਰਵੇਕਰ ਤੇ ਰਵਿੰਦਰ ਪਾਠਕ ਨੂੰ ਬਾਗ਼ੀ ਵਿਧਾਇਕਾਂ ਨਾਲ ਗੱਲਬਾਤ ਦੀ ਜ਼ਿੰਮੇਵਾਰੀ ਸੌਂਪੀ ਮਹਾਰਾਸ਼ਟਰ ਵਿਧਾਨ ਪਰਿਸ਼ਦ (ਐੱਮਐੱਲਸੀ) ਦੀਆਂ ਚੋਣਾਂ 'ਚ ਕਰਾਸ-ਵੋਟਿੰਗ ਹੋਣ ਦੇ ਦਾਅਵੇ ਤੋਂ ਇਕ ਦਿਨ ਮਗਰੋਂ ਸ਼ਿਵ ਸੈਨਾ ਦੇ ਮੰਤਰੀ ਏਕਨਾਥ ਸ਼ਿੰਦੇ ਤੇ ਕੁਝ ਹੋਰਨਾਂ ਪਾਰਟੀ ਵਿਧਾਇਕਾਂ ਦੇ ਗੁਜਰਾਤ ਦੇ ਸੂਰਤ ਵਿੱਚ ਡੇਰੇ ਲਾਉਣ ਨਾਲ ਊਧਵ ਠਾਕਰੇ ਦੀ ਅਗਵਾਈ ਵਾਲੀ ਮਹਾ ਵਿਕਾਸ ਅਗਾੜੀ (ਐੱਮਵੀਏ) ਗੱਠਜੋੜ ਸਰਕਾਰ ਸੰਕਟ ਵਿੱਚ ਘਿਰ ਗਈ ਹੈ। ਸਰਕਾਰ ਦੀ ਸਥਿਰਤਾ 'ਤੇ ਸਵਾਲ ਉੱਠਣ ਲੱਗੇ ਹਨ। ਇਸ ਦੌਰਾਨ ਸ਼ਿੰਦੇ, ਜਿਨਾਂ ਕੋਲ ਸ਼ਹਿਰੀ ਵਿਕਾਸ ਤੇ ਲੋਕ ਨਿਰਮਾਣ ਮਹਿਕਮਾ ਸੀ, ਨੂੰ ਮਹਾਰਾਸ਼ਟਰ ਅਸੈਂਬਲੀ ਵਿੱਚ ਸ਼ਿਵ ਸੈਨਾ ਵਿਧਾਇਕ ਦਲ ਦੇ ਆਗੂ ਦੇ ਅਹੁਦੇ ਤੋਂ ਲਾਂਭੇ ਕਰਕੇ ਮੁੱਖ ਮੰਤਰੀ ਨੇ ਬਾਗ਼ੀ ਵਿਧਾਇਕਾਂ ਤੱਕ ਪਹੁੰਚ ਲਈ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ। ਸ਼ਿੰਦੇ ਦੀ ਥਾਂ ਅਜੈ ਚੌਧਰੀ ਨੂੰ ਲਾਇਆ ਗਿਆ ਹੈ, ਜੋ ਮੁੰਬਈ ਦੇ ਸਿਊਰੀ ਹਲਕੇ ਦੀ ਨੁਮਾਇੰਦਗੀ ਕਰਦੇ ਹਨ। ਇਸ ਦੌਰਾਨ ਸੂਰਤ ਪੁੱਜੇ ਨਾਰਵੇਕਰ ਨੇ ਏਕਨਾਥ ਸ਼ਿੰਦੇ ਦੀ ਮੁੱਖ ਮੰਤਰੀ ਊਧਵ ਠਾਕਰੇ ਨਾਲ ਫ਼ੋਨ 'ਤੇ ਗੱਲਬਾਤ ਵੀ ਕਰਵਾਈ। ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੈ ਰਾਊਤ ਨੇ ਦਾਅਵਾ ਕੀਤਾ ਹੈ ਕਿ ਸੂਰਤ ਵਿੱਚ ਸ਼ਿੰਦੇ ਨਾਲ 14 ਤੋਂ 15 ਪਾਰਟੀ ਵਿਧਾਇਕ ਮੌਜੂਦ ਹਨ। ਰਾਊਤ ਨੇ ਕਿਹਾ ਕਿ ਇਨਾਂ ਵਿੱਚੋਂ ਨਿਤਿਨ ਦੇਸ਼ਮੁਖ ਸਣੇ ਦੋ ਵਿਧਾਇਕਾਂ ਨਾਲ ਕੁੱਟਮਾਰ ਵੀ ਕੀਤੀ ਗਈ ਹੈ। ਉਨਾਂ ਦੇਸ਼ਮੁਖ ਨੂੰ ਦਿਲ ਦਾ ਦੌਰਾ ਪੈਣ ਦਾ ਵੀ ਦਾਅਵਾ ਕੀਤਾ ਹੈ। ਰਾਊਤ ਨੇ ਕਿਹਾ ਕਿ ਸ਼ਿੰਦੇ ਖਿਲਾਫ਼ ਅਨੁਸ਼ਾਸਨੀ ਕਾਰਵਾਈ ਜ਼ਰੂਰੀ ਸੀ। ਗੱਠਜੋੜ ਸਰਕਾਰ 'ਚ ਭਾਈਵਾਲ ਕਾਂਗਰਸ ਤੇ ਐੱਨਸੀਪੀ ਆਗੂਆਂ ਨੇ ਦੇਰ ਸ਼ਾਮ ਮੁੱਖ ਮੰਤਰੀ ਊਧਵ ਠਾਕਰੇ ਨਾਲ ਮੁਲਾਕਾਤ ਕਰਕੇ ਹਾਲਾਤ ਦਾ ਜਾਇਜ਼ਾ ਲਿਆ।

288 ਮੈਂਬਰੀ ਮਹਾਰਾਸ਼ਟਰ ਅਸੈਂਬਲੀ ਵਿੱਚ ਸ਼ਿਵ ਸੈਨਾ ਦੇ 55 , ਐੱਨਸੀਪੀ 53, ਕਾਂਗਰਸ 44, ਬਹੁਜਨ ਵਿਕਾਸ ਅਗਾੜੀ 3, ਸਮਾਜਵਾਦੀ ਪਾਰਟੀ, ਏਆਈਐੱਮ ਤੇ ਪ੍ਰਹਾਰ ਜਨਸ਼ਕਤੀ ਪਾਰਟੀ ਦੇ 2-2 ਵਿਧਾਇਕ ਹਨ। ਐੱਮਐੱਨਐੱਸ, ਸੀਪੀਆਈ-ਐੱਮ, ਪੀਡਬਲਿਊਪੀ, ਸਵਾਭੀਮਾਨ ਪਕਸ਼ਾ, ਰਾਸ਼ਟਰੀ ਸਮਾਜ ਪਾਰਟੀ, ਜਨਸੁਰਾਜਿਆ ਸ਼ਕਤੀ ਪਾਰਈ ਤੇ



ਕ੍ਰਾਂਤੀਕਾਰੀ ਸ਼ੇਤਕਾਰੀ ਪਕਸ਼ਾ ਦਾ ਇਕ ਇਕ ਵਿਧਾਇਕ ਹੈ। ਇਨਾਂ ਤੋਂ ਇਲਾਵਾ 13 ਆਜ਼ਾਦ ਵਿਧਾਇਕ ਹਨ। ਵਿਰੋਧੀ ਧਿਰ ਭਾਜਪਾ ਕੋਲ 106 ਵਿਧਾਇਕ ਹਨ।

ਉੱਧਰ ਐੱਨਸੀਪੀ ਤੇ ਕਾਂਗਰਸ ਅਤੇ ਐੱਮਵੀਏ ਗੱਠਜੋੜ ਵਿੱਚ ਸ਼ਾਮਲ ਹੋਰਨਾਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਸੂਬਾ ਸਰਕਾਰ ਦੀ ਸਥਿਰਤਾ ਨੂੰ ਕੋਈ ਖ਼ਤਰਾ ਨਹੀਂ ਹੈ। ਸ਼ਿੰਦੇ ਤੇ ਕੁਝ ਹੋਰਨਾਂ ਵਿਧਾਇਕਾਂ ਦੇ ਅਚਾਨਕ ਗਾਇਬ ਹੋਣ ਮਗਰੋਂ ਮੁੱਖ ਮੰਤਰੀ ਊਧਵ ਠਾਕਰੇ ਨੇ ਪਾਰਟੀ ਵਿਧਾਇਕਾਂ ਤੇ ਆਗੂਆਂ ਦੀ ਆਪਣੀ ਸਰਕਾਰੀ ਰਿਹਾਇਸ਼ 'ਵਰਸ਼ਾ' 'ਤੇ ਮੀਟਿੰਗ ਸੱਦ ਕੇ ਵਿਚਾਰ ਚਰਚਾ ਕੀਤੀ। ਸ਼ਿੰਦੇ ਨਾਲ ਕਿੰਨੇ ਵਿਧਾਇਕ ਹਨ, ਇਸ ਬਾਰੇ ਕੁਝ ਵੀ ਸਪਸ਼ਟ ਨਹੀਂ ਹੈ। ਸੀਨੀਅਰ ਐੱਨਸੀਪੀ ਆਗੂ ਤੇ ਸਰਕਾਰ 'ਚ ਮੰਤਰੀ ਛਗਣ ਭੁਜਬਲ ਨੇ ਦਾਅਵਾ ਕੀਤਾ ਕਿ ਉਨਾਂ ਦੇ ਪਾਰਟੀ ਵਿਧਾਇਕ ਜਿਉਂ ਦੇ ਤਿਉਂ ਹਨ। ਭੁਜਬਲ ਤੇ ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਗੱਠਜੋੜ ਸਰਕਾਰ ਨੂੰ ਕਿਸੇ ਖ਼ਤਰੇ ਤੋਂ ਇਨਕਾਰ ਕੀਤਾ ਹੈ। ਕਾਂਗਰਸੀ ਮੰਤਰੀ ਬਾਲਾਸਾਹਿਬ ਥੋਰਾਟ ਨੇ ਕਿਹਾ ਕਿ ਉਨਾਂ ਦੀ ਪਾਰਟੀ ਸ਼ਿਵ ਸੈਨਾ ਵਿੱਚ ਚੱਲ ਰਹੇ ਸਾਰੇ ਘਟਨਾਕ੍ਰਮ ਨੂੰ ਨੇੜਿਓਂ ਵੇਖ ਰਹੀ ਹੈ ਤੇ ਉਨਾਂ ਮੁੱਖ ਮੰਤਰੀ ਨਾਲ ਵੀ ਗੱਲਬਾਤ ਕੀਤੀ ਹੈ। ਉਨਾਂ ਕਿਹਾ ਕਿ ਲੋੜ ਪਈ ਤਾਂ ਗੱਠਜੋੜ ਦੀ ਮੀਟਿੰਗ ਸੱਦੀ ਜਾਵੇਗੀ ਤੇ ਕਾਂਗਰਸੀ ਵਿਧਾਇਕਾਂ ਨੂੰ ਮੁੰਬਈ ਵਿੱਚ ਹੀ ਰਹਿਣ ਲਈ ਆਖ ਦਿੱਤਾ ਹੈ।

ਕਾਬਿਲੇਗੌਰ ਹੈ ਕਿ ਮਹਾਰਾਸ਼ਟਰ ਵਿਧਾਨ ਪ੍ਰੀਸ਼ਦ ਦੇ ਸੋਮਵਾਰ ਰਾਤ ਨੂੰ ਐਲਾਨੇ ਨਤੀਜਿਆਂ ਤੋਂ ਕੁਝ ਘੰਟਿਆਂ ਮਗਰੋਂ ਇਹ ਸਾਰਾ ਘਟਨਾਕ੍ਰਮ ਸ਼ੁਰੂ ਹੋਇਆ ਸੀ। ਇਨਾਂ ਚੋਣਾਂ ਵਿੱਚ ਭਾਜਪਾ ਪੰਜ ਸੀਟਾਂ ਜਿੱਤਣ ਵਿੱਚ ਸਫ਼ਲ ਰਹੀ ਸੀ, ਹਾਲਾਂਕਿ ਪਾਰਟੀ ਕੋਲ ਚਾਰ ਉਮੀਦਵਾਰਾਂ ਦੀ ਜਿੱਤ ਲਈ ਹੀ ਵੋਟ ਸਨ। ਸੈਨਾ ਤੇ ਐੱਨਸੀਪੀ ਨੂੰ 2-2 ਸੀਟਾਂ 'ਤੇ ਜਿੱਤ ਮਿਲੀ ਸੀ ਜਦ ਕਿ ਕਾਂਗਰਸ ਨੂੰ ਆਪਣੇ ਦੋ ਉਮੀਦਵਾਰਾਂ 'ਚੋਂ ਇਕ ਦੀ ਹਾਰ ਨਾਲ ਝਟਕਾ ਲੱਗਾ ਸੀ। ਸ਼ਿਵ ਸੈਨਾ ਆਗੂ ਨੇ ਕਿਹਾ ਕਿ ਸ਼ਿੰਦੇ ਮੁੱਖ ਮੰਤਰੀ ਠਾਕਰੇ ਨਾਲ ਸ਼ਾਮ ਪੰਜ ਵਜੇ ਤੱਕ ਵਿਧਾਨ ਭਵਨ ਵਿੱਚ ਮੌਜੂਦ ਸੀ। ਸੂਤਰਾਂ ਮੁਤਾਬਿਕ ਸ਼ਿੰਦੇ ਤੇ ਕੁਝ ਹੋਰ ਸ਼ਿਵ ਸੈਨਾ ਵਿਧਾਇਕ ਗੁਜਰਾਤ ਦੇ ਸੂਰਤ ਸ਼ਹਿਰ ਦੇ ਇਕ ਹੋਟਲ ਵਿੱਚ ਡੇਰੇ ਲਾਈ ਬੈਠੇ ਹਨ। ਸੂਤਰਾਂ ਮੁਤਾਬਿਕ ਪਾਰਟੀ ਲੀਡਰਸ਼ਿਪ ਤੋਂ ਨਾਰਾਜ਼ ਇਹ ਵਿਧਾਇਕ ਸੋਮਵਾਰ ਰਾਤ ਨੂੰ ਸੂਰਤ ਪੁੱਜ ਗਏ ਸਨ ਤੇ ਉਹ ਲੀ ਮੈਰੀਡੀਅਨ ਹੋਟਲ ਵਿੱਚ ਹਨ। ਹੋਟਲ ਦੇ ਬਾਹਰ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਤਾਇਨਾਤ ਹਨ। ਸੈਨਾ ਸਰਕਾਰ ਵਿਚ ਸਭ ਤੋਂ ਸੀਨੀਅਰ ਮੰਤਰੀ ਸ਼ਿੰਦੇ ਦਾ ਮੁੰਬਈ ਨੇੜਲੇ ਸ਼ਹਿਰਾਂ 'ਵਿਚ ਵੱਡਾ ਰਸੂਖ ਹੈ।

ਕੇਂਦਰੀ ਮੰਤਰੀ ਤੇ ਭਾਜਪਾ ਦੇ ਰਾਜ ਸਭਾ ਮੈਂਬਰ ਨਰਾਇਣ ਰਾਣੇ ਨੇ ਖੁੱਲ ਕੇ ਏਕਨਾਥ ਸ਼ਿੰਦੇ ਦੀ ਹਮਾਇਤ ਕੀਤੀ ਹੈ। ਰਾਣਾ ਨੇ ਟਵੀਟ ਕੀਤਾ, "ਏਕਨਾਥਜੀ ਸ਼ਾਬਾਸ਼, ਤੁਸੀਂ ਢੁਕਵੇਂ ਸਮੇਂ 'ਤੇ ਸਹੀ ਫ਼ੈਸਲਾ ਲਿਆ। ਨਹੀਂ ਤਾਂ ਜਲਦੀ ਹੀ ਤੁਹਾਡਾ ਵੀ ਆਨੰਦ ਡੀਗੇ ਵਾਲਾ ਹਾਲ ਹੋਣਾ ਸੀ।" ਮੁੰਬਈ ਤੋਂ ਕੋਈ 280 ਕਿੱਲੋਮੀਟਰ ਦੂਰ ਭਾਜਪਾ ਸ਼ਾਸਿਤ ਗੁਜਰਾਤ ਦੇ ਸੂਰਤ ਸ਼ਹਿਰ ਵਿਚਲੇ ਲਗਜ਼ਰੀ ਹੋਟਲ ਨੂੰ ਸੁਰੱਖਿਆ ਦੇ ਲਿਹਾਜ਼ ਤੋਂ ਕਿਲੇਬੰਦੀ ਕਰ ਦਿੱਤਾ ਗਿਆ ਹੈ। ਹੋਟਲ ਵਿੱਚ ਕਿਸੇ ਵੀ ਨਵੀਂ ਬੁਕਿੰਗ 'ਤੇ ਅਣਮਿਥੇ ਸਮੇਂ ਲਈ ਰੋਕ ਲਾ ਦਿੱਤੀ ਹੈ। ਉੱਤਰੀ ਮਹਾਰਾਸ਼ਟਰ ਦੇ ਜਲਗਾਓਂ ਤੋਂ ਭਾਜਪਾ ਵਿਧਾਇਕ ਸੰਜੈ ਕੁੱਟੇ ਨੇ ਬਾਅਦ ਦੁਪਹਿਰ ਹੋਟਲ ਵਿੱਚ ਜਾ ਕੇ ਉੱਥੇ ਡੇਰਾ ਲਾਈ ਬੈਠੇ ਸ਼ਿਵ ਸੈਨਾ ਆਗੂਆਂ ਨਾਲ ਮੀਟਿੰਗ ਕੀਤੀ। ਹੋਟਲ ਦੇ ਅੰਦਰ-ਬਾਹਰ ਤਿੰਨ ਸੌ ਤੋਂ ਚਾਰ ਸੌ ਪੁਲੀਸ ਮੁਲਾਜ਼ਮ ਤਾਇਨਾਤ ਹਨ। ਡੀਸੀਪੀ ਪੱਧਰ ਦੇ ਅਧਿਕਾਰੀਆਂ ਵੱਲੋਂ ਸਵੇਰ ਤੋਂ ਨਿਯਮਤ ਵਕਫ਼ੇ ਨਾਲ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਹੋਟਲ ਦੇ ਬਾਹਰ ਵੱਡੀ ਗਿਣਤੀ ਪੱਤਰਕਾਰ ਤੇ ਕੈਮਰਾਮੈਨ ਵੀ ਮੌਜੂਦ ਹਨ। ਮਹਾਰਾਸ਼ਟਰ ਵਿੱਚ ਜਾਰੀ ਸਿਆਸੀ ਘਟਨਾਕ੍ਰਮ ਦਰਮਿਆਨ ਕਾਂਗਰਸ ਨੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਨੂੰ ਸੂਬੇ ਵਿੱਚ ਏਆਈਸੀਸੀ ਨਿਗਰਾਨ ਨਿਯੁਕਤ ਕੀਤਾ ਹੈ। ਮਹਾਰਾਸ਼ਟਰ ਸਰਕਾਰ 'ਚ ਮੰਤਰੀ ਏਕਨਾਥ ਸ਼ਿੰਦੇ ਤੇ ਕੁਝ ਹੋਰਨਾਂ ਸ਼ਿਵ ਸੈਨਾ ਵਿਧਾਇਕਾਂ ਨਾਲ ਕੋਈ ਰਾਬਤਾ ਨਾ ਹੋਣ ਦੇ ਦਾਅਵਿਆਂ ਦਰਮਿਆਨ ਪਾਰਟੀ ਵਿਧਾਇਕ ਨਿਤਿਨ ਦੇਸ਼ਮੁਖ ਦੀ ਪਤਨੀ ਪ੍ਰਾਂਜਲੀ ਦੇਸ਼ਮੁਖ ਨੇ ਪੁਲੀਸ ਕੋਲ ਆਪਣੇ ਪਤੀ ਦੇ 'ਲਾਪਤਾ' ਹੋਣ ਦੀ ਸ਼ਿਕਾਇਤ ਦਰਜ ਕੀਤੀ ਹੈ। ਦੇਸ਼ਮੁਖ ਅਕੋਲਾ ਜ਼ਿਲੇ ਦੇ ਬਾਲਾਪੁਰ ਤੋਂ ਸ਼ਿਵ ਸੈਨਾ ਵਿਧਾਇਕ ਹੈ।

### ਮੌਜੂਦਾ ਸਿਆਸੀ ਹਾਲਾਤ ਲਈ ਭਾਜਪਾ ਜ਼ਿੰਮੇਵਾਰ: ਰਾਊਤ

ਸ਼ਿਵ ਸੈਨਾ ਦੇ ਸੰਸਦ ਮੈਂਬਰ ਸੰਜੈ ਰਾਊਤ ਨੇ ਦਾਅਵਾ ਕੀਤਾ ਕਿ ਸ਼ਿੰਦੇ ਨਾਲ ਸੰਪਰਕ ਸਾਧਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਰਾਊਤ ਨੇ ਕਿਹਾ ਕਿ ਸ਼ਿੰਦੇ 'ਬਾਲਾਸਾਹਿਬ ਠਾਕਰੇ ਦਾ ਵਫ਼ਾਦਾਰ ਸ਼ਿਵ ਸੈਨਿਕ' ਹੈ। ਰਾਊਤ ਨੇ ਕਿਹਾ ਕਿ ਮੌਜੂਦਾ ਸਿਆਸੀ ਹਾਲਾਤ ਲਈ ਭਾਜਪਾ ਜ਼ਿੰਮੇਵਾਰ ਹੈ। ਉਨਾਂ ਕਿਹਾ ਕਿ ਭਾਜਪਾ ਨੇ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਹੀ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਸਨ, ਪਰ ਐੱਮਵੀਏ ਸਰਕਾਰ ਡੇਗਣ ਦੇ ਯਤਨਾਂ ਨੂੰ ਸਫ਼ਲ ਨਹੀਂ ਹੋਣ ਦਿੱਤਾ ਜਾਵੇਗਾ।

### ਸਰਕਾਰ ਬਣਾਉਣ ਦੀ ਤਜਵੀਜ਼ ਆਈ ਤਾਂ ਗ਼ੌਰ ਕਰਾਂਗੇ: ਪਾਟਿਲ

ਮਹਾਰਾਸ਼ਟਰ ਭਾਜਪਾ ਦੇ ਮੁਖੀ ਚੰਦਰਕਾਂਤ ਪਾਟਿਲ ਨੇ 'ਸ਼ਿੰਦੇ ਘਟਨਾਕ੍ਰਮ' ਪਿੱਛੇ ਉਨਾਂ ਦੀ ਪਾਰਟੀ ਦਾ ਕੋਈ ਹੱਥ ਹੋਣ ਤੋਂ ਇਨਕਾਰ ਕੀਤਾ ਹੈ। ਪਾਟਿਲ ਨੇ ਕਿਹਾ, "ਅਸੀਂ ਏਕਨਾਥ ਸ਼ਿੰਦੇ ਵੱਲੋਂ ਸਰਕਾਰ ਬਣਾਉਣ ਬਾਰੇ ਕਿਸੇ ਵੀ ਪੇਸ਼ਕਸ਼ 'ਤੇ ਸੰਜੀਦਗੀ ਨਾਲ ਗੌਰ ਕਰਾਂਗੇ। ਅਸੀਂ ਪਹਿਲਾਂ ਵੀ ਇਕੱਠਿਆਂ ਕੰਮ ਕਰ ਚੁੱਕੇ ਹਾਂ, ਲਿਹਾਜ਼ਾ ਉਨਾਂ ਨਾਲ ਮਿਲ ਕੇ ਕੰਮ ਕਰਨਾ ਤੇ ਸਰਕਾਰ ਚਲਾਉਣਾ ਚੰਗਾ ਹੋਵੇਗਾ।" ਪਾਟਿਲ ਨੇ ਕਿਹਾ ਕਿ ਇਸ ਸਭ ਲਈ ਸੰਜੈ ਰਾਊਤ ਜ਼ਿੰਮੇਵਾਰ ਹੈ।

### ਗੱਠਜੋੜ ਸਰਕਾਰ ਸਥਿਰ; ਸ਼ਿਵ ਸੈਨਾ ਦਾ ਅੰਦਰੂਨੀ ਮਸਲਾ: ਸ਼ਰਦ ਪਵਾਰ

ਮਹਾਰਾਸ਼ਟਰ ਦੀ ਗੱਠਜੋੜ ਸਰਕਾਰ 'ਵਿਚ ਅਹਿਮ ਭਾਈਵਾਲ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਨੇ ਕਿਹਾ ਕਿ ਮਹਾਰਾਸ਼ਟਰ ਸਰਕਾਰ ਨੂੰ ਡੇਗਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਨਾਂ ਕਿਹਾ ਕਿ ਅਜਿਹਾ ਤੀਜੀ ਵਾਰ ਹੋ ਰਿਹਾ ਹੈ। ਪਵਾਰ ਨੇ ਕਿਹਾ ਕਿ ਇਹ ਸ਼ਿਵ ਸੈਨਾ ਦਾ ਅੰਦਰੂਨੀ ਮਸਲਾ ਹੈ ਤੇ ਊਧਵ ਠਾਕਰੇ ਇਸ ਨਾਲ ਸਿੱਝ ਲੈਣਗੇ। ਉਨਾਂ ਕਿਹਾ ਕਿ ਗੱਠਜੋੜ ਸਰਕਾਰ ਸਥਿਰ ਹੈ ਤੇ ਇਸ ਨੂੰ ਕੋਈ ਖ਼ਤਰਾ ਨਹੀਂ ਹੈ।

### ਸੱਤਾ ਲਈ ਫ਼ਰੇਬ ਨਹੀਂ ਕਰ ਸਕਦੇ: ਸ਼ਿੰਦੇ

ਸੂਰਤ ਵਿੱਚ ਹੋਰਨਾਂ ਸ਼ਿਵ ਸੈਨਾ ਵਿਧਾਇਕਾਂ ਨਾਲ ਡੇਰੇ ਲਾਈ ਬੈਠੇ ਏਕਨਾਥ ਸ਼ਿੰਦੇ ਨੇ ਕਿਹਾ ਕਿ ਉਹ 'ਸੱਤਾ ਲਈ ਕਦੇ ਵੀ ਫ਼ਰੇਬ ਨਹੀਂ ਕਰ ਸਕਦੇ' ਤੇ ਨਾ ਹੀ ਬਾਲ ਠਾਕਰੇ ਦੀਆਂ ਸਿੱਖਿਆਵਾਂ ਨੂੰ ਤਿਆਗਣਗੇ। ਸ਼ਿੰਦੇ ਨੇ ਮਹਾਰਾਸ਼ਟਰ ਵਿੱਚ ਜਾਰੀ ਸਿਆਸੀ ਸੰਕਟ ਦਰਮਿਆਨ ਆਪਣੀ ਪਲੇਠੀ ਪ੍ਰਤੀਕਿਰਿਆ ਦਿੰਦਿਆਂ ਮਰਾਠੀ ਵਿੱਚ ਕੀਤੇ ਟਵੀਟ 'ਚ ਕਿਹਾ, "ਅਸੀਂ ਬਾਲਾਸਾਹਿਬ, ਜੋ ਸਾਨੂੰ ਹਿੰਦੂਤਵ ਬਾਰੇ ਸਬਕ ਦਿੰਦੇ ਸਨ, ਦੇ ਵਫ਼ਾਦਾਰ ਸ਼ਿਵ ਸੈਨਿਕ ਹਾਂ। ਅਸੀਂ ਕਦੇ ਵੀ ਸੱਤਾ ਲਈ ਫ਼ਰੇਬ ਨਹੀਂ ਕਰ ਸਕਦੇ ਤੇ ਨਾ ਹੀ ਸੱਤਾ ਲਈ ਬਾਲਾਸਾਹਿਬ ਤੇ ਆਨੰਦ ਡੀਗੇ ਦੀਆਂ ਸਿੱਖਿਆਵਾਂ ਨੂੰ ਤਿਆਗਾਂਗੇ।" ਮਰਹੂਮ ਡੀਗੇ, ਜੋ ਠਾਣੇ ਤੋਂ ਸ਼ਿਵ ਸੈਨਾ ਦੇ ਕੱਦਾਵਰ ਆਗੂ ਸਨ, ਸ਼ਿੰਦੇ ਦੇ ਸਿਆਸੀ ਗੁਰੂ ਹਨ।

## ਸੰਘੀ ਗੈਸ ਟੈਕਸ ਤੋਂ ਛੋਟ ਬਾਰੇ ਫੈਸਲਾ ਇਸ ਹਫਤੇ ਦੇ ਅੰਤ ਵਿੱਚ : ਜੋਅ ਬਾਈਡਨ

### ਘੱਟਣਗੀਆਂ ਗੈਸ ਦੀਆਂ ਕੀਮਤਾਂ, ਕਾਰਪੋਰੇਸ਼ਨਜ ਉਪਰ ਟੈਕਸ ਵਧਾਉਣ ਦੀ ਯੋਜਨਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਗੈਸ ਦੀਆਂ ਵਧੀਆਂ ਕੀਮਤਾਂ ਕਾਰਨ ਬਣੇ ਦਬਾਅ ਦੇ ਦਰਮਿਆਨ ਰਾਸ਼ਟਰਪਤੀ ਜੋਅ ਬਾਈਡਨ ਨੇ ਕਿਹਾ ਹੈ ਕਿ ਉਹ ਸੰਘੀ ਗੈਸ ਟੈਕਸ ਤੋਂ ਛੁਟਕਾਰਾ ਦਿਵਾਉਣ ਬਾਰੇ ਵਿਚਾਰ ਕਰ ਰਹੇ ਹਨ ਤੇ ਉਹ ਇਸ ਸਬੰਧੀ ਐਲਾਨ ਇਸ ਹਫਤੇ ਦੇ ਅੰਤ ਵਿਚ ਕਰ ਸਕਦੇ ਹਨ। ਬਾਈਡਨ ਪ੍ਰਸ਼ਾਸਨ ਮੱਧਕਾਲੀ ਚੋਣ ਸਾਲ ਹੋਣ ਕਾਰਨ ਗੈਸ ਦੀਆਂ ਕੀਮਤਾਂ ਘਟਾਉਣ ਦੇ ਢੰਗ-ਤਰੀਕੇ ਲੱਭ ਰਿਹਾ ਹੈ। ਕੁਝ ਡੈਮੋਕਰੈਟਿਕ ਕਾਨੂੰਨ ਘਾੜੇ ਰਾਸ਼ਟਰਪਤੀ ਉਪਰ ਗੈਸ ਦੀ ਕੀਮਤ ਘਟਾਉਣ ਲਈ ਪਿਛਲੇ ਸਮੇ ਤੋਂ ਦਬਾਅ ਬਣਾ ਰਹੇ ਹਨ। ਰਾਸ਼ਟਰਪਤੀ ਨੇ ਰੇਹੋਬੋਥ ਬੀਚ, ਡੈਲਾਵੇਰ ਵਿਚ ਛੁੱਟੀ ਮਨਾਉਣ ਮੌਕੇ ਕਿਹਾ ਕਿ ਮੈ ਆਸ ਕਰਦਾ ਹਾਂ ਕਿ ਅੰਕੜਾ ਆਧਾਰਤ ਨਿਰਨਾ ਇਸ ਹਫਤੇ ਲੈ ਲਿਆ ਜਾਵੇਗਾ। ਅਮੈਰੀਕਨ ਆਟੋਮੋਬਾਇਲ ਐਸੋਸੀਏਸ਼ਨ ਅਨੁਸਾਰ ਪ੍ਰਤੀ ਗੈਲਨ ਗੈਸ ਉਪਰ ਸੰਘੀ ਗੈਸ ਟੈਕਸ 18.4 ਸੈਂਟ ਹੈ। ਇਸ ਤੋਂ ਇਲਾਵਾ 18.3 ਸੈਂਟ ਐਕਸਾਈਜ ਟੈਕਸ ਤੇ 0.1% ਸਟੋਰੇਜ ਫੀਸ ਲਾਗੂ ਹੈ। ਡੀਜ਼ਲ ਉਪਰ ਸੰਘੀ ਟੈਕਸ 24.3 ਸੈਂਟ ਤੇ 0.1 ਸੈਂਟ ਫੀਸ ਲਾਗੂ ਹੈ। ਇਸ ਸਮੇ ਇਕ ਗੈਲਨ ਗੈਸ ਦੀ ਰਾਸ਼ਟਰੀ ਔਸਤ ਕੀਮਤ 4.981 ਡਾਲਰ ਹੈ। ਬਾਈਡਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਲੰਘੇ ਐਤਵਾਰ ਕਿਹਾ ਸੀ ਕਿ ਪ੍ਰਸ਼ਾਸਨ ਸੰਘੀ ਗੈਸ ਟੈਕਸ ਮੁਲਤਵੀ ਕਰ ਸਕਦਾ ਹੈ। ਬਾਈਡਨ ਨੇ ਹੋਰ ਕਿਹਾ ਕਿ ਉਨਾਂ ਨੇ ਕਲਿੰਟਨ ਪ੍ਰਸ਼ਾਸਨ ਵਿਚ ਰਹੇ ਖਜ਼ਾਨਾ ਸਕੱਤਰ ਤੇ ਓਬਾਮਾ ਪ੍ਰਸ਼ਾਸਨ ਵਿਚ ਰਹੇ ਆਰਥਕ ਸਲਾਹਕਾਰ ਲੈਰੀ ਸਮਰਸ ਨਾਲ ਵਿਚਾਰ ਵਟਾਂਦਰਾ ਕੀਤਾ ਹੈ ਜਿਨਾਂ ਨੇ ਮੰਦੇ ਦੀ ਸੰਭਾਵਨਾ ਬਾਰੇ ਚੌਕਸ ਕੀਤਾ ਹੈ ਜਦ ਕਿ ਫੈਡਰਲ ਰਿਜਰਵ ਨੇ ਸਿੱਕੇ ਦੇ ਫੈਲਾਅ ਨੂੰ ਘਟਾਉਣ ਦੇ ਮਕਸਦ ਨਾਲ ਵਿਆਜ ਦਰਾਂ ਵਧਾ ਦਿੱਤੀਆਂ ਹਨ। ਬਾਈਡਨ ਨੇ ਕਿਹਾ ਕਿ ਮੰਦੇ ਬਾਰੇ ਨਿਸ਼ਚਤ ਕੁਝ ਨਹੀਂ ਹੈ। ਉਨਾਂ ਕਿਹਾ ਕਿ ਉਨਾਂ ਦੀ ਤੇਲ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨਾਲ ਇਸ ਹਫਤੇ ਮੀਟਿੰਗ ਕਰਨ ਦੀ ਯੋਜਨਾ ਹੈ ਜਿਸ ਵਿਚ ਉਹ ਉਨਾਂ ਕੋਲੋਂ ਪੁੱਛਣਗੇ ਕਿ ਉਹ 2022 ਦੀ ਪਹਿਲੀ ਤਿਮਾਹੀ ਦੌਰਾਨ 35 ਅਰਬ ਡਾਲਰ ਕਮਾਉਣ ਨੂੰ ਕਿਸ ਤਰਾਂ ਉਚਿੱਤ ਠਹਿਰਾਅ ਸਕਦੇ ਹਨ। ਰਾਸ਼ਟਰਪਤੀ ਨੇ ਹੋਰ ਕਿਹਾ ਕਿ ਉਹ ਸਿਹਤ ਉਪਰ ਹੁੰਦੇ ਖਰਚ ਨੂੰ ਘਟਾਉਣ ਬਾਰੇ ਵਿਚਾਰ ਕਰ ਰਹੇ ਹਨ ਤੇ ਆਸ ਹੈ ਕਿ ਇਸ ਮਾਮਲੇ ਵਿਚ ਕਾਂਗਰਸ ਉਨਾਂ ਦਾ ਸਮਰਥਨ ਕਰੇਗੀ। ਉਨਾਂ ਕਿਹਾ ਕਿ ਅਸੀਂ ਮੈਡੀਕੇਅਰ ਵਿਚ ਤਬਦੀਲੀ ਕਰਨ ਤੇ ਇੰਸੂਲਿਨ ਲਾਗਤ ਘਟ ਕਰਨ ਵਿਚ ਸਫਲ ਹੋ ਜਾਵਾਂਗੇ। ਉਨਾਂ ਕਿਹਾ ਕਿ ਇਨਾਂ ਤਜਵੀਜ਼ਾਂ ਲਈ ਪੈਸਾ ਜੁਟਾਉਣ ਵਾਸਤੇ ਉਹ ਕਾਰਪੋਰੇਸ਼ਨਜ ਉਪਰ ਟੈਕਸ ਵਧਾਉਣਾ ਚਾਹੁੰਦੇ ਹਨ ਪ੍ਰੰਤੂ ਟੈਕਸ ਪ੍ਰਣਾਲੀ ਵਿਚ ਸਮੁੱਚੇ ਤੌਰ 'ਤੇ ਸੁਧਾਰ ਲਈ ਸੈਨਟ ਅੜਿਕਾ ਖੜਾ ਸਕਦੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

## ਮਾਮਲਾ ਫ਼ੌਜ ਭਰਤੀ ਲਈ ਮੋਦੀ ਸਰਕਾਰ ਵਲੋਂ ਐਲਾਨੀ ਅਗਨੀਪਥ ਯੋਜਨਾ ਦਾ

# ਭਾਰਤ ਬੰਦ ਦਾ ਦੇਸ਼ ਦੇ ਕਈ ਹਿੱਸਿਆਂ ਵਿਚ ਵਿਆਪਕ ਅਸਰ

### ✪ ਅੰਦੋਲਨ ਹਿੰਸਕ ਹੋਇਆ ✪ ਕਾਂਗਰਸ ਵਲੋਂ ਬੰਦ ਦੇ ਸਮਰਥਨ ਵਿਚ ਧਰਨਾ ✪ ਦਿੱਲੀ ਪੁਲਿਸ ਨੇ ਪੰਜਾਬ ਤੋਂ ਆਏ 30 ਨੌਜਵਾਨ ਹਿਰਾਸਤ ਵਿਚ ਲਏ ✪ ਫ਼ੌਜ ਵਾਪਸ ਨਹੀਂ ਲਵੇਗੀ ਅਗਨੀਪਥ ਯੋਜਨਾ





**ਨਵੀਂ ਦਿੱਲੀ/ਏ.ਟੀ.ਨਿਊਜ਼ :-** ਫ਼ੌਜ ਭਰਤੀ ਲਈ ਕੇਂਦਰ ਵਲੋਂ ਐਲਾਨੀ ਅਗਨੀਪਥ ਯੋਜਨਾ ਦੇ ਵਿਰੋਧ ਵਿਚ ਬੀਤੇ ਦਿਨੀਂ ਦਿੱਤੇ ਭਾਰਤ ਬੰਦ ਦੇ ਸੱਦੇ ਦਾ ਭਾਰਤ ਦੇ ਕਈ ਹਿੱਸਿਆਂ ਵਿਚ ਵਿਆਪਕ ਪ੍ਰਭਾਵ ਵੇਖਣ ਨੂੰ ਮਿਲਿਆ। ਵਿਰੋਧ ਦਾ ਗੜ੍ਹ ਰਹੇ ਪੰਜਾਬ, ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਦਿੱਲੀ, ਹਰਿਆਣਾ ਤੇ ਮੱਧ ਪ੍ਰਦੇਸ਼ ਜਿਹੇ ਰਾਜਾਂ ਵਿਚ ਪੁਲਿਸ ਵਲੋਂ ਚੌਕਸੀ ਵਧਾ ਦਿੱਤੀ ਗਈ। ਇਸ ਦੇ ਬਾਵਜੂਦ ਕਈ ਥਾਵਾਂ 'ਤੇ ਹਿੰਸਕ ਪ੍ਰਦਰਸ਼ਨ ਜਾਰੀ ਹਨ। ਤੇਲੰਗਾਨਾ ਦੇ ਸਿਕੰਦਰਾਬਾਦ ਵਿਚ ਭੜਕੀ ਹਿੰਸਾ 'ਚ ਗੋਲੀ ਲੱਗਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਹੈ, ਜਦਕਿ 15 ਲੋਕ ਜ਼ਖ਼ਮੀ ਹੋ ਗਏ ਹਨ। ਨੌਜਵਾਨਾਂ ਦਾ ਸਭ ਤੋਂ ਵੱਧ ਤਿੱਖਾ ਪ੍ਰਦਰਸ਼ਨ ਬਿਹਾਰ ਅਤੇ ਉੱਤਰ ਪ੍ਰਦੇਸ਼ 'ਚ ਦੇਖਣ ਨੂੰ ਮਿਲ ਰਿਹਾ ਹੈ। ਬਿਹਾਰ ਵਿਚ ਪ੍ਰਦਰਸ਼ਨਕਾਰੀਆਂ ਨੇ ਉਪ ਮੁੱਖ ਮੰਤਰੀ ਅਤੇ ਭਾਜਪਾ ਨੇਤਾ ਰੇਣੂ ਦੇਵੀ ਅਤੇ ਪ੍ਰਦੇਸ਼ ਭਾਜਪਾ ਪ੍ਰਧਾਨ ਸੰਜੇ ਜੈਸਵਾਲ ਦੇ ਘਰ 'ਤੇ ਹਮਲਾ ਕਰ ਦਿੱਤਾ। ਬਿਹਾਰ ਦੇ ਸਮਸਤੀਪੁਰ ਵਿਚ ਸ਼ਰਾਰਤੀ ਅਨਸਰਾਂ ਨੇ ਜੰਮੂ ਤਵੀ-ਗੁਹਾਟੀ ਐਕਸਪ੍ਰੈੱਸ ਦੇ ਡੱਬਿਆਂ ਨੂੰ ਅੱਗ ਲਗਾ ਦਿੱਤੀ । ਇਸ ਦੇ ਨਾਲ ਹੀ ਦਰਭੰਗਾ ਤੋਂ ਦਿੱਲੀ ਜਾ ਰਹੀ ਸੰਪਰਕ ਐਕਸਪ੍ਰੈੱਸ ਨੂੰ ਅੱਗ ਲਗਾਏ ਜਾਣ ਦੀ ਖ਼ਬਰ ਹੈ । ਮੱਧ ਪ੍ਰਦੇਸ਼ ਦੇ ਇੰਦੌਰ ਵਿਚ 300 ਤੋਂ ਵੱਧ ਵਿਦਿਆਰਥੀਆਂ ਨੇ ਲਕਸ਼ਮੀ ਬਾਈ ਨਗਰ ਸਟੇਸ਼ਨ 'ਤੇ ਤੋੜ ਫੋੜ ਕੀਤੀ ਅਤੇ ਰੇਲ ਗੱਡੀਆਂ ਰੋਕ ਦਿੱਤੀਆਂ। ਹਰਿਆਣਾ ਦੇ ਕਈ ਇਲਾਕਿਆਂ ਵਿਚ ਵੀ ਪ੍ਰਦਰਸ਼ਨ ਜਾਰੀ ਰਿਹਾ । ਗੁਰੂਗ੍ਰਾਮ, ਫ਼ਰੀਦਾਬਾਦ ਤੇ ਪਲਵਲ ਸਮੇਤ ਕਈ ਜ਼ਿਲਿਆਂ ਵਿਚ ਪ੍ਰਦਰਸ਼ਨਕਾਰੀਆਂ ਨੇ ਹਿੰਸਕ ਰੁਖ਼ ਅਖ਼ਤਿਆਰ ਕਰਦੇ ਹੋਏ ਵਾਹਨਾਂ ਨਾਲ ਭੰਨਤੋੜ ਕੀਤੀ ਤੇ ਸੜਕਾਂ 'ਤੇ ਉਤਰ ਕੇ ਪਥਰਾਅ ਕੀਤਾ । ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨਕਾਰੀਆਂ ਵਲੋਂ 7 ਰੇਲ ਗੱਡੀਆਂ ਨੂੰ ਅੱਗ ਦੇ ਹਵਾਲੇ ਕੀਤਾ ਗਿਆ ਹੈ ਅਤੇ ਸਟੇਸ਼ਨਾਂ 'ਤੇ ਵੀ ਭੰਨਤੋੜ ਕੀਤੀ ਗਈ ਹੈ। ਅਲੀਗੜ੍ਹ ਦੇ ਯਤਾਰੀ ਵਿਖੇ ਪ੍ਰਦਰਸ਼ਨਕਾਰੀਆਂ ਵਲੋਂ ਇਕ ਪੁਲਿਸ ਪੋਸਟ ਨੂੰ ਅੱਗ ਦੇ ਹਵਾਲੇ ਕਰ ਦਿੱਤਾ।

ਪੱਛਮੀ ਬੰਗਾਲ ਵਿਖੇ ਠਾਕੁਰਨਗਰ, ਭਾਟਪਾੜਾ, ਹਾਵੜਾ, ਪੁਰੂਲੀਆ ਸਮੇਤ ਕਈ ਥਾਵਾਂ 'ਤੇ ਨੌਜਵਾਨਾਂ ਨੇ ਹਿੰਸਕ ਪ੍ਰਦਰਸ਼ਨ ਕੀਤਾ। ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਨਹੀਂ ਸਮਝਦੇ ਕਿ ਦੇਸ਼ ਦੇ ਲੋਕ ਕੀ ਚਾਹੁੰਦੇ ਹਨ, ਉਹ ਆਪਣੇ 'ਦੋਸਤਾਂ' ਦੀ ਆਵਾਜ਼ ਤੋਂ ਬਿਨਾਂ ਕੁਝ ਨਹੀਂ ਸੁਣ ਸਕਦੇ। ਰਾਹੁਲ ਗਾਂਧੀ ਨੇ ਜੀ.ਐਸ.ਟੀ., ਨੋਟਬੰਦੀ, ਖੇਤੀ ਕਾਨੂੰਨ ਅਤੇ ਹੁਣ ਅਗਨੀਪਥ ਵਰਗੀਆਂ ਸਕੀਮਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੂੰ ਲੋਕਾਂ ਦੀ ਭਲਾਈ ਲਈ ਲਿਆਂਦਾ ਗਿਆ ਸੀ ਪਰ ਦੇਸ਼ ਵਾਸੀਆਂ ਨੇ ਇਨ੍ਹਾਂ ਨਕਾਰ ਦਿੱਤਾ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੇ ਇਸ ਸਕੀਮ ਨੂੰ ਨੌਜਵਾਨਾਂ ਦੇ ਭਵਿੱਖ 'ਤੇ ਕੀਤਾ ਹਮਲਾ ਕਰਾਰ ਦਿੱਤਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਰਾਸ਼ਟਰ ਤੇ ਨੌਜਵਾਨਾਂ ਦੇ ਵਡੇਰੇ ਹਿਤ ਵਿਚ ਇਸ ਫ਼ੈਸਲੇ ਨੂੰ ਤੁਰੰਤ ਵਾਪਸ ਲੈਣ ਲਈ ਕਿਹਾ ਹੈ ।ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਅਗਨੀਪਥ ਯੋਜਨਾ ਦੇਸ਼ ਦੇ ਨੌਜਵਾਨਾਂ ਤੇ ਫ਼ੌਜ ਲਈ ਤਬਾਹਕੁਨ ਸਿੱਧ ਹੋਵੇਗੀ। ਦੂਜੇ ਪਾਸੇ ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੇ ਅਗਨੀਪਥ ਯੋਜਨਾ ਦੇ ਵਿਰੋਧ ਵਿਚ ਹੋ ਰਹੇ ਮੁਜ਼ਾਹਰਿਆਂ ਦੇ ਸਮਰਥਨ ਵਿਚ ਕਾਂਗਰਸ ਦੇ 'ਸਤਿਆਗ੍ਰਹਿ' ਨੂੰ 'ਸ਼ੁੱਧ ਰਾਜਨੀਤੀ' ਕਰਾਰ ਦਿੱਤਾ। ਉਨ੍ਹਾਂ ਦਾ ਟੀਚਾ ਸਰਕਾਰ ਨੂੰ ਡੇਗਣਾ ਹੈ।

### ਨੋਟੀਫਿਕੇਸ਼ਨ ਜਾਰੀ

ਅਗਨੀਪਥ ਯੋਜਨਾ ਖ਼ਿਲਾਫ਼ ਦੇਸ਼ ਭਰ ਵਿਚ ਚੱਲ ਰਹੇ ਰੋਸ ਮੁਜ਼ਾਹਰਿਆਂ ਵਿਚਾਲੇ ਭਾਰਤ ਦੀਆਂ ਤਿੰਨੋਂ ਸੈਨਾਵਾਂ ਨੇ ਇਹ ਯੋਜਨਾ ਵਾਪਸ ਲੈਣ ਦੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਹੈ। ਤਿੰਨਾਂ ਸੈਨਾਵਾਂ ਨੇ ਇਸ ਯੋਜਨਾ ਤਹਿਤ ਭਰਤੀ ਲਈ ਵਿਸਥਾਰਤ ਸ਼ਡਿਊਲ ਪੇਸ਼ ਕਰਦਿਆਂ ਫ਼ੌਜੀ ਮਾਮਲਿਆਂ ਦੇ ਵਿਭਾਗ ਦੇ ਵਧੀਕ ਸਕੱਤਰ ਲੈਫਟੀਨੈਂਟ ਜਨਰਲ ਏ ਪੁਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਥਿਆਰਬੰਦ ਦਸਤਿਆਂ ਦੇ ਉਮਰ ਸਬੰਧੀ ਪ੍ਰੋਫਾਈਲ ਨੂੰ ਘਟਾਉਣ ਲਈ ਇਹ ਯੋਜਨਾ ਲਾਗੂ ਕੀਤੀ ਜਾ ਰਹੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਇਸ ਯੋਜਨਾ ਖ਼ਿਲਾਫ਼ ਮੁਜ਼ਾਹਰਿਆਂ ਦੌਰਾਨ ਹਿੰਸਾ ਤੇ ਅੱਗਜ਼ਨੀ ਵਿਚ ਸ਼ਾਮਲ ਨੌਜਵਾਨ ਫ਼ੌਜ ਵਿਚ ਭਰਤੀ ਨਹੀਂ ਕੀਤੇ ਜਾਣਗੇ। ਅਗਨੀਪਥ ਸਕੀਮ ਬਾਰੇ ਪਹਿਲੇ ਪੜਾਅ ਦੀ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਨੋਟੀਫਿਕੇਸ਼ਨ ਮੁਤਾਬਿਕ ਅਗਨੀਵੀਰਾਂ ਦੀ ਭਰਤੀ ਲਈ 1 ਜੁਲਾਈ ਭਾਵ ਸ਼ੁੱਕਰਵਾਰ ਤੋਂ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਜਾਵੇਗੀ। ਨੋਟੀਫਿਕੇਸ਼ਨ ਮੁਤਾਬਿਕ ਅੱਠਵੀਂ ਅਤੇ ਦਸਵੀਂ ਪਾਸ ਨੌਜਵਾਨ ਵੀ ਅਪਲਾਈ ਕਰ ਸਕਦੇ ਹਨ। ਇਹ ਯੋਜਨਾ ਮੌਜੂਦਾ ਕਿਸੇ ਰੈਂਕ ਦੇ ਨਾਲ ਨਹੀਂ ਹੋਵੇਗੀ, ਸਗੋਂ ਅਗਨੀਵੀਰ ਫ਼ੌਜ ਵਿਚ ਇਕ ਵੱਖਰਾ ਰੈਂਕ ਹੋਵੇਗਾ। ਫ਼ੌਜ 'ਵਿਚ ਇਹ ਭਰਤੀ 5 ਗ੍ਰੇਡਾਂ ਲਈ ਕੀਤੀ ਜਾਵੇਗੀ, ਜਿਨ੍ਹਾਂ ਵਿਚ ਅਗਨੀਵੀਰ ਜਨਰਲ ਡਿਊਟੀ, ਅਗਨੀਵੀਰ ਕਲਰਕ, ਅਗਨੀਵੀਰ ਟੈਕਨੀਕਲ, ਅਗਨੀਵੀਰ ਟ੍ਰੇਡਸਮੈਨ (8ਵੀਂ ਪਾਸ) ਅਤੇ ਅਗਨੀਵੀਰ ਟ੍ਰੇਡਸਮੈਨ (10ਵੀਂ ਪਾਸ) ਸ਼ਾਮਿਲ ਹਨ। ਨੋਟੀਫਿਕੇਸ਼ਨ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਅਗਨੀਵੀਰ ਕਿਸੇ ਵੀ ਤਰ੍ਹਾਂ ਦੀ ਪੈਨਸ਼ਨ ਜਾਂ ਗ੍ਰੈਚੁਇਟੀ ਦੇ ਹੱਕਦਾਰ ਨਹੀਂ ਹੋਣਗੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਕੋਈ ਮਹਿੰਗਾਈ ਭੱਤਾ ਜਾਂ ਮਿਲਟਰੀ ਸਰਵਿਸ ਪੇਅ ਨਹੀਂ ਮਿਲੇਗੀ ਅਤੇ ਨਾ ਹੀ ਕੈਂਟੀਨ ਦੀ ਸਹੂਲਤ ਲੈ ਸਕਣਗੇ। ਅਗਨੀਪਥ ਸਕੀਮ ਲਈ ਤਕਰੀਬਨ 83 ਭਰਤੀ ਰੈਲੀਆਂ ਰਾਹੀਂ ਤਕਰੀਬਨ 40 ਹਜ਼ਾਰ ਭਰਤੀਆਂ ਕੀਤੀਆਂ ਜਾਣਗੀਆਂ, ਜਿਸ ਲਈ ਜੁਲਾਈ ਤੋਂ ਫ਼ੌਜ ਦੀਆਂ ਵੱਖ-ਵੱਖ ਭਰਤੀ ਯੂਨਿਟਾਂ ਆਪਣੇ ਮੁਤਾਬਿਕ ਨੋਟੀਫਿਕੇਸ਼ਨ ਜਾਰੀ ਕਰ ਨਗੀਆਂ।

### ਕੀ ਹੈ ਅਗਨੀਪੱਥ ਯੋਜਨਾ

ਕੇਂਦਰ ਸਰਕਾਰ ਨੇ ਦੇਸ਼ ਦੀਆਂ ਤਿੰਨੋਂ ਸੈਨਾਵਾਂ (ਜਲ, ਥਲ ਤੇ ਹਵਾਈ) ਵਿਚ 'ਅਗਨੀਪਥ' ਨਾਂ ਦੀ ਭਰਤੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਤਹਿਤ ਨੌਜਵਾਨਾਂ ਨੂੰ ਚਾਰ ਸਾਲਾਂ ਲਈ ਇਨ੍ਹਾਂ ਸੈਨਾਵਾਂ ਵਿਚ ਠੇਕਾ ਆਧਾਰ 'ਤੇ ਭਰਤੀ ਕੀਤਾ ਜਾਵੇਗਾ। ਇਨ੍ਹਾਂ ਜਵਾਨਾਂ ਜਿਨ੍ਹਾਂ ਨੂੰ 6 ਮਹੀਨੇ ਦੀ ਸਿਖਲਾਈ ਦਿੱਤੀ ਜਾਵੇਗੀ, ਨੂੰ 'ਅਗਨੀਵੀਰ' ਕਿਹਾ ਜਾਵੇਗਾ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਸੈਨਾਵਾਂ ਦੀ ਕਾਰਜਕੁਸ਼ਲਤਾ ਵਧੇਗੀ ਅਤੇ ਰੱਖਿਆ ਮੰਤਰਾਲੇ 'ਤੇ ਪੈਨਸ਼ਨ ਦਾ ਬੋਝ ਘਟੇਗਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਇਸ ਨਵੀਂ ਪੇਸ਼ਕਦਮੀ ਨਾਲ 'ਦੇਸ਼ ਭਗਤੀ ਦਾ ਜਜ਼ਬਾ ਰੱਖਣ ਵਾਲੇ ਤੇ ਉਤਸ਼ਾਹੀ ਨੌਜਵਾਨਾਂ' ਨੂੰ ਸੈਨਾ ਵਿਚ ਚਾਰ ਸਾਲ ਲਈ ਕੰਮ ਕਰਨ ਦਾ ਮੌਕਾ ਮਿਲੇਗਾ।

ਫ਼ੌਜੀ ਮਾਹਿਰਾਂ ਅਨੁਸਾਰ ਕਿਸੇ ਸੈਨਿਕ ਨੂੰ ਛੇ ਮਹੀਨਿਆਂ ਵਿਚ ਪੂਰੀ ਸਿਖਲਾਈ ਨਹੀਂ ਦਿੱਤੀ ਜਾ ਸਕਦੀ ਅਤੇ ਸਿਖਲਾਈ ਦੇ ਨਾਲ ਨਾਲ ਸੈਨਿਕ ਨੂੰ ਤਜਰਬੇ ਦੀ ਜ਼ਰੂਰਤ ਹੁੰਦੀ ਹੈ : ਭਰਤੀ ਹੋਇਆ ਨੌਜਵਾਨ ਪਹਿਲੇ ਚਾਰ-ਪੰਜ ਸਾਲਾਂ ਵਿਚ ਹੀ ਸੁਯੋਗ ਸੈਨਿਕ ਬਣਦਾ ਹੈ। ਹਵਾਈ ਸੈਨਾ ਅਤੇ ਜਲ ਸੈਨਾ ਦੇ ਸੈਨਿਕਾਂ ਨੂੰ ਤਕਨੀਕੀ ਮੁਹਾਰਤ ਦੀ ਜ਼ਰੂਰਤ ਹੁੰਦੀ ਹੈ ਅਤੇ ਉਨ੍ਹਾਂ ਦੀ ਸਿਖਲਾਈ 6 ਮਹੀਨਿਆਂ ਵਿਚ ਸੰਭਵ ਨਹੀਂ। ਯੋਜਨਾ ਤਹਿਤ ਚਾਰ ਸਾਲਾਂ ਬਾਅਦ ਪਾਰਦਰਸ਼ੀ ਪ੍ਰਕਿਰਿਆ ਰਾਹੀਂ 25 ਫ਼ੀਸਦੀ ਜਵਾਨਾਂ ਨੂੰ ਫ਼ੌਜ ਵਿਚ ਹੋਰ ਨੌਕਰੀ ਕਰਨ ਦਾ ਮੌਕਾ ਦਿੱਤਾ ਜਾਵੇਗਾ

ਬਾਕੀ ਸਫ਼ਾ 31 'ਤੇ

## ਕੀ ਫੌਜ ਦੀ ਭਰਤੀ ਵਿਚ ਪੰਜਾਬ ਦੇ ਜਵਾਨਾਂ ਦੇ ਰਾਹ ਬੰਦ ਹੋਣਗੇ

**ਚੰਡੀਗੜ੍ਹ :** ਕੇਂਦਰ ਸਰਕਾਰ ਦੀ 'ਅਗਨੀਪਥ' ਸਕੀਮ ਫੌਜ ਵਿਚ ਪੰਜਾਬ ਲਈ ਭਰਤੀ ਦੇ ਰਾਹ ਬੰਦ ਕਰੇਗੀ। ਭਾਰਤੀ ਫ਼ੌਜ 'ਚ ਭਰਤੀ ਦੇ ਮਾਮਲੇ ਵਿਚ ਪੰਜਾਬ ਦਾ ਵੱਡਾ ਯੋਗਦਾਨ ਰਿਹਾ ਹੈ। ਹੁਣ ਜਦੋਂ ਹਥਿਆਰਬੰਦ ਬਲਾਂ 'ਚ ਭਰਤੀ ਲਈ ਰੈਜੀਮੈਂਟਸ ਪ੍ਰਬੰਧ ਸਮਾਪਤੀ ਵੱਲ ਵਧੇਗਾ ਤਾਂ ਪੰਜਾਬ ਲਈ ਫੌਜੀ ਭਰਤੀ ਲਈ ਰਾਹ ਮੋਕਲੇ ਨਹੀਂ ਰਹਿਣਗੇ। ਭਾਰਤੀ ਫੌਜ ਦੀ ਸਿੱਖ ਰੈਜੀਮੈਂਟ, ਪੰਜਾਬ ਰੈਜੀਮੈਂਟ ਅਤੇ ਸਿੱਖ ਲਾਈਟ ਇਨਫੈਂਟਰੀ ਵਿਚ ਪੰਜਾਬ ਲਈ ਮੌਕਿਆਂ ਦੀ ਕੋਈ ਕਮੀ ਨਹੀਂ ਰਹੀ। 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਦਾ ਪੰਜਾਬ ਹਮੇਸ਼ਾ ਨਾਇਕ ਰਿਹਾ ਹੈ।

'ਅਗਨੀਪਥ' ਸਕੀਮ ਦੇ ਵਿਰੋਧ ਵਿਚ ਕਈ ਸੂਬਿਆਂ ਵਿਚ ਤਿੱਖੇ ਪ੍ਰਦਰਸ਼ਨ ਹੋਏ ਹਨ। ਪੰਜਾਬ 'ਵਿਚ 'ਅਗਨੀਪਥ' ਸਕੀਮ ਖਿਲਾਫ ਸੰਕੇਤਕ ਰੋਸ ਵੀ ਹਾਲ ਦੀ ਘੜੀ ਬਹੁਤੇ ਨਹੀਂ ਉੱਭਰੇ ਪਰ ਪੰਜਾਬ ਦੇ ਹੇਠਲੇ ਤਬਕੇ ਨੂੰ 'ਅਗਨੀਪਥ' ਸਕੀਮ ਵੱਡੀ ਸੱਟ ਮਾਰ ਸਕਦੀ ਹੈ। 'ਸਟੱਡੀ ਵੀਜ਼ੇ' ਦੇ ਰੁਝਾਨ ਨੇ ਕਿਸਾਨ ਪਰਿਵਾਰਾਂ ਵਿਚ ਫ਼ੌਜ ਵਿਚ ਭਰਤੀ ਦਾ ਉਤਸ਼ਾਹ ਘਟਾਇਆ ਹੈ। ਇਸ ਦੇ ਬਾਵਜੂਦ ਦਲਿਤ ਭਾਈਚਾਰਾ ਤਾਂ ਅੱਜ ਵੀ ਫੌਜ ਦੀ ਭਰਤੀ ਵਿਚੋਂ ਉਮੀਦਾਂ ਲੱਭਦਾ ਹੈ। ਵੇਰਵਿਆਂ ਅਨੁਸਾਰ ਭਾਰਤੀ ਫ਼ੌਜ ਵਿਚ ਅਫ਼ਸਰਾਂ ਤੋਂ ਬਿਨਾਂ ਪੰਜਾਬ ਦੇ 90,290 ਸੈਨਿਕਾਂ ਦੀ ਨਫ਼ਰੀ ਹੈ ਅਤੇ ਇਸ ਤਰ੍ਹਾਂ ਪੰਜਾਬ ਦੇਸ਼ ਭਰ ਵਿਚੋਂ ਦੂਜੇ ਨੰਬਰ 'ਤੇ ਹੈ। ਪਹਿਲੇ ਨੰਬਰ 'ਤੇ ਉੱਤਰ ਪ੍ਰਦੇਸ਼ ਦੇ 1.62 ਲੱਖ ਸੈਨਿਕ ਭਾਰਤੀ ਫ਼ੌਜ ਵਿਚ ਹਨ। ਦੂਸਰੇ ਸੂਬਿਆਂ 'ਤੇ ਨਜ਼ਰ ਮਾਰੀਏ ਤਾਂ ਹਰਿਆਣਾ ਦੇ 65,910 ਸੈਨਿਕ ਅਤੇ ਬਿਹਾਰ ਦੇ 73,400 ਸੈਨਿਕ ਭਾਰਤੀ ਫ਼ੌਜ ਵਿਚ ਹਨ। ਪੰਜਾਬ ਦੀ ਗੱਲ ਕਰੀਏ ਤਾਂ ਲੰਘੇ ਪੰਜ ਵਰ੍ਹਿਆਂ (2015-16 ਤੋਂ 2019-20) ਦੌਰਾਨ 28,306 ਸੈਨਿਕਾਂ ਦੀ ਭਰਤੀ ਹੋਈ। ਇਨ੍ਹਾਂ ਵਰ੍ਹਿਆਂ ਦੀ ਔਸਤ ਦੇਖੀਏ ਤਾਂ ਸਾਲਾਨਾ 5661 ਜਵਾਨ ਹਰ ਵਰ੍ਹੇ ਭਾਰਤੀ ਫ਼ੌਜ ਵਿਚ ਭਰਤੀ ਹੋ ਰਹੇ ਹਨ।

## ਵਾਤਾਵਰਣ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾਉਣ ਨੌਜਵਾਨ : ਗਿਆਨੀ ਹਰਪ੍ਰੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼:-** ਅੱਜ ਪਾਣੀ ਅਤੇ ਰੁੱਖ ਸੰਭਾਲਣੇ ਸਮੇਂ ਦੀ ਜ਼ਰੂਰਤ ਹੈ, ਇਸ ਜ਼ਰੂਰਤ ਨੂੰ ਗੁਰੂ ਸਾਹਿਬਾਨ ਨੇ ਆਪਣੇ ਸਮੇਂ 'ਤੇ ਪੂਰਾ ਕੀਤਾ। ਅੱਜ ਵੀ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਪਾਣੀ ਅਤੇ ਰੁੱਖਾਂ ਦੀ ਸੰਭਾਲ ਕਰੀਏ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਸੇ ਕਿਸਮ ਦੀ ਰੁਕਾਵਟ ਪੈਦਾ ਨਾ ਹੋਵੇ। ਇਸ ਗੱਲ ਦਾ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਭਾਵੇਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹਿਲਾਂ ਤੋਂ ਜੰਗਲ ਅਤੇ ਹਰਿਆਲੀ ਬਹੁਤ ਸੀ ਪਰ ਗੁਰੂ ਸਾਹਿਬਾਨ ਨੇ ਸਮੇਂ ਦੀ ਨਜ਼ਾਕਤ ਦੇਖਦਿਆਂ ਇੱਥੇ ਬਹੁਤ ਸਾਰੇ ਦਰੱਖਤ ਲਗਾਏ ਅਤੇ ਪਾਣੀ ਦੀ ਸੰਭਾਲ ਕੀਤੀ। ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਪਾਤਸ਼ਾਹ ਦੇ ਦੱਸੇ ਰਸਤੇ 'ਤੇ ਤੁਰ ਕੇ ਇਨ੍ਹਾਂ ਕੁਦਰਤੀ ਚੀਜ਼ਾਂ ਦੀ ਸੰਭਾਲ ਕਰੀਏ ਤੇ ਵਾਤਾਵਰਣ ਦੀ ਸ਼ੁੱਧਤਾ ਵਿਚ ਆਪਣਾ ਯੋਗਦਾਨ ਪਾਈਏ। ਸਿੰਘ ਸਾਹਿਬ ਨੇ ਕਿਹਾ ਕਿ ਅੱਜ ਮੁੱਖ ਲੋੜ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਸਰਕਾਰ ਰੁਜ਼ਗਾਰ ਦੇ ਵਸੀਲੇ ਪੈਦਾ ਕਰੇ। ਉਨ੍ਹਾਂ ਕਿਹਾ ਨੌਜਵਾਨਾਂ ਵਿੱਚ ਸਕਿੱਲ ਪੈਦਾ ਕਰਨੀ ਚਾਹੀਦੀ ਹੈ ਤਾਂ ਜੋ ਉਹ ਵਧੀਆ ਪਾਲਣਾ ਪੋਸ਼ਣਾ ਕਰ ਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰ ਸਕਣ।

## ਮਾਨ ਨੂੰ ਜਿਤਾਓ, ਭਾਈ ਹਵਾਰਾ ਵੱਲੋਂ ਮਾਨ ਦੀ ਹਮਾਇਤ



**ਪਟਿਆਲਾ/ਏ.ਟੀ.ਨਿਊਜ਼ :** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਦਿੱਲੀ ਦੀ ਤਿਹਾੜ ਜੇਲ 'ਚ ਬੰਦ ਭਾਈ ਜਗਤਾਰ ਸਿੰਘ ਹਵਾਰਾ ਨੇ ਸੰਗਰੂਰ ਲੋਕ ਸਭਾ ਹਲਕੇ ਦੀ 23 ਜੂਨ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵੱਲੋਂ ਲਿਖੇ ਪੱਤਰ 'ਚ ਉਨ੍ਹਾਂ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖ ਪੰਥ, ਪੰਜਾਬ ਤੇ ਪੰਜਾਬੀਅਤ ਲਈ ਘਾਲੀ ਘਾਲਣਾ ਦਾ ਹਵਾਲਾ ਦਿੱਤਾ ਹੈ। ਹਵਾਰਾ ਨੇ ਕਿਹਾ ਕਿ ਪੰਥ ਅਤੇ ਕੌਮ ਖਾਤਰ ਮਾਨ ਨੇ ਪੰਜਾਬ ਪੁਲੀਸ ਵਿਚਲਾ ਉੱਚ ਅਹੁਦਾ ਵੀ ਤਿਆਗ ਦਿੱਤਾ ਸੀ। ਫਿਰ ਕਈ ਸਾਲ ਜੇਲ ਦੀਆਂ ਕਾਲ ਕੋਠੜੀਆਂ 'ਚ ਵੀ ਰਹੇ। ਉਹ ਕਈ ਵਰ੍ਹਿਆਂ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਜੱਦੋ-ਜਹਿਦ ਕਰਦੇ ਆ ਰਹੇ ਹਨ। ਹਵਾਰਾ ਨੇ ਕਿਹਾ ਕਿ 'ਸਰਬੱਤ ਖਾਲਸਾ' ਵੱਲੋਂ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦਾ 'ਜਥੇਦਾਰ ਥਾਪਿਆ ਹੋਣ ਕਰਕੇ' ਉਹ ਆਪਣਾ ਫਰਜ਼ ਸਮਝਦਿਆਂ ਸੰਗਤ ਨੂੰ ਅਪੀਲ ਕਰਦੇ ਹਨ ਕਿ ਉਹ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰਨ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਅ ਕੇ ਲੋਕ ਸਭਾ ਵਿਚ ਭੇਜਿਆ ਜਾਵੇ।

## ਦਰੋਪਦੀ ਮੁਰਮੂ ਬਣੀ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ



**ਰਾਂਚੀ/ਏ.ਟੀ.ਨਿਊਜ਼ :-** ਦਰੋਪਦੀ ਮੁਰਮੂ, ਉਨ੍ਹਾਂ ਦਿੱਗਜ ਔਰਤ ਸ਼ਖ਼ਸੀਅਤਾਂ ਵਿੱਚੋਂ ਇਕ ਹੈ। ਜਿਨ੍ਹਾਂ ਨੂੰ ਕਬਾਇਲੀ ਹਿੱਤਾਂ ਦੀ ਚੈਂਪੀਅਨ ਕਿਹਾ ਜਾਂਦਾ ਹੈ, ਨੂੰ ਸਭ ਤੋਂ ਲੰਬੇ ਸਮੇਂ ਲਈ ਝਾਰਖੰਡ ਦੀ ਰਾਜਪਾਲ ਰਹਿਣ ਦਾ ਮਾਣ ਪ੍ਰਾਪਤ ਹੈ। ਝਾਰਖੰਡ ਵਿੱਚ ਦਰੋਪਦੀ ਮੁਰਮੂ ਦਾ ਛੇ ਸਾਲਾਂ ਤੋਂ ਵੱਧ ਦਾ ਕਾਰਜਕਾਲ ਵਿਵਾਦਾਂ ਤੋਂ ਪਰੇ ਸੀ। ਦਰੋਪਦੀ ਮੁਰਮੂ ਝਾਰਖੰਡ ਦੀ ਇਕਲੌਤੀ ਰਾਜਪਾਲ ਸੀ, ਜਿਸ ਨੇ ਪੰਜ ਸਾਲ ਦਾ ਕਾਰਜਕਾਲ ਪੂਰਾ ਕੀਤਾ। ਹਾਲਾਂਕਿ, ਉਹ ਆਪਣਾ ਪੰਜ ਸਾਲ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਵੀ ਰਾਜਪਾਲ ਦਾ ਅਹੁਦਾ ਸੰਭਾਲਦੀ ਰਹੀ। ਉਸਦਾ ਕਾਰਜਕਾਲ 17 ਮਈ 2021 ਤਕ ਹੈ।

ਦਰੋਪਦੀ ਮੁਰਮੂ ਉੜੀਸਾ ਸੂਬੇ ਦੀ ਹੈ। ਉਨ੍ਹਾਂ ਦਾ ਜਨਮ 20 ਜੂਨ 1958 ਨੂੰ ਹੋਇਆ ਸੀ। ਉਸਦੇ ਪਿਤਾ ਦਾ ਨਾਮ ਬਿਰਾਂਚੀ ਨਰਾਇਣ ਟੁਡੂ ਅਤੇ ਪਤੀ ਦਾ ਨਾਮ ਸ਼ਿਆਮ ਚਰਮ ਮੁਰਮੂ ਹੈ। ਦਰੋਪਦੀ ਮੁਰਮੂ ਉੜੀਸਾ ਦੇ ਸੰਥਾਲ ਪਰਿਵਾਰ ਤੋਂ ਆਉਂਦੀ ਹੈ। ਉਹ ਮਯੂਰਭੰਜ ਜ਼ਿਲੇ ਦੇ ਕੁਸੁਮੀ ਬਲਾਕ ਦੇ ਉਪਰਬੇਦਾ ਪਿੰਡ ਵਿੱਚ ਇਕ ਆਦਿਵਾਸੀ ਪਰਿਵਾਰ ਵਿੱਚ ਪਲੀ ਸੀ। ਦਰੋਪਦੀ ਮੁਰਮੂ ਨੇ 1997 ਵਿੱਚ ਆਪਣਾ ਸਿਆਸੀ ਕਰੀਅਰ ਸ਼ੁਰੂ ਕੀਤਾ ਸੀ। ਦਰੋਪਦੀ ਮੁਰਮੂ ਪਹਿਲੀ ਵਾਰ ਉੜੀਸਾ ਦੇ ਰਾਜਰੰਗਪੁਰ ਜ਼ਿਲੇ ਵਿੱਚ ਕੌਂਸਲਰ ਚੁਣੀ ਗਈ ਹੈ। ਇਸ ਤੋਂ ਬਾਅਦ ਉਹ ਭਾਜਪਾ ਦੀ ਓਡੀਸ਼ਾ ਇਕਾਈ ਦੇ ਅਨੁਸੂਚਿਤ ਜਨਜਾਤੀ ਮੋਰਚਾ ਦੀ ਉਪ ਪ੍ਰਧਾਨ ਬਣ ਗਈ।

ਦਰੋਪਦੀ ਮੁਰਮੂ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਇਕ ਅਧਿਆਪਕਾ ਸੀ। ਉਸਨੇ ਸ੍ਰੀ ਅਰਬਿੰਦੋ ਇੰਟੈਗਰਲ ਐਜੂਕੇਸ਼ਨ ਐਂਡ ਰਿਸਰਚ, ਰਾਇਰੰਗਪੁਰ ਵਿਖੇ ਆਨਰੇਰੀ ਸਹਾਇਕ ਅਧਿਆਪਕ ਵਜੋਂ ਸੇਵਾ ਨਿਭਾਈ। ਉਸਨੇ ਕੁਝ ਦਿਨ ਸਿੰਚਾਈ ਵਿਭਾਗ ਵਿੱਚ ਜੂਨੀਅਰ ਸਹਾਇਕ ਵਜੋਂ ਵੀ ਕੰਮ ਕੀਤਾ ਹੈ। ਦਰੋਪਦੀ ਮੁਰਮੂ ਸਾਲ 2002 ਤੋਂ 2009 ਤਕ ਮਯੂਰਭੰਜ, ਓਡੀਸ਼ਾ ਦੀ ਭਾਜਪਾ ਜ਼ਿਲਾ ਪ੍ਰਧਾਨ ਵੀ ਰਹਿ ਚੁੱਕੀ ਹੈ।

ਦਰੋਪਦੀ ਮੁਰਮੂ ਭਾਜਪਾ ਦੀ ਟਿਕਟ 'ਤੇ ਓਡੀਸ਼ਾ ਤੋਂ ਦੋ ਵਾਰ ਵਿਧਾਇਕ ਚੁਣੀ ਗਈ ਸੀ। ਉਹ ਬੀਜੂ ਜਨਤਾ ਦਲ ਅਤੇ ਭਾਜਪਾ ਦੇ ਗਠਜੋੜ ਵਿੱਚ ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਸਰਕਾਰ ਵਿੱਚ ਕੈਬਨਿਟ ਮੰਤਰੀ ਵੀ ਰਹਿ ਚੁੱਕੀ ਹੈ। ਦਰੋਪਦੀ ਮੁਰਮੂ ਨੂੰ ਓਡੀਸ਼ਾ ਵਿਧਾਨ ਸਭਾ ਦੁਆਰਾ ਸਰਵੋਤਮ ਵਿਧਾਇਕ ਲਈ ਨੀਲਕੰਠ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਦਰੋਪਦੀ ਮੁਰਮੂ ਝਾਰਖੰਡ ਦੀ ਪਹਿਲੀ ਮਹਿਲਾ ਰਾਜਪਾਲ ਸੀ। ਦਰੋਪਦੀ ਮੁਰਮੂ ਨੇ ਆਪਣੇ ਪਤੀ ਅਤੇ ਦੋ ਪੁੱਤਰਾਂ ਨੂੰ ਗੁਆਉਣ ਤੋਂ ਬਾਅਦ ਜ਼ਿੰਦਗੀ ਦੀ ਹਰ ਰੁਕਾਵਟ ਦਾ ਮੁਕਾਬਲਾ ਕੀਤਾ।। ਦਰੋਪਦੀ ਮੁਰਮੂ ਨੂੰ ਆਦਿਵਾਸੀਆਂ ਦੇ ਉਥਾਨ ਲਈ 20 ਸਾਲਾਂ ਤੋਂ ਵੱਧ ਕੰਮ ਕਰਨ ਦਾ ਤਜਰਬਾ ਹੈ। ਉਸ ਨੂੰ ਇਸ ਸਮੇਂ ਭਾਜਪਾ ਲਈ ਸਭ ਤੋਂ ਵੱਡਾ ਕਬਾਇਲੀ ਚਿਹਰਾ ਕਿਹਾ ਜਾਂਦਾ ਹੈ।

# ਕੋਟਲਾ ਨਿਹੰਗ ਵਿਚ ਪਠਾਣ ਨਿਹੰਗ ਖਾਂ ਦਾ ਕਿਲ੍ਹਾ ਬਣਿਆ ਖੰਡਰ

## 96 ਕਰੋੜੀ ਮੁਖੀ ਬੁੱਢਾ ਦਲ ਇਸ ਅਸਥਾਨ ਦੀ ਕਾਰ ਸੇਵਾ ਜੁਲਾਈ ਤੋਂ ਕਰਨਗੇ ਸ਼ੁਰੂ

**ਰੂਪਨਗਰ/ਏ.ਟੀ.ਨਿਊਜ਼** :- ਪਿੰਡ ਕੋਟਲਾ ਨਿਹੰਗ ਖਾਂ ਸਥਿਤ ਪਠਾਣ ਨਿਹੰਗ ਖਾਨ ਦਾ ਕਿਲਾ ਸੰਭਾਲ ਖੁਣੋਂ ਢਹਿ ਚੁੱਕਾ ਹੈ। ਕਿਲੇ ਵਿੱਚੋਂ ਸਿਰਫ ਨਿਹੰਗ ਖਾਂ ਦੀ ਪੁੱਤਰੀ ਬੀਬੀ ਮੁਮਤਾਜ਼ ਦਾ ਉਹ ਕਮਰਾ ਹੀ ਬਾਕੀ ਬਚਿਆ ਹੈ, ਜਿਸ ਵਿਚ ਮੁਗਲ ਫੌਜਾਂ ਦੀ ਛਾਪੇਮਾਰੀ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਸੈਨਾਪਤੀ ਭਾਈ ਬਚਿੱਤਰ ਸਿੰਘ ਜ਼ਖ਼ਮੀ ਹਾਲਤ ’ਚ ਇਲਾਜ ਕਰਵਾ ਰਹੇ ਸਨ। ਸਿੱਖ ਇਤਿਹਾਸ ਅਨੁਸਾਰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਮਗਰੋਂ ਪਿੰਡ ਮਲਿਕਪੁਰ ਰੰਗੜਾਂ ’ਚ ਸਿੱਖਾਂ ਤੇ ਮੁਗਲ ਫੌਜਾਂ ਵਿਚ ਹੋਈ ਲੜਾਈ ਦੌਰਾਨ ਗੰਭੀਰ ਜ਼ਖ਼ਮੀ ਹੋਏ ਭਾਈ ਬਚਿੱਤਰ ਸਿੰਘ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਤੇ ਹੋਰ ਸਿੰਘ ਪਿੰਡ ਕੋਟਲਾ ਵਿਚ ਪਠਾਣ ਨਿਹੰਗ ਖਾਨ ਦੇ ਘਰ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਆਏ ਸੀ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਦੀ ਗੰਭੀਰ ਹਾਲਤ ਵੇਖਦਿਆਂ ਆਪਣੇ ਪਲੰਘ ’ਤੇ ਲਿਟਾਇਆ ਤੇ ਨਿਹੰਗ ਖਾਂ ਨੂੰ ਉਨਾਂ ਦਾ ਇਲਾਜ ਕਰਾਉਣ ਦੀ ਹਦਾਇਤ ਦੇ ਕੇ ਬਾਕੀ ਦੇ ਸਿੰਘਾਂ ਸਣੇ ਚਮਕੌਰ ਸਾਹਿਬ ਵੱਲ ਨਿਕਲ ਗਏ। ਇਸੇ ਦੌਰਾਨ ਕਿਸੇ ਮੁਖਬਰ ਦੀ ਸੂਚਨਾ ’ਤੇ ਰੂਪਨਗਰ ਚੌਕੀ ਦੇ ਮੁਖੀ ਜਾਫਰ ਅਲੀ ਖਾਨ ਨੇ ਪਠਾਣ ਨਿਹੰਗ ਖਾਨ ਦੇ ਕਿਲੇ ’ਤੇ ਛਾਪਾ ਮਾਰ ਕੇ ਸਾਰੇ ਕਮਰਿਆਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਜਦੋਂ ਉਹ ਭਾਈ ਬਚਿੱਤਰ ਸਿੰਘ ਵਾਲੇ ਕਮਰੇ ਕੋਲ ਪੁੱਜੇ ਤਾਂ ਨਿਹੰਗ ਖਾਨ ਨੇ ਕਿਹਾ ਕਿ ਇਸ ਕਮਰੇ ’ਚ ਮੇਰੀ ਬੇਟੀ ਤੇ ਦਾਮਾਦ ਆਰਾਮ ਕਰ ਰਹੇ ਹਨ। ਜਾਫਰ ਅਲੀ ਖਾਨ ਬੀਬੀ ਮੁਮਤਾਜ਼ ਤੋਂ ਉਸ ਦੇ ਪਿਤਾ ਵੱਲੋਂ ਆਖੀ ਗੱਲ ਦੀ ਪੁਸ਼ਟੀ ਕਰਦਿਆਂ ਮੁਆਫੀ ਮੰਗ ਕੇ ਸਿਪਾਹੀਆਂ ਸਣੇ ਉੱਥੋਂ ਵਾਪਸ ਚਲਾ ਗਿਆ। ਥੋੜਾ ਸਮਾਂ ਬਾਅਦ ਭਾਈ ਬਚਿੱਤਰ ਸਿੰਘ ਦੀ ਮੌਤ ਹੋ ਗਈ। ਇਸ ਅਸਥਾਨ ਦੀ ਸੇਵਾ ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਵਾਲੇ ਕਰਵਾ ਰਹੇ ਹਨ ਤੇ ਇੱਥੇ ਗੁਰੂਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਉਸਾਰੀ ਜਾ ਚੁੱਕੀ ਹੈ, ਪਰ ਕੋਟਲਾ ਨਿਹੰਗ ਸਥਿਤ ਬੀਬੀ ਮੁਮਤਾਜ਼ ਦੇ ਜਨਮ ਸਥਾਨ ਵਾਲੇ ਕਿਲੇ ’ਤੇ ਕੁਝ ਵਿਅਕਤੀਆਂ ਨੇ ਕਬਜ਼ਾ ਕੀਤਾ ਹੋਇਆ ਸੀ, ਜਿਨਾਂ ਨੇ ਕਿਲੇ ਵਿਚੋਂ ਕਾਫੀ ਜਗਾ ਵੇਚ ਦਿੱਤੀ ਹੈ ਤੇ ਕਿਲੇ ਨੂੰ ਢਾਹ ਕੇ ਕਮਰੇ ਉਸਾਰ ਲਏ।

ਥੋੜਾ ਸਮਾਂ ਪਹਿਲਾਂ ਕਿਰਤੀ ਕਿਸਾਨ ਮੋਰਚਾ ਰੂਪਨਗਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਭਿਣਕ ਲੱਗੀ ਕਿ ਇਹ ਜਗਾ ਲਾਲ ਲਕੀਰ ਵਿਚ ਹੈ, ਜਿਸ ਮਗਰੋਂ ਜਥੇਬੰਦੀਆਂ ਨੇ ਕਿਲੇ ਨੂੰ ਆਜ਼ਾਦ ਕਰਵਾਉਣ ਲਈ ਸੰਘਰਸ਼ ਸ਼ੁਰੂ ਕੀਤਾ। ਕਾਬਜ਼ ਧਿਰ ਨੇ ਨਿਹੰਗ ਜਥੇਬੰਦੀ ਬੁੱਢਾ ਦਲ ਨੂੰ ਕਿਲੇ ਦਾ ਕਬਜ਼ਾ ਦੇ ਦਿੱਤਾ। ਹੁਣ 96 ਕਰੋੜੀ ਮੁਖੀ ਬੁੱਢਾ ਦਲ ਵੱਲੋਂ ਇਸ ਅਸਥਾਨ ਦੀ ਕਾਰ ਸੇਵਾ ਜੁਲਾਈ ਤੋਂ ਸ਼ੁਰੂ ਕੀਤੀ ਜਾ ਰਹੀ ਹੈ।

### ਇਤਿਹਾਸਕ ਪਿੰਡ ਕੋਟਲਾ ਨਿਹੰਗ ਦੀ ਮਹਾਨਤਾ

ਰੋਪੜ ਤੋਂ ਕਰੀਬ ਦੋ ਕਿਲੋਮੀਟਰ ਦੂਰ ਪੈਂਦਾ ਇਤਿਹਾਸਕ ਅਤੇ ਪੁਰਾਤਨ ਪਿੰਡ ਕੋਟਲਾ ਨਿਹੰਗ ਰੋਪੜ ਜ਼ਿਲੇ ਦਾ ਮਸ਼ਹੂਰ ਪਿੰਡ ਹੈ। ਨਿਹੰਗ ਖਾਂ ਪਠਾਣ ਦੇ ਨਾਮ ਉਪਰ ਵੱਸੇ ਇਸ ਪਿੰਡ ਦੀ ਧਰਤੀ ’ਤੇ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਚਾਰ ਵਾਰ ਆ ਕੇ ਪਿੰਡ ਨੂੰ ਭਾਗ ਲਾਏ। ਪਿੰਡ ਵਿੱਚ



ਇਤਿਹਾਸਕ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਸੁਸ਼ੋਭਿਤ ਹੈ। ਗੁਰੂ ਗੋਬਿੰਦ ਸਿੰਘ ਪਹਿਲੀ ਵਾਰ 1688 ਈਸਵੀ ਨੂੰ ਭੰਗਾਣੀ ਦੀ ਜੰਗ ਜਿੱਤਣ ਤੋਂ ਬਾਅਦ ਅਨੰਦਪੁਰ ਸਾਹਿਬ ਵਾਪਸ ਜਾਂਦੇ ਸਮੇਂ ਕੋਟਲਾ ਨਿਹੰਗ ਵਿੱਚ ਭੱਠੇ ਵਾਲੇ ਇਸ ਸਥਾਨ ’ਤੇ ਰੁਕੇ। ਉਨਾਂ ਆਪਣੇ ਨੀਲੇ ਘੋੜੇ ਦੇ ਪੌੜਾਂ ਨਾਲ ਦਹਿਕਦੇ ਭੱਠੇ ਨੂੰ ਠੰਢਾ ਕੀਤਾ ਸੀ। ਹਰ ਸਾਲ ਦਸੰਬਰ ਵਿੱਚ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਜੋੜ ਮੇਲਾ ਭਰਦਾ ਹੈ। ਇਥੇ ਗੁਰਦੁਆਰਾ ਸ਼ਹੀਦ ਭਾਈ ਬਚਿੱਤਰ ਸਿੰਘ, ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ, ਗੁਰਦੁਆਰਾ ਭਗਤ ਰਵਿਦਾਸ ਸੁਸ਼ੋਭਿਤ ਹੈ। ਪਿੰਡ ਵਿੱਚ ਪੁਰਾਤਨ ਕਿਲਾ ਨਿਹੰਗ ਖਾਂ ਹੈ। ਇਹ ਪਿੰਡ ਦੀ ਇਤਿਹਾਸਕ ਨਿਸ਼ਾਨੀ ਹੈ। ਇਸ ਕਿਲੇ ਦਾ ਮਾਲਕ ਨਿਹੰਗ ਖਾਂ ਪਠਾਣ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਸੀ। ਦਸਮੇਸ਼ ਗੁਰੂ ਗੋਬਿੰਦ ਸਿੰਘ ਨੇ ਦੋ ਵਾਰ ਇਸ ਕਿਲੇ ਵਿੱਚ ਚਰਨ ਪਾਏ। 1947 ਨੂੰ ਦੇਸ਼ ਦਾ ਬਟਵਾਰਾ ਹੋਣ ਕਰਕੇ ਨਿਹੰਗ ਖਾਂ ਦਾ ਪਰਿਵਾਰ ਇਹ ਕਿਲਾ ਛੱਡ ਕੇ ਪਾਕਿਸਤਾਨ ਚਲਾ ਗਿਆ ਸੀ। ਬਾਅਦ ਵਿੱਚ ਇਸ ਕਿਲੇ ਦੀ ਅਲਾਟਮੈਂਟ ਬਚਿੱਤਰ ਸਿੰਘ ਦੇ ਨਾਮ ਉਪਰ ਹੋਈ ਸੀ। ਬਚਿੱਤਰ ਸਿੰਘ ਦੇ ਸਵਰਗਵਾਸੀ ਹੋਣ ਤੋਂ ਬਾਅਦ ਹੁਣ ਉਨਾਂ ਦਾ ਪਰਿਵਾਰ ਅਮਰੀਕਾ ਵਿੱਚ ਵੱਸਿਆ ਹੋਇਆ ਹੈ। ਇਸ ਕਿਲੇ ਦੀ ਸੰਭਾਲ ਨਾ ਹੋਣ ਕਰਕੇ ਇਤਿਹਾਸਕ ਕਿਲਾ ਆਪਣੀ ਹੋਂਦ ਗਵਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਦਾ ਸੈਨਾਪਤੀ ਭਾਈ ਬਚਿੱਤਰ ਸਿੰਘ, ਜੋ ਕਿ ਪਿੰਡ ਮਲਕਪੁਰ ਦੇ ਕੋਲ ਰੰਘੜਾਂ ਨਾਲ ਹੋਈ ਜੰਗ ਵਿੱਚ ਜ਼ਖਮੀ ਹੋ ਗਿਆ ਸੀ, ਉਨਾਂ ਨੂੰ ਜ਼ਖਮੀ ਹਾਲਤ ਵਿੱਚ ਪਿੰਡ ਦੇ ਇਤਿਹਾਸਕ ਕਿਲੇ ਵਿੱਚ ਲਿਆਇਆ ਗਿਆ ਸੀ ਤੇ ਬਚਿੱਤਰ ਸਿੰਘ ਨੇ ਇਸ ਕਿਲੇ ਵਿੱਚ ਅੰਤਿਮ ਸਾਹ ਲਿਆ ਸੀ। ਇਸ ਕਿਲੇ ਵਿੱਚ ਹੀ ਬਚਿੱਤਰ ਸਿੰਘ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ । ਨਿਹੰਗ ਖਾਂ ਪਠਾਣ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਸਾਹਿਬ, ਕਟਾਰ ਤੇ ਗੈਂਡੇ ਦੀ ਢਾਲ ਸੌਂਪੀ ਗਈ ਸੀ ਜੋ ਪਿੰਡ ਦੀ ਇਤਿਹਾਸਕ ਨਿਸ਼ਾਨੀ ਹਨ।

# ਗੁਰਦੁਆਰਾ ਛੋਟਾ ਦਮਦਮਾ ਸਾਹਿਬ ਦੀ ਖ਼ੁਦਾਈ ਦੌਰਾਨ 125 ਸੋਨੇ ਤੇ ਚਾਂਦੀ ਦੇ ਸਿੱਕੇ ਮਿਲੇ

**ਜਗਰਾਉਂ (ਲੁਧਿਆਣਾ)/ਏ.ਟੀ.ਨਿਊਜ਼** :- ਪਿੰਡ ਲੰਮਾ ਤਹਿਸੀਲ ਜਗਰਾਉਂ ਦੇ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਦੇ ਨਵ-ਨਿਰਮਾਣ ਦੀ ਖ਼ੁਦਾਈ ਦੌਰਾਨ ਸੋਨੇ ਤੇ ਚਾਂਦੀ ਦੇ ਸਿੱਕੇ ਮਿਲੇ ਹਨ। ਇਨਾਂ ਨੂੰ ਪੁਰਾਤਨ ਵਿਰਸੇ ਵਜੋਂ ਗੁਰਦੁਆਰਾ ਸਾਹਿਬ ਵਿਚ ਸਜਾ ਕੇ ਰੱਖਿਆ ਗਿਆ ਸੀ। ਇਹ ਜਾਣਕਾਰੀ ਪਿੰਡ ਲੰਮਾ ਦੇ ਸਰਪੰਚ ਸਰਦਾਰ ਅਮਨਦੀਪ ਸਿੰਘ ਨੇ ਦਿੱਤੀ। ਉਨਾਂ ਕਿਹਾ ਕਿ ਸਿੱਕਿਆਂ ਨੂੰ ਦੇਖ ਕੇ ਇਹ ਨਹੀਂ ਦੱਸਿਆ ਜਾ ਸਕਦਾ ਕਿ ਇਹ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਹਨ ਜਾਂ ਕਿਸ ਕਾਲ ਦੇ ਹਨ। ਉਨਾਂ ਦੱਸਿਆ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿੰਡ ਦੇ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਵਿਖੇ 21 ਦਿਨ ਬਿਤਾਏ ਸਨ।

10ਵੇਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਸਾਹਿਬ ਵਿਚ ਆਰਾਮ ਕਰਦੇ ਸਨ। ਇਸੇ ਪਿੰਡ ਦੇ ਗੁਰਦੁਆਰਾ ਪੰਜੂਆਣਾ ਸਾਹਿਬ ਵਿਚ ਦੀਵਾਨ ਸਜਾਉਂਦੇ ਹਨ। ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੂਰੇਮਾਹੀ ਨੂੰ ਸਰਹਿੰਦ ਭੇਜ ਕੇ ਆਪਣੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਸੂਚਨਾ ਮੰਗਵਾਈ ਸੀ।





ਨੂਰੇਮਾਹੀ ਨੇ ਗੁਰੂ ਜੀ ਨੂੰ ਦੱਸਿਆ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਮੁ.ਗਲਾਂ ਵੱਲੋਂ ਚਿਣਵਾ ਕੇ ਸ਼ਹੀਦ ਕਰ ਦਿੱਤਾ ਹੈ ਤੇ ਮਾਤਾ ਗੁੱਜਰ ਕੌਰ ਇਸੇ ਸਦਮੇ ਵਿਚ ਸ਼ਹੀਦ ਹੋਏ ਸਨ। ਉਦੋਂ ਉੱਥੇ ਗੁਰੂਸਰ ਪੰਜੂਆਣਾ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ ਦੀ ਨੋਕ ਨਾਲ ਕਾਹੀ ਦੇ ਪੌਦੇ ਦੀ ਜੜ ਉਖਾੜਦੇ ਹੋਏ ਇਹ ਵਚਨ ਕੀਤਾ ਸੀ ਕਿ ਹੁਣ ਮੁ.ਗਲਾਂ ਦੇ ਜ਼ੁਲਮ ਰਾਜ ਦੀ ਜੜ ਪੁੱਟੀ ਜਾਵੇਗੀ।

**ਸ਼੍ਰੋਮਣੀ ਕਮੇਟੀ ਅਧੀਨ ਆਉਂਦਾ ਹੈ ਗੁਰਦੁਆਰਾ**

ਪਿੰਡ ਲੰਮਾ ਦੇ ਸਰਪੰਚ ਅਮਨਦੀਪ ਸਿੰਘ ਨੇ ਦੱਸਿਆ ਕਿ ਇਹ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਆਉਂਦਾ ਹੈ ਅਤੇ ਜਦੋਂ ਗੁਰਦੁਆਰਾ ਸਾਹਿਬ ਦੀ ਖ਼ੁਦਾਈ ਦੌਰਾਨ ਇਹ ਸਿੱਕੇ ਮਿਲੇ ਤਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਆ ਗਏ।

# ਆਈਏਐਸ ਅਧਿਕਾਰੀ ਸੰਜੇ ਪੋਪਲੀ ਭ੍ਰਿਸ਼ਟਾਚਾਰ ਕੇਸ ਵਿਚ ਗ੍ਰਿ.ਫਤਾਰ

**ਚੰਡੀਗੜ੍ਹ/ਏ.ਟੀ.ਨਿਊਜ਼** :- ਵਿਜੀਲੈਂਸ ਬਿਊਰੋ ਵੱਲੋਂ ਗ੍ਰਿ.ਫ਼ਤਾਰ ਕੀਤੇ ਗਏ 2008 ਬੈਚ ਦੇ ਆਈਏਐਸ ਅਧਿਕਾਰੀ ਸੰਜੇ ਪੋਪਲੀ ਇਸ ਤੋਂ ਪਹਿਲਾਂ ਵੀ ਵਿਵਾਦਾਂ ਵਿਚ ਰਹਿ ਚੁੱਕੇ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਉਹ ਉਨਾਂ ਚਾਰ ਪੀਸੀਐੱਸ ਅ.ਫਸਰਾਂ ਵਿਚੋਂ ਇਕ ਸਨ ਜਿਨਾਂ ਨੂੰ ਸਰਕਾਰ ਨੇ ਜਬਰੀ ਸੇਵਾ-ਮੁਕਤ ਕਰਨ ਦੀ ਤਿਆਰੀ ਕਰ ਲਈ ਸੀ ਪਰ ਸੂਤਰ ਦੱਸਦੇ ਹਨ ਕਿ ਇਕ ਸੀਨੀਅਰ ਭਾਜਪਾ ਮੰਤਰੀ ਦੇ ਕਹਿਣ ’ਤੇ ਪਹਿਲਾਂ ਉਨਾਂ ਨੂੰ ਛੇ ਮਹੀਨੇ ਦਿੱਤੇ ਗਏ ਤਾਂ ਕਿ ਉਹ ਆਪਣੇ ਕੰਮ-ਕਾਜ ਵਿਚ ਸੁਧਾਰ ਕਰ ਲੈਣ।

ਸੰਜੇ ਪੋਪਲੀ, ਪਹਿਲੇ ਅਜਿਹੇ ਆਈਏਐੱਸ ਅ.ਫਸਰ ਹਨ ਜਿਨਾਂ ਖ਼ਿਲਾ.ਫ ਕਾਰਵਾਈ ਹੋਈ ਹੈ। ਹਾਲਾਂਕਿ ਇਸ ਤੋਂ ਪਹਿਲਾਂ ਭਗਵੰਤ ਮਾਨ ਸਰਕਾਰ ਨੇ ਸਾਬਕਾ ਅਤੇ ਮੌਜੂਦਾ ਮੰਤਰੀਆਂ ਨੂੰ ਵੀ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਗ੍ਰਿ.ਫਤਾਰ ਕੀਤਾ ਹੈ।

ਇਹੀ ਨਹੀਂ, ਸਿੱਖਿਆ ਵਿਭਾਗ ਵਿਚ ਰਹਿੰਦਿਆਂ ਪੋਪਲੀ ਨੇ ਇਕ ਬਰਖ਼ਾਸਤ ਕਰਮਚਾਰੀ ਨੂੰ ਬਹਾਲ ਕਰ ਦਿੱਤਾ ਸੀ ਹਾਲਾਂਕਿ ਅਜਿਹਾ ਕਰਨ ਦੇ ਉਹ ਕਾਬਲ ਨਹੀਂ ਸਨ।




ਵਿਭਾਗ ਨੇ ਉਨਾਂ ਨੂੰ ਚਾਰਜਸ਼ੀਟ ਜਾਰੀ ਕਰ ਦਿੱਤੀ ਸੀ। ਇਹੀ ਚਾਰਜਸ਼ੀਟ ਉਨਾਂ ਦੇ ਪੀਸੀਐੱਸ ਤੋਂ ਆਈਏਐੱਸ ਅ.ਫਸਰ ਬਣਨ ਵਿਚ ਸਭ ਤੋਂ ਵੱਡਾ ਅੜਿੱਕਾ ਬਣੀ ਸੀ। ਇਸ ਲਈ ਪੋਪਲੀ ਨੇ ਸਾਰੀ ਤਾਕਤ ਲਗਾ ਦਿੱਤੀ ਕਿ ਉਹ ਇਹ ਚਾਰਜਸ਼ੀਟ ਕਿਸੇ ਨਾ ਕਿਸੇ ਤਰਾਂ ਰੱਦ ਹੋ ਜਾਵੇ ਅਤੇ ਅਜਿਹਾ ਹੀ ਹੋਇਆ।

ਇਕ ਸੀਨੀਅਰ ਸਾਬਕਾ ਅਧਿਕਾਰੀ ਟੀਆਰ ਸਾਰੰਗਲ ਨੇ ਆਪਣੇ ਇੰਟਰਨੈੱਟ ਮੀਡੀਆ ’ਤੇ ਪੋਪਲੀ ਖ਼ਿਲਾ.ਫ ਤਿੱਖੀ ਟਿੱਪਣੀ ਕਰਦਿਆਂ ਲਿਖਿਆ ਕਿ ਪੋਪਲੀ ਖ਼ਿਲਾ.ਫ ਤਾਂ ਬਹੁਤ ਪਹਿਲਾਂ ਅਜਿਹੀ ਕਾਰਵਾਈ ਕੀਤੀ ਜਾਣੀ ਚਾਹੀਦੀ ਸੀ। ਉਨਾਂ ਲਿਖਿਆ ਕਿ ਜਦੋਂ ਉਹ ਡਾਇਰੈਕਟਰ ਇੰਡਸਟਰੀਜ਼ ਸਨ, ਤਦ ਪੋਪਲੀ ਉਨਾਂ ਦੇ ਅਧੀਨ ਹੀ ਕੰਮ ਕਰਦੇ ਸਨ। ਉਹ ਕਿਸੇ ਵੀ ਜੌਬ ਦੇ ਯੋਗ ਨਹੀਂ ਹਨ। ਉਹ ਹੈਰਾਨ ਹਨ ਕਿ ਉਹ ਆਈਏਐੱਸ ਕਿਵੇਂ ਬਣ ਗਏ। ਪੋਪਲੀ ਦੇ ਗ੍ਰਿ.ਫਤਾਰ ਹੋਣ ਨਾਲ ਆਈਏਐੱਸ ਲਾਬੀ ’ਚ ਤਰਥੱਲੀ ਮਚੀ ਹੋਈ ਹੈ। ਪਿਛਲੀ ਸਰਕਾਰ ਦੌਰਾਨ ਜਿੰਨੇ ਵੀ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਆਈਏਐੱਸ ਅ.ਫਸਰਾਂ ਦਾ ਨਾਂ ਆਇਆ ਹੈ, ਸਰਕਾਰ ਜਲਦ ਹੀ ਉਨਾਂ ਦੀ ਫਾਈਲ ਖੁਲਵਾਉਣ ਜਾ ਰਹੀ ਹੈ। ਅਜਿਹੇ ਵਿਚ ਪੋਪਲੀ ਦੇ ਮਾਮਲੇ ਨੂੰ ਲੈ ਕੇ ਜ਼ਿਆਦਾਤਰ ਆਈਏਐੱਸ ਅ.ਫਸਰਾਂ ਨੇ ਅਜਿਹੀ ਚੁੱਪੀ ਸਾਧੀ ਹੈ ਕਿ ਉਹ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਹਨ।

# ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਦਾ ਦਲ ਖਾਲਸਾ ਵੱਲੋਂ ਵਿਰੋਧ

**ਅੰਮ੍ਰਿਤਸਰ/ਏ.ਟੀ.ਨਿਊਜ਼** :- ਸਿੱਖ ਜਥੇਬੰਦੀ ਦਲ ਖਾਲਸਾ ਨੇ ਆਪਣੀ ਜਥੇਬੰਦਕ ਮੀਟਿੰਗ ਦੌਰਾਨ ਆਖਿਆ ਕਿ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ’ਤੇ ਕਬਜ਼ਾ ਕਰਨ ਤੋਂ ਰੋਕਿਆ ਜਾਵੇਗਾ। ਜਥੇਬਦੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਪਹਿਲਾਂ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਦੇ ਪਾਣੀਆਂ ਨੂੰ ਲੁੱਟਿਆ, ਰਾਜਧਾਨੀ ਦੇ ਹੱਕ ਉਤੇ ਡਾਕਾ ਮਾਰਿਆ ਅਤੇ ਹੁਣ ਪੰਜਾਬ ਯੂਨੀਵਰਸਿਟੀ ਨੂੰ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਜੂਨ ’84 ਤੋਂ ਬਾਅਦ ਪੰਜਾਬ ਅਤੇ ਦਿੱਲੀ ਦੇ ਰਿਸ਼ਤਿਆਂ ਵਿੱਚ ਪਹਿਲਾਂ ਹੀ ਦਰਾਰ ਪੈ ਚੁੱਕੀ ਹੈ। ਕੇਂਦਰ ਦੇ ਇਸ ਨਵੇਂ ਹੱਲੇ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ। ਉਨਾਂ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਅਦਾਲਤੀ ਅਮਲ ਰਾਹੀਂ ਆਪਣੇ ਕੰਟਰੋਲ ਹੇਠ ਲੈਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਦਲ ਖਾਲਸਾ ਨੇ ਪੀਯੂ ਚੰਡੀਗੜ ਦੇ ਵਿਦਿਆਰਥੀਆਂ ਨਾਲ ਇੱਕਜੁੱਟਤਾ ਦਾ ਇਜ਼ਹਾਰ ਕਰਦਿਆਂ ਕੇਂਦਰ ਵਿਰੁੱਧ ਸਾਂਝਾ ਸੰਘਰਸ਼ ਕਰਨ ਦਾ ਸੱਦਾ ਦਿੱਤਾ ਹੈ। ਯੂਥ ਵਿੰਗ ਦੇ ਆਗੂ ਗੁਰਨਾਮ ਸਿੰਘ ਮੂਨਕਾ ਨੇ ਮੋਦੀ ਸਰਕਾਰ ਨੂੰ ਫਾਸ਼ੀਵਾਦੀ ਦੱਸਦਿਆਂ ਕਿਹਾ ਕਿ ਯੂਨੀਵਰਸਿਟੀ ਦੇ ਕੇਂਦਰੀਕਰਨ ਦਾ ਅਮਲ ਪੂਰੇ ਜ਼ੋਰਾਂ ’ਤੇ ਚੱਲ ਰਿਹਾ ਹੈ ਜਿਸ ਤਹਿਤ ਭਾਜਪਾ ਦਾ ਏਜੰਡਾ ਕੇਂਦਰ ਨੂੰ ਮਜ਼ਬੂਤ ਅਤੇ ਸਟੇਟਾਂ ਨੂੰ ਕਮਜ਼ੋਰ ਕਰਨਾ ਹੈ। ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਦੀ ਪੰਜਾਬ ਪ੍ਰਤੀ ਨੀਅਤ ਖੋਟੀ ਅਤੇ ਨੀਤੀ ਖ਼ਤਰਨਾਕ ਹੈ ਜਿਸ ਤਹਿਤ ਪੰਜਾਬ ਦੀ ਰਾਜਧਾਨੀ ਚੰਡੀਗੜ ਨੂੰ ਖੋਹਣ ਲਈ ਕੇਂਦਰ ਉਸ ਦੇ ਪ੍ਰਸ਼ਾਸਨਿਕ ਢਾਂਚੇ ’ਤੇ ਆਪਣੀ ਪਕੜ ਨੂੰ ਮਜ਼ਬੂਤ ਕਰ ਚੁੱਕਾ ਹੈ।

# ਸੌਦਾ ਸਾਧ ਨੂੰ ਮਿਲੀ ਇਕ ਮਹੀਨੇ ਦੀ ਪੈਰੋਲ

## ✪ ਡੇਰਾ ਮੁਖੀ ਨੂੰ ਪੈਰੋਲ ਦੇਣ ਦੀ ਥਾਂ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ : ਕਾਲਕਾ ✪ ਸੰਗਰੂਰ ਚੋਣ ਦਾ ਰਾਜਸੀ ਲਾਹਾ ਲੈਣ ਲਈ ਦਿੱਤੀ ਗਈ ਪੈਰੋਲ : ਧਾਮੀ

ਚੰਡੀਗੜ : ਜਬਰ ਜਨਾਹ ਦੇ ਮਾਮਲੇ ’ਚ ਰੋਹਤਕ ਦੀ ਸੁਨਾਰੀਆ ਜੇਲ ਵਿਚ ਬੰਦ ਡੇਰਾ ਸੌਦਾ ਮੁਖੀ ਰਾਮ ਰਹੀਮ ਨੂੰ ਬੀਤੇ ਦਿਨੀਂ ਇਕ ਮਹੀਨੇ ਦੀ ਪੈਰੋਲ ’ਤੇ ਰਿਹਾਅ ਕਰ ਦਿੱਤਾ ਗਿਆ ਹੈ । ਇਸ ਸੰਬੰਧੀ ਹਰਿਆਣਾ ਦੇ ਜੇਲ ਮੰਤਰੀ ਰਣਜੀਤ ਚੌਟਾਲਾ ਨੇ ਦੱਸਿਆ ਕਿ ਰੋਹਤਕ ਦੇ ਡਵੀਜ਼ਨਲ ਕਮਿਸ਼ਨਰ ਵਲੋਂ ਸੰਬੰਧਿਤ ਅਧਿਕਾਰੀਆਂ ਦੀ ਸਿਫ਼ਾਰਸ਼ ’ਤੇ ਰਾਮ ਰਹੀਮ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਡੇਰਾ ਮੁਖੀ ਸਿਰਸਾ ਸਥਿਤ ਆਪਣੇ ਆਸ਼ਰਮ ਵਿਚ 2 ਔਰਤਾਂ ਨਾਲ ਜਬਰ ਜਨਾਹ ਕਰਨ ਦੇ ਦੋਸ਼ ’ਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਪੈਰੋਲ ’ਤੇ ਰਿਹਾਅ ਕਰਨ ਦੀ ਥਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰੇ।

ਡੇਰਾ ਸਿਰਸਾ ਮੁਖੀ ਨੂੰ ਪੈਰੋਲ ਦੇਣ ’ਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਹੈ ਕਿ ਸੰਗਰੂਰ ਜ਼ਿਮਨੀ ਚੋਣ ਦਾ ਰਾਜਸੀ ਲਾਹਾ ਲੈਣ ਲਈ ਇਹ ਪੈਰੋਲ ਦਿੱਤੀ ਗਈ ਹੈ, ਜੋ ਸਰਾਸਰ ਗ਼ਲਤ ਹੈ ਤੇ ਰਾਮ ਰਹੀਮ ਨੂੰ ਸਰਕਾਰਾਂ ਵਲੋਂ ਦਿੱਤੀ ਜਾਂਦੀ ਸਰਪ੍ਰਸਤੀ ਨੂੰ ਸਿੱਖ ਭਾਵਨਾਵਾਂ ਕਦੇ ਵੀ ਬਰਦਾਸ਼ਤ ਨਹੀਂ ਕਰਨਗੀਆਂ। ਇਸ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫ਼ੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਉਨਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਰਾਜਸੀ ਲਾਹਾ ਲੈਣ ਦੇ ਮੰਤਵ ਨਾਲ ਪਹਿਲਾਂ ਵੀ ਚੋਣਾਂ ਸਮੇਂ ਫਰਲੋ ਦੇ ਚੁੱਕੀ ਹੈ ਤੇ ਹੁਣ ਫਿਰ ਉਸ ਨੇ ਸੰਗਰੂਰ ਉਪ-ਚੋਣ ਦਾ ਲਾਹਾ ਲੈਣ ਲਈ ਉਸ ਨੂੰ ਪੈਰੋਲ ਦਿੱਤੀ ਹੈ ।

# ਮਾਰੂਥਲ ਬਣ ਰਿਹਾ ਪੰਜਾਬ

## 14 ਲੱਖ ਟਿਊਬਵੈੱਲ ਅਗਲੇ ਕੁਝ ਸਾਲਾਂ ਵਿਚ 300 ਫੁੱਟ ਤੱਕ ਪਾਣੀ ਮੁਕਾ ਦੇਣਗੇ

ਪੰਜਾਬ ਦੇ ਘਟਦੇ ਜ਼ਮੀਨਦੋਜ਼ ਪਾਣੀ ਬਾਰੇ ਖੇਤੀਬਾੜੀ ਮਾਹਰ, ਸਰਕਾਰ ਅਤੇ ਵਾਤਾਵਰਨ ਪ੍ਰੇਮੀ ਲਗਾਤਾਰ ਚਿੰਤਾ ਪ੍ਰਗਟ ਕਰਦੇ ਰਹੇ ਹਨ। ਪਰ ਇਸ ਦੇ ਬਾਵਜੂਦ ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਪੰਜਾਬ ਵਿਚ ਝੋਨੇ ਦੀ ਖੇਤੀ ਵੱਡੇ ਪੱਧਰ ’ਤੇ ਹੋ ਰਹੀ ਹੈ। ਪੰਜਾਬ ਵਿਧਾਨ ਸਭਾ ਦੀ ਸਾਲ 2021-22 ਦੀ ਰਿਪੋਰਟ ਦੇ ਮੁਤਾਬਕ ਜੇਕਰ ਜ਼ਮੀਨ ਵਿਚੋਂ ਪਾਣੀ ਇਸੇ ਤਰੀਕੇ ਨਾਲ ਨਿਕਲਦਾ ਰਿਹਾ ਤਾਂ ਸੂਬੇ ਵਿਚ ਜ਼ਮੀਨਦੋਜ਼ ਪਾਣੀ ਦਾ ਸੰਕਟ ਖੜਾ ਹੋ ਜਾਵੇਗਾ।

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਵਿੱਚ ਮੁਤਾਬਕ ਪੰਜਾਬ ਦਾ ਜ਼ਮੀਨਦੋਜ਼ ਪਾਣੀ 86 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਥੱਲੇ ਜਾ ਰਿਹਾ ਹੈ।ਆਉਣ ਵਾਲੇ 15-20 ਸਾਲਾਂ ਵਿੱਚ ਪੰਜਾਬ ਦਾ ਪਾਣੀ ਖਤਮ ਹੋ ਜਾਵੇਗਾ। ਮਾਲਵਾ ਖਿੱਤੇ ਦੀ ਸਥਿਤੀ ਇਸ ਵਿਚ ਸਭ ਤੋਂ ਗੰਭੀਰ ਹੈ। ਪੰਜਾਬ ਦੇ ਜ਼ਮੀਨੀ ਪਾਣੀ ’ਤੇ ਪੰਜਾਬ ਵਿਧਾਨ ਸਭਾ ਵਲੋਂ ਵੀ ਇੱਕ ਰਿਪੋਰਟ ਤਿਆਰ ਕਰਵਾਈ ਗਈ। ਇਹ ਰਿਪੋਰਟ 2021 ਦੇ ਵਿੱਚ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਸੀ।ਇਸ ਰਿਪੋਰਟ ਵਿਚ ਕਾਫ਼ੀ ਚਿੰਤਾ ਤੇ ਹੈਰਾਨੀਜਨਕ ਤੱਥ ਉੱਭਰ ਕੇ ਸਾਹਮਣੇ ਆਏ ਹਨ।ਸੈਂਟਰਲ ਗਰਾਂਊਡ ਵਾਟਰ ਬੋਰਡ ਨੇ ਸਮੁੱਚੇ ਪੰਜਾਬ ਨੂੰ 150 ਬਲਾਕਾਂ ਵਿਚ ਵੰਡਿਆ ਹੋਇਆ ਹੈ।ਇਸ ਅਦਾਰੇ ਦੀ ਰਿਪੋਰਟ ਮੁਤਾਬਕ ਸਾਲ 2000 ਵਿੱਚ ਸੂਬੇ ਦੇ 150 ਵਿਕਾਸ ਬਲਾਕਾਂ ਵਿਚੋਂ 80 ਡਾਰਕ ਬਲਾਕ ਸਨ, ਜੋ ਕਿ 2017 ਵਿੱਚ ਵੱਧ ਕੇ 109 ਹੋ ਗਏ। 2020 ਦੇ ਤਾਜ਼ਾ ਅੰਕੜਿਆ ਮੁਤਾਬਕ ਇਹਨਾਂ ਡਾਰਕ ਬਲਾਕਾਂ ਦੀ ਗਿਣਤੀ 117 ਹੋ ਗਈ ਹੈ।ਜਾਣਕਾਰ ਆਖਦੇ ਹਨ ਕਿ ਜ਼ਮੀਨੀ ਪਾਣੀ ਅਸੀਮਤ ਹੈ ਪਰ ਇਹ ਰੀਚਾਰਜ ਨਾਲ ਜੁੜਿਆ ਹੋਇਆ ਹੈ। ਜੇਕਰ ਜ਼ਮੀਨ ਵਿਚੋਂ ਪਾਣੀ ਕੱਢਦੇ ਰਹੇ, ਉਸ ਵਿਚ ਦੁਬਾਰਾ ਨਾ ਰੀਚਾਰਜ ਕੀਤਾ ਜਾਵੇ ਤਾਂ ਹਾਲਾਤ ਵਿਗੜ ਜਾਂਦੇ ਹਨ।ਵਿਧਾਨ ਸਭਾ ਦੀ ਰਿਪੋਰਟ ਦੇ ਮੁਤਾਬਕ ਸੰਗਰੂਰ ਜ਼ਿਲੇ ਵਿੱਚ 301 ਫੀਸਦੀ ਦੀ ਦਰ ਨਾਲ ਪਾਣੀ ਕੱਢਿਆ ਗਿਆ ਹੈ।ਇਸ ਤੋਂ ਇਲਾਵਾ ਮੋਗਾ ਵਿਚ 250%, ਜਲੰਧਰ ਵਿਚ 257% ਅਤੇ ਪਟਿਆਲਾ ਵਿੱਚ 226% ਦੀ ਦਰ ਨਾਲ ਜ਼ਮੀਨਦੋਜ਼ ਪਾਣੀ ਕੱਢਿਆ ਜਾ ਰਿਹਾ ਹੈ।

ਮਾਹਿਰਾਂ ਮੁਤਾਬਕ ਇਸ ਵੇਲੇ ਜ਼ਮੀਨਦੋਜ਼ ਪਾਣੀ 86 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਥੱਲੇ ਜਾ ਰਿਹਾ ਹੈ।ਜੇਕਰ ਇਹ ਰਫ਼ਤਾਰ ਇਸੇ ਤਰੀਕੇ ਨਾਲ ਜਾਰੀ ਰਹੀ ਤਾਂ ਆਉਣ ਵਾਲੇ 15-20 ਸਾਲਾਂ ਵਿੱਚ ਸੂਬੇ ਕੋਲ ਧਰਤੀ ਹੇਠਲਾ ਪਾਣੀ ਨਹੀਂ ਬਚੇਗਾ।

**ਦਰਪਣ ਝੂਠ ਨਹੀਂ ਬੋਲਦਾ**

ਪੰਜਾਬ ਵਿੱਚ ਜ਼ਿਆਦਾਤਰ ਸਿੰਚਾਈ ਟਿਊਬਲਾਂ ਦੇ ਪਾਣੀ ਰਾਹੀਂ ਕੀਤੀ ਜਾਂਦੀ ਹੈ।ਪੰਜਾਬ ਬਿਜਲੀ ਬੋਰਡ ਦੇ ਅੰਕੜਿਆ ਮੁਤਾਬਕ 1960 ਵਿੱਚ ਸੂਬੇ ਵਿਚ ਇਕ ਲੱਖ ਟਿਊਬਵੈੱਲ ਸਨ ਅਤੇ 2020 ਤੱਕ ਇਹ ਗਿਣਤੀ ਵੱਧ ਕੇ ਕਰੀਬ 14 ਲੱਖ ਹੋ ਗਈ।ਪਾਣੀ ਦੇ ਤੇਜ਼ੀ ਨਾਲ ਘਟਦੇ ਪੱਧਰ ਕਾਰਨ ਪੈਦਾ ਹੋ ਰਹੀ ਸਥਿਤੀ ਦੀ ਗੰਭੀਰਤਾ ਉਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਜ਼ਮੀਨਦੋਜ਼ ਪਾਣੀ ਲਈ ਸੂਬੇ ਦੇ ਲਗਪਗ ਸਾਰੇ ਬਲਾਕ ‘ਡਾਰਕ ਜ਼ੋਨ’ ਵਿੱਚ ਹਨ।ਭਗਵੰਤ ਮਾਨ ਨੇ ਕਿਹਾ ਕਿ ਇਸ ਲਾਪ੍ਰਵਾਹੀ ਵਾਲੇ ਰੁਝਾਨ ਨੂੰ ਫੌਰੀ ਰੋਕਣ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ



ਪਾਣੀ ਲਈ ਤਰਸਣ ਲਈ ਮਜਬੂਰ ਨਾ ਹੋਣ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਆਪਣੇ ਵੱਲੋਂ ਪੂਰੀਆਂ ਕੋਸ਼ਿਸ਼ਾਂ ਕਰ ਰਹੀ ਹੈ ਕਿ ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਘਟਾਇਆ ਜਾਵੇ, ਅਤੇ ਧਰਤੀ ਉਪਰਲੇ ਪਾਣੀ ਦੀ ਸੁਚੱਜੀ ਵਰਤੋਂ ਯਕੀਨੀ ਬਣਾਈ ਜਾਵੇ।ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦਾ ਧਿਆਨ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਤੋਂ ਹਟਾਉਣ ਲਈ ਮੂੰਗੀ ਉਤੇ ਘੱਟੋ-ਘੱਟ ਸਮਰਥਨ ਮੁੱਲ ਦੇਣ ਦੀ ਇਕ ਹੋਰ ਪਹਿਲਕਦਮੀ ਕੀਤੀ ਹੈ ਤਾਂ ਕਿ ਫਸਲੀ ਵਿਭਿੰਨਤਾ ਰਾਹੀਂ ਪਾਣੀ ਦੀ ਬੱਚਤ ਹੋਵੇ।

ਪੰਜਾਬ ਖੇਤੀਬਾੜੀ ਵਿਭਾਗ ਦੇ ਸਾਬਕਾ ਸਕੱਤਰ ਅਤੇ ਸੇਵਾ ਮੁਕਤ ਆਈਏਐਸ ਅਧਿਕਾਰੀ ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਜ਼ਮੀਨਦੋਜ਼ ਪਾਣੀ ਦਾ ਸੰਕਟ ਬਹੁਤ ਗੰਭੀਰ ਅਤੇ ਇਸ ਦਾ ਇਕ ਵੱਡਾ ਕਾਰਨ ਝੋਨਾ ਹੈ।ਉਨਾਂ ਨੇ ਕਿਹਾ ਕਿ ਕਿਸਾਨ ਝੋਨਾ ਇਸ ਕਰਕੇ ਪੈਦਾ ਕਰਦਾ ਹੈ ਕਿਉਂਕਿ ਇਸ ਉਤੇ ਐੱਮਐੱਸਪੀ ਮਿਲਦੀ ਹੈ।ਉਨਾਂ ਸਪਸ਼ਟ ਕੀਤਾ ਕਿ ਝੋਨਾ ਲਾਉਣ ਦੀ ਤਕਨੀਕ ਵਿਚ ਬਦਲਾਅ ਕਰਨਾ ਜ਼ਰੂਰੀ ਹੈ।

ਕਾਹਨ ਸਿੰਘ ਪੰਨੂ ਮੁਤਾਬਕ ਕਿਸਾਨਾਂ ਨੂੰ ਝੋਨੇ ਤੋਂ ਹਟਾਉਣ ਦੇ ਲਈ ਉਸ ਨੂੰ ਦੂਜੀਆਂ ਫਸਲਾਂ ਉਤੇ ਐੱਮਐੱਸਪੀ ਦੇਣੀ ਹੋਵੇਗੀ, ਜਿਵੇਂ ਇਸ ਵਾਰ ਪੰਜਾਬ ਸਰਕਾਰ ਨੇ ਮੂੰਗੀ ਦੀ ਫ਼ਸਲ ਉਤੇ ਦਿੱਤੀ ਹੈ।

### ਦਰਬਾਰ ਸਾਹਿਬ ਕੰਪਲੈਕਸ ਵਿੱਚ ਇੱਟਾਂ ’ਤੇ ‘ਰਾਮ’ ਉਕਰੇ ਹੋਣ ਤੋਂ ਸਿੱਖ ਨਾਰਾਜ਼

ਸ੍ਰੀ ਦਰਬਾਰ ਸਾਹਿਬ ਦੇ ਬਾਹਰ ਕੰਪਲੈਕਸ ਵਿੱਚ ‘ਰਾਮ’ ਛਾਪੇ ਵਾਲੀਆਂ ਇੱਟਾਂ ਲੱਗੀਆਂ ਹੋਣ ਦਾ ਵਿਵਾਦ ਭੱਖਦਾ ਨਜ਼ਰ ਆ ਰਿਹਾ ਹੈ। ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਕੰਪਲੈਕਸ ਵਿਚ ਕਾਰ ਸੇਵਾ ਦੌਰਾਨ ਇਕ ਠੇਕੇਦਾਰ ਤੋਂ ਕੁਝ ਇੱਟਾਂ ਮੰਗਵਾਈਆਂ ਗਈਆਂ ਸਨ, ਜਿਨਾਂ ’ਤੇ ਰਾਮ ਉਕਰਿਆ ਹੋਇਆ ਸੀ। ਇਹ ਮਾਮਲਾ ਪ੍ਰਬੰਧਕਾਂ ਦੇ ਧਿਆਨ ਵਿਚ ਆਉਣ ’ਤੇ ਇੱਟਾਂ ਠੇਕੇਦਾਰ ਨੂੰ ਵਾਪਸ ਮੋੜ ਦਿੱਤੀਆਂ ਗਈਆਂ ਸਨ। ਉਨਾਂ ਕਿਹਾ ਕਿ ਸਿੱਖ ਸਦਭਾਵਨਾ ਦਲ ਨਾਮ ਦੀ ਜਥੇਬੰਦੀ ਵੱਲੋਂ ਸੰਗਤ ਵਿੱਚ ਲਗਾਤਾਰ ਗੁੰਮਰਾਹਕੁਨ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਜਿਹਾ ਕਾਰਜ ਨਹੀਂ ਕਰਦੀ ਜਿਸ ਨਾਲ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੇ। ਦੂਜੇ ਪਾਸੇ ਸਦਭਾਵਨਾ ਦਲ ਦੇ ਆਗੂ ਇਕਬਾਲ ਸਿੰਘ ਨੇ ਆਖਿਆ ਕਿ ਫਿਲਹਾਲ ਜਥੇਬੰਦੀ ਦੀ ਤਸੱਲੀ ਨਹੀਂ ਹੋਈ ਹੈ। ਸੋਸ਼ਲ ਮੀਡੀਆ ਉਪਰ ਇਹ ਖਬਰ ਫੈਲਣ ਕਾਰਣ ਸਿਖ ਤਿਖਾ ਪ੍ਰਤੀਕਰਮ ਕਰ ਰਹੇ ਹਨ।ਸ਼੍ਰੋਮਣੀ ਕਮੇਟੀ ਦੀ ਵੀ ਆਲੋਚਨਾ ਕਰ ਰਹੇ ਹਨ।

### ਸੱਤ ਲੱਖ ਭਾਰਤੀ ਕੈਨੇਡਾ ਦੇ ਵੀਜ਼ਾ ਦਾ ਕਰ ਰਹੇ ਨੇ ਇੰਤਜ਼ਾਰ

ਕੋਵਿਡ ਮਹਾਂਮਾਰੀ ਤੋਂ ਬਾਅਦ ਕੈਨੇਡਾ ਦੇ ਵੀਜ਼ਾ ਲਈ 24 ਲੱਖ ਲੋਕ ਇੰਤਜ਼ਾਰ ਕਰ ਰਹੇ ਹਨ ਅਤੇ ਇਨਾਂ ਵਿੱਚੋਂ 7 ਲੱਖ ਭਾਰਤੀ ਹਨ। ਇਨਾਂ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਵੀਜ਼ਾ ਸ਼ਾਮਲ ਹਨ। ਇਹ ਅੰਕੜੇ ਕੈਨੇਡਾ ਦੇ ਸੀਆਈਸੀ ਨਿਊਜ਼ ਵੱਲੋਂ ਜਨਤਕ ਕੀਤੇ ਗਏ ਹਨ।ਖ਼ਬਰ ਮੁਤਾਬਕ ਦੁਨੀਆ ਭਰ ਵਿੱਚ ਫੈਲੀ ਮਹਾਂਮਾਰੀ ਤੋਂ ਬਾਅਦ ਲਗਾਤਾਰ ਵੀਜ਼ਾ ਲਈ ਇੰਤਜ਼ਾਰ ਕਰਨ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ।ਖ਼ਬਰ ਮੁਤਾਬਕ ਕੈਨੇਡਾ ਸਰਕਾਰ ਇਨਾਂ ਹਾਲਤਾਂ ਨਾਲ ਨਜਿੱਠਣ ਲਈ 8.5 ਕਰੋੜ ਡਾਲਰ ਖਰਚਣ ਦੀ ਤਿਆਰੀ ਕਰ ਰਹੀ ਹੈ ਤਾਂ ਜੋ ਇਸ ਕੰਮ ਨੂੰ ਛੇਤੀ ਕਰਨ ਲਈ ਹੋਰ ਸਟਾਫ਼ ਨੂੰ ਕੰਮ ’ਤੇ ਰੱਖਿਆ ਜਾ ਸਕੇ।ਇਮੀਗ੍ਰੇਸ਼ਨ ਰਫਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੀ ਇੱਕ ਟੀਮ ਵੀ ਛੇਤੀ ਹੀ ਭਾਰਤ ਆ ਸਕਦੀ ਹੈ।

# ਅਮਰੀਕਾ ਵਿਚ ਗੰਨ ਦੀ ਸ਼ੌਕੀਨ ਔਰਤਾਂ ਵੀ ਪਿਛਲੇ ਸਾਲ ਵਿਕੇ 4 ਕਰੋੜ ਹਥਿਆਰ

ਅਮਰੀਕਾ ਵਿੱਚ ਗੋਲੀਬਾਰੀ ਦੀਆਂ ਵੱਧ ਰਹੀਆਂ ਘਟਨਾਵਾਂ ਲਈ ਗੰਨ ਕਲਚਰ ਨੂੰ ਵੱਡਾ ਕਾਰਕ ਮੰਨਿਆ ਜਾ ਰਿਹਾ ਹੈ। ਬੰਦੂਕ ਕੰਪਨੀਆਂ ਨੇ ਪਿਛਲੇ ਵੀਹ ਸਾਲਾਂ ਵਿੱਚ ਆਪਣੇ ਬਾਜ਼ਾਰਾਂ ਦੀ ਧਿਆਨ ਨਾਲ ਜਾਂਚ ਕੀਤੀ ਹੈ। ਉਹਨਾਂ ਦਾ ਸੰਦੇਸ਼ ਨਿੱਜੀ ਸੁਰੱਖਿਆ ਲਈ ਹੈਂਡਗਨ ਵਰਗੇ ਹਥਿਆਰ ਅਤੇ ਨੌਜਵਾਨਾਂ ਨੂੰ ਫ਼ੌਜ ਜਿਹੇ ਹਥਿਆਰ ਵੇਚਣ ’ਤੇ ਕੇਂਦਰਿਤ ਹੈ। ਸਵੈ-ਰੱਖਿਆ, ਸਵੈ-ਮਾਣ, ਮਰਦਾਨਗੀ ਅਤੇ ਡਰ ਦੀਆਂ ਭਾਵਨਾਵਾਂ ਦੇ ਸੁਨੇਹੇ ਪੈਦਾ ਕਰਕੇ ਬੰਦੂਕਾਂ ਨੂੰ ਵੇਚਣਾ ਬੇਹੱਦ ਸਫਲ ਰਿਹਾ ਹੈ। ਸਾਲ 2000 ਵਿੱਚ ਦੇਸ਼ ਵਿੱਚ 85 ਲੱਖ ਹਥਿਆਰਾਂ ਦੀ ਵਿਕਰੀ ਹੋਈ ਸੀ।ਪਿਛਲੇ ਸਾਲ ਇਹ ਗਿਣਤੀ 3 ਕਰੋੜ 89 ਲੱਖ ਸੀ। ਸਭ ਤੋਂ ਵੱਧ ਬੰਦੂਕਾਂ ਖਰੀਦਣ ਦੀ ਦੌੜ ਵਿੱਚ ਔਰਤਾਂ ਸਭ ਤੋਂ ਅੱਗੇ ਹਨ। ਬੰਦੂਕ ਬਣਾਉਣ ਵਾਲਿਆਂ, ਵਕੀਲਾਂ ਅਤੇ ਜਨਤਕ ਨੁਮਾਇੰਦਿਆਂ ਨੇ ਅਮਰੀਕੀਆਂ ਦੇ ਵੱਡੇ ਹਿੱਸੇ ਨੂੰ ਯਕੀਨ ਦਿਵਾਇਆ ਹੈ ਕਿ ਉਨਾਂ ਕੋਲ ਬੰਦੂਕ ਹੋਣੀ ਚਾਹੀਦੀ ਹੈ।

2020 ਵਿਚ ਇੱਕ ਨਸਲੀ ਵਿਤਕਰੇ ਵਿਰੋਧੀ ਵਿਰੋਧ ਪ੍ਰਦਰਸ਼ਨ ਦੌਰਾਨ ਰਿਟੇਨਹਾਊਸ ਨੇ ਦੋ ਲੋਕਾਂ ਦਾ ਕਤਲ ਕਰ ਦਿੱਤਾ ਸੀ। ਉਸ ਨੂੰ ਪਿਛਲੇ ਸਾਲ ਨਵੰਬਰ ਵਿਚ ਅਦਾਲਤ ਨੇ ਬਰੀ ਕਰ ਦਿੱਤਾ ਸੀ। ਕੁਝ ਘੰਟਿਆਂ ਬਾਅਦ ਫਲੋਰੀਡਾ ਦੇ ਇੱਕ ਬੰਦੂਕ ਡੀਲਰ ਨੇ ‘ਪੁਰਸ਼ਾਂ ਵਿੱਚ ਅਸਲ ਮਰਦ ਬਣੋ’ ਦੇ ਨਾਅਰੇ ਨਾਲ ਇੱਕ ਅਸਾਲਟ ਰਾਈਫਲ ਵਾਲੇ ਆਦਮੀ ਦੀ ਤਸਵੀਰ ਨੂੰ ਅੱਗੇ ਵਧਾਇਆ।

ਪਿਛਲੇ ਮਹੀਨੇ ਹਿਊਸਟਨ ਵਿੱਚ ਨੈਸ਼ਨਲ ਰਾਈਫਲ ਐਸੋਸੀਏਸ਼ਨ ਦੇ ਸੰਮੇਲਨ ਵਿੱਚ ਇੱਕ ਬੰਦੂਕ ਨਿਰਮਾਤਾ ਨੇ ਏ ਆਰ-15-



ਸ਼ੈਲੀ ਦੀਆਂ ਬੰਦੂਕਾਂ ਪੇਸ਼ ਕੀਤੀਆਂ, ਜਿਨਾਂ ਨੂੰ ਬੀ ਆਰ ਓ-ਟਾਇਰੈਂਟ ਅਤੇ ਬੀਆਰਓ ਪ੍ਰੀਡੇਟਰ ਕਿਹਾ ਜਾਂਦਾ ਹੈ। ਦਰਜਨਾਂ ਹੋਰ ਨਿਰਮਾਤਾਵਾਂ ਅਤੇ ਡੀਲਰਾਂ ਨੇ ਇਸੇ ਤਰਾਂ ਦਾ ਪ੍ਰਚਾਰ ਕੀਤਾ। ਵਾਰ-ਵਾਰ ਸਮੂਹਿਕ ਗੋਲੀਬਾਰੀ ਦੀਆਂ ਘਟਨਾਵਾਂ ਨੇ ਇੰਡਸਟਰੀ ਅਤੇ ਇਸਦੇ ਸਹਿਯੋਗੀਆਂ ਲਈ ਮੌਕੇ ਪੈਦਾ ਕੀਤੇ ਹਨ। 2012 ਵਿੱਚ ਸੈਂਡੀਹੁਕ ਸਕੂਲ ਕਤਲੇਆਮ ਤੋਂ ਬਾਅਦ ਬੰਦੂਕਾਂ ਦੀ ਵਿਕਰੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।

ਗੰਨ ਇੰਡਸਟਰੀ ਨੇ 2016 ਤੋਂ ਆਪਣੇ ਖਰੀਦਦਾਰਾਂ ਦਾ ਰਿਕਾਰਡ ਬਣਾਇਆ ਹੈ। ਪਿਛਲੇ ਸਾਲ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਆਮ ਤੌਰ ’ਤੇ ਬੰਦੂਕਾਂ ਰੱਖਣ ਵਾਲੇ ਜ਼ਿਆਦਾਤਰ ਲੋਕ 40 ਸਾਲ ਤੋਂ ਵੱਧ ਉਮਰ ਦੇ ਗੋਰੇ ਸਨ। ਉਨਾਂ ਦੀ ਤਰਜੀਹ ਹੈਂਡਗੰਨ ਸੀਗੰਨ ਇੰਡਸਟਰੀ ਐਸੋਸੀਏਸ਼ਨ ਦੀ ਰਿਪੋਰਟ ਵਿੱਚ ਡਰੇ ਹੋਏ ਗਾਹਕਾਂ ਤੱਕ ਪਹੁੰਚ ਕਰਨ ਦੀ ਉਦਾਹਰਣ ਦਿੱਤੀ ਗਈ ਹੈ। ਇੱਕ ਤਸਵੀਰ ਵਿੱਚ ਸ਼ਹਿਰ ਦੇ ਇੱਕ ਸੁੰਨਸਾਨ ਖੇਤਰ ਵਿੱਚ ਇੱਕ ਆਦਮੀ ਨੂੰ ਚਾਕੂ ਲੈ ਕੇ ਅੱਗੇ ਵਧਦੇ ਦੇਖ ਕੇ ਬੀਬੀ ਆਪਣੇ ਬੈਗ ਵਿੱਚੋਂ ਇੱਕ ਹੈਂਡਗੰਨ ਕੱਢਦੇ ਹੋਏ ਦਿਖਾਈ ਗਈ ਹੈ। ਮਾਰਕੀਟਿੰਗ ਏਜੰਸੀ ਕੰਸੀਲਡ ਕੈਰੀ ਐਸੋਸੀਏਸ਼ਨ ਦੇ ਮੁਖੀ ਟਿਮੋਥੀ ਦੇ ਅਨੁਸਾਰ, ਬੰਦੂਕ ਖਰੀਦਣ ਵਾਲੇ ਨਵੇਂ ਲੋਕਾਂ ਵਿਚ ਉਪਨਗਰੀ ਅਤੇ ਪੇਂਡੂ ਖੇਤਰਾਂ ਵਿਚ ਰਹਿਣ ਵਾਲਾ ਵਰਗ ਵਰਗ ਜੁੜ ਗਿਆ ਹੈ। ਅਜਿਹਾ ਨਹੀਂ ਹੈ ਕਿ ਸਿਰਫ਼ ਗੋਰੇ ਹੀ ਬੰਦੂਕ ਦੇ ਖਰੀਦਦਾਰ ਹਨ। ਕਾਲੇ ਅਤੇ ਔਰਤਾਂ ਦੇ ਗਾਹਕਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ। ਰੀਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨੈਸ਼ਨਲ ਰਾਈਫਲ ਐਸੋਸੀਏਸ਼ਨ ਲਈ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਰਿਪਬਲਿਕਨ ਪਾਰਟੀ ਨੇ ਬੰਦੂਕਾਂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ ਹੈ। ਦੱਖਣੀ ਕੈਰੋਲੀਨਾ ਤੋਂ ਸੰਸਦ ਲਈ ਚੋਣ ਲੜਨ ਵਾਲੀ ਕ੍ਰਿਸਟੀਨਾ ਜੇਫਰੀ ਨੂੰ ਉਸ ਦੇ ਇਕ ਇਸ਼ਤਿਹਾਰ ਵਿਚ ਏਕੇ-47 ਰਾਈਫਲ ਨਾਲ ਦਿਖਾਇਆ ਗਿਆ ਸੀ। ਮਿਸੂਰੀ ਰਾਜ ਦੇ ਗਵਰਨਰ ਅਹੁਦੇ ਦੀ ਚੋਣ ਵਿੱਚ ਰਿਪਬਲਿਕਨ ਐਰਿਕ ਗ੍ਰੀਟਸ ਨੇ ਇਕ ਮਸ਼ੀਨਗਨ ਲੱਗੇ ਵਾਹਨ ਵਿੱਚ ਸਵਾਰ ਹੋ ਕੇ ਓਬਾਮਾ ਦੀ ਡੈਮੋਕਰੇਟ ਮਸ਼ੀਨ ਨਾਲ ਲੜਨ ਦੀ ਸਹੁੰ ਚੁੱਕੀ। 2018 ਵਿਚ ਜਾਰਜੀਆ ਗਵਰਨਰ ਚੋਣਾਂ ਦੌਰਾਨ ਬ੍ਰਾਇਨ ਕੈਂਪ ਨੂੰ ਹਥਿਆਰਾਂ ਨਾਲ ਭਰੇ ਕਮਰੇ ਵਿੱਚ ਦਿਖਾਇਆ ਗਿਆ ਸੀ।

# ਗੈਂਗਲੈਂਡ ਬਣਿਆ ਲੁਧਿਆਣਾ

**✪ 20 ਦਿਨਾਂ ਵਿਚ ਮਿਲੇ 13 ਹਥਿਆਰ ✪ ਕਈ ਵੱਡੇ ਗਿਰੋਹਾਂ ਦੇ ਨਾਲ-ਨਾਲ ਲਾਰੈਂਸ ਬਿਸ਼ਨੋਈ ਗਿਰੋਹ ਦੇ ਮੈਂਬਰ ਵੀ ਲੁਧਿਆਣਾ ਨਾਲ ਸਬੰਧਿਤ**

**ਲੁਧਿਆਣਾ/ਏ.ਟੀ.ਨਿਊਜ਼ :-** ਬਾਹਰਲੇ ਸੂਬਿਆਂ ਤੋਂ ਨਾਜਾਇਜ਼ ਹਥਿਆਰਾਂ ਲਿਆ ਕੇ ਲੁਧਿਆਣਾ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ ’ਵਿਚ ਸਪਲਾਈ ਕਰਨ ਵਾਲੇ ਦੋ ਮੁਲਜ਼ਮਾਂ ਨੂੰ ਕ੍ਰਾਈਮ ਬ੍ਰਾਂਚ-1 ਦੀ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ। ਕ੍ਰਾਈਮ ਬ੍ਰਾਂਚ ਦੀ ਟੀਮ ਦਾ ਕਹਿਣਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਪ੍ਰੇਮ ਵਿਹਾਰ ਟਿੱਬਾ ਰੋਡ ਦੇ ਰਹਿਣ ਵਾਲੇ ਜਗਦੀਪ ਸਿੰਘ ਦੀਪੂ ਅਤੇ ਮੁਹੱਲਾ ਗੋਲਡਨ ਐਵੇਨਿਊ ਕਾਲੋਨੀ ਟਿੱਬਾ ਰੋਡ ਦੇ ਵਾਸੀ ਪਰਮਜੀਤ ਕੁਮਾਰ ਪੰਮਾ ਵਜੋਂ ਹੋਈ ਹੈ। ਮੁਲਜ਼ਮਾਂ ਕੋਲੋਂ 315 ਬੋਰ ਦੀ 1 ਦੇਸੀ ਪਿਸਤੌਲ, 32 ਬੋਰ ਦੀਆਂ 2 ਦੇਸੀ ਪਿਸਤੌਲਾਂ, 10 ਕਾਰਤੂਸ ਅਤੇ 2 ਮੈਗਜ਼ੀਨ ਬਰਾਮਦ ਕੀਤੇ ਹਨ। ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਮੁਲਜ਼ਮ ਬਾਹਰਲੇ ਸੂਬਿਆਂ ਤੋਂ ਨਾਜਾਇਜ਼ ਅਸਲਾ ਲਿਆ ਕੇ ਲੁਧਿਆਣਾ ਅਤੇ ਇਸ ਦੇ ਨਾਲ ਲਗਦੇ ਇਲਾਕਿਆਂ ’ਵਿਚ ਸਪਲਾਈ ਕਰਦੇ ਹਨ। ਸੂਚਨਾ ਤੋਂ ਬਾਅਦ ਕ੍ਰਾਈਮ ਬ੍ਰਾਂਚ ਦੀ ਟੀਮ ਨੇ ਟਿੱਬਾ ਰੋਡ ਗੋਪਾਲ ਚੌਕ ’ਚ ਨਾਕਾਬੰਦੀ ਕਰ ਕੇ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ’ਚ ਲਿਆ। ਤਲਾਸ਼ੀ ਦੌਰਾਨ ਮੁਲਜ਼ਮਾਂ ਕੋਲੋਂ ਤਿੰਨ ਪਿਸਤੌਲਾਂ, ਕਾਰਤੂਸ ਅਤੇ ਮੈਗਜ਼ੀਨ ਬਰਾਮਦ ਕੀਤੇ ਗਏ। ਮੁੱਢਲੀ ਤਫ਼ਤੀਸ਼ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਪਰਮਜੀਤ ਸਿੰਘ ਦੇ ਖਿਲਾਫ ਲੜਾਈ ਝਗੜੇ ਦਾ ਇਕ ਅਤੇ ਅਸਲਾ ਐਕਟ ਦੇ ਦੋ ਮਾਮਲੇ ਦਰਜ ਹਨ। ਇਸੇ ਤਰਾਂ ਮੁਲਜ਼ਮ ਜਗਦੀਪ ਸਿੰਘ ਉਰਫ਼ ਦੀਪੂ ਖ਼ਿਲਾਫ਼ ਇਰਾਦਾ ਕਤਲ ਦਾ ਇਕ ਮਾਮਲਾ ਦਰਜ ਹੈ। ਕ੍ਰਾਈਮ ਬ੍ਰਾਂਚ ਦੀ ਟੀਮ ਦੋਵਾਂ ਮੁਲਜ਼ਮਾਂ ਕੋਲੋਂ ਵਧੇਰੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਨੇ ਪਿਛਲੇ ਛੇ ਮਹੀਨਿਆਂ ਵਿਚ ਸਭ ਤੋਂ ਵੱਧ ਹਥਿਆਰ ਇਸੇ ਮਹੀਨੇ ਬਰਾਮਦ ਕੀਤੇ ਹਨ। ਇਸ ਮਹੀਨੇ 20 ਦਿਨਾਂ ਵਿਚ ਪੁਲਿਸ ਵੱਲੋਂ 13 ਹਥਿਆਰ ਬਰਾਮਦ ਕੀਤੇ ਗਏ ਹਨ। ਇਨਾਂ ਵਿਚ ਦੋ ਹੀ ਦੇਸੀ ਕੱਟੇ ਹਨ, ਜਦਕਿ ਬਾਕੀ 32, 30 ਤੇ 315 ਬੋਰ ਦੇ ਪਿਸਤੌਲ ਹਨ। ਜੂਨ ਦੀ ਸ਼ੁਰੂਆਤ ਵਿਚ ਜਦ ਸ਼ਹਿਰ ਵਿਚ ਵੱਡੀ ਲੁੱਟ ਦੀ ਵਾਰਦਾਤ ਵਿਚ ਫਾਈਰਿੰਗ ਹੋਣ ਦੀ ਗੱਲ ਸਾਹਮਣੇ ਆਈ ਤਾਂ ਦੇਰ ਸ਼ਾਮ ਦੀਪਕ ਮੈਂਟਲ ਨਾਮੀ ਨੌਜਵਾਨ ਨੇ ਸ਼ਰੇਆਮ ਫਾਇਰਿੰਗ ਕਰ ਕੇ ਇਕ ਨੌਜਵਾਨ ਨੂੰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਪੁਲਿਸ ਹਰਕਤ ’ਚ ਆਈ ਤੇ ਲਗਾਤਾਰ ਕਾਰਵਾਈ ਕਰਦਿਆਂ ਨਾਜਾਇਜ਼ ਹਥਿਆਰ ਬਰਾਮਦ ਕੀਤੇ।

# ਪੰਜਾਬ ਦੀਆਂ ਸਿਆਸੀ ਧਿਰਾਂ ਲਈ ਵੱਕਾਰ ਦਾ ਸਵਾਲ ਬਣੀ ਸੰਗਰੂਰ ਲੋਕ ਸਭਾ ਸੀਟ

## ✪ ਦੋ ਮਾਨਾਂ ਵਿਚਾਲੇ ਟੱਕਰ ਹੋਣ ਦੀ ਸੰਭਾਵਨਾ ✪ ਸੂਬਾਈ ਲੀਡਰਸ਼ਿਪ ਉਮੀਦਵਾਰਾਂ ਲਈ ਚੋਣ ਪ੍ਰਚਾਰ ਵਿਚ ਜੁਟੀ, 23 ਜੂਨ ਨੂੰ ਪੈਣਗੀਆਂ ਵੋਟਾਂ



**ਬਘੇਲ ਸਿੰਘ ਪੱਤਰਕਾਰ**

**99142-58142**

ਲੋਕ ਸਭਾ ਹਲਕਾ ਸੰਗਰੂਰ ਦੀ ਹੋ ਰਹੀ ਉਪ ਚੋਣ ਵਿਚ ਬੇਸ਼ੱਕ 16 ਉਮੀਦਵਾਰ ਆਪਣੀ ਕਿਸਮਤ ਅਜਮਾ ਰਹੇ ਹਨ ਪਰ ਸ਼੍ਰੋਮਣੀ ਅਕਾਲੀ ਦਲ (ਅ) ਦੇ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਬ) ਦੇ ਉਮੀਦਵਾਰ ਬੀਬੀ ਕਮਲਜੀਤ ਕੌਰ, ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਘਰਾਚੋਂ, ਕਾਂਗਰਸ ਦੇ ਦਲਵੀਰ ਸਿੰਘ ਗੋਲਡੀ ਅਤੇ ਭਾਰਤੀ ਜਨਤਾ ਪਾਰਟੀ ਦੇ ਕੇਵਲ ਸਿੰਘ ਢਿੱਲੋਂ ਹੀ ਲੋਕਾਂ ਵਿਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਸੰਗਰੂਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਕਾਰ ਦਾ ਸਵਾਲ ਬਣੀ ਹੋਈ ਹੈ, ਜਿਸ ਕਾਰਨ ਆਖ਼ਰੀ ਦੌਰ ਵਿਚ ਪੁੱਜੇ ਚੋਣ ਪ੍ਰਚਾਰ ਦੌਰਾਨ ਸਿਆਸੀ ਪਾਰਟੀਆਂ ਨੇ ਆਪਣੀ ਪੂਰੀ ਵਾਹ ਲਾ ਦਿੱਤੀ ਹੈ। ਹਮੇਸ਼ਾ ਪੰਜਾਬ ਦੀ ਸਰਗਰਮ ਸਿਆਸਤ ਦਾ ਧੁਰਾ ਰਹੀ ਇਸ ਸੀਟ ’ਤੇ ਹੁਣ ਤੱਕ ਛੇ ਵਾਰ ਸ਼੍ਰੋਮਣੀ ਅਕਾਲੀ ਦਲ, ਚਾਰ ਵਾਰ ਕਾਂਗਰਸ, ਦੋ ਵਾਰ ਅਕਾਲੀ ਦਲ (ਮਾਨ), ਦੋ ਵਾਰ ਆਮ ਆਦਮੀ ਪਾਰਟੀ ਅਤੇ ਦੋ ਵਾਰ ਸੀਪੀਆਈ ਨੇ ਜਿੱਤ ਦਰਜ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ 1967, 1977, 1984, 1996, 1998 ਅਤੇ 2004 ਵਿੱਚ ਜਿੱਤ ਪ੍ਰਾਪਤ ਕੀਤੀ ਸੀ, ਜਦਕਿ ਕਾਂਗਰਸ ਪਾਰਟੀ 1952, 1980, 1991 ਅਤੇ 2009 ਵਿੱਚ ਚੋਣ ਜਿੱਤੀ ਹੈ। 1989 ਤੇ 1999 ਵਿੱਚ ਇਥੋਂ ਸ਼੍ਰੋਮਣੀ ਅਕਾਲੀ ਦਲ (ਮਾਨ) ਅਤੇ 2014 ਤੇ 2015 ਵਿੱਚ ‘ਆਪ’ ਨੂੰ ਜਿੱਤ ਪ੍ਰਾਪਤ ਹੋਈ। ਇਸੇ ਤਰਾਂ 1962 ਤੇ 1971 ਵਿਚ ਸੀਪੀਆਈ ਜਿੱਤੀ। ਸੰਗਰੂਰ ਲੋਕ ਸਭਾ ਸੀਟ ਤੋਂ ਭਗਵੰਤ ਮਾਨ ਵੱਲੋਂ ਅਸਤੀਫ਼ਾ ਦੇਣ ਕਾਰਨ 23 ਜੂਨ ਨੂੰ ਜ਼ਿਮਨੀ ਚੋਣ ਹੋ ਰਹੀ ਹੈ। ਚੋਣ ਪ੍ਰਚਾਰ ਦੌਰਾਨ ‘ਆਪ’ ਵੱਲੋਂ ਆਪਣੀ ਸਰਕਾਰ ਦੀ ਕਰੀਬ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਲਈ ਵੋਟਾਂ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਨੂੰ ਮੁੱਖ ਮੁੱਦਾ ਬਣਾਇਆ ਗਿਆ ਹੈ। ਇਸ ਦੌਰਾਨ ਕਾਂਗਰਸ ਪਾਰਟੀ ਵੱਲੋਂ ‘ਆਪ’ ਸਰਕਾਰ ਦੀ ਕਾਰਗੁਜ਼ਾਰੀ ਅਤੇ ਪੰਜਾਬ ’ਵਿਚ ਅਮਨ ਕਾਨੂੰਨ ਦੀ ਸਥਿਤੀ ’ਤੇ ਸਵਾਲ ਚੁੱਕਦਿਆਂ ਲੋਕਾਂ ਤੋਂ ਵੋਟਾਂ ਦੀ ਮੰਗ ਕੀਤੀ ਜਾ ਰਹੀ ਹੈ ਜਦਕਿ ਪਹਿਲੀ ਵਾਰ ਭਾਜਪਾ ਆਪਣੇ ਦਮ ’ਤੇ ਇਥੋਂ ਲੋਕ ਸਭਾ ਚੋਣ ਲੜ ਰਹੀ ਹੈ।ਮੁੱਖ ਮੰਤਰੀ ਭਗਵੰਤ ਮਾਨ ਤਿੰਨ ਦਿਨਾਂ ਤੋਂ ‘ਆਪ’ ਉਮੀਦਵਾਰ ਦੇ ਹੱਕ ਵਿੱਚ ਰੋਡ ਸ਼ੋਅ ਕਰ ਰਹੇ ਹਨ। ਸਿਮਰਨਜੀਤ ਮਾਨ ਨੇ ਵੀ ਪ੍ਰਚਾਰ ਮੁਹਿੰਮ ਭਖ਼ਾਈ ਹੋਈ ਹੈ। ਇਸ ਵਾਰ ਰਸਮੀ ਤੌਰ ’ਤੇ ਪਾਰਟੀ ਦੇ ਸਾਰੇ ਹੀ ਆਗੂ ਦਾਅਵਾ ਕਰ ਰਹੇ ਹਨ ਕਿ ਲੋਕ ਸਭਾ ਚੋਣ ਵਿਚ ਪਾਰਟੀ ਦੇ ਗੁਰਮੇਲ ਸਿੰਘ ਘਰਾਚੋਂ ਜੇਤੂ ਰਹਿਣਗੇ ਪਰ ਇਸ ਦਾਅਵੇ ਵਿਚੋਂ ਫਰਵਰੀ ਵਾਲੀ ਗੜਕ ਗਾਇਬ ਹੈ। ਇਸ ਵਰਤਾਰੇ ਤੋਂ ਆਮ ਆਦਮੀ ਪਾਰਟੀ ਦੇ ਆਗੂ ਅਣਜਾਣ ਨਹੀਂ ਹਨ, ਇਸੇ ਲਈ ਇਸ ਲੋਕ ਸਭਾ ਹਲਕੇ ਦੇ 9 ਵਿਧਾਨ ਸਭਾ ਹਲਕਿਆਂ ਵਿਚ ਇਕ-ਇਕ ਕੈਬਨਿਟ ਮੰਤਰੀ ਅਤੇ 9-9, 10-10 ਵਿਧਾਇਕ ਬਿਠਾ ਕੇ ਚੋਣ ਮੁਹਿੰਮ ਲਈ ਕਿਲਾਬੰਦੀ ਕੀਤੀ ਗਈ ਹੈ। ਉੱਧਰ ਅਕਾਲੀ ਦਲ (ਅ) ਦੇ ਸਿਮਰਨਜੀਤ ਸਿੰਘ ਮਾਨ ਦੀ ਸਥਿਤੀ ’ਚ ਆਏ ਦਿਨ ਤੇਜ਼ੀ ਨਾਲ ਹੋ ਰਹੇ ਸੁਧਾਰ ਸਦਕਾ ਦੋ ਦਿਨ ਪਹਿਲਾਂ ਉਹ ਆਮ ਆਦਮੀ ਪਾਰਟੀ ਨਾਲ ਮੁਕਾਬਲੇ ਦੇ ਪੱਧਰ ਤੱਕ ਪਹੁੰਚ ਗਏ ਸਨ। ਪਿੰਡਾਂ ਵਿਚ ਸ. ਮਾਨ ਨੂੰ ਨੌਜਵਾਨ ਵਰਗ ਵਲੋਂ ਮਿਲ ਰਹੇ ਹੁੰਗਾਰੇ ਤੋਂ ਸਿਆਸੀ ਹਲਕੇ ਹੈਰਾਨ ਹਨ ਅਤੇ ਵਿਰੋਧੀ ਧਿਰਾਂ ਪ੍ਰੇਸ਼ਾਨ। ਸਿਆਸੀ ਹਲਕਿਆਂ ਅਨੁਸਾਰ ਜੇ ਸ. ਮਾਨ ਆਉਂਦੇ ਦਿਨਾਂ ਦੌਰਾਨ ਆਪਣੀ ਸਥਿਤੀ ਵਿਚ ਹੋਰ ਸੁਧਾਰ ਲਿਆਉਣ ਵਿਚ ਕਾਮਯਾਬ ਹੋ ਗਏ ਤਾਂ ਇਸ ਹਲਕੇ ਦਾ ਸਿਆਸੀ ਗਣਿਤ ਬਦਲ ਸਕਦਾ ਹੈ।

### ਮਾਨ ਦਾ ਜਿੱਤਣਾ ਜਰੂਰੀ ਕਿਉਂ ?

ਸੰਗਰੂਰ ਲੋਕ ਸਭਾ ਸੀਟ ਲਈ ਹੋਣ ਜਾ ਰਹੀ ਜਿਮਨੀ ਚੋਣ ਦੇ ਸਬੰਧ ਵਿੱਚ ਭਾਰਤ ਦੀਆਂ ਖੁਫੀਆ ਏਜੰਸੀਆਂ ਨੇ ਸਿਮਰਨਜੀਤ ਸਿੰਘ ਮਾਨ ਦੇ ਹੱਕ ਵਿੱਚ ਲੋਕ ਮੱਤ ਹੋਣ ਦੀਆਂ ਪੇਸ਼ ਕੀਤੀਆਂ ਰਿਪੋਰਟਾਂ ਤੋਂ ਬਾਅਦ ਕੇਂਦਰੀ ਤਾਕਤਾਂ ਦੀ ਨੀਦ ਹਰਾਮ ਹੋ ਗਈ ਹੈ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਦਿਨਾਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਕੁੱਝ ਹੋਰ ਸੀਨੀਅਰ ਪਾਰਟੀ ਆਗੂਆਂ ਨਾਲ ਮਾਨ ਦੀ ਰਿਹਾਇਸ਼ ਉਤੇ ਪਹੁੰਚ ਕੇ ਮਾਨ ਨੂੰ ਬੰਦੀ ਸਿੰਘਾਂ ਦਾ ਵਾਸਤਾ ਪਾ ਕੇ ਜੋ ਚੋਣ ਪ੍ਰਕਿਰਿਆ ਤੋਂ ਪਾਸੇ ਹਟਾਉਣ ਦੀ ਚਾਲ ਚੱਲੀ ਗਈ ਸੀ,ਉਹ ਸਾਰਾ ਤਾਣਾ ਬਾਣਾ ਦਿੱਲੀ ਤੋਂ ਬੁਣਿਆ ਗਿਆ ਸੀ,ਪਰ ਬਦਕਿਸਮਤੀ ਨੂੰ ਸੁਖਬੀਰ ਬਾਦਲ ਇਸ ਚਾਲ ਵਿੱਚ ਵੀ ਕਾਮਯਾਬ ਹੋਣ ਦੀ ਬਜਾਏ ਮਾਰ ਖਾ ਗਏ। ਸਿਮਰਨਜੀਤ ਸਿੰਘ ਮਾਨ ਨੇ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਦੇ ਰੋਸ ਵਜੋਂ ਆਪਣੇ ਡੀਆਈਜੀ ਪਦ ਦੇ ਉੱਚ ਅਹੁਦੇ ਤੋਂ ਅਸਤੀਫਾ ਦਿੱਤਾ ਸੀ, ਜਿਸ ਤੋਂ ਬਾਅਦ ਉਨਾਂ ਦੀਆਂ ਮੁਸ਼ਕਲਾਂ ਵਿੱਚ ਢੇਰ ਸਾਰਾ ਵਾਧਾ ਹੋਇਆ ਸੀ ਅਤੇ ਪਰਿਵਾਰ ਨੂੰ ਵੀ ਬੇਹੱਦ ਖੁਆਰੀਆਂ ਝੱਲਣੀਆਂ ਪਈਆਂ ਸਨ। ਮਾਨ ਆਪਣੇ ਸਾਥੀਆਂ ਸਮੇਤ ਜਾਨ ਬਚਾ ਕੇ ਭਾਰਤ ਤੋਂ ਨਿਕਲਣ ਦੀ ਕੋਸ਼ਿਸ਼ ਕਰਦੇ ਸਮੇਂ ਨੇਪਾਲ ਦੇ ਬਾਰਡਰ ਤੋਂ ਫੜੇ ਗਏ ਸਨ, ਜਿਸ ਤੋਂ ਬਾਅਦ ਉਨਾਂ ਨੂੰ ਗੈਰ



ਮਨੁੱਖੀ ਤਸੀਹੇ ਦਿੱਤੇ ਗਏ ਤੇ ਉਹ ਲਗਾਤਾਰ ਪੰਜ ਸਾਲ ਭਾਗਲਪੁਰ (ਬਿਹਾਰ) ਦੀ ਜੇਲ ਵਿਚ ਬੰਦ ਰਹੇ ਸਨ। ਮਾਨ ਜੇਲ ਦੀ ਕਾਲ ਕੋਠੜੀ ਵਿੱਚੋਂ ਉਸ ਮੌਕੇ ਰਿਹਾਅ ਹੋਏ ਸਨ ਜਦੋਂ 1989 ਦੀ ਲੋਕ ਸਭਾ ਦੀਆਂ ਚੋਣਾਂ ਵਿੱਚ ਉਹਨਾਂ ਨੂੰ ਲੋਕ ਸਭਾ ਹਲਕਾ ਤਰਨਤਾਰਨ ਤੋਂ ਲੋਕਾਂ ਨੇ ਰਿਕਾਰਡਤੋੜ ਵੋਟਾਂ ਪਾ ਕੇ ਜਿਤਾਇਆ ਸੀ ਅਤੇ ਉਹ ਭਾਰਤ ਵਿੱਚ ਸਭ ਤੋਂ ਵੱਧ ਵੋਟਾਂ ਲੈ ਕੇ ਜਿੱਤ ਦਰਜ ਕਰਨ ਵਾਲੇ ਦੂਜੇ ਲੋਕ ਸਭਾ ਮੈਂਬਰ ਬਣੇ ਸਨ।ਇਹ ਉਹ ਸਮਾਂ ਸੀ ਜਦੋਂ ਬਾਪੂ ਜੋਗਿੰਦਰ ਸਿੰਘ ਦੀ ਅਗਵਾਈ ਵਾਲੇ ਸੰਯੁਕਤ ਅਕਾਲੀ ਦਲ ਵੱਲੋਂ ਖੜੇ ਸਾਰੇ ਹੀ ਲੋਕ ਸਭਾ ਮੈਂਬਰ ਜਿੱਤ ਗਏ ਸਨ ਤੇ ਰਿਹਾਅ ਹੋਣ ਤੋਂ ਬਾਅਦ ਬਾਪੂ ਜੁਗਿੰਦਰ ਸਿੰਘ ਨੇ ਆਪ ਖੁਦ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਮਾਨ ਨੂੰ ਪਾਰਟੀ ਦੀ ਵਾਂਗ ਡੋਰ ਸੰਭਾਲ ਦਿੱਤੀ ਸੀ। ਉਸ ਤੋ ਉਪਰੰਤ ਉਹ ਨਿਰੰਤਰ ਉਸ ਪੰਥਕ ਪਾਰਟੀ ਦੀ ਅਗਵਾਈ ਕਰਦੇ ਆ ਰਹੇ ਹਨ।1989 ਦੀ ਵੱਡੀ ਜਿੱਤ ਤੋਂ ਬਾਅਦ ਪੰਜਾਬ ਦੇ ਰਵਾਇਤੀ ਸਿਆਸੀ ਹਲਕਿਆਂ ਸਮੇਤ ਭਾਰਤੀ ਏਜੰਸੀਆਂ ਅੰਦਰ ਹਲਚਲ ਮੱਚ ਗਈ ਅਤੇ ਉਨਾਂ ਨੇ ਤੁਰੰਤ ਮਾਨ ਨੂੰ ਸਿਆਸੀ ਤੌਰ ’ਤੇ ਘੇਰਨ ਦੀ ਤਿਆਰੀ ਵਿੱਢ ਦਿੱਤੀ, ਜਿਸ ਵਿਚ ਤਤਕਾਲੀ ਰਵਾਇਤੀ ਅਕਾਲੀ ਲੀਡਰਸ਼ਿਪ ਦੀ ਮੁੱਖ ਹਿਸੇਦਾਰੀ ਰਹੀ। ਹੋਰ ਕੋਈ ਵੀ ਚਾਰਾ ਨਾ ਜਾਂਦਾ ਦੇਖ ਕੇ ਭਾਰਤੀ ਤਾਕਤਾਂ ਨੇ ਅਕਾਲੀ ਦਲ ਨਾਲ ਮਿਲ ਕੇ ਮਾਨ ਦੇ ਤਿੰਨ ਫੁੱਟੀ ਕਿਰਪਾਨ ਨਾਲ ਲੈ ਕੇ ਲੋਕ ਸਭਾ ਵਿੱਚ ਜਾਣ ਉਤੇ ਪਾਬੰਦੀ ਲਾ ਦਿੱਤੀ। ਮਾਨ ਲੋਕ ਸਭਾ ਮੈਂਬਰਾਂ ਨੂੰ ਲੈ ਕੇ ਜਦੋਂ ਲੋਕ ਸਭਾ ਵਿਚ ਸ਼ਾਮਲ ਹੋਣ ਲਈ ਪਹੁੰਚੇ, ਪਰ ਕਿਰਪਾਨ ਅੰਦਰ ਲਿਜਾਣ ਤੇ ਲਗਾਈ ਰੋਕ ਨੂੰ ਦੇਖਦਿਆਂ ਓਥੇ ਹੀ ਧਰਨੇ ਉਤੇ ਬੈਠ ਗਏ। ਇਸ ਸਮੇਂ ਦੌਰਾਨ ਉਸ ਸਮੇਂ ਦੇ ਲੋਕ ਸਭਾ ਦੇ ਸਪੀਕਰ ਬਾਹਰ ਮਾਨ ਨੂੰ ਮਿਲਣ ਪਹੁੰਚੇ। ਉਨਾਂ ਮਾਨ ਨੂੰ ਅੰਦਰ ਜਾਣ ਲਈ ਕਿਹਾ ਪਰ ਮਾਨ ਨੇ ਜਵਾਬ ਵਿਚ ਕਿਹਾ ਕਿ ਉਹ ਕਿਰਪਾਨ ਤੋਂ ਬਿਨਾਂ ਅੰਦਰ ਨਹੀਂ ਜਾ ਸਕਦੇ। ਸਪੀਕਰ ਰਬੀ ਰੇ ਨੇ ਕਿਹਾ ਕਿ ਉਹ ਤੁਹਾਡੀਆਂ ਭਾਵਨਾਵਾਂ ਨਾਲ ਸਹਿਮਤ ਹਨ ਪਰ ਉਹ ਕੁੱਝ ਨਹੀਂ ਕਹਿ ਸਕਦੇ। ਇਹ ਚਾਲ ਇਸ ਕਰਕੇ ਖੇਡੀ ਗਈ, ਕਿਉਂਕਿ ਉਹ ਇਹ ਗੱਲ ਭਲੀਭਾਂਤ ਜਾਣਦੇ ਸਨ ਕਿ ਮਾਨ ਇਸ ਗੱਲ ’ਤੇ ਰਾਜੀ ਨਹੀਂ ਹੋਵੇਗਾ, ਇਸ ਲਈ ਉਨਾਂ ਦੀ ਵਧਦੀ ਤਾਕਤ ਨੂੰ ਕਮਜੋਰ ਕਰਨ ਲਈ ਲੋਕ ਸਭਾ ਵਿਚ ਜਾਣ ਤੋਂ ਰੋਕਣਾ ਹੀ ਇੱਕੋ ਇੱਕ ਮਕਸਦ ਸੀ, ਜਿਸ ਵਿੱਚ ਫਾਸ਼ੀਵਾਦੀ ਤਾਕਤਾਂ ਕਾਮਯਾਬ ਵੀ ਰਹੀਆਂ। ਭਾਰਤੀ ਏਜੰਸੀਆਂ ਨੇ ਇੱਕ ਪਾਸੇ ਮਾਨ ਤੇ ਇਹ ਸਖਤ ਸ਼ਰਤ ਰੱਖ ਦਿੱਤੀ ਅਤੇ ਦੂਜੇ ਪਾਸੇ ਉਨਾਂ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਕਿ ਦੇਖੋ ਪੰਜਾਬ ਦੇ ਲੋਕੋ ਤੁਸੀਂ ਮਾਨ ਨੂੰ ਇੱਕ ਤਰਫਾ ਵੋਟਾਂ ਪਾ ਕੇ ਜਿਤਾਇਆ ਹੈ, ਪਰ ਉਨਾਂ ਨੇ ਤੁਹਾਡੀਆਂ ਭਾਵਨਾਵਾਂ ਦੀ ਕਦਰ ਨਹੀਂ ਕੀਤੀ ਤੇ ਉਨਾਂ ਨੇ ਆਪਣਾ ਸਮਾਂ ਅਜਾਈਂ ਹੀ ਗੁਆ ਦਿੱਤਾ ਹੈ। ਏਜੰਸੀਆਂ ਦੀ ਇਸ ਸਾਜਿਸ਼ ਨੂੰ ਕਾਮਯਾਬ ਕਰਨ ਵਿੱਚ ਸਭ ਤੋਂ ਵੱਡਾ ਯੋਗਦਾਨ ਉਸ ਮੌਕੇ ਦੀ ਅਕਾਲੀ ਲੀਡਰਸ਼ਿਪ ਦਾ ਹੀ ਰਿਹਾ। ਜੇਕਰ ਅਕਾਲੀ ਦਲ ਏਜੰਸੀਆਂ ਦੇ ਆਖੇ ਲੱਗ ਕੇ ਕੇਂਦਰ ਦੇ ਪੱਖ ਵਿਚ ਨਾ ਖੜਦਾ ਤਾਂ ਕਿਸੇ ਦੀ ਹਿੰਮਤ ਨਹੀਂ ਸੀ ਸ੍ਰ. ਮਾਨ ਨੂੰ ਪਾਰਲੀਮੈਂਟ ਅੰਦਰ ਕਿਰਪਾਨ ਲੈ ਕੇ ਜਾਣ ਤੋਂ ਰੋਕ ਸਕਣ ਦੀ, ਕਿਉਂਕਿ ਇਹ ਅਕਾਲੀ ਦਲ ਦੀ ਰਵਾਇਤ ਰਹੀ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਤਿੰਨ ਫੁੱਟੀ ਕਿਰਪਾਨ ਲੈ ਕੇ ਪਾਰਲੀਮੈਂਟ ਵਿਚ ਜਾਂਦੇ ਰਹੇ ਹਨ, ਪਰ ਇਹ ਸਾਜਿਸ਼ ਮਾਨ ਨੂੰ ਪਛਾੜਨ ਲਈ ਏਜੰਸੀਆਂ ਅਤੇ ਅਕਾਲੀ ਲੀਡਰਸ਼ਿਪ ਵੱਲੋਂ ਸਾਂਝੇ ਤੌਰ ’ਤੇ ਤਿਆਰ ਕੀਤੀ ਗਈ ਸੀ, ਜਿਸ ਵਿੱਚ ਉਹ ਸਫਲ ਹੋਏ ਸਨ। ਇਸ ਤੋਂ ਬਾਅਦ ਸਟੇਟ ਦੀ ਹਮਾਇਤ ਨਾਲ ਪ੍ਰਕਾਸ਼ ਸਿੰਘ ਬਾਦਲ ਰਾਜ ਸੱਤਾ ਦਾ ਅਨੰਦ ਮਾਣਦਾ ਰਿਹਾ ਹੈ, ਪਰ ਉਨਾਂ ਨੇ ਕਦੇ ਵੀ ਸਿੱਖ ਹਿਤਾਂ ਦੀ ਗੱਲ ਨਹੀਂ ਸੀ ਕੀਤੀ। ਭਾਵੇਂ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਫਿਰ ਦੁਬਾਰਾ ਸੰਗਰੂਰ ਲੋਕ ਸਭਾ ਹਲਕੇ ਤੋਂ ਸ੍ਰ. ਮਾਨ ਨੂੰ ਲੋਕਾਂ ਵੱਲੋਂ ਬਹੁਮੱਤ ਦੇ ਕੇ ਦਿੱਲੀ ਭੇਜਿਆ ਵੀ ਗਿਆ, ਜਿਸ ਦਾ ਮਾਨ ਨੇ ਪੂਰਾ ਮੁੱਲ ਮੋੜਿਆ। ਉਨਾਂ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਸੰਗਰੂਰ ਲੋਕ ਸਭਾ ਹਲਕੇ ਦੇ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਨੂੰ ਬਗੈਰ ਕਿਸੇ ਭੇਦਭਾਵ ਦੇ ਗਰਾਂਟਾਂ ਦੇ ਖੁੱਲੇ ਗੱਫੇ ਦਿੱਤੇ। ਇਸ ਤੋਂ ਇਲਾਵਾ ਮਾਨ ਨੇ ਲੋਕ ਸਭਾ ਵਿੱਚ ਜਿਸ ਤਰਾਂ ਜੋਰਦਾਰ ਢੰਗ ਨਾਲ ਪੰਜਾਬ ਦਾ ਪੱਖ ਰੱਖਿਆ, ਜਿਸ ਤਰਾਂ ਸਿੱਖ ਮੰਗਾਂ ਨੂੰ ਜੋਰਦਾਰ ਢੰਗ ਨਾਲ ਪੇਸ਼ ਕੀਤਾ, ਉਹ ਭਾਸ਼ਨ ਅੱਜ ਵੀ ਸੁਣੇ ਜਾ ਸਕਦੇ ਹਨ। ਲੰਘੀ ਫਰਵਰੀ ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਭਾਵੇਂ ਆਮ ਆਦਮੀ ਪਾਰਟੀ ਨੇ ਹੂੰਝਾ ਫੇਰ ਜਿੱਤ ਪਰਾਪਤ ਕੀਤੀ ਪਰੰਤੂ ਅਮਰਗੜ ਹਲਕਾ ਇੱਕੋ ਇੱਕ ਅਜਿਹਾ ਹਲਕਾ ਹੈ, ਜਿੱਥੋਂ ਆਮ ਆਦਮੀ ਪਾਰਟੀ ਦਾ ਉਮੀਦਵਾਰ ਬਹੁਤ ਥੋੜੇ ਫਰਕ ਨਾਲ ਜਿੱਤ ਦਰਜ ਕਰ ਸਕਿਆ, ਉੱਧਰ ਪੰਥਕ ਸਫਾਂ ਅੰਦਰ ਮਾਨ ਦੀ ਹਾਰ ਨੂੰ ਸਾਜਿਸ਼ ਸਮਝਿਆ ਜਾਂਦਾ ਰਿਹਾ ਹੈ। ਅੱਜ ਦੇ ਖਤਰਨਾਕ ਸਮੇਂ ਵਿਚ ਇੱਕੋ ਇੱਕ ਅਜਿਹਾ ਲੀਡਰ ਹੈ, ਜਿਹੜਾ ਪੰਥਕ ਤੇ ਪੰਜਾਬ ਹਸਤੀ ਤੋਂ ਰੱਤੀ ਮਾਤਰ ਵੀ ਪਾਸੇ ਨਹੀ ਹੋਇਆ। ਉਹ ਕਸ਼ਮੀਰ ਦੇ ਮੁਸਲਮਾਨਾਂ ਤੇ ਹੁੰਦੇ ਅਤਿਆਚਾਰ ਦਾ ਡੰਕੇ ਦੀ ਚੋਟ ਤੇ ਵਿਰੋਧ ਕਰਦਾ ਹੈ। ਉਹ ਦੇਸ਼ ਦੀਆਂ ਉੱਚ ਜਾਤੀਆਂ ਵੱਲੋਂ ਲਤਾੜੇ ਜਾ ਰਹੇ ਦਲਿਤ ਸਮਾਜ ਦਾ ਸਾਥ ਦੇਣ ਤੋਂ ਪਿੱਛੇ ਨਹੀਂ ਹੱਟਦਾ, ਉਹ ਮੂਲ ਨਿਵਾਸੀਆਂ ਨਾਲ ਸਾਂਝ ਪਾ ਕੇ ਇਕੱਠੇ ਹੋ ਕੇ ਪਿਸ ਰਹੇ ਸਾਰੇ ਸਮਾਜਾਂ ਦੀ ਬੰਦ ਖਲਾਸੀ ਦੀ ਗੱਲ ਦੂਰ ਦਰਾਡੇ ਸੂਬਿਆਂ ਵਿਚ ਜਾ ਕੇ ਕਰਦਾ ਹੈ। ਨਵੀਂ ਸਿੱਖ ਜੁਆਨੀ ਸਿਮਰਨਜੀਤ ਸਿੰਘ ਮਾਨ ਦੀ ਸੋਚ ਨਾਲ ਵੱਡੀ ਪੱਧਰ ’ਤੇ ਜੁੜ ਚੁੱਕੀ ਹੈ ਜਿਸ ਤੋਂ ਘਬਰਾਇਆ ਹਿੰਦੂਤਵੀ ਤੰਤਰ ਮਾਨ ਨੂੰ ਕੋਈ ਵੀ ਹਰਬਾ ਵਰਤ ਕੇ ਸੰਗਰੂਰ ਜਿਮਨੀ ਚੋਣ ਹਰਾਉਣ ਲਈ ਸਾਜਿਸ਼ਾਂ ਰਚ ਰਿਹਾ ਹੈ। ਇਹੋ ਕਾਰਨ ਹੈ ਕਿ ਸਾਰੀਆਂ ਹੀ ਰਵਾਇਤੀ ਵਿਰੋਧੀ ਸਿਆਸੀ ਧਿਰਾਂ ਮਾਨ ਦੇ ਪਿੱਛੇ ਹੀ ਹੱਥ ਧੋ ਕੇ ਪਈਆਂ ਹੋਈਆਂ ਹਨ। ਸੋ ਕੌਮ ਦੀ ਅਜ਼ਾਦੀ ਦੀ ਲੜਾਈ ਵਿਚ ਮਾਨ ਦਾ ਸਾਥ ਦੇਣਾ ਹਰ ਸੱਚੇ ਪੰਜਾਬੀ ਦਾ ਫਰਜ ਹੋਣਾ ਚਾਹੀਦਾ ਹੈ।

## ਮਾਨ ਵਿਰੁੱਧ ਕਈ ਕੇਸ ਦਰਜ ਕਰਵਾਏ ਬਾਦਲ ਦਲ ਨੇ : ਲਖਨਪਾਲ

**ਚੰਡੀਗੜ੍ਹ :** ਪੰਜਾਬ ਦੀ ਸਿਆਸਤ ’ਤੇ ਲੰਬਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਤੇ ਸਿੱਖ ਕੌਮ ਲਈ ਆਵਾਜ਼ ਚੁੱਕਣ ਵਾਲੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵਿਰੁੱਧ ਕਈ ਕੇਸ ਦਰਜ ਕਰਵਾਏ ਹਨ। ਇਹ ਗੱਲ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਨੂੰਨੀ ਸਲਾਹਕਾਰ ਐਡਵੋਕੇਟ ਰੰਜਨ ਲਖਨਪਾਲ, ਚੰਡੀਗੜ੍ਹ ਇਕਾਈ ਦੇ ਪ੍ਰਧਾਨ ਗੋਪਾਲ ਸਿੰਘ ਸਿੱਧੂ ਅਤੇ ਐਡਵੋਕੇਟ ਸਿਮਰਜੀਤ ਸਿੰਘ ਨੇ ਕਹੀ। ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨਿਰੰਤਰ ਧੋਖੇ ਅਤੇ ਫਰੇਬ ਦੀ ਰਾਜਨੀਤੀ ਕਰਦਾ ਆ ਰਿਹਾ ਹੈ, ਜਿਨਾਂ ਨੇ ਸੰਗਰੂਰ ਜ਼ਿਮਨੀ ਚੋਣ ਵਿੱਚ ਵੀ ਧਰਮ ਦੇ ਨਾਮ ’ਤੇ ਕੋਝੀ ਸਿਆਸਤ ਕਰਦਿਆਂ ਬੀਬੀ ਕਮਲਦੀਪ ਕੌਰ ਨੂੰ ਬਤੌਰ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰਿਆ ਹੈ।ਐਡਵੋਕੇਟ ਰੰਜਨ ਲਖਨਪਾਲ ਅਤੇ ਗੋਪਾਲ ਸਿੰਘ ਸਿੱਧੂ ਨੇ ਕਿਹਾ ਕਿ ਸੰਗਰੂਰ ਜ਼ਿਮਨੀ ਚੋਣ ਵਿੱਚ ਸਿਮਰਨਜੀਤ ਸਿੰਘ ਮਾਨ ਸਭ ਤੋਂ ਵੱਧ ਪੜੇ ਲਿਖੇ ਉਮੀਦਵਾਰ ਹਨ। ਉਨਾਂ ਦੱਸਿਆ ਕਿ ਮਾਨ ਨੇ ਸਾਲ 1999 ’ਚ ਬਤੌਰ ਸੰਸਦ ਮੈਂਬਰ ਹੁੰਦਿਆਂ ਗਊਸ਼ਾਲਾਵਾਂ ਨੂੰ ਸਲਾਨਾ ਗ੍ਰਾਂਟ ਦਿਵਾਉਣ ਲਈ ਬਿੱਲ ਲਿਆਂਦਾ ਸੀ। ਇਸੇ ਤਰਾਂ ਮਾਨ ਨੇ ਸੰਸਦ ਮੈਂਬਰ ਹੁੰਦਿਆਂ ਸੰਗਰੂਰ ਲੋਕ ਸਭਾ ਹਲਕੇ ਲਈ ਕੇਂਦਰ ਤੋਂ 31 ਨਵੀਆਂ ਐਂਬੂਲੈਂਸਾਂ ਅਤੇ ਯੂਥ ਕਲੱਬਾਂ ਨੂੰ ਉਤਸ਼ਾਹਿਤ ਕਰਨ ਲਈ ਵੱਡਾ ਯੋਗਦਾਨ ਦਿੱਤਾ ਹੈ। ਉਨਾਂ ਲੋਕਾਂ ਨੂੰ ਸੰਗਰੂਰ ਜ਼ਿਮਨੀ ਚੋਣ ਵਿੱਚ ਸ੍ਰੀ ਮਾਨ ਦਾ ਸਮਰਥਨ ਕਰਨ ਦੀ ਅਪੀਲ ਕੀਤੀ।



# ਭਾਰਤ ਤੇ ਪੰਜਾਬ ਦਾ ਸਰਕਾਰੀ ਸਿਹਤ-ਤੰਤਰ ਨਿਘਾਰ ਵੱਲ



**ਡਾ. ਗਗਨਦੀਪ ਸ਼ੇਰਗਿੱਲ**

ਭਾਰਤ ਲਗਭਗ 140 ਕਰੋੜ ਲੋਕਾਂ ਦੇ ਨਾਲ ਚੀਨ ਤੋਂ ਬਾਅਦ ਦੂਜਾ ਸਭ ਤੋਂ ਵੱਧ ਆਬਾਦੀ ਵਾਲਾ ਅਤੇ 3,287,000 ਦੇ ਖੇਤਰਫਲ ਨਾਲ ਦੁਨੀਆ ਦਾ ਸੱਤਵਾਂ ਸਭ ਤੋਂ ਵੱਡਾ ਦੇਸ਼ ਹੈ। ਇਕ ਸਮਾਜਵਾਦੀ ਮਿਸ਼ਰਤ ਆਰਥਿਕਤਾ ਦੇ ਸ਼ੁਰੂਆਤੀ ਦੌਰ ਤੋਂ ਬਾਅਦ ਭਾਰਤ ਅੱਜ ਸਿਹਤ-ਦਾਤੇ ਤੋਂ ਸਿਹਤ-ਸਹਾਇਕ ਵਿਚ ਤਬਦੀਲ ਹੋ ਚੁੱਕਾ ਹੈ। ਨੁਕਸਦਾਰ ਬੁਨਿਆਦੀ ਢਾਂਚਾ, ਮਨੁੱਖੀ ਸ਼ਕਤੀ ਦੀ ਘਾਟ ਅਤੇ ਮਰੀਜ਼ਾਂ ਦੇ ਬੇਕਾਬੂ ਬੋਝ ਨੇ ਆਮ ਭਾਰਤੀ ਦੀ ਸਿਹਤ ਲਈ ਜ਼ਿੰਮੇਵਾਰ ਜਨਤਕ ਸਿਹਤ-ਸੰਭਾਲ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਸਰਕਾਰੀ ਹਸਪਤਾਲਾਂ ਵਿਚ ਆਮ ਕਰ ਕੇ ਗ਼ਰੀਬ ਲੋਕ ਆਉਂਦੇ ਹਨ ਪਰ ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਲਗਾਤਾਰ ਨਿੱਘਰ ਰਹੀਆਂ ਹਨ। ਸਭ ਤਰ੍ਹਾਂ ਦੇ ਸਟਾਫ, ਸਾਜ਼ੋ-ਸਾਮਾਨ ਦੀ ਘਾਟ, ਬੈੱਡਾਂ, ਦਵਾਈਆਂ ਦੀ ਘਾਟ, ਬਿਲਡਿੰਗਾਂ ਦੀ ਕਮੀ ਨਾਲ ਜੂਝ ਰਿਹਾ ਭਾਰਤੀ ਜਨਤਕ ਸਿਹਤ-ਢਾਂਚਾ ਖ਼ੁਦ ਕਿਸੇ ਆਈਸੀਯੂ ਦੇ ਵੈਂਟੀਲੇਟਰ 'ਤੇ ਪਿਆ ਮਾਲੂਮ ਪੈਂਦਾ ਹੈ। ਦੋ ਸਰਕਾਰੀ ਡਾਟਾਬੇਸ-ਨੈਸ਼ਨਲ ਹੈਲਥ ਵਰਕਫੋਰਸ ਅਕਾਊਂਟ (ਡਾਕਟਰਾਂ, ਨਰਸਾਂ ਆਦਿ ਦੀ ਸਮੁੱਚੀ ਰਜਿਸਟਰੀ) ਅਤੇ ਨੈਸ਼ਨਲ ਸੈਂਪਲ ਸਰਵੇ ਆਫਿਸ (ਜੋ ਸਰਗਰਮ ਕਰਮਚਾਰੀਆਂ ਦਾ ਮੁਲਾਂਕਣ ਕਰਦਾ ਹੈ) ਦੀ ਜਾਂਚ ਦਾ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ 11.6 ਲੱਖ ਐਲੋਪੈਥਿਕ ਡਾਕਟਰ, 23.4 ਲੱਖ ਨਰਸਾਂ/ਦਾਈਆਂ, 12 ਲੱਖ ਫਾਰਮਾਸਿਸਟ, 2.7 ਲੱਖ ਦੰਦਾਂ ਦੇ ਡਾਕਟਰ ਅਤੇ 7.9 ਲੱਖ ਰਵਾਇਤੀ ਆਯੁਸ਼ ਮੈਡੀਕਲ ਪ੍ਰੈਕਟੀਸ਼ਨਰਾਂ ਸਮੇਤ ਕੁੱਲ 57.6 ਲੱਖ ਸਿਹਤ ਕਰਮਚਾਰੀਆਂ ਦਾ ਸਟਾਕ ਹੈ। ਇਸ ਵਿੱਚੋਂ ਤਕਰੀਬਨ 8 ਲੱਖ ਐਲੋਪੈਥਿਕ ਡਾਕਟਰਾਂ ਅਤੇ 14 ਲੱਖ ਨਰਸਾਂ/ਦਾਈਆਂ ਹੀ ਇਸ ਵੇਲੇ ਸਰਗਰਮ ਕਰਮਚਾਰੀ ਹਨ। ਬਾਕੀ ਮੌਤ ਹੋ ਜਾਣ, ਰਿਟਾਇਰ ਹੋਣ, ਵਿਦੇਸ਼ ਚਲੇ ਜਾਣ ਜਾਂ ਕਿਸੇ ਹੋਰ ਕਾਰਨ ਕਰ ਕੇ ਕੰਮ ਨਾ ਕਰਦੇ ਹੋਏ ਕਾਰਜਸ਼ੀਲ ਨਹੀਂ ਹਨ। ਇਨ੍ਹਾਂ ਦੀ ਲੋੜੀਂਦੀ ਯੋਗਤਾ ਦਾ ਲੇਖਾ-ਜੋਖਾ ਕਰਨ ਤੋਂ ਬਾਅਦ ਇਹ ਸੰਖਿਆ ਹੋਰ ਘਟਦੇ ਹੋਏ ਕ੍ਰਮਵਾਰ ਤਕਰੀਬਨ 5 ਲੱਖ ਅਤੇ 6 ਲੱਖ ਤੱਕ ਹੀ ਰਹਿ ਜਾਂਦੀ ਹੈ। ਸੰਨ 2020 ਦੇ ਅੰਕੜਿਆਂ ਅਨੁਸਾਰ ਭਾਰਤ ਅਜੇ ਵੀ ਉਨ੍ਹਾਂ 40% ਮੈਂਬਰ ਦੇਸ਼ਾਂ 'ਚੋਂ ਇਕ ਹੈ ਜੋ ਲਾਜ਼ਮੀ ਡਾਕਟਰ-ਜਨਸੰਖਿਆ ਅਨੁਪਾਤ ਨੂੰ ਪੂਰਾ ਨਹੀਂ ਕਰ ਰਹੇ ਹਨ। ਇਹ ਘਾਟਾ ਪੂਰਾ ਕਰਨ ਲਈ ਮੌਜੂਦਾ ਭਾਰਤ ਵਿਚ ਅੰਦਾਜ਼ਨ 6 ਲੱਖ ਡਾਕਟਰਾਂ ਅਤੇ 20 ਲੱਖ ਨਰਸਾਂ ਦੀ ਫੌਰੀ ਲੋੜ ਹੈ। ਉੱਤੋਂ ਸਾਡੇ ਡਾਕਟਰਾਂ ਦੀ ਬਹੁ-ਗਿਣਤੀ ਪ੍ਰਾਈਵੇਟ ਹਸਪਤਾਲਾਂ ਵਿਚ ਸ਼ਾਮਲ ਹੈ ਜਦਕਿ ਸਰਕਾਰੀ ਹਸਪਤਾਲਾਂ ਵਿਚ ਸਿਰਫ਼ 1 ਲੱਖ ਡਾਕਟਰਾਂ ਦੀ ਨੌਕਰੀ ਹੈ।

ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਸਿਹਤ ਵਿਭਾਗ ਵੱਲੋਂ ਤਿਆਰ ਕਰ ਕੇ ਪਿਛਲੀ ਸਰਕਾਰ ਨੂੰ ਸੌਂਪੀ ਗਈ ਰਿਪੋਰਟ ਅਨੁਸਾਰ ਪੰਜਾਬ ਦੇ ਹਸਪਤਾਲਾਂ ਵਿਚ ਮੁਲਾਜ਼ਮਾਂ ਦੀਆਂ 27 ਸ਼੍ਰੇਣੀਆਂ ਦੀਆਂ 3,218 ਅਸਾਮੀਆਂ ਖ਼ਾਲੀ ਹਨ। ਸੰਨ 1981 ਵਿਚ 1.67 ਕਰੋੜ ਦੀ ਆਬਾਦੀ ਦੀ ਸੇਵਾ ਕਰਨ ਲਈ ਰਾਜ ਵਿਚ ਲਗਭਗ 4,400 ਸਰਕਾਰੀ ਡਾਕਟਰ ਸਨ ਜਦੋਂਕਿ 2022 ਵਿਚ ਜਦੋਂ ਆਬਾਦੀ ਦੁੱਗਣੀ ਹੋ ਕੇ 3.7 ਕਰੋੜ ਤੋਂ ਵੀ ਵੱਧ ਗਈ ਹੈ, ਡਾਕਟਰਾਂ ਦੀ ਗਿਣਤੀ ਲਗਪਗ ਉਹੋ ਜਿਹੀ ਹੀ ਰਹਿ ਗਈ ਹੈ। ਭਾਵ 1981 ਵਿਚ ਪੰਜਾਬ ਵਿਚ 3,800 ਲੋਕਾਂ ਦੀ ਦੇਖਭਾਲ ਲਈ 1 ਸਰਕਾਰੀ ਡਾਕਟਰ ਸੀ ਅਤੇ 2022 ਵਿਚ ਲਗਪਗ 8,000 ਤੋਂ ਵੀ ਵੱਧ ਲੋਕਾਂ ਲਈ 1 ਡਾਕਟਰ ਹੈ। ਪੰਜਾਬ ਦੇ ਸਰਕਾਰੀ ਡਾਕਟਰਾਂ ਵਿੱਚੋਂ ਹਰੇਕ 8,859 ਲੋਕਾਂ ਦੀ ਆਬਾਦੀ ਦੀ ਸੇਵਾ ਕਰ ਰਿਹਾ ਹੈ ਜੋ ਸਿਫ਼ਾਰਸ਼ ਕੀਤੇ ਡਾਕਟਰ-ਮਰੀਜ਼ 1:1000 ਦੇ ਅਨੁਪਾਤ ਨਾਲੋਂ ਲਗਭਗ 9 ਗੁਣਾ ਵੱਧ ਹੈ। ਪਰ ਇਹ ਅੰਕੜਾ ਵੀ ਬਹੁਤ ਕੁਝ ਛੁਪਾਉਂਦਾ ਹੈ ਕਿਉਂਕਿ ਡਾਕਟਰਾਂ ਵਿਚ ਅੱਗੇ ਸਪੈਸ਼ਲਿਸਟ ਡਾਕਟਰ ਹੁੰਦੇ ਹਨ ਜੋ ਅੱਗੇ 10-15 ਕਿਸਮ ਦੇ ਹੁੰਦੇ ਹਨ। ਇਸ ਲਈ 3286 ਦੇ ਅੰਕੜੇ ਨੂੰ ਹੋਰ ਤੋੜਿਆ ਜਾਵੇ ਤਾਂ ਇੱਥੇ ਵੀ ਇਕ ਲੱਖ ਜਾਂ ਇਸ ਤੋਂ ਵੀ ਵੱਧ ਅਬਾਦੀ ਪਿੱਛੇ ਇਕ-ਇਕ ਮੈਡੀਕਲ ਸਪੈਸ਼ਲਿਸਟ, ਸਰਜਨ, ਗਾਇਨੀ, ਬੱਚਿਆਂ ਦਾ ਸਪੈਸ਼ਲਿਸਟ ਆਦਿ ਡਾਕਟਰ ਮਿਲੇਗਾ। ਪੰਜਾਬ ਸਰਕਾਰ ਦੁਆਰਾ ਨਿਯੁਕਤ ਕੀਤੇ ਗਏ 300 ਡੈਂਟਲ ਸਰਜਨਾਂ 'ਚੋਂ ਹਰੇਕ 97,039 ਲੋਕਾਂ ਦੀ ਸੇਵਾ ਕਰ ਰਿਹਾ ਹੈ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਦੀ ਹਾਲਤ ਵੀ ਪਤਲੀ ਹੀ ਹੈ। ਹਰਿਆਣੇ ਦੇ ਸੀਐੱਚਸੀਆਂ 'ਚ ਮਾਹਿਰਾਂ ਦੀ 96% ਕਮੀ ਹੈ। ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਦਿਹਾਤੀ ਹਰਿਆਣਾ ਵਿਚ ਮਾਹਿਰਾਂ ਦੀ ਲੋੜੀਂਦੀ ਤਾਕਤ ਤੋਂ 96 ਪ੍ਰਤੀਸ਼ਤ ਘੱਟ ਹਨ। ਦਿ ਰੂਰਲ ਹੈਲਥ ਸਟੈਟਿਸਟਿਕਸ 2020-21 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਰਿਆਣੇ ਦੇ ਪਿੰਡਾਂ ਵਿਚ 124 ਸੀਐੱਚਸੀ ਹਨ ਜਿਨ੍ਹਾਂ ਵਿਚ ਘੱਟੋ-ਘੱਟ 496 ਮਾਹਿਰਾਂ ਦੀ ਲੋੜ ਹੈ ਪਰ ਵਰਤਮਾਨ ਵਿਚ ਸਿਰਫ਼ 22 ਸਪੈਸ਼ਲਿਸਟ ਡਾਕਟਰ ਹੀ ਸੇਵਾਵਾਂ ਦੇ ਰਹੇ ਹਨ। ਨੈਸ਼ਨਲ ਹੈਲਥ ਪ੍ਰੋਫਾਈਲ ਦੇ ਸਰਵੇਖਣ ਨੇ ਇਹ ਵੀ ਖ਼ੁਲਾਸਾ ਕੀਤਾ ਹੈ ਕਿ ਪੰਜਾਬ ਨੇ ਪਿਛਲੇ ਸਾਲਾਂ ਵਿਚ ਆਪਣੇ ਵਸਨੀਕਾਂ ਦੀ ਸਿਹਤ 'ਤੇ ਆਪਣੇ ਗੁਆਂਢੀਆਂ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨਾਲੋਂ ਘੱਟ ਖ਼ਰਚ ਕੀਤਾ ਹੈ। ਰਾਜ ਦਾ ਪ੍ਰਤੀ ਵਿਅਕਤੀ ਸਿਹਤ ਖ਼ਰਚਾ ਸਿਰਫ਼ 1,001 ਰੁਪਏ ਰਿਹਾ ਹੈ ਜਦਕਿ ਹਰਿਆਣਾ ਦਾ 1,055 ਰੁਪਏ ਅਤੇ ਹਿਮਾਚਲ ਪ੍ਰਦੇਸ਼ ਦਾ 2,228 ਰੁਪਏ ਸੀ। ਹੁਣ ਗੱਲ ਕਰੀਏ ਇਨ੍ਹਾਂ ਸਿਹਤ ਕਾਮਿਆਂ ਦੀ ਸਪਲਾਈ ਚੇਨ ਦੇ ਹਾਲਾਤ ਬਾਰੇ। ਭਾਰਤ ਵਿਚ ਕੁੱਲ 82,926 ਐੱਮਬੀਬੀਐੱਸ ਸੀਟਾਂ ਹਨ ਜੋ 541 ਮੈਡੀਕਲ ਕਾਲਜਾਂ ਵਿਚ ਪੇਸ਼ ਕੀਤੀਆਂ ਜਾਂਦੀਆਂ ਹਨ। ਉਨ੍ਹਾਂ 'ਚ 278 ਸਰਕਾਰੀ ਅਤੇ 263 ਪ੍ਰਾਈਵੇਟ ਮੈਡੀਕਲ ਕਾਲਜ ਹਨ। ਇਸੇ ਤਰ੍ਹਾਂ ਕੁੱਲ 320 ਡੈਂਟਲ ਕਾਲਜਾਂ ਵਿੱਚੋਂ ਸਿਰਫ਼ 60 ਤੋਂ ਘੱਟ ਹੀ ਸਰਕਾਰੀ ਹਨ। ਡੈਂਟਲ ਵਿਚ ਵੀ 27,200 ਸੀਟਾਂ ਹਨ ਜਿਨ੍ਹਾਂ ਵਿੱਚੋਂ 900 ਤੋਂ ਵੀ ਘੱਟ ਸਰਕਾਰੀ ਕਾਲਜਾਂ ਵਿਚ ਹਨ। ਪੰਜਾਬ ਵਿਚ 1,425 ਐੱਮਬੀਬੀਐੱਸ ਸੀਟਾਂ ਉਪਲਬਧ ਹਨ ਜਿਨ੍ਹਾਂ 'ਚੋਂ 650 ਸਰਕਾਰੀ ਕਾਲਜਾਂ ਤੇ 775 ਪ੍ਰਾਈਵੇਟ ਕਾਲਜਾਂ ਵਿਚ ਹਨ।

ਸੰਨ 1864 ਵਿਚ ਸਥਾਪਿਤ ਅਤੇ 1920 ਵਿਚ ਅੰਮ੍ਰਿਤਸਰ ਤਬਦੀਲ ਹੋਏ ਮੈਡੀਕਲ ਕਾਲਜ ਅੰਮ੍ਰਿਤਸਰ, ਸੰਨ 1953 ਵਿੱਚ ਬਣੇ ਮੈਡੀਕਲ ਕਾਲਜ ਪਟਿਆਲਾ ਅਤੇ 1973 ਵਿਚ ਬਣੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਤੋਂ ਬਾਅਦ ਇਕ ਅੰਬੇਡਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਮੋਹਾਲੀ ਨੂੰ ਛੱਡ ਕੇ ਰਾਜ ਨੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤਕ ਕੋਈ ਮੈਡੀਕਲ ਕਾਲਜ ਨਹੀਂ ਬਣਾਇਆ।

ਉਧਰ ਦੂਜੇ ਪਾਸੇ ਪਿਛਲੇ ਢਾਈ ਦਹਾਕਿਆਂ ਦੌਰਾਨ ਸੂਬੇ ਵਿਚ ਪੰਜ ਪ੍ਰਾਈਵੇਟ ਮੈਡੀਕਲ ਕਾਲਜ ਉਸਰ ਚੁੱਕੇ ਹਨ। ਭਾਰਤ ਵਿਚ ਤਕਰੀਬਨ 19 ਲੱਖ ਹਸਪਤਾਲ ਬੈੱਡ ਹਨ-ਮਤਲਬ 1.4 ਬੈੱਡ/1000 ਵਿਅਕਤੀ। ਚੀਨ ਵਿਚ ਇਹ ਗਿਣਤੀ 4/1000 ਅਤੇ ਸ੍ਰੀਲੰਕਾ ਵਿਚ 3/1000 ਅਤੇ ਥਾਈਲੈਂਡ ਵਿਚ 2/1000 ਹੈ। ਇੱਥੇ ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ 19 ਲੱਖ 'ਚੋਂ 60% ਬੈੱਡ ਨਿੱਜੀ ਖੇਤਰ ਵਿਚ ਹਨ। ਇਸੇ ਤਰ੍ਹਾਂ ਕੁੱਲ 81% ਡਾਕਟਰ, 80% ਨਰਸਾਂ ਅਤੇ 58% ਹਸਪਤਾਲ ਵੀ ਪ੍ਰਾਈਵੇਟ ਖੇਤਰ ਵਿਚ ਹੀ ਹਨ। ਜੇ ਇਹ ਸਭ ਕੱਢ ਦੇਈਏ ਤਾਂ ਆਮ ਬੰਦੇ ਦੇ ਸਰਕਾਰੀ ਢਾਂਚੇ ਦੀਆਂ ਚੂਲਾਂ ਹਿੱਲੀਆਂ ਨਜ਼ਰ ਆਉਂਦੀਆਂ ਹਨ। ਇਸ ਪ੍ਰਾਈਵੇਟ-ਜਨਤਕ ਪਾੜੇ ਤੋਂ ਬਿਨਾਂ ਸ਼ਹਿਰੀ-ਪੇਂਡੂ ਪਾੜਾ ਵੀ ਬਹੁਤ ਜ਼ਿਆਦਾ ਹੈ। ਅੱਸੀ ਪ੍ਰਤੀਸ਼ਤ ਤੋਂ ਵੱਧ ਹਸਪਤਾਲ, ਸਿਹਤ ਕਰਮੀ ਅਤੇ ਬੈੱਡ ਸ਼ਹਿਰੀ ਖੇਤਰ ਵਿਚ ਹਨ। ਇਸ ਸਮੇਂ ਭਾਰਤ ਵਿਚ 23% ਸਬ ਸੈਂਟਰਾਂ, 28% ਮੁੱਢਲੇ ਸਿਹਤ ਕੇਂਦਰਾਂ ਅਤੇ 37% ਕਮਿਊਨਿਟੀ ਹੈਲਥ ਸੈਂਟਰਾਂ ਦੀ ਘਾਟ ਹੈ। ਭਾਰਤ ਸਰਕਾਰ ਦੇ ਖ਼ੁਦ ਦੇ ਬਣਾਏ ਪੈਮਾਨਿਆਂ ਅਨੁਸਾਰ ਸਿਰਫ਼ 11% ਸਬ ਸੈਂਟਰ, 13% ਪਬਲਿਕ ਹੈਲਥ ਸੈਂਟਰ ਤੇ ਸਿਰਫ਼ 16% ਕਮਿਊਨਿਟੀ ਹੈਲਥ ਸੈਂਟਰ ਹੀ ਪੈਮਾਨਾ-ਪੂਰਤੀ ਕਰਦੇ ਹਨ। ਜੇ ਭਾਰਤ ਨੂੰ ਗ਼ਰੀਬ ਮਰੀਜ਼ਾਂ ਦੀ ਰਾਜਧਾਨੀ ਕਹਿ ਲਿਆ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਭਾਰਤ 'ਚ ਇਸ ਸਮੇਂ ਲਗਭਗ 6 ਕਰੋੜ ਸ਼ੂਗਰ ਰੋਗੀ ਹਨ, ਇੱਥੇ 18 ਸਾਲ ਤੋਂ ਵੱਧ ਉਮਰ ਦੇ ਹਰ ਚੌਥੇ ਵਿਅਕਤੀ ਨੂੰ ਬੀਪੀ ਦੀ ਬਿਮਾਰੀ (ਹਾਈਪਰਟੈਨਸ਼ਨ) ਹੈ। ਲਗਭਗ 6 ਕਰੋੜ ਭਾਰਤੀ ਦਿਲ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਨਾਲ ਮਰਦੇ ਹਨ।

ਹਰ ਸਾਲ ਭਾਰਤ ਵਿਚ 840,000 ਤੋਂ ਵੱਧ ਬੱਚੇ ਆਪਣੀ ਜ਼ਿੰਦਗੀ ਦਾ ਪਹਿਲਾ ਸਾਲ ਪੂਰਾ ਕਰਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ। ਇਹ ਗਿਣਤੀ ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਹੈ। ਭਾਰਤ ਵਿਚ 2020 ਤਕ ਹਰ ਸਾਲ ਕੈਂਸਰ ਦੇ 17 ਲੱਖ ਤੋਂ ਵੱਧ ਨਵੇਂ ਕੇਸ ਦਰਜ ਕੀਤੇ ਜਾਂਦੇ ਹਨ। ਦੇਸ਼ ਦੀ 18 ਸਾਲ ਤੋਂ ਵੱਧ ਉਮਰ ਦੀ 10 ਫ਼ੀਸਦੀ ਤੋਂ ਵੱਧ ਅਬਾਦੀ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਤੋਂ ਪੀੜਤ ਹੈ।

ਭਾਰਤ ਤਕਰੀਬਨ 20 ਕਰੋੜ ਕੁਪੋਸ਼ਿਤ ਬੱਚਿਆਂ ਦਾ ਘਰ ਹੈ। ਇਹ ਫਰਾਂਸ ਦੀ ਪੂਰੀ ਆਬਾਦੀ ਦਾ ਤਿੰਨ ਗੁਣਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਦੁਨੀਆ ਭਰ ਵਿਚ ਲਗਭਗ ਇਕ ਅਰਬ ਲੋਕ ਅਪਾਹਜਤਾ ਨਾਲ ਰਹਿੰਦੇ ਹਨ। ਇਨ੍ਹਾਂ ਵਿਚੋਂ 40 ਤੋਂ 80 ਲੱਖ ਇਕੱਲੇ ਭਾਰਤ ਵਿਚ ਹਨ। ਅੱਧੇ ਅਪਾਹਜ ਸਿਹਤ ਦੇਖਭਾਲ ਬਰਦਾਸ਼ਤ ਨਹੀਂ ਕਰ ਸਕਦੇ।

ਭਾਰਤ ਸਰਕਾਰ ਨੇ 2025 ਤੱਕ ਸਿਹਤ ਖੇਤਰ ਵਿਚ ਮੌਜੂਦਾ ਕੁੱਲ ਜੀਡੀਪੀ ਦੇ 1.2 % ਤੋਂ ਵਧਾ ਕੇ 2.5% ਨਿਵੇਸ਼ ਕਰਨਾ ਮਿੱਥਿਆ ਹੈ ਜੋ ਫਿਰ ਵੀ ਦੁਨੀਆ ਦੀ ਔਸਤਨ 6.5% ਤੋਂ ਬਹੁਤ ਜ਼ਿਆਦਾ ਘੱਟ ਰਹੇਗਾ। 'ਲਾਂਸੇਟ' ਵਿਚ ਪ੍ਰਕਾਸ਼ਿਤ ਗਲੋਬਲ ਬਰਡਨ ਆਫ ਡਿਜ਼ੀਜ਼ ਸਟੱਡੀ ਅਨੁਸਾਰ ਭਾਰਤ ਸਿਹਤ ਸੰਭਾਲ ਤਕ ਪਹੁੰਚ ਦੇ ਮਾਮਲੇ ਵਿਚ ਇਕ ਮਾੜਾ ਪ੍ਰਦਰਸ਼ਨ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ। ਬਾਕੀ ਸਫ਼ਾ 30 'ਤੇ

# ਕਿਸੇ ਦੀ ਨਜ਼ਰ ਲੱਗੀ ਅੱਜ ਮੇਰੇ ਸੋਹਣੇ ਰੰਗਲੇ ਪੰਜਾਬ ਨੂੰ



**ਪ੍ਰੋ. ਰਣਦੀਪ ਕੌਰ ਪੰਧੇਰ**

ਪੰਜਾਬ ਗੁਰੂਆਂ-ਪੀਰਾਂ ਫ਼ਕੀਰਾਂ ਤੇ ਸੂਫ਼ੀਆਂ ਸੰਤਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਇਸ ਨੂੰ '... ਪੰਜਾਬ ਵਸਦਾ ਗੁਰਾਂ ਦੇ ਨਾਂ ਉੱਤੇ' ਕਹਿ ਕੇ ਵਡਿਆਉਂਦਾ ਹੈ। ਪੰਜਾਬ ਜਿਸ ਦੇ ਜਾਏ ਹਮੇਸ਼ਾ ਹੀ ਜ਼ਾਲਮ ਹਕੂਮਤ ਅੱਗੇ ਹਿੱਕ ਤਾਣ ਕੇ ਖੜਦੇ ਰਹੇ ਹਨ। ਇਸੇ ਲਈ ਪੰਜਾਬ ਨੂੰ ਦੇਸ਼ ਦੀ ਖੜਗ-ਭੁਜਾ ਹੋਣ ਦਾ ਮਾਣ ਹਾਸਲ ਹੈ। ਇਸ ਦੇ ਜਾਇਆਂ ਨੇ ਕਦੇ ਵੀ ਬੇਗਾਨੀ ਧੀ-ਭੈਣ ਦੀ ਇੱਜ਼ਤ ਨੂੰ ਵੀ ਕਲੰਕਿਤ ਨਹੀਂ ਹੋਣ ਦਿੱਤਾ। ਉਹ ਹਕੂਮਤਾਂ ਨਾਲ ਭਿੜ ਗਏ, ਤਸੀਹੇ ਸਹੇ ਪਰ ਕਦੇ ਵੀ ਜ਼ੁਲਮ ਅੱਗੇ ਗੋਡੇ ਨਹੀਂ ਟੇਕੇ ਅਤੇ ਦੂਜਿਆਂ ਦੀ ਰੱਖਿਆ ਲਈ ਹਮੇਸ਼ਾ ਆਪਾ ਵਾਰਦੇ ਰਹੇ ਹਨ ਤੇ ਮਜ਼ਲੂਮਾਂ ਦੀ ਢਾਲ ਬਣ ਕੇ ਖੜਦੇ ਰਹੇ ਹਨ।

ਪਰ ਅੱਜ ਮੇਰੇ ਸੋਹਣੇ ਰੰਗਲੇ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਜਾਪਦੀ ਹੈ। ਖ਼ੁਦ ਇੱਥੋਂ ਦੀਆਂ ਧੀਆਂ-ਭੈਣਾਂ ਇੱਥੋਂ ਦੇ ਹੀ ਨੌਜਵਾਨਾਂ ਅੱਗੇ ਸੁਰੱਖਿਅਤ ਨਹੀਂ ਹਨ। ਪੰਜ ਦਰਿਆਵਾਂ ਦੇ ਜਾਇਆਂ ਨੇ ਤਾਂ ਵਿਦੇਸ਼ੀ ਧਾੜਵੀਆਂ ਕੋਲੋਂ ਆਪਣੀਆਂ ਧੀਆਂ-ਭੈਣਾਂ ਦੀ ਆਬਰੂ ਬਚਾਉਣ ਖ਼ਾਤਰ ਆਪਣੀਆਂ ਜਾਨਾਂ ਤਕ ਨਿਛਾਵਰ ਕਰ ਦਿੱਤੀਆਂ ਸਨ। ਅੱਜ ਨਸ਼ਿਆਂ ਦੀ ਲਤ ਨੇ ਉਨ੍ਹਾਂ ਦੀ ਸੁਧ-ਬੁਧ ਮਾਰ ਦਿੱਤੀ ਹੈ ਅਤੇ ਉਹ ਆਪਣੇ ਸੁਨਹਿਰੇ ਅਤੀਤ ਨੂੰ ਭੁੱਲਦੇ ਜਾ ਰਹੇ ਹਨ।

ਕੁਝ ਦਿਨ ਪਹਿਲਾਂ ਮੇਰੇ ਨਾਲ ਵੀ ਇਕ ਅਜਿਹਾ ਹਾਦਸਾ ਵਾਪਰਿਆ ਜਿਸ ਨੇ ਮੈਨੂੰ ਇਹ ਸੋਚਣ 'ਤੇ ਮਜਬੂਰ ਕਰ ਦਿੱਤਾ ਕਿ ਆਖ਼ਰ ਔਰਤ ਕਿੱਥੇ ਸੁਰੱਖਿਅਤ ਹੈ? ਜੇਕਰ ਅਜੋਕੇ ਯੁੱਗ ਵਿਚ ਕੰਮਕਾਜੀ ਔਰਤਾਂ ਦਾ ਸਫ਼ਰ ਮਰਦ ਦੇ ਮੁਕਾਬਲੇ ਵਧੇਰੇ ਔਖਾ ਜਾਂ ਮੁਸ਼ਕਲ ਹੈ ਤਾਂ ਉਸ ਦਾ ਕਾਰਨ ਸਿਰਫ਼ ਘਰੇਲੂ ਕੰਮਕਾਜ ਜਾਂ ਸਮਾਜਿਕ ਪਰੰਪਰਾ ਦੀਆਂ ਬੇੜੀਆਂ ਨਹੀਂ ਹਨ। ਔਰਤ ਲਈ ਕੰਮਕਾਜੀ ਹੋਣਾ ਸਮੇਂ ਦੀ ਜ਼ਰੂਰਤ ਵੀ ਹੈ ਅਤੇ ਸਥਿਤੀਆਂ ਦੇ ਮੁਤਾਬਕ ਇਹ ਵਧੇਰੇ ਚੁਣੌਤੀਪੂਰਨ ਵੀ ਹੋ ਗਿਆ ਹੈ। ਹੋਇਆ ਇਹ ਕਿ ਕੁਝ ਦਿਨ ਪਹਿਲਾਂ ਮੈਂ ਕਿਸੇ ਕੰਮਕਾਜ ਦੇ ਸਿਲਸਿਲੇ ਵਿਚ ਚੰਡੀਗੜ੍ਹ ਗਈ।

ਵਾਪਸੀ ਉੱਤੇ ਮੁਹਾਲੀ ਦੇ ਨਜ਼ਦੀਕ ਮੈਂ ਬੱਸ ਦਾ ਇੰਤਜ਼ਾਰ ਕਰ ਰਹੀ ਸੀ। ਮੇਰੇ ਤੋਂ ਥੋੜ੍ਹੀ ਜਿਹੀ ਵਿੱਥ 'ਤੇ ਹੀ ਕੁਝ ਸਵਾਰੀਆਂ ਹੋਰ ਵੀ ਖੜ੍ਹੀਆਂ ਸਨ ਕਿ ਅਚਾਨਕ ਇਕ ਕਾਰ ਮੇਰੇ ਕੋਲ ਆ ਕੇ ਰੁਕੀ। ਉਸ ਵਿੱਚੋਂ ਇਕ ਨੌਜਵਾਨ ਨੇ ਮਿੰਨਤ ਜਿਹੀ ਕਰਦੇ ਹੋਏ ਕਿਹਾ, "ਮੈਡਮ, ਮੇਰਾ ਫੋਨ ਬੈਟਰੀ ਘੱਟ ਹੋਣ ਕਾਰਨ ਬੰਦ ਹੋ ਗਿਆ ਹੈ, ਮੇਰੀ ਮਾਂ ਮੇਰੇ ਨਿੱਕੇ ਬੇਟੇ ਨਾਲ ਫਾਜ਼ਿਲਕਾ ਤੋਂ ਆ ਰਹੀ ਹੈ, ਮੈਂ ਉਨ੍ਹਾਂ ਨੂੰ ਇਸੇ ਬੱਸ ਸਟਾਪ 'ਤੇ ਰੁਕਣ ਲਈ ਕਿਹਾ ਸੀ ਪਰ ਮੇਰਾ ਫੋਨ ਬੰਦ ਹੋ ਗਿਆ ਹੈ। ਕੀ ਤੁਸੀਂ ਆਪਣੇ ਫੋਨ ਤੋਂ ਉਨ੍ਹਾਂ ਨੂੰ ਇਕ ਵਾਰ ਫੋਨ ਕਰ ਦਿਓਗੇ? ਮੈਂ ਪਹਿਲਾਂ ਮਨਾ ਕੀਤਾ ਪਰ ਦੋ-ਤਿੰਨ ਮਿੰਟ ਬਾਅਦ ਉਹੀ ਮੁੰਡਾ ਫਿਰ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, ਮੈਡਮ ਮਿੰਨਤ ਵਾਲੀ ਗੱਲ ਹੈ, ਇਕ ਫੋਨ ਕਰਵਾ ਦਿਉ। ਇਸ ਵਾਰ ਦੀ ਗੱਲ ਸੁਣ ਕੇ ਮੈਨੂੰ ਲੱਗਾ ਕਿ ਸ਼ਾਇਦ ਉਹ ਸੱਚੀਂ ਪ੍ਰੇਸ਼ਾਨ ਹੈ। ਉਸ ਲੜਕੇ ਨੇ ਜੋ ਨੰਬਰ ਦਿੱਤਾ ਮੈਂ ਆਪਣੇ ਫੋਨ ਤੋਂ ਡਾਇਲ ਕੀਤਾ। ਇਸ ਦੌਰਾਨ ਮੈਂ ਆਪਣੇ ਮਨ ਵਿਚ ਸੋਚ ਰਹੀ ਸੀ ਕਿ ਮੈਂ ਆਪਣਾ ਫੋਨ ਇਹਨੂੰ ਬਿਲਕੁਲ ਵੀ ਨਹੀਂ ਫੜਾਵਾਂਗੀ ਅਤੇ ਖ਼ੁਦ ਹੀ ਗੱਲ ਕਰਾਂਗੀ। ਕੀ ਪਤਾ ਕਿ ਇਹ ਮੇਰਾ ਫੋਨ ਲੈ ਕੇ ਹੀ ਨਾ ਭੱਜ ਜਾਵੇ। ਉਸ ਨੰਬਰ 'ਤੇ ਕਿਸੇ ਨੇ ਵੀ ਫੋਨ ਨਹੀਂ ਚੁੱਕਿਆ।

ਇਸ ਬਾਬਤ ਮੈਂ ਉਸ ਮੁੰਡੇ ਨੂੰ ਦੱਸ ਦਿੱਤਾ ਕਿ ਤੁਹਾਡੇ ਨੰਬਰ 'ਤੇ ਕੋਈ ਵੀ ਫੋਨ ਨਹੀਂ ਚੁੱਕ ਰਿਹਾ ਤੇ ਜੇਕਰ ਉਨ੍ਹਾਂ ਦਾ ਦੁਬਾਰਾ ਫੋਨ ਆਇਆ ਤਾਂ ਮੈਂ ਦੱਸ ਦਿਆਂਗੀ ਕਿ ਤੁਸੀਂ ਇਸ ਥਾਂ 'ਤੇ ਖੜ੍ਹੇ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਹੋ। ਉਹ ਮੁੰਡਾ ਉੱਥੋਂ ਧੰਨਵਾਦ ਕਰ ਕੇ ਚਲਾ ਗਿਆ। ਤਕਰੀਬਨ ਦਸ ਮਿੰਟ ਬਾਅਦ ਹੀ ਮੈਨੂੰ ਉਸ ਫੋਨ ਤੋਂ ਦੁਬਾਰਾ ਫੋਨ ਆਇਆ।

ਉਸੇ ਲੜਕੇ ਦੀ ਆਵਾਜ਼ ਸੀ। ਕਹਿਣ ਲੱਗਾ, 'ਮੈਡਮ, ਆਪਾਂ ਦੋਵੇਂ ਕਿਤੇ ਚੱਲੀਏ।' ਮੈਂ ਸੁਣ ਕੇ ਸੁੰਨ ਰਹਿ ਗਈ। ਮੈਨੂੰ ਸਮਝ ਵੀ ਨਹੀਂ ਸੀ ਆ ਰਿਹਾ ਕਿ ਇਹ ਫੋਨ ਕਿਸਨੇ ਕੀਤਾ। ਪੁੱਛਣ 'ਤੇ ਉਸ ਲੜਕੇ ਨੇ ਕਿਹਾ ਕਿ ਹੁਣੇ ਤਾਂ ਤੁਸੀਂ ਮੈਨੂੰ ਦਸ ਮਿੰਟ ਪਹਿਲਾਂ ਆਪਣਾ ਨੰਬਰ ਦਿੱਤਾ ਹੈ। ਮੈਂ ਬਿਲਕੁਲ ਹੈਰਾਨ ਰਹਿ ਗਈ। ਦਰਅਸਲ, ਇਹ ਉਸ ਲੜਕੇ ਦੀ ਮੇਰੇ ਤੋਂ ਨੰਬਰ ਲੈਣ ਦੀ ਚਾਲ ਸੀ। ਮੈਂ ਉਸ ਮੁੰਡੇ ਨੂੰ ਬਹੁਤ ਬੁਰਾ-ਭਲਾ ਬੋਲਿਆ ਅਤੇ ਫੋਨ ਕੱਟ ਦਿੱਤਾ। ਪਰ ਉਹ ਮੁੰਡਾ ਮੈਨੂੰ ਪੰਜ-ਪੰਜ ਮਿੰਟ ਬਾਅਦ ਦੁਬਾਰਾ ਫੋਨ ਕਰਦਾ ਰਿਹਾ। ਮੈਂ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਗਈ। ਸ਼ਾਮੀਂ ਘਰ ਆਉਣ 'ਤੇ ਮੈਂ ਸਾਰੀ ਗੱਲ ਆਪਣੇ ਪਤੀ ਨੂੰ ਦੱਸੀ। ਉਨ੍ਹਾਂ ਨੇ ਜਦੋਂ ਆਪਣੇ ਫੋਨ ਤੋਂ ਉਸ ਮੁੰਡੇ ਨੂੰ ਫੋਨ ਕੀਤਾ ਤਾਂ ਉਹਦਾ ਕਹਿਣਾ ਸੀ ਕਿ ਤੁਹਾਡੀ ਪਤਨੀ ਨੇ ਹੀ ਮੈਨੂੰ ਆਪਣਾ ਨੰਬਰ ਦਿੱਤਾ ਹੈ। ਇਹ ਤਾਂ ਸ਼ੁਕਰ ਹੈ ਰੱਬ ਦਾ ਕਿ ਸਾਡਾ ਰਿਸ਼ਤਾ ਮੁਕੰਮਲ ਵਿਸ਼ਵਾਸ 'ਤੇ ਬਣਿਆ ਹੋਇਆ ਹੈ ਅਤੇ ਸਾਨੂੰ ਕਿਸੇ ਨੂੰ ਵੀ ਕਿਸੇ ਵੀ ਗੱਲ ਲਈ ਸਫ਼ਾਈਆਂ ਦੇਣ ਦੀ ਜ਼ਰੂਰਤ ਨਹੀਂ।

ਇਨ੍ਹਾਂ ਨੇ ਉਸ ਮੁੰਡੇ ਨੂੰ ਫੋਨ 'ਤੇ ਕਿਹਾ ਕਿ ਤੂੰ ਜਿਸ ਕੁੜੀ ਨੂੰ ਫੋਨ ਕਰ ਰਿਹਾ ਹੈ, ਉਹ ਮੇਰੀ ਪਤਨੀ ਹੈ ਤੇ ਇਕ ਬੱਚੇ ਦੀ ਮਾਂ ਹੈ। ਇਸ ਨੰਬਰ 'ਤੇ ਜੇਕਰ ਤੂੰ ਦੁਬਾਰਾ ਫੋਨ ਕੀਤਾ ਤਾਂ ਅਸੀਂ ਥਾਣੇ ਵਿਚ ਜਾ ਕੇ ਸ਼ਿਕਾਇਤ ਕਰਾਂਗੇ। ਇਨ੍ਹਾਂ ਦਾ ਸਖ਼ਤ ਰਵੱਈਆ ਦੇਖ ਕੇ ਉਹ ਲੜਕਾ ਡਰ ਗਿਆ ਤੇ ਮਾਫ਼ੀ ਮੰਗਦੇ ਹੋਏ ਕਹਿਣ ਲੱਗਿਆ ਕਿ ਉਹ ਹੁਣ ਕਦੇ ਵੀ ਦੁਬਾਰਾ ਪ੍ਰੇਸ਼ਾਨ ਨਹੀਂ ਕਰੇਗਾ। ਅਣਕਿਆਸੀ ਬਿਪਤਾ ਤੋਂ ਛੁਟਕਾਰਾ ਪਾ ਕੇ ਮੈਨੂੰ ਬੇਹੱਦ ਸਕੂਨ ਮਿਲਿਆ।

ਜੇ ਉਹ ਲੜਕਾ ਨਾ ਹਟਦਾ ਤਾਂ ਸਾਨੂੰ ਸਾਈਬਰ ਕ੍ਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਉਣੀ ਪੈਣੀ ਸੀ ਜਿਸ ਕਾਰਨ ਉਸ ਦਾ ਭਵਿੱਖ ਧੁੰਦਲਾ ਹੋ ਜਾਣਾ ਸੀ। ਇਸ ਸਾਰੇ ਘਟਨਾਕ੍ਰਮ ਦਾ ਮੇਰੇ ਮਨ ਉੱਤੇ ਬਹੁਤ ਡੂੰਘਾ ਅਸਰ ਹੋਇਆ ਹੈ। ਇਕ ਸਵਾਲ ਮੇਰੇ ਮਨ ਵਿਚ ਉਦੋਂ ਤੋਂ ਵਾਰ-ਵਾਰ ਘੁੰਮ ਰਿਹਾ ਹੈ ਕਿ ਆਖ਼ਰ ਔਰਤ ਕਿੱਥੇ ਸੁਰੱਖਿਅਤ ਹੈ?

ਮੇਰੇ ਵਰਗੀਆਂ ਕੰਮਕਾਜੀ ਔਰਤਾਂ ਜਿਨ੍ਹਾਂ ਨੂੰ ਇਕ ਦਹਾਕਾ ਸਫ਼ਰ ਕਰਦੇ ਹੋਏ ਬੀਤ ਗਿਆ ਹੈ, ਜਦੋਂ ਉਨ੍ਹਾਂ ਨਾਲ ਅਜਿਹੇ ਹਾਦਸੇ ਵਾਪਰ ਸਕਦੇ ਹਨ ਤਾਂ ਸਾਡੀਆਂ ਬੱਚੀਆਂ ਨੂੰ ਨਿਸ਼ਾਨਾ ਬਣਾਉਣਾ ਕਿੰਨਾ ਕੁ ਔਖਾ ਹੈ?

ਇਸ ਲਈ ਮੇਰੀ ਸਾਰਿਆਂ ਨੂੰ ਗੁਜ਼ਾਰਿਸ਼ ਹੈ ਕਿ ਆਪਣੇ ਪਰਿਵਾਰ ਦੀਆਂ ਔਰਤਾਂ ਉੱਤੇ ਵਿਸ਼ਵਾਸ ਕਰੋ ਤਾਂ ਜੋ ਉਹ ਆਪਣੇ ਨਾਲ ਵਾਪਰਨ ਵਾਲੀ ਹਰ ਘਟਨਾ ਦੀ ਜਾਣਕਾਰੀ ਤੁਹਾਨੂੰ ਘਰ ਆ ਕੇ ਦੇਣ ਅਤੇ ਅਜਿਹੇ ਗ਼ੈਰ-ਸਮਾਜਿਕ ਅਨਸਰਾਂ ਦੇ ਮਨਸੂਬਿਆਂ ਨੂੰ ਕਾਮਯਾਬ ਹੋਣ ਤੋਂ ਰੋਕਿਆ ਜਾ ਸਕੇ ਅਤੇ ਸਾਡੀਆਂ ਧੀਆਂ-ਭੈਣਾਂ ਸੁਰੱਖਿਅਤ ਰਹਿਣ ਅਤੇ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ ਅਤੇ ਹਾਂ, ਆਪਣੀਆਂ ਧੀਆਂ ਨੂੰ ਸਵੈ-ਰੱਖਿਆ ਦੇ ਗੁਰ ਜ਼ਰੂਰ ਸਿਖਾਓ ਤਾਂ ਜੋ ਉਹ ਸੁਰੱਖਿਅਤ ਤੌਰ 'ਤੇ ਸਮਾਜ ਵਿਚ ਵਿਚਰ ਸਕਣ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**

**ਅਸ਼ੋਕ ਸੋਨੀ , ਕਾਲਮਨਵੀਸ**
**ਮੋ. 9872705078**

# ਹਰਸ਼ਦ ਮੇਹਤਾ-ਅਸਾਧਾਰਣ ਠੱਗ

***ਜਿਸਨੇ ਸ਼ਰੇਆਮ ਕਿਹਾ 'ਪ੍ਰਧਾਨ ਮੰਤਰੀ ਨੂੰ ਇਕ ਕਰੋੜ ਦਿੱਤਾ ਏ' ਬੇਹੱਦ ਦਿਲਚਸਪ, ਰੋਮਾਂਚਕ, ਸੱਚੀ ਕਹਾਣੀ.... !***

ਗੁਜਰਾਤ ਦੇ ਰਾਜਕੋਟ 'ਚ 1954 ਵਿਚ ਬੇਹੱਦ ਗਰੀਬ ਪਰਿਵਾਰ 'ਚ ਜਨਮੇ 'ਹਰਸ਼ਦ ਮੇਹਤਾ' ਬਾਰੇ ਕੌਣ ਸੋਚ ਸਕਦਾ ਸੀ ਕਿ ਉਸਦੀ ਦਿਲਚਸਪ ਜੀਵਨ ਕਹਾਣੀ ਤੇ ਫਿਲਮਾਂ ਤੱਕ ਬਣਨਗੀਆਂ। ਗੁਜਾਰੇ ਲਈ ਪਿਤਾ ਪੂਰੇ ਪਰਿਵਾਰ ਨੂੰ ਮੁੰਬਈ ਲੈ ਆਇਆ, ਕੰਮ ਨਹੀਂ ਚੱਲਿਆ ਤਾਂ ਰਾਏਪੁਰ (ਛੱਤੀਸਗੜ) ਰਹਿੰਦੇ ਰਹੇ। ਪੜਾਈ ਵਿਚ ਠੀਕ-ਠਾਕ ਮੇਹਤਾ ਨੇ ਮੁੰਬਈ ਤੋਂ ਬੀਕਾਮ ਕੀਤਾ ਤੇ ਸੀਮੈਂਟ ਵੇਚਣ ਤੇ ਫੇਰ ਬੀਮੇ ਕਰਨ ਦੇ ਛੋਟੇ-ਮੋਟੇ ਕੰਮ ਕੀਤੇ ਪਰ ਗਜਬ ਦੇ ਆਤਮਵਿਸ਼ਵਾਸ਼ ਤੇ ਬੇਹੱਦ ਤੇਜ਼ ਦਿਮਾਗ ਦੇ ਧਨੀ ਹਰਸ਼ਦ ਦੇ ਸੁਪਨੇ ਬਹੁਤ ਵੱਡੇ ਸਨ, ਬੀਮੇ-ਸ਼ੀਮੇ ਆਲਾ ਕੰਮ ਛੱਡ-ਛੱਡਾ ਕੇ, ਉਸਨੇ ਇਕ ਛੋਟੀ ਸ਼ੇਅਰ ਦਲਾਲ ਕੰਪਨੀ ਦੇ ਪਰਜੀਵਨਦਾਸ ਨੂੰ ਗੁਰੂ ਮੰਨ, ਉਸਤੋਂ ਲਗਾਤਾਰ ਤਿੰਨ ਸਾਲ ਸ਼ੇਅਰ ਬਾਜ਼ਾਰ ਦੀ ਹਰੇਕ ਚਾਲ, ਹਰੇਕ ਪੈਂਤਰੇ ਦਾ ਗਿਆਨ ਹਾਸਲ ਕਰ ਲਿਆ। 1984 'ਚ ਜਿੱਥੇ ਪੰਜਾਬ ਤੇ ਦੇਸ਼ ਵਿਚ ਨਫ਼ਰਤ ਦੇ ਲਾਂਬੂ ਨਾਲ ਲਾਸ਼ਾਂ ਦੇ ਢੇਰ ਲੱਗ ਰਹੇ ਸਨ, ਉੱਧਰ ਮੇਹਤਾ ਨੇ ਛੋਟੇ ਜਿਹੇ ਬ੍ਰੋਕਰ ਦੇ ਰੂਪ 'ਚ ਮੁੰਬਈ ਸਟਾਕ ਐਕਸਚੇਂਜ ਦੀ ਮੈਂਬਰਸ਼ਿਪ ਲੈ ਕੇ, ਖੋਲਕੇ ਖਾਲੀ ਜੇਬ ਤੋਂ 'ਗਰੋਮੋਰ' ਨਾਂ ਦੀ ਆਪਣੀ ਟੁਚੀ ਜਿਹੀ ਕੰਪਨੀ ਸ਼ੁਰੂ ਕੀਤੀ। ਬੇਹੱਦ ਚੁਸਤ-ਚਲਾਕ ਮੇਹਤਾ ਨੂੰ ਸ਼ੇਅਰ ਬਾਜ਼ਾਰ ਤੇ ਬੈਂਕਿੰਗ ਸਿਸਟਮ ਦੀ ਹਰੇਕ ਬਰੀਕੀ ਦਾ ਜਬਰਦਸਤ ਗਿਆਨ ਸੀ, ਇਸ ਗਿਆਨ ਦੇ ਵਰਤੋਂ ਰਾਹੀਂ ਉਸਨੇ ਚਲਾਕੀ ਨਾਲ ਅਜਿਹੀ ਠੱਗੀ ਸ਼ੁਰੂ ਕੀਤੀ ਕਿ ਗਿਣੇ ਦਿਨਾਂ 'ਚ ਈ 'ਦਲਾਲ ਸਟ੍ਰੀਟ' ਤੇ ਮੇਹਤਾ-ਮੇਹਤਾ ਹੋਣ ਲੱਗ ਪਈ।

ਦਰਅਸਲ ਉਸਨੂੰ ਪਤਾ ਸੀ ਕਿ 15 ਦਿਨਾਂ ਲਈ ਇਕ ਬੈਂਕ ਦੂਜੇ ਬੈਂਕ ਤੋਂ ਸਿਰਫ ਇਕ ਰਸੀਦ ਰਾਹੀਂ ਈ ਲੋਨ ਹਾਸਲ ਕਰ ਸਕਦਾ ਏ, ਜਿਸ ਲਈ 15 ਦਿਨਾਂ ਬਾਅਦ ਸਣੇ ਵਿਆਜ ਪੈਸੇ ਵਾਪਸ ਕਰਨੇ ਪੈਂਦੇ ਨੇ। ਦੋ ਬੈਂਕਾਂ 'ਚ ਇਸ ਕੰਮ ਲਈ ਵਿਚੋਲੀਏ ਦਾ ਹੋਣਾ ਜਰੂਰੀ ਸੀ, ਬਸ ਇਸੇ ਘੁੰਡੀ ਨੇ ਮੇਹਤਾ ਦੀ ਬੱਲੇ-ਬੱਲੇ ਕਰਵਾ ਦਿੱਤੀ। ਮੁੰਬਈ ਦੇ ਦੋ ਬੈਂਕਾਂ 'ਕਰਾਡ ਬੈਂਕ' ਤੇ ਮੈਟ੍ਰੋਪੋਲਿਟਨ ਕੋਆਪ੍ਰੇਟਿਵ ਬੈਂਕ' ਵਿਚ ਉਸਦੀ ਜਾਣ-ਪਛਾਣ ਸੀ, ਉਹ ਇਸ ਘੁੰਡੀ ਰਾਹੀਂ ਇਨਾਂ ਬੈਂਕਾਂ ਦੇ ਪੈਸਾ ਲੈਂਦਾ ਤੇ ਸਿੱਧਾ ਸ਼ੇਅਰ ਬਾਜ਼ਾਰ 'ਚ ਲਾ ਦਿੰਦਾ, ਉਸ ਸਮੇਂ ਹਾਲਾਤ ਇਹ ਸਨ ਕਿ ਕੋਈ ਵੀ ਸ਼ੇਅਰ ਲੇ ਲਓ, ਪੈਸੇ ਵੱਧਦੇ ਸਨ, ਉਹ 15 ਦਿਨ ਬਾਅਦ ਸਣੇ ਵਿਆਜ ਪੈਸੇ ਜਮਾਂ ਕਰਵਾ ਦਿੰਦਾ ਤੇ ਹੋਰ ਚੁੱਕ ਲੈਂਦਾ, ਇਸ ਤਰਾਂ ਉਹ ਸਟੇਟ ਬੈਂਕ ਸਣੇ ਹੋਰ ਬੈਕਾਂ ਦੇ ਵੱਡੇ ਪੈਸੇ ਵੀ ਇਸੇ ਸਕੀਮ ਰਾਹੀਂ ਵਰਤ ਲੈਂਦਾ ਤੇ ਵੱਡੀ ਕਮਾਈ ਕਰਨ ਲੱਗ ਪਿਆ, ਉਸਨੂੰ ਕੁੱਝ ਹੀ ਸਮੇਂ 'ਚ ਸ਼ੇਅਰ ਬਾਜ਼ਾਰ ਦਾ 'ਝੋਟਾ' ਕਿਹਾ ਜਾਣ ਲੱਗ ਪਿਆ। ਉਹ ਜਿਆਦਾ ਚਰਚਾ 'ਚ ਉਦੋਂ ਆਇਆ, ਜਦੋਂ ਉਸਨੇ 'ਏਸੀਸੀ ਸੀਮੈਂਟ' ਦੇ ਸ਼ੇਅਰ ਲਏ, ਉਸਦੇ ਖਰੀਦੇ 200 ਰੁਪਈਏ ਕੀਮਤ ਵਾਲਾ ਸ਼ੇਅਰ, ਜਦੋਂ ਇਕਦਮ 9000 ਦਾ ਹੋ ਗਿਆ ਤਾਂ ਉਸਦੇ ਈ ਨਹੀਂ ਕੰਪਨੀ ਦੇ ਵੀ ਵਾਰੇ-ਨਿਆਰੇ ਹੋ ਗਏ। ਹੁਣ ਤਾਂ ਲੋਕ ਉਸਦੇ ਭਗਤ ਬਣ ਗਏ, ਲੋਕ ਉਹੀ ਸ਼ੇਅਰ ਖਰੀਦਦੇ, ਜੋ ਮੇਹਤਾ ਦੀ ਕੰਪਨੀ ਲੈਂਦੀ। ਝੌਂਪੜੇ 'ਚ ਰਹਿਣ ਵਾਲੇ ਮੇਹਤਾ ਕੋਲ ਹੁਣ ਮੁੰਬਈ ਦੀ ਸਭ ਤੋਂ ਮਹਿੰਗੀ ਥਾਂ ਤੇ ਵੱਡਾ ਬੰਗਲਾ ਤੇ ਮਹਿੰਗੀਆਂ ਗੱਡੀਆਂ ਦੀ ਫੌਜ ਸੀ, ਹੁਣ ਤਾਂ ਉਸਨੂੰ 'ਪਾਰਸ' ਕਿਹਾ ਜਾਣ ਲੱਗ ਪਿਆ, ਵੱਡੇ-ਵੱਡੇ ਲੋਕ ਉਸਨੂੰ ਮਿਲਣ ਲਈ ਤਰਸਦੇ ਰਹਿੰਦੇ। ਕਿਸੇ ਸਮੇਂ ਕੋਡੀ-ਕੋਡੀ ਨੂੰ ਤਰਸਦਾ ਸ਼ਖਸ ਕੁੱਝ ਹੀ ਸਮੇਂ ਵਿਚ ਵੱਡੇ-ਵੱਡੇ ਰਾਜਨੀਤਕ ਲੀਡਰਾਂ ਨੂੰ ਵੱਡਾ ਚੰਦਾ ਦੇਣ ਲੱਗ ਪਿਆ ਸੀ।

ਉਸਦੀ ਅਸਾਧਾਰਣ ਸਫਲਤਾ ਦੀ ਵੱਡੀ ਚਮਕ-ਦਮਕ ਤੇ ਹੁੱਲੜਬਾਜ਼ੀ 'ਚ ਉਸਨੂੰ ਪਤਾ ਹੀ ਨੀਂ ਲੱਗਾ ਕਿ ਟਾਈਮਜ਼ ਆਫ ਇੰਡੀਆ ਦੀ ਇਕ ਬੇਹੱਦ ਪੜੀ-ਲਿਖੀ, ਹੁਸ਼ਿਆਰ, ਇਮਾਨਦਾਰ ਤੇ ਮਿਹਨਤੀ ਬਿਜਨਸ ਪੱਤਰਕਾਰ 'ਸੁਚੇਤਾ ਦਲਾਲ' ਉਸਦੇ ਕੀਤੇ ਘੁਟਾਲਿਆਂ ਤੇ ਚਲਾਕੀ ਦਾ ਕੱਚਾ ਚਿੱਠਾ ਤਿਆਰ ਕਰ ਰਹੀ ਹੈ। 1992 'ਚ ਜਦੋਂ ਟਾਈਮਜ਼ ਆਫ ਇੰਡੀਆ ਵਿਚ ਇਸ ਇਮਾਨਦਾਰ ਪੱਤਰਕਾਰ ਨੇ ਆਪਣੀ ਸਖ਼ਤ ਮਿਹਨਤ ਨਾਲ ਆਪਣੇ ਜ਼ਬਰਦਸਤ ਆਰਟੀਕਲ ਰਾਹੀਂ ਸਣੇ ਸਬੂਤਾਂ ਹਰਸ਼ਦ ਮੇਹਤਾ ਦੀ ਬੈਂਕਾਂ ਨਾਲ ਮਾਰੀ ਠੱਗੀ ਦਾ ਪਰਦਾਫਾਸ਼ ਕਰ ਦਿੱਤਾ, ਸੜਕ ਤੋਂ ਲੈਕੇ ਸੰਸਦ ਤੱਕ ਹੰਗਾਮਾ ਹੋ ਗਿਆ। ਹੁਣ ਬੈਂਕ ਆਪਣਾ ਪੈਸਾ ਵਾਪਸ ਮੰਗਣ ਲੱਗ ਪਏ, ਸ਼ੇਅਰ ਬਾਜ਼ਾਰ ਡਿੱਗਣ ਲੱਗ ਪਿਆ ਤਾਂ ਮੇਹਤਾ ਪੈਸੇ ਵਾਪਸ ਕਰਨ ਵਿਚ ਅਸਮਰੱਥ ਹੋ ਗਿਆ, ਆਮ ਲੋਕਾਂ ਤੇ ਬੈਕਾਂ ਨੇ ਮੇਹਤਾ ਤੇ ਸੈਂਕੜੇ ਕੇਸ ਕਰ ਦਿੱਤੇ, ਦਰਅਸਲ ਮੇਹਤਾ ਅਖਬਾਰਾਂ 'ਚ ਕਾਲਮ ਲਿਖ ਕੇ ਵੀ ਲੋਕਾਂ ਨੂੰ ਦੱਸਦਾ ਸੀ ਕਿ ਕਿੱਥੇ ਪੈਸਾ ਲਾਉਣੇ, ਜਦਕਿ ਅਸਲ ਵਿਚ ਉਹ ਉਸੇ ਥਾਂ ਪੈਸਾ ਲਵਾਉਂਦਾ, ਜਿੱਥੇ ਉਸਦਾ ਆਪਣਾ ਪੈਸਾ ਲਾਇਆ ਹੁੰਦਾ, ਲੋਕਾਂ ਦੇ




ਵੀ ਪੈਸੇ ਡੁੱਬ ਗਏ। 4000 ਕਰੋੜ ਦੇ ਘੋਟਾਲੇ ਨਾਲ ਦੇਸ਼ ਹਿੱਲ ਗਿਆ, ਚੱਲਦੇ ਕੇਸਾਂ ਦੌਰਾਨ ਮੇਹਤਾ ਤੇ ਉਸਦੇ ਭਰਾ ਨੂੰ ਜੇਲ ਜਾਣਾ ਪਿਆ। ਉਸ ਤੋਂ ਬਾਅਦ ਹੀ ਦੇਸ਼ 'ਚ ਸ਼ੇਅਰ ਮਾਰਕੀਟ ਤੇ ਸਰਕਾਰ ਨੇ 'ਸੇਬੀ' (ਰੈਗੂਲੇਟਰੀ ਕਮਿਸ਼ਨ) ਦਾ ਗਠਨ ਕਰਕੇ ਸਰਕਾਰੀ ਨਿਯਮਾਂ ਦੀ ਨਿਗਰਾਨੀ ਤੈਅ ਕਰ ਦਿੱਤੀ।

ਤਿੰਨ ਮਹੀਨੇ ਬਾਅਦ 1993 'ਚ ਜਮਾਨਤ 'ਤੇ ਬਾਹਰ ਆਏ ਮੇਹਤਾ ਨੇ ਦੇਸ਼ ਦੇ ਬੇਹੱਦ ਵੱਡੇ ਵਕੀਲ ਮਰਹੂਮ ਰਾਮ ਜੇਠਮਲਾਨੀ ਨਾਲ ਬੈਠ ਇਕ ਪ੍ਰੈੱਸ ਕਾਨਫਰੰਸ ਕਰਕੇ ਪੂਰੇ ਦੇਸ਼ ਨੂੰ ਹਿਲਾ ਦਿੱਤਾ, ਉਸਨੇ ਕਿਹਾ ਸੀ, 'ਮੈਂ ਮਾਮਲੇ ਨੂੰ ਰਫਾ-ਦਫਾ ਕਰਨ ਲਈ ਪ੍ਰਧਾਨ ਮੰਤਰੀ ਪੀਵੀ ਨਰਸਿਮਾ ਰਾਓ ਨੂੰ ਇਕ ਕਰੋੜ ਰੁਪਈਆ ਦਿੱਤਾ ਏ, ਮੈਂ ਸੂਟਕੇਸ 'ਚ ਪ੍ਰਧਾਨ ਮੰਤਰੀ ਹਾਊਸ 'ਚ ਪਹਿਲੇ ਦਿਨ 67 ਲੱਖ ਰੁਪਈਆ ਲਿਜਾ ਕਿ ਪੀਏ ਰਾਮ ਖੰਡੇਕਰ ਨੂੰ ਦਿੱਤਾ ਤੇ ਪ੍ਰਧਾਨ ਮੰਤਰੀ ਨੂੰ ਸ਼ੇਅਰ ਬਾਜ਼ਾਰ 'ਚ ਪੈਸੇ ਕਮਾਉਣ ਦੇ ਟ੍ਰਿਕ ਵੀ ਦੱਸੇ ਤੇ ਬਾਕੀ 33 ਲੱਖ ਅਗਲੇ ਦਿਨ ਭੇਜੇ'। ਪੂਰੇ ਦੇਸ਼ 'ਚ ਬਹੁਤ ਹੰਗਾਮਾ ਹੋਇਆ, ਦੋਸ਼ ਲੱਗਾ ਕਿ ਇਹ ਪੈਸੇ ਉਨਾਂ ਆਂਧਰਾ ਪ੍ਰਦੇਸ਼ ਦੀ ਨਾਂਦਿਆਲ ਲੋਕ ਸਭਾ ਦੀ ਜਿਮਨੀ ਚੋਣ 'ਚ ਵਰਤੇ ਨੇ। ਪਰ ਦੋਸ਼ ਸਾਬਤ ਨਾ ਹੋਏ, ਨਾ ਈ ਨਰਸਿਮਾ ਰਾਓ ਨੂੰ ਰਿਸ਼ਵਤ ਲੈਣ ਲਈ ਤੇ ਨਾ ਹੀ ਕਦੇ ਮੇਹਤਾ ਨੂੰ ਝੂਠੇ ਦੋਸ਼ ਲਾਉਣ ਲਈ ਸਜਾ ਹੋਈ, ਹਾਲਾਂਕਿ ਕਾਂਗਰਸ ਨੇ ਇਨਾਂ ਦੋਸ਼ਾਂ ਖਿਲਾਫ ਸਖਤ ਪ੍ਰਤੀਕਰਮ ਦਿੱਤਾ ਪਰ ਮਰਹੂਮ ਨਰਸਿਮਾ ਰਾਓ ਦੀ ਚੁੱਪੀ ਪੂਰੇ ਦੇਸ਼ ਨੂੰ ਹੈਰਾਨ ਕਰਦੀ ਰਹੀ। ਮੇਹਤਾ ਖਿਲਾਫ ਸਿਰਫ ਇਕ ਕੇਸ 'ਚ ਸਬੂਤ ਮਿਲੇ ਤੇ ਸੁਪਰੀਮ ਕੋਰਟ 'ਚ ਉਸਨੂੰ ਸਿਰਫ 25000 ਦਾ ਜੁਰਮਾਨਾ ਤੇ ਪੰਜ ਸਾਲ ਸਜਾ ਹੋਈ। ਮੇਹਤਾ ਨੂੰ ਹਰ ਚੀਜ ਦੀ ਜਲਦੀ ਹੀ ਸੀ, ਸ਼ਾਇਦ ਮੌਤ ਦੀ ਵੀ, 31 ਦਸੰਬਰ 2001 ਦੀ ਰਾਤ ਨੂੰ 47 ਸਾਲ ਦੀ ਉਮਰ 'ਚ ਉਸਨੂੰ ਤਿਹਾੜ ਜੇਲ 'ਚ ਛਾਤੀ ਵਿਚ ਦਰਦ ਹੋਇਆ, ਹਸਪਤਾਲ ਲੈ ਕੇ ਗਏ ਪਰ ਉਸਦੀ ਇਕਦਮ ਰਹੱਸਮਈ ਮੌਤ ਹੋ ਗਈ। ਅੱਜ ਦੀ ਘੜੀ ਹਰਸ਼ਦ ਮੇਹਤਾ ਦੇ ਪਰਿਵਾਰ ਨੇ ਬੈਂਕਾਂ ਦੇ ਪੈਸੇ ਭਰਕੇ ਲਗਭਗ ਸਾਰੇ ਕੇਸ ਨਿਬੇੜ ਛੱਡੇ ਨੇ ਤੇ ਉਸਦਾ ਭਰਾ ਤੇ ਪੁੱਤਰ ਚੰਗਾ ਬਿਜ਼ਨਸ ਵੀ ਚਲਾ ਰਹੇ ਨੇ। ਵਿਲੱਖਣ ਪੱਤਰਕਾਰ ਸੁਚੇਤਾ ਦਲਾਲ ਨੇ ਇਹ ਇਕ ਈ ਨਹੀਂ ਸਗੋਂ ਸੀਆਰ ਭੰਸਾਲੀ ਘੋਟਾਲਾ, ਇਨਰੋਨ ਘੋਟਾਲਾ, ਆਈਡੀਬੀਆਈ ਘੋਟਾਲਾ ਤੇ ਕੇਤਨ ਪਾਰੇਖ ਘੋਟਾਲਾ, ਵਰਗੇ ਅਣਗਿਣਤ ਘੁਟਾਲਿਆਂ ਦਾ ਬਿਨਾਂ ਡਰੇ ਬੇਬਾਕੀ ਨਾਲ ਪਰਦਾਫਾਸ਼ ਕੀਤਾ ਤਾਂ 2005 'ਚ ਇਸ ਅਸਾਧਾਰਣ ਔਰਤ ਨੂੰ 'ਪਦਮਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ। ਹਰਸ਼ਦ ਮੇਹਤਾ ਤੇ ਕਈ ਕਿਤਾਬਾਂ, ਮਸ਼ਹੂਰ ਵੈਬਸੀਰੀਜ ਤੇ ਫਿਲਮ ਤੱਕ ਬਣ ਚੁੱਕੀ ਏ ਪਰ ਮੈਂ ਚਾਹੁੰਦਾ ਹਾਂ ਕਿ ਮੇਰੇ ਦੇਸ਼ 'ਚ ਨੈਤਿਕਤਾ ਦੇ ਅਸਲ ਨਾਇਕ 'ਸੁਚੇਤਾ ਦਲਾਲ' ਵਰਗਿਆਂ ਨੂੰ ਨਾਇਕ ਵਜੋਂ ਪੇਸ਼ ਕਰਕੇ ਪ੍ਰਸਿੱਧੀ ਦੇਣੀ ਚਾਹੀਦੀ ਏ ਤਾਂ ਜੋ ਨੌਜਵਾਨਾਂ ਦਾ ਆਦਰਸ਼ 'ਹਰਸ਼ਦ ਮੇਹਤਾ' ਵਰਗੇ ਸ਼ਾਤਰ ਦਿਮਾਗ ਨਹੀਂ ਸਗੋਂ 'ਸੁਚੇਤਾ ਦਲਾਲ' ਵਰਗੇ ਇਮਾਨਦਾਰ ਅਸਾਧਾਰਣ ਮਹਾਂਨਾਇਕ ਹੋਣ...!

---

# ਬੇਪ੍ਰਵਾਹ ਅਤੇ ਲਾਪ੍ਰਵਾਹ



**ਡਾ. ਦਿਲਵਰ ਸਿੰਘ**

ਬੇਪ੍ਰਵਾਹ ਸ਼ਬਦ ਗੁਰਬਾਣੀ ਵਿਚ ਕਈ ਵਾਰ ਅਤੇ ਵੱਖ-ਵੱਖ ਅਰਥਾਂ ਵਿਚ ਆਇਆ ਹੈ। ਗੁਰਬਾਣੀ ਵਿਚ ਇਹ ਸ਼ਬਦ ਅਕਾਲ ਪੁਰਖ, ਗੁਰੂ ਅਤੇ ਸਿਖ ਵਾਸਤੇ ਵਰਤਿਆ ਗਿਆ ਹੈ। ਗੁਰਬਾਣੀ ਦਾ ਆਦਰਸ਼ ਮਨੁਖ ਗੁਰਮੁਖ ਹੈ ਇਸ ਕਰਕੇ ਗੁਰਮੁਖ ਨੂੰ ਬਾਣੀ ਵਿਚ ਬੇਪ੍ਰਵਾਹ ਆਖਿਆ ਗਿਆ ਹੈ। ਲਾਪ੍ਰਵਾਹ ਸ਼ਬਦ ਅਸਿਧੇ ਤੌਰ 'ਤੇ ਗੁਰਬਾਣੀ ਵਿਚ ਅਨੇਕਾਂ ਵਾਰੀ ਵਰਤਿਆ ਗਿਆ ਹੈ। ਗੁਰਬਾਣੀ ਅਨੁਸਾਰ ਮਨੁਖ ਆਪਣੇ ਜੀਵਨ ਦੇ ਉਦੇਸ਼ ਨੂੰ ਨਾ ਸਮਝਣ ਕਰਕੇ ਲਾਪ੍ਰਵਾਹ ਅਖਵਾਉਂਦਾ ਹੈ। 'ਬੇ' ਅਤੇ 'ਲਾ' ਦਾ ਅਰਥ ਬਿਨਾਂ, ਬਗੈਰ, ਰਹਿਤ ਆਦਿ ਹੈ। ਪ੍ਰਵਾਹ ਸ਼ਬਦ ਫ਼ਾਰਸੀ ਦੇ 'ਪਰਵਾ' ਤੋਂ ਬਣਿਆ ਹੈ ਜਿਸ ਦਾ ਭਾਵ ਹੈ 'ਇਛਾ' (ਮਹਾਨ ਕੋਸ਼)। ਸੋ ਇਛਾ ਰਹਿਤ ਨੂੰ ਬੇਪ੍ਰਵਾਹ ਆਖਿਆ ਗਿਆ ਹੈ। ਇਛਾਵਾਂ ਪਿਛੇ ਲਗ ਕੇ ਜੀਵਨ ਦੇ ਉਦੇਸ਼ ਨੂੰ ਵਿਸਾਰਨ ਵਾਲੇ ਨੂੰ ਲਾਪ੍ਰਵਾਹ ਆਖਿਆ ਜਾਂਦਾ ਹੈ।ਗੁਰਬਾਣੀ ਅਨੁਸਾਰ ਗੁਰਮੁਖ ਇਛਾਵਾਂ ਤੋਂ ਰਹਿਤ ਹੈ ਇਸ ਕਰਕੇ 'ਬੇਪਰਵਾਹ' ਹੈ।ਮਨਮੁਖ ਤਵਜਹ(ਤਵਜੋਂ) ਰਹਿਤ, ਧਿਆਨ ਰਹਿਤ ਹੈ : ਇਸ ਕਰਕੇ ਉਸਨੂੰ 'ਲਾਪ੍ਰਵਾਹ' ਆਖਿਆ ਗਿਆ ਹੈ। ਲਾਪ੍ਰਵਾਹ ਸ਼ਬਦ ਉਸੇ ਤਰਾਂ ਘੜਿਆ ਗਿਆ ਹੈ ਜਿਵੇਂ ਲਾ-ਸ਼ਰੀਕ, ਲਾ-ਦਾਅਵਾ, ਲਾ-ਵਾਰਸ ਆਦਿ ਸ਼ਬਦ ਘੜੇ ਗਏ ਹਨ। ਮਨਮੁਖ ਲਾਪ੍ਰਵਾਹ ਹੈ ਕਿਉਂਕਿ ਉਹ ਮਨੁਖਾ ਜਨਮ ਰੂਪੀ ਅਮੋਲਕ ਅਵਸਰ ਨੂੰ ਕੋਈ ਤਵਜਹ ਨਹੀਂ ਦਿੰਦਾ।ਮਨਮੁਖ ਸਾਵਧਾਨਤਾ ਰਹਿਤ, ਬੇਧਿਆਨ, ਬੇਫ਼ਿਕਰ, ਤਾਕਤ ਰਹਿਤ, ਸ਼ਕਤੀ ਰਹਿਤ, ਟਿਕਾਅ ਰਹਿਤ, ਸਬਰ ਅਤੇ ਸੰਤੋਖ ਆਦਿ ਤੋਂ ਰਹਿਤ ਹੈ। ਗੁਰਮੁਖ ਆਪਣੇ ਜੀਵਨ ਦੇ ਉਦੇਸ਼ ਨੂੰ ਪ੍ਰਾਪਤ ਕਰਨ ਵਾਸਤੇ ਅਕਾਲ ਪੁਰਖ ਅਤੇ ਗੁਰੂ ਦੇ ਨਾਮ ਨੂੰ ਅਮਲ ਵਿਚ ਲਿਆਉਣ ਕਰਕੇ ਸੁਚਜੀ ਜੀਵ ਇਸਤਰੀ ਬਣ ਗਿਆ ਹੈ। ਜਦੋਂਕਿ ਮਨਮੁਖ ਲਾਪ੍ਰਵਾਹੀ ਵਰਤਣ ਕਰਕੇ ਕੁਚਜੀ ਜੀਵ ਇਸਤਰੀ ਸਦਵਾਉਂਦਾ ਹੈ।ਗੁਰਮੁਖ ਕਿਸੇ ਦੀ ਮੁਹਛੰਦਗੀ ਅਰਥਾਤ ਮੁਹਤਾਜੀ/ਮੁਥਾਜੀ ਵਿਚ ਨਹੀਂ ਰਹਿੰਦਾ। ਮਨਮੁਖ ਮੁਥਾਜ ਹੈ, ਮੁਹਛੰਦਗੀ ਵਾਲਾ ਜੀਵਨ ਬਤੀਤ ਕਰਦਾ ਹੈ। ਗੁਰਬਾਣੀ ਵਿਚ ਬੇਪ੍ਰਵਾਹ ਸ਼ਬਦ ਦੀ ਵਰਤੋਂ ਕਈ ਰੂਪਾਂ ਵਿਚ ਹੋਈ ਹੈ ਜਿਵੇਂ ਬੇਪ੍ਰਵਾਹ, ਬੇਪ੍ਰਵਾਹਾ, ਬੇਪਰਵਾਹੁ, ਬੇਪਰਵਾਹੇ, ਵੇਪਰਵਾਹ, ਵੇਪਰਵਾਹਾ, ਵੇਪਰਵਾਹੁ, ਵੇਪਰਵਾਹੇ, ਵੇਪਰਵਾਹੈ ਆਦਿ। ਇਹ ਸਾਰੇ ਸ਼ਬਦ ਅਕਾਲ ਪੁਰਖ, ਗੁਰੂ ਅਤੇ ਸਿੱਖ ਦੀ ਬੇਪ੍ਰਵਾਹ ਅਵਸਥਾ ਲਈ ਵਰਤੇ ਗਏ ਹਨ।ਇਹ ਸ਼ਬਦ ਮਛੰਦਗੀ ਰਹਿਤ, ਸੁਤੰਤਰ, ਫ਼ਿਕਰ ਵਿਹੂਣਤਾ, ਬੇਫ਼ਿਕਰ, ਬੇਮੁਹਤਾਜੀ, ਭੈ ਰਹਿਤ, ਖ਼ੁਦਮੁਖਤਿਆਰੀ ਆਦਿ ਅਰਥਾਂ ਦੇ ਲਖਾਇਕ ਹਨ : ਜਿਵੇਂ :

**ਵੇਪਰਵਾਹੁ ਅਗੋਚਰ ਆਪਿ॥**
**(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 896)**
**ਵੇਪਰਵਾਹ ਅਖੁਟ ਭੰਡਾਰੈ॥ (ਉਹੀ ,ਪੰਨਾ 1034)**
**ਵੇਪਰਵਾਹ ਪੂਰੈ ਭੰਡਾਰੈ॥ (ਉਹੀ,ਪੰਨਾ 1036)**
**ਜਿਸੁ ਚੀਤਿ ਆਵਹਿ ਸੋ ਵੇਪਰਵਾਹਾ॥(ਉਹੀ,ਪੰਨਾ 1073)**
**ਜਿਸੁ ਨਾਮ ਰਿਦੈ ਸੋ ਵੇਪਰਵਾਹਾ॥(ਉਹੀ,ਪੰਨਾ 1156)**
**ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸਵਾਮੀ॥**
**(ਉਹੀ,ਪੰਨਾ 711)**
**ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ॥**
**(ਉਹੀ, ਪੰਨਾ 961)**

ਇਨਾਂ ਮਹਾਂਵਾਕਾਂ ਤੋਂ ਸਪੱਸ਼ਟ ਹੈ ਕਿ ਅਕਾਲ ਪੁਰਖ ਆਪ ਵੀ ਬੇਪ੍ਰਵਾਹ ਹੈ ਅਤੇ ਜਿਸ ਦੇ ਹਿਰਦੇ ਵਿਚ ਅਕਾਲ ਪੁਰਖ ਵਸਦਾ ਹੈ ਉਹ ਵੀ ਬੇਪ੍ਰਵਾਹ ਹੋ ਜਾਂਦਾ ਹੈ। ਅਕਾਲ ਪੁਰਖ ਦਾ ਨਾਮ ਸਚੇ ਗੁਰੂ ਦੇ ਹਿਰਦੇ ਵਿਚ ਵਸਦਾ ਹੈ। ਅਕਾਲ ਪੁਰਖ ਨੇ ਗੁਰੂ ਵਿਚ ਆਪਣਾ ਆਪਾ ਰਖਿਆ ਹੈ ਇਸ ਕਰਕੇ ਗੁਰੂ ਵੀ ਬੇਪ੍ਰਵਾਹ ਹੈ ਅਤੇ ਗੁਰੂ ਦਾ ਸਿੱਖ ਵੀ ਬੇਪ੍ਰਵਾਹ ਹੈ ਕਿਉਂਕਿ ਉਸ ਦੇ ਹਿਰਦੇ ਵਿਚ ਵੀ ਗੁਰੂ ਵਲੋਂ ਦ੍ਰਿੜ ਕਰਵਾਇਆ ਹੋਇਆ ਸਚਾ ਨਾਮ ਵਸਦਾ ਹੈ। ਗੁਰਮੁਖ ਬੇਪ੍ਰਵਾਹ ਹੈ ਕਿਉਂਕਿ ਉਸ ਦੇ ਹਿਰਦੇ ਵਿਚ ਸਚਾ ਨਾਮ ਵਸਦਾ ਹੈ। ਹਿਰਦੇ ਵਿਚ ਨਾਮ ਵਸਣ ਸਦਕਾ ਉਹ ਆਪਣੇ ਅੰਦਰ ਵਿਕਾਰਾਂ ਨੂੰ ਭਾਰੂ ਨਹੀਂ ਹੋਣ ਦਿੰਦਾ। ਉਹ ਕਾਮ, ਕ੍ਰੋਧ, ਲੋਭ, ਮੋਹ, ਅਤੇ ਹੰਕਾਰ ਨੂੰ ਗੁਰੂ ਦੇ ਸ਼ਬਦ ਰਾਹੀਂ ਕਾਬੂ ਕਰਕੇ ਉਨਾਂ ਦੀ ਨਾਕਾਰਾਤਮਕ ਬਿਰਤੀ ਨੂੰ ਸਾਕਾਰਾਤਮਕ ਬਿਰਤੀ ਵਿਚ ਤਬਦੀਲ ਕਰ ਲੈਂਦਾ ਹੈ। ਉਹ ਕਾਮ ਨੂੰ ਜਤਿ ਵਿਚ, ਕਰੋਧ ਨੂੰ ਸੂਰਬੀਰਤਾ ਵਿਚ, ਲੋਭ ਨੂੰ ਕਿਰਤ ਵਿਚ, ਮੋਹ ਨੂੰ ਪ੍ਰੇਮ ਵਿਚ ਅਤੇ ਹੰਕਾਰ ਨੂੰ ਸਵੈਮਾਣ ਵਿਚ ਬਦਲ ਕੇ ਉਨਾਂ ਦੀ ਵਰਤੋਂ ਸਮਾਜ ਦੀ ਭਲਾਈ ਹਿਤ ਕਰਦਾ ਹੈ। ਵਿਕਾਰਾਂ ਦੀ ਪਹੁੰਚ ਗੁਰਮੁਖ ਤਕ ਨਹੀਂ ਹੋ ਸਕਦੀ । ਗੁਰਮੁਖ ਵਿਕਾਰਾਂ ਤੋਂ ਪਰੇ ਹੈ ਭਾਵ ਵਿਕਾਰਾਂ ਤੋਂ ਉਪਰ ਹੈ। ਉਹ ਮਾਇਆ ਵਿਚ ਰਹਿੰਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ। ਉਹ ਪ੍ਰਵਿਰਤੀ ਵਿਚੀ ਨਿਰਵਿਰਤੀ ਮਾਰਗ ਦਾ ਧਾਰਨੀ ਹੋ ਕੇ ਰਹਿੰਦਾ ਹੈ। ਇਸੇ ਕਰਕੇ ਉਹ ਬੇਪਰਵਾਹ ਹੈ। ਉਸ ਨੂੰ ਗਿਆਨ ਹੋ ਗਿਆ ਹੈ ਕਿ ਉਸ ਦਾ ਮਨੁਖਾ ਜੀਵਨ ਅਤਿ ਨਿਰਮੋਲਕ ਹੈ ਜੋ ਕੇਵਲ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਲਈ ਪ੍ਰਾਪਤ ਹੋਇਆ ਹੈ। ਉਹ ਇਸ ਨੂੰ ਅਜਾਈਂ ਨਹੀਂ ਗੁਆਉਣਾ ਚਾਹੁੰਦਾ। ਉਸ ਦੇ ਜੀਵਨ ਦੀ ਪ੍ਰਕਿਰਤੀ ਸਕਾਰਾਤਮਕ ਹੈ। ਗੁਰਮੁਖ ਸਤਿ ਸੰਗਤ ਰੂਪੀ ਮਾਨਸਰੋਵਰ ਤੇ ਹੰਸ ਦੀ ਨਿਆਈ ਵਿਚਰਦਾ ਹੈ ਅਤੇ ਸਚੇ ਗੁਰੂ ਦੇ ਉਪਦੇਸ਼ ਰੂਪੀ ਸੁਚੇ ਮੋਤੀਆਂ ਦਾ ਆਹਾਰ ਕਰਦਾ ਹੈ। ਉਸਦੇ ਜੀਵਨ ਦਾ ਉਦੇਸ਼ ਪ੍ਰਭੂ ਮਿਲਾਪ ਹੈ। ਉਹ ਜੀਵਨ ਮੁਕਤ ਹੈ। ਮਾਇਆ ਦਾ ਪ੍ਰਭਾਵ ਉਸਨੂੰ ਉਸਦੇ ਜੀਵਨ ਮਨੋਰਥ ਦੇ ਰਾਹ ਤੋਂ ਲਾਂਭੇ ਨਹੀਂ ਕਰ ਸਕਦਾ। ਉਹ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਸਚੇ ਗੁਰੂ ਤੋਂ ਅਕਾਲ ਪੁਰਖ ਦਾ ਨਾਮ ਪ੍ਰਾਪਤ ਕਰਕੇ ਗੁਰੂ ਦੇ ਦਿਤੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕਰਕੇ ਸਤਿ ਸੰਗਤ, ਸੇਵਾ, ਸਿਮਰਨ, ਪਰਉਪਕਾਰ ਆਦਿ ਕਰਦਾ ਹੋਇਆ ਆਪਣਾ ਜੀਵਨ ਬਤੀਤ ਕਰਦਾ ਹੈ ਅਤੇ ਪ੍ਰਭੂ ਵਿਚ ਅਭੇਦ ਹੋ ਜਾਂਦਾ ਹੈ। ਉਸ ਦਾ ਆਵਾਗਮਨ ਦਾ ਚਕਰ ਖਤਮ ਹੋ ਜਾਂਦਾ ਹੈ। ਉਹ ਇਹ ਸਾਰਾ ਕੁਝ ਇਸੇ ਜੀਵਨ ਵਿਚ ਹੀ ਕਰ ਲੈਂਦਾ ਹੈ। ਉਸ ਨੂੰ ਜਿਉਂਦੇ-ਜੀਅ ਹੀ ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਉਹ ਮਰਨ ਪਿਛੋਂ ਕਿਸੇ ਮੁਕਤੀ ਦੀ ਆਸ ਨਹੀਂ ਰਖਦਾ। ਉਹ ਰੋਮ-ਰੋਮ ਕਰਕੇ ਅਕਾਲ ਪੁਰਖ ਦਾ ਨਾਮ ਧਿਆਉਂਦਾ ਹੈ।ਇਸੇ ਕਰਕੇ ਉਹ ਬੇਪ੍ਰਵਾਹ ਹੈ। ਉਸਨੂੰ ਜਮ ਵੀ ਕੁਝ ਨਹੀਂ ਕਹਿ ਸਕਦੇ। ਧਰਮਰਾਜ ਉਸ ਦਾ ਸੇਵਕ ਬਣ ਜਾਂਦਾ ਹੈ। ਉਸਨੂੰ ਪ੍ਰਭੂ ਦੀ ਦਰਗਾਹ ਵਿਚ ਵੀ ਆਦਰ ਪ੍ਰਾਪਤ ਹੁੰਦਾ ਹੈ।ਉਹ ਪ੍ਰਭੂ ਨਾਮ ਨੂੰ ਅਮਲ ਵਿਚ ਲਿਆ ਕੇ ਆਪਣਾ ਲੋਕ ਤੇ ਪ੍ਰਲੋਕ ਸੰਵਾਰ ਲੈਂਦਾ ਹੈ।ਜਦੋਂਕਿ ਮਨਮੁਖ ਦੀ ਜੀਵਨ ਖੇਡ ਗੁਰਮੁਖ ਦੀ ਜੀਵਨ ਖੇਡ ਤੋਂ ਬਿਲਕੁਲ ਵਿਪਰੀਤ ਹੈ। ਮਨਮੁਖ ਨੂੰ ਆਪਣੇ ਜੀਵਨ ਦੀ ਅਮੋਲਕਤਾ ਦਾ ਵੀ ਗਿਆਨ ਨਹੀਂ ਹੁੰਦਾ। ਉਹ ਮਾਇਆ ਦਾ ਉਪਾਸ਼ਕ ਹੁੰਦਾ ਹੈ।ਉਸ ਲਈ ਜੀਵਨ ਕੇਵਲ ਇੰਦਰੀਆਂ ਦੇ ਰਸਾਂ-ਕਸਾਂ ਦੀ ਪੂਰਤੀ ਦਾ ਸਮਾਂ ਹੀ ਹੈ।ਉਹ ਆਪਣੇ ਜੀਵਨ ਪ੍ਰਤੀ ਲਾਪਰਵਾਹ ਹੁੰਦਾ ਹੈ। ਉਹ ਇੰਦਰੀਆਂ ਦਾ ਦਾਸ ਹੋ ਕੇ ਜੀਵਨ ਜਿਉਂਦਾ ਹੈ। ਉਸ ਦੇ ਜੀਵਨ ਦੀ ਪ੍ਰਕਿਰਤੀ ਨਾਕਾਰਾਤਮਕ ਹੈ। ਉਸਦੇ ਜੀਵਨ ਦਾ ਮਨੋਰਥ ਵੱਧ ਤੋਂ ਵੱਧ ਵਿਸ਼ੇ-ਵਿਕਾਰਾਂ ਨੂੰ ਭੋਗਣਾ ਅਤੇ ਮਾਇਆ ਇਕੱਤਰ ਕਰਨਾ ਹੈ।ਇਸੇ ਮਨੋਰਥ ਦੀ ਪ੍ਰਾਪਤੀ ਲਈ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਸਹਾਰਾ ਲੈਂਦਾ ਹੈ। ਉਸ ਨੂੰ ਕਾਮ ਸਤਾਉਂਦਾ ਹੈ, ਕ੍ਰੋਧ ਉਸਨੂੰ ਅਸ਼ਾਂਤ ਕਰਦਾ ਹੈ, ਲੋਭ ਉਸਨੂੰ ਪਾਪ ਕਰਨ ਲਈ ਪ੍ਰੇਰਦਾ ਹੈ, ਮੋਹ ਕਾਰਨ ਉਸ ਨੂੰ ਸੱਚਾ ਪ੍ਰੇਮ ਯਾਦ ਹੀ ਨਹੀਂ ਆਉਂਦਾ ਅਤੇ ਉਹ ਮੇਰੀ-ਮੇਰੀ ਕਰਦਾ ਰਹਿੰਦਾ ਹੈ ਅਤੇ ਹੰਕਾਰ ਉਸ ਦੀ ਹਉਮੈ ਨੂੰ ਹੋਰ ਵਧਾਉਂਦਾ ਹੈ। ਉਹ ਸਮਾਜ ਲਈ ਵਿਨਾਸ਼ਕਾਰੀ ਹੋ ਨਿਬੜਦਾ ਹੈ। ਉਹ ਅਮੋਲਕ ਮਨੁਖਾ ਜਨਮ ਨੂੰ ਅਜਾਈਂ ਗੁਆ ਜਾਂਦਾ ਹੈ। ਇਹ ਸਭ ਕੁਝ ਉਸ ਦੀ ਲਾਪ੍ਰਵਾਹੀ ਕਰਕੇ ਹੀ ਹੋਇਆ ਹੈ। ਸੋ ਗੁਰਬਾਣੀ ਵਿਚ ਸਾਨੂੰ ਲਾਪ੍ਰਵਾਹੀ ਨੂੰ ਛੱਡ ਕੇ ਨਾਮ ਨੂੰ ਅਮਲ ਵਿਚ ਲਿਆ ਕੇ ਬੇਪ੍ਰਵਾਹ ਹੋ ਕੇ ਜੀਵਨ ਜਿਊਣ ਦੀ ਪ੍ਰੇਰਨਾ ਪ੍ਰਾਪਤ ਹੁੰਦੀ ਹੈ।

ਅੰਮ੍ਰਿਤਸਰ ਟਾਈਮਜ਼ AMRITSAR TIMES

22 ਜੂਨ 2022 ਤੋਂ 28 ਜੂਨ 2022

## ਚੋਣਾਂ : ਅਸਲ ਮੁੱਦੇ, ਸਿਆਸੀ ਪਾਰਟੀਆਂ ਅਤੇ ਸਿੱਖ

ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ 23 ਜੂਨ ਨੂੰ ਹੋਣੀ ਹੈ। ਸਾਰੀਆਂ ਸਿਆਸੀ ਪਾਰਟੀਆਂ ਪੱਬਾਂ ਭਾਰ ਹਨ। ਇਕੱਠਾਂ ਨੂੰ ਸੰਬੋਧਨ ਹੋਇਆ ਜਾ ਰਿਹਾ ਹੈ, ਰੋਡ ਸ਼ੋਅ ਕੀਤੇ ਜਾ ਰਹੇ ਹਨ, ਸੋਸ਼ਲ ਮੀਡੀਆ ਦਾ ਵੀ ਪੂਰਾ ਪੂਰਾ ਲਾਹਾ ਲਿਆ ਜਾ ਰਿਹਾ ਹੈ। ਪੰਜਾਬ ਦੀ ਸੱਤਾ ’ਤੇ ਕਾਬਜ ਆਮ ਆਦਮੀ ਪਾਰਟੀ ਵੱਲੋਂ ਪਾਰਟੀ ਦਾ ਜ਼ਿਲਾ ਇੰਚਾਰਜ ਅਤੇ ਘਰਾਚੋਂ ਪਿੰਡ ਦਾ ਸਰਪੰਚ ਗੁਰਮੇਲ ਸਿੰਘ ਚੋਣ ਮੈਦਾਨ ਵਿਚ ਹੈ, ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਛੱਡ ਕੇ ਪਾਰਟੀ ਵਿਚ ਸ਼ਾਮਲ ਹੋਏ ਕੇਵਲ ਢਿੱਲੋਂ ਨੂੰ ਟਿਕਟ ਦਿੱਤੀ ਹੈ, ਕਾਂਗਰਸ ਨੇ ਧੂਰੀ ਤੋਂ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੂੰ ਉਮੀਦਵਾਰ ਬਣਾਇਆ ਹੈ, ਸ਼੍ਰੋਮਣੀ ਅਕਾਲੀ ਦਲ ਨੇ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਨੂੰ ਉਮੀਦਵਾਰ ਬਣਾਇਆ ਹੈ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸ. ਸਿਮਰਨਜੀਤ ਸਿੰਘ ਮਾਨ ਉਮੀਦਵਾਰ ਹਨ। ਚੋਣਾਂ ਦੇ ਸਬੰਧ ਵਿੱਚ ਇੱਕ ਤਾਂ ਇਹ ਸਮਝਣਾ ਬਹੁਤ ਜਰੂਰੀ ਹੈ ਕਿ ਚੋਣਾਂ ਦਾ ਇੱਥੇ ਮਹੱਤਵ ਕਿੰਨਾ ਕੁ ਹੈ, ਖਾਸਕਰ ਸਿੱਖਾਂ ਲਈ ਅਤੇ ਦੂਸਰਾ ਜੋ ਧਿਰਾਂ ਇਸ ਮੈਦਾਨ ਵਿਚ ਵੀ ਹਨ ਉਨਾਂ ਦਾ ਰਵਈਆ ਕਿਸ ਤਰਾਂ ਦਾ ਹੈ। ਪਹਿਲਾਂ ਦੂਸਰੇ ਨੁਕਤੇ ’ਤੇ ਗੱਲ ਕਰਦੇ ਹਾਂ ਕਿ ਜੋ ਧਿਰਾਂ ਇਸ ਮੈਦਾਨ ਵਿਚ ਵੀ ਹਨ ਉਨਾਂ ਦਾ ਰਵੱਈਆ ਕਿਸ ਤਰਾਂ ਦਾ ਹੈ, ਅਸੀਂ ਵੇਖਿਆ ਕਿ ਪਿੱਛੇ ਲੰਘ ਕੇ ਗਈਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀਆਂ ਦੀਆਂ ਚੋਣ ਮੁਹਿੰਮਾਂ ਵਿਚੋਂ ਸੂਬੇ ਦੇ ਬੁਨਿਆਦੀ ਮੁੱਦੇ ਗਾਇਬ ਰਹੇ ਸਨ। ਹੁਣ ਫਿਰ ਜਦੋਂ ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਵਾਸਤੇ ਪ੍ਰਚਾਰ ਜੋਰਾਂ ’ਤੇ ਹੈ ਉਦੋਂ ਵੀ ਲੰਘੀਆਂ ਚੋਣਾਂ ਵਾਙ ਪਾਰਟੀਆਂ ਇਕ ਦੂਸਰੇ ਉੱਤੇ ਇਲਜ਼ਾਮਬਾਜ਼ੀ ਤੋਂ ਵੱਧ ਕੁਝ ਨਹੀਂ ਕਰ ਰਹੀਆਂ। ਇਲਜ਼ਾਮਬਾਜ਼ੀ ਜਾਂ ਮਿਹਣੇਬਾਜ਼ੀ ਵੀ ਬਿਲਕੁਲ ਨੀਵੇਂ ਦਰਜੇ ’ਤੇ ਆ ਗਈ ਹੈ। ਕੋਈ ਕਿਸੇ ਨੂੰ ਮਾਣ ਨਾਲ ਇਹ ਦੱਸ ਰਿਹਾ ਕਿ ਸਾਡੇ ਵੇਲੇ ਲੋਕ ਬਿਜਲੀ ਚੋਰੀ ਕਰ ਲੈਂਦੇ ਸਨ ਹੁਣ ਤੁਸੀਂ ਔਖੇ ਕਰ ਦਿੱਤੇ, ਕੋਈ ਕਿਸੇ ਨੂੰ ਕਿਰਪਾਨ ਰੱਖਣ ਨਾ ਰੱਖਣ ਬਾਰੇ ਸਲਾਹਾਂ ਦੇ ਰਿਹਾ, ਕਈ ਕੁਝ ਤਾਂ ਅਜਿਹਾ ਵੀ ਬੋਲਿਆ ਅਤੇ ਕੀਤਾ ਸਾਹਮਣੇ ਆ ਰਿਹਾ ਜਿਹੜਾ ਵਿਚਾਰ ਵਿਚ ਲੈ ਕੇ ਆਉਣਾ ਵੀ ਸਹੀ ਨਹੀਂ ਹੈ। ਜਦਕਿ ਇਸ ਗੱਲ ਤੋਂ ਕੋਈ ਵੀ ਅਣਜਾਣ ਨਹੀਂ ਹੈ ਕਿ ਇਸ ਵਕਤ ਪੰਜਾਬ ਜ਼ਮੀਨੀ ਪਾਣੀ ਦੇ ਘਟਣ ਦੇ ਗੰਭੀਰ ਸੰਕਟ ਵੱਲ ਵਧ ਰਿਹਾ ਹੈ, ਨੌਜਵਾਨਾਂ ਦੀਆਂ ਨਸ਼ਿਆਂ ਨਾਲ ਮੌਤਾਂ ਹੋ ਰਹੀਆਂ ਹਨ, ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵੀ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਪਰਵਾਸ ਹੋ ਰਿਹਾ ਹੈ, ਰੁਜ਼ਗਾਰ ਦੀ ਵੀ ਸਮੱਸਿਆ ਹੈ, ਸੂਬਿਆਂ ਦੇ ਅਧਿਕਾਰ ਲਗਾਤਾਰ ਖਤਮ ਕੀਤੇ ਜਾ ਰਹੇ ਹਨ। ਹਾਲ ਹੀ ਵਿੱਚ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਿਰਸਿਟੀ ’ਚ ਤਬਦੀਲ ਕਰਨ ਦਾ ਮੁੱਦਾ ਚਰਚਾ ਵਿਚ ਹੈ। ਕਦੇ ਰਾਜਾਂ ਦੇ ਵੱਧ ਅਧਿਕਾਰਾਂ ਦੀ ਮੰਗ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਜਿਹੇ ਮੁੱਦਿਆਂ ਵੱਲ ਕੋਈ ਧਿਆਨ ਨਹੀਂ ਦੇ ਰਹੀ। ਜੇਕਰ ਇਸ ਸਭ ਵਿੱਚੋਂ ਇਨਾਂ ਚੋਣਾਂ ਵਿੱਚ ਕੋਈ ਮੁੱਦਾ ਉੱਭਰਿਆ ਤਾਂ ਉਹ ਬੰਦੀ ਸਿੰਘਾਂ ਦਾ ਹੈ ਪਰ ਉਹ ਵੀ ਕਿਉਂ ਉੱਭਰਿਆ ਇਸ ਗੱਲ ਤੋਂ ਹੁਣ ਕੋਈ ਅਣਜਾਣ ਨਹੀਂ ਹੈ। ਇਸ ਤਰਾਂ ਸਿਆਸਤ ਵਿਚਾਰਧਾਰਾ ਅਤੇ ਮੁੱਦਿਆਂ ਤੋਂ ਦੂਰ ਹੁੰਦੀ ਜਾ ਰਹੀ ਹੈ ਅਤੇ ਸਿਆਸਤਦਾਨ ਬਿਲਕੁਲ ਨੀਵੇਂ ਦਰਜੇ ਦੀਆਂ ਹਾਸੋ-ਹੀਣੀਆਂ ਗੱਲਾਂ ਅਤੇ ਹਰਕਤਾਂ ’ਚ ਸਮਾਂ ਲੰਘਾ ਰਹੇ ਹਨ।

ਇਨਾਂ ਚੋਣਾਂ ਦਾ ਹੁਣ ਕਿੰਨਾ ਕੁ ਮਹੱਤਵ ਰਹਿ ਗਿਆ ਹੈ ਇਸ ਸਮਝਣਾ ਹੁਣ ਸਾਡੇ ਲਈ ਬਹੁਤ ਅਹਿਮ ਬਣ ਗਿਆ ਹੈ। ਅੱਜ ਦੀ ਘੜੀ ਜਿੰਨੇ ਕੁ ਅਧਿਕਾਰ ਸੂਬਿਆਂ ਕੋਲ ਜਾਂ ਖਾਸਕਰ ਪੰਜਾਬ ਕੋਲ ਬਚੇ ਹਨ ਅਤੇ ਜੋ ਫੈਸਲੇ ਲੈਣ ਦੀਆਂ ਤਾਕਤਾਂ ਬਚੀਆਂ ਹਨ ਓਹਦੇ ’ਚ ਹੁਣ ਪੰਜਾਬ ਦਾ ਮੁੱਖ ਮੰਤਰੀ ਵੀ ਕੋਈ ਕਿਓਂ ਨਾ ਬਣ ਜਾਵੇ ਉਹ ਇਥੋਂ ਦੇ ਬੁਨਿਆਦੀ ਮਸਲੇ ਹੱਲ ਨਹੀਂ ਕਰ ਸਕਦਾ। ਵੱਧ ਤੋਂ ਵੱਧ ਜੇ ਕੁਝ ਕਰ ਸਕੇਗਾ ਤਾਂ ਬਸ ਉਨਾਂ ਦੀ ਗੱਲ ਹੀ ਕਰ ਸਕੇਗਾ। ਦੂਸਰਾ ਬਿਪਰਵਾਦੀ ਰਾਜਪ੍ਰਬੰਧ ਨੇ ਭਾਰਤੀ ਚੋਣ ਅਮਲ ਵਿਚ ਹਿੱਸਾ ਲੈਣ ਵਾਲੀਆਂ ਜਥੇਬੰਦੀਆਂ ਅਤੇ ਇਨਾਂ ਹੇਠ ਚੱਲ ਰਹੀਆਂ ਸਿੱਖ ਸੰਸਥਾਵਾਂ ਨੂੰ ਇਸ ਹੱਦ ਤੱਕ ਆਪਣੇ ਅਨੁਕੂਲ ਢਾਲ ਲਿਆ ਹੈ ਕਿ ਇਨਾਂ ਰਾਹੀਂ ਬਿਪਰਵਾਦੀ ਧਿਰ ਨੂੰ ਪ੍ਰਵਾਨ ਲੋਕ ਹੀ ਸਿਆਸੀ ਅਤੇ ਧਾਰਮਕ ਲੀਡਰਸ਼ਿਪ ਦੇ ਤੌਰ ਉੱਤੇ ਸਾਹਮਣੇ ਆ ਰਹੇ ਹਨ। ਸਭ ਤੋਂ ਵੱਡਾ ਲੋਕਤੰਤਰਿਕ ਮੁਲਕ ਕਹਾਉਣ ਵਾਲਾ ਇਹ ਦੇਸ ਇਸ ਨਾਮ ਉੱਤੇ ਲੋਕਾਂ ਨਾਲ ਬਸ ਧੋਖਾ ਹੀ ਕਰ ਰਿਹਾ ਹੈ। ਇਸ ਸਮੱਸਿਆ ਦੀ ਜੜ ਬਿਪਰਵਾਦੀ ਭਾਰਤੀ ਸਟੇਟ ਦੇ ਰਾਜਪ੍ਰਬੰਧ, ਰਾਜਪ੍ਰਣਾਲੀ ਅਤੇ ਸੰਸਥਾਵਾਂ ਨਾਲ ਜੁੜੀ ਹੋਈ ਹੈ ਅਤੇ ਇਸ ਦਾ ਹੱਲ ਰਾਜਪ੍ਰਬੰਧ, ਰਾਜਪ੍ਰਣਾਲੀ ਅਤੇ ਸੰਸਥਾਵਾਂ ਨੂੰ ਬਦਲ ਕੇ ਹੀ ਹੋ ਸਕਦਾ ਹੈ, ਸਿਰਫ ਨੁਮਾਇੰਦੇ ਜਾਂ ਧੜੇ ਬਦਲ ਕੇ ਨਹੀਂ। ਸਿੱਖਾਂ ਦੇ ਪੱਖ ਤੋਂ ਵੇਖੀਏ ਤਾਂ ਇੱਕ ਤਾਂ ਇਸ ਅਮਲ ਵਿੱਚ ਜਿਸ ਤਰੀਕੇ ਦਾ ਹੋਣਾ ਪੈਂਦਾ ਹੈ, ਉਹ ਸਾਡੇ ਬਿਲਕੁਲ ਉਲਟ ਹੈ। ਜੇਕਰ ਪੈਸੇ, ਨਸ਼ੇ ਆਦਿ ਚੀਜਾਂ ਤੋਂ ਬਿਨਾਂ ਵੀ ਬੰਦਾ ਇਸ ‘ਚ ਰਹਿਣ ਦੀ ਸੋਚੇ ਤਾਂ ਹੁਣ ਸੋਸ਼ਲ ਮੀਡੀਆ ਕਰਕੇ ਸਭ ਤੋਂ ਵੱਡਾ ਹਥਿਆਰ ਭਾਵਨਾਵਾਂ (emotions) ਦਾ ਹੈ, ਇਹ ਵੀ ਸਾਡੇ ਅਸਲ ਖ਼ਾਸੇ ਨਾਲ ਮੇਲ ਨਹੀਂ ਖਾਂਦਾ ਪਰ ਇਸ ਦੌੜ ਤੋਂ ਵੀ ਹਾਲ ਦੀ ਘੜੀ ਕੋਈ ਵੀ ਧਿਰ ਮੁਕਤ ਨਹੀਂ ਹੈ। ਦੂਸਰਾ ਸਿੱਖਾਂ ਦੇ ਮਸਲੇ ਮੌਜੂਦਾ ਬਿਪਰਵਾਦੀ ਸਟੇਟ ਦੇ ਤਾਣੇ-ਬਾਣੇ ਵਿਚ ਹੱਲ ਹੋਣੇ ਸੰਭਵ ਨਹੀਂ ਹਨ ਕਿਉਂਕਿ ਇਹ ਸਮੁੱਚਾ ਢਾਂਚਾ ਇਸ ਖਿੱਤੇ ਵਿਚ ਵਿਲੱਖਣ ਕੌਮਾਂ ਦੀ ਹੋਂਦ ਤੋਂ ਹੀ ਮੁਨਕਰ ਹੈ। ਤਾਜ਼ੀ ਉਦਾਹਰਣ ਪਟਨਾ ਸਾਹਿਬ ਦੇ ਮਸਲੇ ਦੀ ਹੈ ਜਿੱਥੇ ਜੱਜ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਚੁਣੌਤੀ ਦਿੱਤੀ ਹੈ। ਸਾਡੇ ਲਈ ਜਥੇਦਾਰ ਅਕਾਲ ਤਖਤ ਸਾਹਿਬ ਜੱਜ ਤੋਂ ਕਿਤੇ ਵੱਡਾ ਹੈ ਪਰ ਇਸ ਮੌਜੂਦਾ ਪ੍ਰਬੰਧ ਲਈ ਜੱਜ ਵੱਡਾ ਹੈ। ਉਹ ਇਸ ਲਈ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਨਹੀਂ ਮੰਨਦੇ ਕਿਉਂਕਿ ਉਹ ਅਕਾਲ ਤਖ਼ਤ ਸਾਹਿਬ ਨੂੰ ਹੀ ਨਹੀਂ ਮੰਨਦੇ। ਅਕਾਲ ਤਖ਼ਤ ਸਾਹਿਬ ਨੂੰ ਇਸ ਲਈ ਨਹੀਂ ਮੰਨਦੇ ਕਿਉਂਕਿ ਇਸ ਪ੍ਰਬੰਧ ਵਿੱਚ ਇਸ ਕਨੂੰਨ ਵਿੱਚ ਸਿੱਖ ਵੱਖਰੇ ਹਨ ਹੀ ਨਹੀਂ ਸਗੋਂ ਹਿੰਦੂਆਂ ਦਾ ਹਿੱਸਾ ਹਨ।

ਸਿੱਖ ਇਨਾਂ ਵੋਟਾਂ ਨੂੰ ਆਪਣੇ ਮਸਲੇ ਉਭਾਰਨ ਲਈ ਤਾਂ ਵਰਤ ਸਕਦਾ ਹੈ ਪਰ ਸਿੱਖਾਂ ਦੇ ਮਸਲਿਆਂ ਦਾ ਪੂਰਨ ਹੱਲ ਇਸ ਅਮਲ ਰਾਹੀਂ ਹਾਸਲ ਨਹੀਂ ਕੀਤਾ ਜਾ ਸਕਦਾ।

# ਸਿੱਧੂ ਮੂਸੇਵਾਲਾ ਦੇ ਕਤਲ ਨਾਲ ਛਿੜੀਆਂ ਗਹਿਰੀਆਂ ਤੰਦਾਂ



**ਰਣਜੀਤ ਸਿੰਘ ਕੁਕੀ**

ਸਿੱਧੂ ਮੂਸੇਵਾਲਾ ਦੇ ਸੰਗੀਤ ਵਿਚ ਗਾਣਿਆਂ ਅਤੇ ਰੈਪ ਦੀ ਜੁਗਲਬੰਦੀ ਸੀ, ਪਰ ਉਸ ਦੇ ਬੋਲ ਅਤੇ ਪੇਸ਼ਕਾਰੀ ਇਸ ਨਾਲ ਮੇਚ ਨਹੀਂ ਸਨ ਬੈਠਦੇ।ਫਿਰ ਵੀ ਉਸਦਾ ਸੰਗੀਤ ਉਸ ਪੰਜਾਬ ਦੀ ਕਹਾਣੀ ਨੂੰ ਬਿਆਨ ਕਰਦਾ ਹੈ ਜਿਸ ਨੂੰ ਜਜ਼ਬ ਕਰਨਾ ਇੰਨਾ ਸੌਖਾ ਨਹੀਂ। ਮੈਂ ਸਿੱਧੂ ਮੂਸੇਵਾਲਾ ਦੇ ਗਾਣਿਆਂ ਨੂੰ ਕਦੇ ਕਦਾਈਂ ਹੀ ਸੁਣਦਾ ਹਾਂ, ਪਰ ਜਿਸ ਤੇਜੀ ਨਾਲ ਉਸ ਨੇ ਪੰਜਾਬੀ ਸੰਗੀਤ ਦੇ ਆਸਮਾਨ ਉੱਪਰ ਚੜਾਈ ਕੀਤੀ ਉਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।ਇਸ ਦੇ ਨਾਲ ਹੀ ਉਸ ਦੇ ਗੀਤ ਦੇ ਬੋਲਾਂ (ਜਿੱਥੇ ਬੰਦਾ ਮਾਰ ਕੇ ਕਸੂਰ ਪੁੱਛਦੇ, ਜੱਟ ਉਸ ਪਿੰਡ ਨੂੰ ਬਿਲੌਂਗ ਕਰਦਾ) ਨੂੰ ਕਿਸੇ ਵੀ ਵਿਚਾਰਸ਼ੀਲ ਵਿਅਕਤੀ ਲਈ ਸਮਝਣਾ ਔਖਾ ਹੈ।

ਜਦੋਂ ਅਸੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਮੇਰੇ ਵਰਗੇ ਵਿਅਕਤੀ ਲਈ ਯਥਾਪੂਰਬ ਸਥਿਤੀ ਬਰਕਰਾਰ ਰੱਖਣੀ ਮੁਮਕਿਨ ਹੋ ਸਕਦੀ ਹੈ, ਪਰ ਇਸੇ ਨੂੰ ਹੀ ਇਕ ਨੌਜਵਾਨ ਗੱਭਰੂ ਦੇ ਸੰਦਰਭ ਵਿਚ ਕਿਸ ਤਰਾਂ ਸਮਝੀਏ? ਉਸ ਕਿਸ ਤਰਾਂ ਲਗਾਤਾਰ ਘਾਟੇ ਵਿਚ ਜਾ ਰਹੀ ਖੇਤੀ, ਭਵਿੱਖ ਪ੍ਰਤੀ ਨਾਂਹਪੱਖੀ ਰਵੱਈਆ, ਭਾਸ਼ਾ ਦੇ ਪੱਧਰ ਵਿਚ ਪਤਨ, ਬਾਹਰ ਨੂੰ ਜਾਣ ਦੀ ਹੌੜ, ਰੋਲ ਮਾਡਲਾਂ ਦੀ ਕਮੀ ਦੇ ਸਮਿਆਂ ਵਿਚ ਆਪਣੇ ਕਿਸਾਨੀ ਪੁਰਖਿਆਂ ਸਾਹਮਣੇ ਆਪਣੀ ਯੋਗਤਾ ਸਿੱਧ ਕਰਦਾ ਹੈ? ਲੋਕਾਂ ਵਿਚ ਪੰਜਾਬ ਵਿਚ ਰਹਿਣ ਦੀ ਇੱਛਾ ਅਤੇ ਚਾਅ ਮੁੱਕ ਗਿਆ ਲੱਗਦਾ ਹੈ ਅਤੇ ਸਿੱਧੂ ਦੀ ਮੌਤ ਤੋਂ ਬਾਅਦ ਵੀ ਬਾਹਰ ਨੂੰ ਮੂੰਹ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਵਿਚ ਵਾਧਾ ਦਰਜ ਕੀਤਾ ਜਾਵੇਗਾ। ਫਿਰਕੇ, ਧਰਮ ਅਤੇ ਜਾਤ ਤੋਂ ਪਾਤ ਜਾਂ ਸਭ ਤਰਾਂ ਦੇ ਲੋਕ ਸਿੱਧੂ ਦੀ ਦਰਦਨਾਕ ਮੌਤ ਦਾ ਦੁੱਖ ਮਨਾ ਰਹੇ ਹਨ।ਇਹ ਦੁੱਖ ਮਨਾਉਣਾ ਚਾਹੀਦਾ ਹੈ, ਪਰ ਇਸੇ ਦੁੱਖ ਨੂੰ ਪੰਜਾਬ ਦੇ ਸੰਦਰਭ ਵਿਚ ਵੀ ਦੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਉਹ ਆਪਸ ਵਿਚ ਜੁੜੇ ਹੋਏ ਹਨ। ਆਪਣੀ ਪ੍ਰਸਿੱਧੀ ਦੇ ਮੁਕਾਮ ਤੇ ਇਕ ਹੋਣਹਾਰ ਨੌਜਵਾਨ ਦਾ ਇਸ ਬੇਰਹਿਮੀ ਨਾਲ ਕਤਲ ਹੋ ਜਾਣਾ ਬਹੁਤ ਹੀ ਦੁੱਖਦਾਈ ਅਤੇ ਪਰੇਸ਼ਾਨ ਕਰਨ ਵਾਲਾ ਹੈ। ਸਿੱਧੂ ਮੂਸੇਵਾਲਾ ਨੇ ਆਪਣੇ ਗਾਣਿਆਂ ਵਿਚ ਪਿੰਡ ਨਾਲ ਆਪਣੀਆਂ ਜੜਾਂ ਜੁੜੀਆਂ ਹੋਣ ਪ੍ਰਤੀ ਮਾਣ ਦਿਖਾਇਆ ਹੈ।ਪਰ ਸਿੱਧੂ ਦੇ ਕਤਲ ਦਾ ਮਸਲਾ ਇਸ ਤਰਾਂ ਨਾਲ ਹੀ ਖਤਮ ਹੋਣ ਵਾਲਾ ਨਹੀਂ ਹੈ, ਇਸ ਨੇ ਪੰਜਾਬ ਵਿਚ ਕੁਝ ਗਹਿਰੀਆਂ ਤੰਦਾਂ ਨੂੰ ਛੇੜ ਦਿੱਤਾ ਹੈ ਜੋ ਪੰਜਾਬ ਦੀ ਰਾਜਨੀਤੀ ਨਾਲ ਜੁੜਦੀਆਂ ਹਨ ਅਤੇ ਸ਼ਾਇਦ ਇਸ ਨੂੰ ਅਸੀਂ ਹੁਣੇ ਸਮਝ ਨਾ ਸਕੀਏ।

ਸਿੱਧੂ ਦਾ ਪਹਿਲਾ ਗਾਣਾ ‘ਸੋ ਹਾਈ’ ਜੋ ਕਿ ਇਸ ਖਿੱਤੇ ਦੁਆਰਾ ਦਿੱਤਾ ਗਿਆ ਸਭ ਤੋਂ ਸਫਲ ਰੈਪ ਹੈ, ਇਸ ਵਿਚ ‘ਟਿੱਬਿਆਂ ਦੇ ਪੁਤ’ ਨੇ ਗਾਣਿਆਂ ਦੀ ਨਕਲ ਕਰਨ ਵਾਲਿਆਂ, ਗੈਂਗਸਟਰਾਂ, ਅਤੇ ਖਤਰੇ ਦੀ ਕਗਾਰ ’ਤੇ ਰਹਿਣ ਦੀਆਂ ਗੱਲਾਂ ਕੀਤੀਆਂ ਹਨ।ਇਸ ਵਿਚ ਛੋਹਿਆ ਗਿਆ ਹਰ ਵਿਸ਼ਾ ਹੀ ਸਿੱਧੂ ਦੇ ਜੀਵਨ ਵਿਚ ਸਾਹਮਣੇ ਆਇਆ। ਸਿੱਧੂ ਮੂਸੇਵਾਲੇ ਦੇ ਨਾਂ ਵਿਚ ਸਿੱਧੂ ਉਸ ਦੀ ਗੋਤ ਹੈ ਅਤੇ ਆਪਣੇ ਗਾਣਿਆਂ ਰਾਹੀ ਸ਼ੁੱਭਦੀਪ ਨੇ ਮਾਨਸਾ ਜਿਲੇ ਦੇ ਨਿੱਕੇ ਜਿਹੇ ਪਿੰਡ ਵਿਚੋਂ ਉਠ ਕੇ ਇਕ ਨੌਜਵਾਨ ਦੀ ਅਕਾਂਖਿਆ ਦੀ ਗੱਲ ਕੀਤੀ ਹੈ ਜਿਸ ਦਾ ਸੁਪਨਾ ਹਰ ਕੋਈ ਲੈ ਸਕਦਾ ਹੈ। ਆਪਣੇ ਗਾਣਿਆਂ



ਵਿਚ ਉਸ ਨੇ ਆਪਣੇ ਮੱਧ-ਵਰਗੀ ਪਿਛੋਕੜ, ਪਰਿਵਾਰ ਦਾ ਸਹਿਯੋਗ ਦੀ ਗੱਲ ਕੀਤੀ ਹੈ, ਪਰ ਉਸ ਦੇ ਗਾਣਿਆਂ ਵਿਚ ਮੌਤ ਦਾ ਕਾਲਾ ਪਰਛਾਵਾਂ ਵੀ ਲਗਾਤਾਰ ਮੰਡਰਾਉਂਦਾ ਰਿਹਾ ਹੈ ਜਿਸ ਨੇ ਲਗਾਤਾਰ ਉਸ ਦੀ ਸਫਲਤਾ ਦਾ ਪਿੱਛਾ ਕੀਤਾ।

ਆਪਣੇ ਗਾਣਿਆਂ ਵਿਚ ਹਥਿਆਰਾਂ ਅਤੇ ਮਰਦਾਨਗੀ ਦੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਉਸ ਨੇ ਆਪਣੀ ਸਟੇਜ ਨੂੰ ਪੰਜਾਬ ਦੇ ਸਮਾਜਿਕ-ਰਾਜਨੀਤਿਕ ਮੁੱਦਿਆਂ ਉੱਪਰ ਬੋਲਣ ਲਈ ਵੀ ਇਸਤੇਮਾਲ ਕੀਤਾ। ‘ਪੰਜਾਬ’ ਗਾਣੇ ਵਿਚ ਉਸ ਨੇ ਪੰਜਾਬ ਦੀ ਉਸ ਦਲੇਰੀ ਦੀ ਗੱਲ ਕੀਤੀ ਹੈ ਜੋ ਦਿੱਲੀ ਦਰਬਾਰ ਦੀ ਈਨ ਨਹੀਂ ਮੰਨਦੀ। ਇਸ ਨੂੰ ਕਿਸਾਨ ਅੰਦੋਲਨ ਸਮੇਂ ਰਿਲੀਜ਼ ਕੀਤਾ ਗਿਆ ਸੀ। ਸਿੱਧੂ ਦਾ ਆਖਰੀ ਗਾਣਾ ‘ਦ ਲਾਸਟ ਰਾਈਡ’ 15 ਮਈ ਨੂੰ ਰਿਲੀਜ਼ ਹੋਇਆ ਸੀ ਜੋ ਕਿ ਉਸ ਦੀ ਆਪਣੀ ਆਉਣ ਵਾਲੀ ਜ਼ਿੰਦਗੀ ਦੀ ਪਸ਼ੇਨਗੋਈ ਕਰਦਾ ਹੈ। ਇਸ ਵਿਚ ਉਸ ਨੇ ਟੂਪਾਕ ਸ਼ਕੂਰ ਦੀ ਹੱਤਿਆ ਦੇ ਥਾਂ ਨੂੰ ਗਾਣੇ ਵਿਚ ਪੇਸ਼ ਕੀਤਾ ਹੈ। ਸਿੱਧੂ ਉਸ ਨੂੰ ਆਪਣਾ ਉਸਤਾਦ ਮੰਨਦਾ ਸੀ।ਇਹ ਗਾਣਾ ਟੂਪਾਕ ਸ਼ਕੂਰ ਦੀ ਹੱਤਿਆ ਦੀ ਖਬਰ ਨਾਲ ਸ਼ੁਰੂ ਹੁੰਦਾ ਹੈ ਅਤੇ ਸਿੱਧੂ ਲਿਖਦਾ ਹੈ ਕਿਵੇਂ ਉਸ ਦਾ ਜਨਾਜ਼ਾ ਜਵਾਨੀ ਵੇਲੇ ਹੀ ਚੱਕਿਆ ਗਿਆ ਸੀ। ਪੰਜਾਬੀ ਸੱਭਿਆਚਾਰ ਵਿਚ ਸ਼ਹਾਦਤ ਦਾ ਸੰਕਲਪ ਹਰ ਥਾਂ ਮੌਜੂਦ ਹੈ ਜਿਸ ਵਿਚ ਸਿੱਖ ਗੁਰੂਆਂ ਦੀ ਸ਼ਹਾਦਤ ਤੋਂ ਲੈ ਕੇ ਭਗਤ ਸਿੰਘ, ਸਰਾਭੇ ਤੱਕ ਸਾਰਾ ਇਤਿਹਾਸ ਹੀ ਸਾਨੂੰ ਅਜਿਹੀਆਂ ਉਦਾਹਰਣਾਂ ਨਾਲ ਭਰਿਆ ਮਿਲਦਾ ਹੈ।ਇਸੇ ਸੰਕਲਪ ਬਾਰੇ ਉਹ ‘ਦ ਲਾਸਟ ਰਾਈਡ’ ਵਿਚ ਗੱਲ ਕਰਦਾ ਹੈ।ਉਸ ਦੀ ਕਲਾ ਵਿਚ ਸਾਨੂੰ ਬਹੁਤ ਵਿਰੋਧਤਾਈਆਂ ਵੀ ਮਿਲਦੀਆਂ ਹਨ ਜਿੱਥੇ ਉਹ ਜਾਤ ਅਤੇ ਹਿੰਸਾ ਬਾਰੇ ਬਹੁਤ ਹੀ ਮਾਣ ਨਾਲ ਗੱਲ ਕਰਦਾ ਹੈ ਜਦੋਂ ਕਿ ਸਿੱਖ ਧਰਮ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਅਤੇ ਇਸ ਵਿਚ ਹਿੰਸਾ ਦੀ ਬਜਾਏ ਸ਼ਾਂਤੀ ਅਤੇ ਸਰਬੱਤ ਦੇ ਭਲੇ ਨੂੰ ਜਿਆਦਾ ਮਹੱਤਵਪੂਰਨ ਥਾਂ ਦਿੱਤੀ ਗਈ ਹੈ। ਸਿੱਧੂ ਪੰਜਾਬ ਦੇ ਪੇਂਡੂ ਧਰਾਤਲ ਅਤੇ ਖੇਤੀ ਕਦਰਾਂ-ਕੀਮਤਾਂ ਦੀ ਗੱਲ ਕਰਦਾ ਹੈ।ਉਸ ਦੇ ਸ੍ਰੋਤਿਆਂ ਨੂੰ ਉਸ ਨੇ ਮਾਣ ਨਾਲ ਖੇਤੀ ਨੂੰ ਕਿੱਤੇ ਵਜੋਂ ਅਤੇ ਪਿੰਡ ਨੂੰ ਆਪਣੇ ਘਰ ਵਜੋਂ ਸਵੀਕਾਰ ਕਰਨ ਦੀ ਪ੍ਰੇਰਣਾ ਦਿੱਤੀ। ਇਹ ਗੱਲ ਉਸ ਦੇ ਸ਼ਹਿਰੀ ਸ੍ਰੋਤਿਆਂ ਨੂੰ ਉਸੇ ਤਰਾਂ ਹੀ ਟੁੰਬਦੀ ਹੈ।

ਸਿੱਧੂ ਦਾ ਜੱਦੀ ਜ਼ਿਲਾ ਮਾਨਸਾ ਭਾਵੇਂ ਕਿਸਾਨ ਯੂਨੀਅਨਾਂ ਦਾ ਗੜ ਵੀ ਰਿਹਾ ਹੈ, ਪਰ ਕਿਸਾਨੀ ਭਾਈਚਾਰਾ ਸਾਮਜਿਕ-ਰਾਜਨੀਤਿਕ ਉੱਥਲ-ਪੁੱਥਲ ਕਰਕੇ ਬੇਚੈਨੀ ਅਤੇ ਅਨਿਸ਼ਚਿਤਤਾ ਦਾ ਸ਼ਿਕਾਰ ਹੈ। ਨੌਜਵਾਨ ਨਸ਼ਿਆਂ ਨਾਲ ਝੰਬੇ ਪਏ ਹਨ। ਇਸ ਤੋਂ ਇਲਾਵਾ ਇਹ ਜਿਲਾ ਫਸਲਾਂ ਦੇ ਘਟਦੇ ਝਾੜ, ਜ਼ਮੀਨੀ ਪਾਣੀ ਦਾ ਡਿੱਗਦਾ ਪੱਧਰ, ਨਰਮੇ ਦੀ ਫਸਲ ਉੱਪਰ ਗੁਲਾਬੀ ਸੁੰਡੀ ਦਾ ਹਮਲਾ, ਕੈਂਸਰ ਦੀ ਮਾਰ ਅਤੇ ਕਿਸਾਨ ਖੁਦਕੁਸ਼ੀਆਂ ਨਾਲ ਜੂਝ ਰਿਹਾ ਹੈ। ਸਿੱਧੂ ਨੇ ਉਨਾਂ ਦੀਆਂ ਸਮੱਸਿਆਵਾਂ ਅਤੇ ਇਛਾਵਾਂ ਦੀ ਗੱਲ ਤਾਂ ਕੀਤੀ ਹੈ, ਪਰ ਉਸ ਨੇ ਜੱਟ ਦ੍ਰਿਸ਼ਟੀਕੋਣ ਨੂੰ ਜਿਆਦਾ ਹੁੰਮ-ਹੁੰਮਾ ਕੇ ਪੇਸ਼ ਕੀਤਾ ਹੈ ਜਿਸ ਵਿਚ ਪੇਂਡੂ ਕਦਰਾਂ-ਕੀਮਤਾਂ, ਹਥਿਆਰਾਂ ਅਤੇ ਪੈਸੇ ਦੀ ਵੀ ਗੱਲ ਹੁੰਦੀ ਹੈ।ਕਈਆਂ ਨੇ ਸਿੱਧੂ ਦੀ ਮੌਤ ਨੂੰ ਗੈਂਗਵਾਰ ਅਤੇ ਹਥਿਆਰਾਂ ਨਾਲ ਵੀ ਜੋੜਿਆ ਹੈ ਜਿਸ ਦਾ ਪ੍ਰਚਾਰ ਖੁਦ ਸਿੱਧੂ ਮੂਸੇਵਾਲਾ ਵੀ ਕਰ ਰਿਹਾ ਸੀ।

ਉਸ ਦੇ ਗਾਣਿਆਂ ਵਿਚ ਅਖਬਾਰਾਂ ਦੀਆਂ ਸੁਰਖੀਆਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਹਿੱਸਾ ਪ੍ਰਤੀ ਇਕ-ਪੱਖੀ ਦ੍ਰਿਸ਼ਟੀਕੋਣ ਨੂੰ ਨਵਾਂ ਨਜ਼ਰੀਆ ਦੇ ਰਿਹਾ ਸੀ।ਉਸ ਦੇ ਗਾਣਿਆਂ ਵਿਚ ਪੇਸ਼ ਹੁੰਦੇ ਵਿਅਕਤੀਵਾਦ ਨੇ ਨੌਜਵਾਨਾਂ ਨੂੰ ਅਨਿਆਂ ਖਿਲਾਫ ਖੜੇ ਹੋਣ ਲਈ ਪ੍ਰੇਰਿਆ ਜੋ ਸਮਾਜ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਲਗਾਤਾਰ ਜੂਝ ਰਿਹਾ ਹੈ। ਉਸ ਵਿਚ ਸਿੱਧੂ ਨੇ ਪੰਜਾਬ ਅਤੇ ਪੰਜਾਬੀਅਤ ਦਾ ਘੇਰਾ ਮੋਕਲਾ ਕੀਤਾ ਹੈ। ਉਸ ਦੇ ਅੰਤਿਮ ਸਸਕਾਰ ਸਮੇਂ ਵੀ ਇਸ ਦੀ ਝਲਕ ਦੇਖਣ ਨੂੰ ਮਿਲੀ ਜਿਸ ਵਿਚ ਸਭ ਧਰਮਾਂ, ਜਾਤਾਂ, ਕਿੱਤਿਆਂ ਅਤੇ ਖਿੱਤਿਆਂ ਦੇ ਲੋਕਾਂ ਨੇ ਉਸ ਦੇ ਪਰਿਵਾਰ ਦਾ ਸਾਥ ਦਿੱਤਾ। ਸਿੱਧੂ ਦਾ ਇਸ ਤਰਾਂ ਅਸਮੇਂ ਚਲੇ ਜਾਣ ਦਾ ਨਾ ਸਿਰਫ ਪੰਜਾਬੀ ਅਤੇ ਭਾਰਤੀ ਲੋਕਾਂ ਲਈ ਸਦਮਾ ਹੈ, ਬਲਕਿ ਪਾਕਿਸਤਾਨ ਵਸਦੇ ਪੰਜਾਬੀਆਂ ਨੇ ਵੀ ਉਸ ਦੀ ਮੌਤ ਦਾ ਦੁੱਖ ਮਨਾਇਆ, ਜਿੱਥੇ ਜਾਣ ਦਾ ਉਸ ਵਾਅਦਾ ਕੀਤਾ ਹੋਇਆ ਸੀ।

# ਸੰਗਰੂਰ ਚੋਣ ਦੌਰਾਨ ਬੰਦੀ ਸਿੰਘਾਂ ਦੇ ਮੁੱਦੇ ਭਾਰੂ

## ਮਾਨ ਪੰਥ ਦਾ ਨਰੇਟਿਵ ਸਿਰਜਣ ਵਿਚ ਕਾਮਯਾਬ

ਲੋਕ ਸਭਾ ਹਲਕਾ ਸੰਗਰੂਰ ਦੀ ਹੋ ਰਹੀ ਉਪ ਚੋਣ ਵਿਚ ਪਹਿਲੀ ਵਾਰ ਵੇਖਣ ਨੂੰ ਮਿਲ ਰਿਹਾ ਹੈ ਕਿ ਇਸ ਵਾਰ ਸ਼ਰਾਬ, ਭੁੱਕੀ, ਪੈਸੇ ਜਾਂ ਤੋਹਫੇ ਵੰਡਣ ਦਾ ਕੰਮ ਅਜੇ ਤੱਕ ਬਿਲਕੁਲ ਠੱਪ ਹੈ । ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ (ਅ) ਨੇ ਪਿਛਲੀਆਂ ਚੋਣਾਂ ਦੌਰਾਨ ਵੀ ਇਸ ਪੱਖੋਂ ਆਪਣੀ ਦਿਖ ਸਾਫ ਰੱਖੀ ਅਤੇ ਇਸ ਵਾਰ ਵੀ ਇਨਾਂ ਦੋਵਾਂ ਪਾਰਟੀਆਂ ਨੇ ਚੋਣਾਂ ਨਸ਼ਾ ਜਾਂ ਲਾਲਚ ਰਹਿਤ ਰੱਖਣ ਦਾ ਫੈਸਲਾ ਕੀਤਾ ਹੋਇਆ ਹੈ । ਕਾਂਗਰਸ, ਭਾਜਪਾ ਜਾਂ ਅਕਾਲੀ ਦਲ (ਬ) ਦੇ ਕੈਂਪਾਂ ਵਿਚੋਂ ਵੀ ਅਜੇ ਤੱਕ ਅਜਿਹੀ ਕੋਈ ਖਬਰ ਨਹੀਂ ਮਿਲੀ ਕਿ ਚੋਣਾਂ ਦੌਰਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕੋਈ 'ਉਚੇਚਾ ਪ੍ਰਬੰਧ' ਕੀਤਾ ਹੋਵੇ। ਇਸ ਵਾਰ ਇਸ ਉਪ ਚੋਣ ਲਈ ਵੋਟਰਾਂ ਦੀ ਦਿਲਚਸਪੀ ਘੱਟ ਹੋਣ ਕਾਰਨ ਪਾਰਟੀਆਂ ਘੱਟ ਤੋਂ ਘੱਟ ਖਰਚ ਨਾਲ ਚੋਣ ਮੁਹਿੰਮ ਚਲਾ ਰਹੀਆਂ ਹਨ । ਪੁਲਿਸ ਪ੍ਰਸ਼ਾਸਨ ਦੀ ਸਖਤੀ ਵੀ ਇਸ ਵਾਰ ਇਸ 'ਵਿਸ਼ੇਸ਼ ਸੇਵਾ ਪ੍ਰਬੰਧ' ਨੂੰ ਪ੍ਰਭਾਵਿਤ ਕਰ ਰਹੀ ਹੈ । ਇਸ ਵਾਰ ਹਰ ਪਾਰਟੀ 'ਤੇ ਸਖਤ ਨਜ਼ਰ ਰੱਖੀ ਹੋਈ ਹੈ।

ਲੋਕ ਸਭਾ ਹਲਕਾ ਸੰਗਰੂਰ ਦੀ ਉਪ ਚੋਣ ਮੁਹਿੰਮ ਦੌਰਾਨ ਵੱਖ-ਵੱਖ ਸਿਆਸੀ ਆਗੂਆਂ ਵਲੋਂ ਹਲਕੇ ਵਿਚ ਏਅਰ ਪੋਰਟ ਲਿਆਉਣਾ, ਮੈਡੀਕਲ ਕਾਲਜ ਦੀ ਸਥਾਪਨਾ, ਘੱਗਰ ਦਰਿਆ ਦੀ ਸਮੱਸਿਆ ਦਾ ਹੱਲ, ਬੰਦੀ ਸਿੰਘਾਂ ਦੀ ਰਿਹਾਈ, ਹਿੰਦ-ਪਾਕਿ ਸਰਹੱਦ ਖੁਲਵਾਉਣ ਆਦਿ ਮੁੱਦਿਆਂ 'ਤੇ ਜ਼ੋਰ ਦਿੱਤਾ ਗਿਆ । ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੇ ਹਲਕੇ 'ਚ ਏਅਰ ਪੋਰਟ ਅਤੇ ਕਾਰਗੋ ਟਰਮੀਨਲ ਲਿਆਉਣ ਦਾ ਵਾਅਦਾ ਕੀਤਾ ਹੈ। ਇਸ ਮੁੱਦੇ ਨੂੰ ਚੁੱਕਦਿਆਂ ਦੂਸਰੇ ਉਮੀਦਵਾਰਾਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਜਲੰਧਰ, ਲੁਧਿਆਣਾ ਅਤੇ ਬਠਿੰਡਾ ਦੇ ਹਵਾਈ ਅੱਡਿਆਂ ਨੂੰ ਹੁਣ ਤੱਕ ਸੁਚਾਰੂ ਢੰਗ ਨਾਲ ਚਲਾ ਨਹੀਂ ਸਕੀ, ਅੰਮ੍ਰਿਤਸਰ ਦਾ ਹਵਾਈ ਅੱਡਾ ਪੂਰੀ ਤਰਾਂ ਵਿਕਸ਼ਿਤ ਨਹੀਂ ਹੋਇਆ ਅਤੇ ਹੁਣ ਸੰਗਰੂਰ ਵਿਚ ਏਅਰ ਪੋਰਟ ਲਿਆਉਣ ਦਾ ਸੋਸ਼ਾ ਛੱਡਿਆ ਗਿਆ ਹੈ। ਆਪ ਪਾਰਟੀ ਵਲੋਂ ਸੰਗਰੂਰ ਲਾਗੇ ਸ੍ਰੀ ਮਸਤੂਆਣਾ ਸਾਹਿਬ ਵਿਖੇ ਮੈਡੀਕਲ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਹੈ । ਮੁੱਖ ਮੰਤਰੀ ਭਗਵੰਤ ਮਾਨ ਅਨੁਸਾਰ ਇਸ ਕਾਲਜ ਦੀ ਉਸਾਰੀ ਲਈ 25 ਏਕੜ ਜ਼ਮੀਨ ਸਰਕਾਰ ਦੇ ਖਾਤੇ ਵਿਚ ਤਬਦੀਲ ਹੋ ਚੁੱਕੀ ਹੈ। ਘੱਗਰ ਦਰਿਆ ਕਾਰਨ ਹਰ ਸਾਲ ਹੁੰਦੇ ਨੁਕਸਾਨ ਦਾ ਮੁੱਦਾ ਸਾਰੀਆਂ ਪਾਰਟੀਆਂ ਵਲੋਂ ਉੱਠਾ ਕੇ ਇਕ-ਦੂਜੇ 'ਤੇ ਤਿੱਖੀ ਦੂਸ਼ਣਬਾਜ਼ੀ ਵੇਖਣ ਨੂੰ ਮਿਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਬਾਦਲ ਵਲੋਂ ਆਮ ਆਦਮੀ ਪਾਰਟੀ ਵਲੋਂ ਕੀਤੇ ਬੇਰੁਜ਼ਗਾਰਾਂ ਨੂੰ ਨੌਕਰੀ, ਮੁਫ਼ਤ ਬਿਜਲੀ, ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਆਦਿ ਵਾਅਦੇ ਹਾਲੇ ਤੱਕ ਪੂਰੇ ਨਾ ਕਰਨ ਨੂੰ ਮੁੱਦਾ ਬਣਾਇਆ ਜਾ ਰਿਹਾ ਹੈ, ਉਥੇ ਸਜ਼ਾ ਪੂਰੀ ਕਰ ਚੁੱਕੇ ਜੇਲਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਦਾ ਮੁੱਦਾ ਵੀ ਜੋਰ ਸ਼ੋਰ ਨਾਲ ਉਭਾਰਿਆ ਜਾ ਰਿਹਾ ਹੈ । ਅਕਾਲੀ ਦਲ (ਅ) ਵਲੋਂ ਵਪਾਰੀਆਂ ਦੀ ਸੁਰੱਖਿਆ ਅਤੇ ਹਿੰਦ-ਪਾਕਿ ਸਰਹੱਦ ਵਪਾਰ ਲਈ ਖੋਲਣ ਦਾ ਮੁੱਦਾ ਚੁੱਕਿਆ ਜਾ ਰਿਹਾ ਹੈ । ਮਾਨ ਦੇ ਹਕ ਵਿਚ ਇਹ ਗਲ ਜਾਂਦੀ ਹੈ ਕਿ ਉਹ ਲੋਕਾਂ ਵਿਚ ਬੰਦੀ ਸਿਖਾਂ ਦਾ ਮੁਦਾ ਲਿਜਾਣ ਵਿਚ ਸਫਲ ਹੋਏ ਹਨ।ਸੰਗਰੂਰ ਵਿਚ ਬੰਦੀ ਸਿਖਾਂ ਦਾ ਮੁਖ ਮੁਦਾ ਉਭਰਿਆ ਹੈ।

### ਈ.ਡੀ. ਰਾਹੁਲ ਗਾਂਧੀ ਨੂੰ ਕਰ ਸਕਦੀ ਹੈ ਗ੍ਰਿਫਤਾਰ

ਨੈਸ਼ਨਲ ਹੇਰਾਲਡ ਮਾਮਲੇ ਵਿਚ ਜਾਂਚ ਏਜੰਸੀ ਈਡੀ ਰਾਹੁਲ ਗਾਂਧੀ ਤੋਂ ਚਾਰ ਵਾਰ 12,12 ਘੰਟੇ ਪੁੱਛਗਿੱਛ ਕਰ



ਚੁੱਕੀ ਹੈ। ਉਨਾਂ ਦੀ ਪੁੱਛਗਿੱਛ ਦੇ ਪਹਿਲੇ ਦਿਨ ਤੋਂ ਹੀ ਪਾਰਟੀ ਦੇ ਚੋਟੀ ਦੇ ਆਗੂ ਇਸ ਦਾ ਵਿਰੋਧ ਕਰ ਰਹੇ ਹਨ। ਸਿਆਸੀ ਤੌਰ 'ਤੇ ਸੰਵੇਦਨਸ਼ੀਲ ਮਾਮਲਾ ਹੋਣ ਕਾਰਨ ਈਡੀ ਦੇ ਅਧਿਕਾਰੀ ਰਾਹੁਲ ਗਾਂਧੀ ਨੂੰ ਪੁੱਛੇ ਗਏ ਸਵਾਲਾਂ ਅਤੇ ਉਨਾਂ ਦੇ ਜਵਾਬਾਂ ਦਾ ਖੁਲਾਸਾ ਨਹੀਂ ਕਰ ਰਹੇ ਹਨ ਪਰ ਉਹ ਇਸ ਨੂੰ ਮਨੀ ਲਾਂਡਰਿੰਗ ਲਈ ਫਿੱਟ ਕੇਸ ਦੱਸ ਰਹੇ ਹਨ। ਉਨਾਂ ਮੁਤਾਬਕ ਈਡੀ ਸੀਆਰਪੀਸੀ ਤਹਿਤ ਕਾਨੂੰਨੀ ਕਾਰਵਾਈ ਕਰ ਰਹੀ ਹੈ।




ਸੀਆਰਪੀਸੀ ਵਿਚ ਪੁਲਿਸ ਕੋਲ ਐਫਆਈਆਰ ਦਰਜ ਕਰਨ ਜਾਂ ਇਸ ਦੇ ਲਈ ਸਿੱਧੇ ਅਦਾਲਤ ਵਿੱਚ ਸ਼ਿਕਾਇਤ ਦਰਜ ਕਰਨ ਦੀ ਸਪੱਸ਼ਟ ਵਿਵਸਥਾ ਹੈ। ਸਿਆਸੀ ਮਾਹਿਰਾਂ ਦਾ ਖਿਆਲ ਹੈ ਕਿ ਰਾਹੁਲ ਗਾਂਧੀ ਦੀ ਗ੍ਰਿਫਤਾਰੀ ਹੋ ਸਕਦੀ ਹੈ।ਉਹ ਸਮਝਦੇ ਹਨ ਕਿ ਇਹ ਮੋਦੀ ਦਾ ਭਾਰਤ ਮੁਕਤ ਕਾਂਗਰਸ ਬਾਰੇ ਵਡਾ ਚਕਰਵਿਊ ਹੈ।ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਨੂੰ ਜਿਹੜੀ ਲੜਾਈ ਅਦਾਲਤ ਵਿਚ ਲੜਨੀ ਚਾਹੀਦੀ ਹੈ, ਉਹ ਸੜਕ 'ਤੇ ਲੜ ਰਹੀ ਹੈ ਅਤੇ ਜੋ ਲੜਾਈ ਸੜਕ 'ਤੇ ਲੜਨੀ ਚਾਹੀਦੀ ਹੈ ਉਹ ਟਵਿਟਰ 'ਤੇ ਲੜ ਰਹੀ ਹੈ।

ਚੇਤੇ ਰਹੇ ਇਹ ਮਾਮਲਾ ਕਾਫ਼ੀ ਪੁਰਾਣਾ ਹੈ ਅਤੇ ਕਾਂਗਰਸ ਸੁਪਰੀਮ ਕੋਰਟ ਤੱਕ ਜਾ ਚੁੱਕੀ ਹੈ ਇਸ ਮਾਮਲੇ ਨੂੰ ਖ਼ਾਰਜ ਕਰਾਉਣ ਲਈ ਪਰ ਅਦਾਲਤ ਤੋਂ ਵੀ ਰਾਹਤ ਨਹੀਂ ਮਿਲੀ। ਇਸ ਲਈ ਜਦੋਂ ਕਾਂਗਰਸ ਦੇ ਸਾਰੇ ਵੱਡੇ-ਛੋਟੇ ਨੇਤਾ ਸੜਕ 'ਤੇ ਉੱਤਰੇ ਤਾਂ ਉਸ ਦਾ ਇਹ ਸੰਦੇਸ਼ ਗਿਆ ਕਿ ਕਾਂਗਰਸ ਦੇ ਨੇਤਾ ਸਿਰਫ ਇਕ ਪਰਿਵਾਰ ਪ੍ਰਤੀ ਸਮਰਪਤ ਹਨ। ਦੂਜੇ ਭਾਜਪਾ ਨੂੰ ਵੀ ਇਹ ਕਹਿਣ ਦਾ ਮੌਕਾ ਮਿਲਿਆ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਨਹਿਰੂ-ਗਾਂਧੀ ਪਰਿਵਾਰ ਦਾ ਬਚਾਅ ਕਰਨ ਲਈ ਕਾਂਗਰਸ ਅੰਦੋਲਨ ਕਰ ਰਹੀ ਹੈ। ਸਚਮੁੱਚ ਕਾਂਗਰਸ ਨੂੰ ਇਹ ਲੜਾਈ ਅਦਾਲਤ ਵਿਚ ਲੜਨੀ ਚਾਹੀਦੀ ਹੈ। ਜੇਕਰ ਕਾਂਗਰਸ ਰਾਹੁਲ ਗਾਂਧੀ ਦੀ ਈ.ਡੀ. ਸਾਹਮਣੇ ਪੇਸ਼ੀ ਦੇ ਵਿਰੋਧ ਵਿਚ ਸੜਕ 'ਤੇ ਉਤਰਨ ਦੀ ਬਜਾਏ ਉੱਤਰ ਪ੍ਰਦੇਸ਼ ਵਿਚ ਲੋਕਾਂ ਦੇ ਘਰਾਂ 'ਤੇ ਚੱਲ ਰਹੇ ਬੁਲਡੋਜ਼ਰ ਦੇ ਵਿਰੋਧ ਵਿਚ ਸੜਕ 'ਤੇ ਉੱਤਰਦੀ ਜਾਂ ਮਹਿੰਗਾਈ, ਗ਼ਰੀਬੀ ਅਤੇ ਬੇਰੁਜ਼ਗਾਰੀ ਦੇ ਮੁੱਦੇ 'ਤੇ ਇਸ ਤਰਾਂ ਸੜਕ 'ਤੇ ਉੱਤਰ ਕੇ ਸੰਘਰਸ਼ ਕਰਦੀ ਤਾਂ ਉਸ ਨਾਲ ਆਮ ਲੋਕ ਜ਼ਿਆਦਾ ਜੁੜਦੇ।

**ਸੱਚੋ ਸੱਚ ਦਸ ਵੇ ਜੋਗੀਆ**

### ਗ਼ੈਰ-ਕਾਨੂੰਨੀ ਖੁਦਾਈ ਵਿਰੁੱਧ 'ਆਪ' ਸਰਕਾਰ ਦੀ ਕਾਰਵਾਈ

ਪੰਜਾਬ ਵਿਚ ਰੇਤ ਅਤੇ ਬਜਰੀ ਦੀ ਗ਼ੈਰ-ਕਾਨੂੰਨੀ ਖੁਦਾਈ ਨੂੰ ਲੈ ਕੇ ਦਹਾਕਿਆਂ ਤੋਂ ਇਕ ਪ੍ਰਭਾਵਸ਼ਾਲੀ ਮਾਫੀਆ ਸਰਗਰਮ ਹੈ ਅਤੇ ਉਸ ਨੂੰ ਸਿਆਸੀ ਸਰਪ੍ਰਸਤੀ ਹਾਸਲ ਹੈ। ਇਹੀ ਕਾਰਨ ਹੈ ਕਿ ਸ਼ਰੇਆਮ ਦੋਸ਼ ਲਗਦੇ ਰਹਿਣ ਅਤੇ ਪੱਕੇ ਸਬੂਤ ਹੋਣ ਦੇ ਬਾਵਜੂਦ ਕਾਂਗਰਸ ਅਤੇ ਅਕਾਲੀ-ਭਾਜਪਾ ਦੀਆਂ ਸਾਬਕਾ ਸਰਕਾਰਾਂ ਵਲੋਂ ਉਨਾਂ ਖ਼ਿਲਾਫ਼ ਕਦੇ ਕੋਈ ਕਾਰਵਾਈ ਨਹੀਂ ਕੀਤੀ ਗਈ। ਸਾਲ 2017 ਦੀਆਂ ਚੋਣਾਂ ਦੌਰਾਨ ਕਾਂਗਰਸੀਆਂ ਵਲੋਂ ਵੱਡੇ ਦਾਅਵਿਆਂ ਨਾਲ ਅਕਾਲੀਆਂ ਵਿਰੁੱਧ ਗ਼ੈਰ-ਕਾਨੂੰਨੀ ਖੁਦਾਈ ਦੇ ਦੋਸ਼ ਲਗਾਏ ਗਏ ਸਨ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸਰਕਾਰ ਬਣਨ 'ਤੇ ਇਕ ਮਹੀਨੇ ਦੇ ਵਿਚ-ਵਿਚ ਰੇਤ ਮਾਫ਼ੀਆ ਅਤੇ ਉਨਾਂ ਦੀ ਹਮਾਇਤ ਕਰਨ ਵਾਲੇ ਅਕਾਲੀ ਨੇਤਾਵਾਂ ਨੂੰ ਜੇਲ ਵਿਚ ਪਾਉਣ ਦੇ ਵੱਡੇ ਐਲਾਨ ਕੀਤੇ ਸਨ ਪਰ ਕਾਂਗਰਸ ਦੀ ਸਰਕਾਰ ਬਣਦਿਆਂ ਹੀ ਖ਼ੁਦ ਕਾਂਗਰਸੀ ਇਸ ਗ਼ੈਰ-ਕਾਨੂੰਨੀ ਕਾਰੋਬਾਰ ਵਿਚ ਸ਼ਾਮਿਲ ਹੋ ਗਏ। ਇਸ ਕਾਰਨ ਉਸ ਦੌਰ ਵਿਚ ਇਕ ਸ਼ਕਤੀਸ਼ਾਲੀ ਮੰਤਰੀ ਨੂੰ ਆਪਣੀ ਕੁਰਸੀ ਵੀ ਗੁਆਉਣੀ ਪਈ ਸੀ। ਮਾਲਵਾ ਖੇਤਰ ਦੇ ਅਨੇਕ ਕਾਂਗਰਸੀ ਨੇਤਾ ਇਸ ਮਾਫ਼ੀਆ ਨਾਲ ਜੁੜੇ ਦੱਸੇ ਜਾਂਦੇ ਹਨ। ਇਕ ਸਮੇਂ ਕਾਂਗਰਸ ਦੇ ਲਗਭਗ ਦੋ ਦਰਜਨ ਵਿਧਾਇਕਾਂ ਦੇ ਨਾਂ ਇਸ ਕਾਰੋਬਾਰ ਵਿਚ ਸ਼ਾਮਿਲ ਪਾਏ ਗਏ ਸਨ। ਕੈਪਟਨ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਕਬੂਲ ਕੀਤਾ ਸੀ ਕਿ ਲਗਭਗ 40 ਵਿਧਾਇਕ ਰੇਤ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ, ਜਿਨਾਂ ਵਿਚੋਂ ਜ਼ਿਆਦਾਤਰ ਕਾਂਗਰਸੀ ਹਨ। ਇਸੇ ਦੌਰਾਨ ਕਈ ਮੰਤਰੀਆਂ ਅਤੇ ਇਕ ਮੁੱਖ ਮੰਤਰੀ ਦਾ ਨਾਂ ਵੀ ਇਸ ਕਾਰੋਬਾਰ ਵਿਚ ਉੱਭਰਿਆ। ਉਨਾਂ ਦੇ ਨਾਂ 'ਤੇ ਕਰੋੜਾਂ ਰੁਪਏ ਇਕੱਠੇ ਕਰਨ ਦੇ ਮਾਮਲੇ ਵੀ ਸਾਹਮਣੇ ਆਏ ਪਰ ਸਾਰੇ ਐਲਾਨਾਂ ਅਤੇ ਦਾਅਵਿਆਂ ਦੇ ਬਾਵਜੂਦ ਇਹ ਜਾਇਜ਼-ਨਾਜਾਇਜ਼ ਕਾਰੋਬਾਰ ਲਗਾਤਾਰ ਜਾਰੀ ਰਿਹਾ। ਸਥਿਤੀਆਂ ਦੀ ਤਰਾਸਦੀ ਇਹ ਰਹੀ ਕਿ 500 ਰੁਪਏ ਤੱਕ ਮਿਲਣ ਵਾਲੀ ਰੇਤਾ ਦੀ ਟਰਾਲੀ 5-6 ਹਜ਼ਾਰ ਰੁਪਏ ਤੱਕ ਜਾ ਪਹੁੰਚੀ। ਰੇਤ ਖੁਦਾਈ ਨਾਲ ਜੁੜੇ ਲੋਕ ਤਾਂ ਲਗਾਤਾਰ ਕਰੋੜਪਤੀ ਹੁੰਦੇ ਗਏ ਪਰ ਇਕ ਆਮ ਅਤੇ ਗ਼ਰੀਬ ਆਦਮੀ ਲਈ ਆਪਣੇ ਘਰ ਦੀ ਮੁਰੰਮਤ ਲਈ ਵੀ ਰੇਤ ਮਹਿੰਗੀ ਅਤੇ ਦੁਰਲੱਭ ਹੋ ਗਈ। ਪੰਜਾਬ ਵਿਚ ਹੁਣ 'ਆਪ' ਸਰਕਾਰ ਦੇ ਬਣਨ ਅਤੇ ਇਸ ਦੇ ਮੰਤਰੀਆਂ ਵਲੋਂ ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਇਹ ਆਸ ਬੱਝੀ ਸੀ ਕਿ ਸ਼ਾਇਦ ਹੁਣ ਰੇਤਾ-ਬਜਰੀ ਦੀਆਂ ਕੀਮਤਾਂ ਕਾਬੂ ਵਿਚ ਆ ਜਾਣ ਤਾਂ ਕਿ ਆਮ ਆਦਮੀ ਲਈ ਆਪਣਾ ਘਰ ਬਣਾਉਣ ਦਾ ਸੁਪਨਾ ਸਾਕਾਰ ਹੁੰਦਾ ਵਿਖਾਈ ਦੇਣ ਲੱਗੇ। ਪਰ ਇਸ ਸਰਕਾਰ ਸਮੇਂ ਵੀ ਰੇਤਾ-ਬਜਰੀ ਦੀਆਂ ਕੀਮਤਾਂ ਪਹਿਲਾਂ ਵਾਂਗ ਅਸਮਾਨ ਛੂਹ ਰਹੀਆਂ ਹਨ ਅਤੇ ਗ਼ੈਰ-ਕਾਨੂੰਨੀ ਤੌਰ 'ਤੇ ਰੇਤ ਦੀ ਖੁਦਾਈ ਕਰਨ ਵਾਲਾ ਖਨਨ ਮਾਫੀਆ ਵੀ ਸ਼ਰੇਆਮ ਘੁੰਮਦਾ ਨਜ਼ਰ ਆਉਂਦਾ ਹੈ। 'ਆਪ' ਸਰਕਾਰ ਦੇ ਮੰਤਰੀਆਂ, ਵਿਧਾਇਕਾਂ ਅਤੇ ਵੱਡੇ ਆਗੂਆਂ ਨੇ ਕਈ ਵਾਰ ਮਾਫ਼ੀਆ ਨੂੰ ਕਾਬੂ ਕਰਨ ਦੇ ਬਿਆਨ ਤਾਂ ਦਿੱਤੇ, ਕਈ ਥਾਵਾਂ 'ਤੇ ਕੇਸ ਵੀ ਦਰਜ ਹੋਏ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਰੋਪੜ ਕੋਲ ਚਮਕੌਰ ਸਾਹਿਬ ਅਤੇ ਹੁਸ਼ਿਆਰਪੁਰ ਵਿਚ ਰੋਜ਼ਾਨਾ ਰਾਤ ਸਮੇਂ ਰੇਤ ਦੀ ਗ਼ੈਰ-ਕਾਨੂੰਨੀ ਖੁਦਾਈ ਅਜੇ ਵੀ ਜਾਰੀ ਹੈ। ਪ੍ਰਭਾਵਸ਼ਾਲੀ ਮਾਫ਼ੀਆ ਨੇ ਕਈ ਥਾਂਵਾਂ 'ਤੇ 15-20 ਫੁੱਟ ਤੱਕ ਖੁਦਾਈ ਕਰ ਦਿੱਤੀ ਹੈ ਜਿਸ ਨਾਲ ਪੁਲਾਂ ਦੇ ਪਿੱਲਰਾਂ ਨੂੰ ਵੀ ਨੁਕਸਾਨ ਪਹੁੰਚ ਰਿਹਾ ਹੈ। ਇਕ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਦੀ ਗ੍ਰਿਫ਼ਤਾਰੀ ਦਿਖਾਈ ਹੈ ਪਰ ਇਹ ਤਾਂ ਉਠ ਤੋਂ ਛਾਣਨੀ ਲਾਹੁਣ ਵਾਲੀ ਗੱਲ ਹੈ।ਅਕਾਲੀ ਵਿਧਾਇਕ ਇਸ ਮਾਮਲੇ ਵਿਚ ਖੁਲੇ ਘੁੰਮ ਰਹੇ ਹਨ।

ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਕਾਂਗਰਸ ਦੀ ਸਾਬਕਾ ਕੈਪਟਨ ਅਮਰਿੰਦਰ ਸਿੰਘ ਦੀ **ਬਾਕੀ ਸਫ਼ਾ 30 'ਤੇ**

## ਬੇਨਾਮ ਸ਼ਹੀਦਾਂ ਦੀ ਗਾਥਾ ਬਨਾਮ ਦਲਜੀਤ ਸਿੰਘ ਬਿੱਟੂ

ਜੋ ਇਤਿਹਾਸ ਨੂੰ ਚਮਕਾਉਣ ਲਈ ਆਪਣੇ ਲਹੂ ਦਾ ਕਤਰਾ ਕਤਰਾ ਵਹਾ ਕੇ ਵੀ ਕੋਈ ਦਾਅਵਾ ਨਹੀ ਕਰਦੇ, ਉਨਾਂ ਦੀ ਗਾਥਾ ਲਿਖਣੀ ਸੱਚਮੁੱਚ ਹੀ ਕਾਫੀ ਦ੍ਰਿੜ ਅਤੇ ਇਮਾਨਦਾਰ ਯਤਨ ਹੁੰਦਾ ਹੈ।

ਭਾਈ ਦਲਜੀਤ ਸਿੰਘ ਖਾਲਸਾ ਨੇ ਕੌਮ ਦੇ ਇਨਾਂ ਸਿਰਲੱਥ ਪਰ ਬੇਨਾਮ ਯੋਧਿਆਂ ਦੀ ਗਾਥਾ ਕੌਮ ਦੇ ਸਾਹਮਣੇ ਲਿਆਉਣ ਦਾ ਕਾਰਜ ਅਰੰਭ ਕੀਤਾ ਹੈ। ਭਾਈ ਦਲਜੀਤ ਸਿੰਘ ਕੋਲ, ਸਿੱਖ ਲਹਿਰ ਦਾ ਆਗੂ ਹੋਣ ਦੇ ਨਾਤੇ ਅਜਿਹੇ ਸੂਰਬੀਰ ਯੋਧਿਆਂ ਦੀਆਂ ਅਣਗਿਣਤ ਗਾਥਾਵਾਂ ਮੌਜੂਦ ਹਨ। ਬੇਸ਼ੱਕ ਸੰਘਰਸ਼ ਵਿੱਚ ਸ਼ਾਮਲ ਰਹੇ ਹੋਰ ਬਹੁਤ ਸਾਰੇ ਵੀਰਾਂ ਕੋਲ ਵੀ ਅਜਿਹੀਆਂ ਗਾਥਾਵਾਂ ਮੌਜੂਦ ਹੋਣਗੀਆਂ ਪਰ ਹਰ ਕੋਈ ਉਸ ਮੁਕਾਮ ਤੇ ਪਹੁੰਚਿਆ ਨਹੀ ਹੁੰਦਾ ਜਿਸ ਮੁਕਾਮ ਤੇ ਖੜਕੇ ਇਨਾਂ ਬੇਨਾਮ ਸ਼ਹੀਦਾਂ ਦੀ ਗਾਥਾ ਨੂੰ ਇਮਾਨਦਾਰੀ ਨਾਲ ਕੌਮ ਦੀ ਝੋਲੀ ਪਾਇਆ ਜਾ ਸਕੇ। ਇਸ ਕਾਰਜ ਵਿੱਚ ਬਹੁਤ ਸਾਰੀਆਂ ਔਕੜਾਂ ਵੀ ਆਉਂਦੀਆਂ ਹਨ। ਗੁਰੀਲਾ ਜੰਗ ਵਿੱਚ ਕੌਣ ਪੰਥ ਲਈ ਵਫਾਦਾਰੀ ਨਾਲ ਨਿਭਿਆ ਅਤੇ ਕੌਣ ਨਹੀ ਇਸਦਾ ਇਮਾਨਦਾਰ ਫੈਸਲਾ ਕਰਨਾ ਬਹੁਤ ਜੋਖਮ ਭਰਿਆ ਕਾਰਜ ਹੁੰਦਾ ਹੈ।

ਦਿੱਲੀ ਵਾਲਾ ਰਵੀ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਰਹੇ ਭਾਈ ਗੁਰਜੀਤ ਸਿੰਘ ਦੀ ਗਾਥਾ ਇਸਦੀ ਪਰਤੱਖ ਮਿਸਾਲ ਹੈ। ਅਜਿਹੇ ਮੌਕਿਆਂ ਤੇ ਕੋਈ ਜਿੰਮੇਵਾਰ ਆਗੂ ਹੀ ਸੱਚ ਦੇ ਨਾਲ ਖੜਨ ਦਾ ਹੌਸਲਾ ਕਰ ਸਕਦਾ ਹੈ। ਦਿੱਲੀ ਵਾਲੇ ਰਵੀ ਵਰਗੇ ਹਜ਼ਾਰਾਂ ਸੂਰਬੀਰ ਹੋਣਗੇ ਜੋ ਨਾ ਸਿਰਫ ਦੁਸ਼ਮਣ ਦੀਆਂ ਅੱਖਾਂ ਵਿੱਚ ਅੱਖਾਂ ਪਾਕੇ ਝਾਕਣ ਦਾ ਜਿਗਰਾ ਕਰ ਰਹੇ ਹੋਣਗੇ ਬਲਕਿ ਕਿਸੇ ਮੌਕੇ 'ਤੇ ਦੁਸ਼ਮਣ ਦੀ ਕਰੂਰਤਾਂ ਸਾਹਮਣੇ ਉਸ ਦੇ ਮੂੰਹ 'ਤੇ ਥੁੱਕਣ ਦਾ ਜਿਗਰਾ ਵੀ ਕਰ ਰਹੇ ਹੋਣਗੇ।

ਭਾਈ ਦਲਜੀਤ ਸਿੰਘ ਦੀ ਕਿਤਾਬ ਨੇ ਸਿੱਖ ਇਤਿਹਾਸ ਦੇ ਅਣਫੋਲੇ ਵਰਕੇ ਸਾਡੇ ਸਾਹਮਣੇ ਰੱਖੇ ਹਨ। ਕਾਰ ਸੇਵਾ ਵਾਲੇ ਬਾਬਾ ਜੀ, ਬਾਬਾ ਪਿਆਰਾ ਸਿੰਘ, ਦਿੱਲੀ ਵਾਲੀ ਜੁਝਾਰੂ ਬੀਬੀ, ਲੁਧਿਆਣੇ ਲਾਗੇ ਦਾ ਉਹ ਫੌਜੀ ਸੂਬੇਦਾਰ ਜੋ ਸਿੰਘਾਂ ਨੂੰ ਸਤਕਾਰ ਖਾਤਰ ਬੁਲਾਉਣ ਲਈ ਹੀ ਕਈ ਦਿਨ ਤਸ਼ੱਦਦ ਝੱਲਦਾ ਰਿਹਾ, ਸਵਾਂ ਨਦੀ ਦੇ ਕੰਢੇ ਤੇ ਦੁਸ਼ਮਣ ਨੂੰ ਚੀਕ ਚੀਕ ਕੇ ਲਲਕਾਰਨ ਵਾਲਾ ਯੋਧਾ ਅਤੇ ਉਸਦੇ ਨਾਲ ਖਾਮੋਸ਼ ਸ਼ਹੀਦੀ ਪਾ ਗਿਆ ਉਹ 14 ਸਾਲ ਦਾ ਬੱਚਾ। ਇਹ ਸਾਡੇ ਆਪਣੇ ਲੋਕ ਸਨ। ਇਨਾਂ ਨੇ ਪੰਥ ਅਤੇ ਪੰਜਾਬ ਦੀ ਚੜ੍ਹਦੀਕਲਾ ਲਈ ਮਣਾਂਮੂੰਹੀ ਤਸ਼ੱਦਦ ਝੱਲਿਆ ਅਤੇ ਮੈਦਾਨੇ ਜੰਗ ਵਿੱਚ ਦੁਸ਼ਮਣ ਨਾਲ ਭਿੜੇ। ਉਹ ਸਿੱਖ ਬੀਬੀ ਜਿਸਨੂੰ ਪੁਲਿਸ ਕੈਂਪ ਵਿੱਚ ਬਿਨਾ ਵਸਤਰਾਂ ਤੋਂ ਰੱਖਿਆ ਗਿਆ ਉਸਦਾ ਸਿੱਖੀ



ਸਿਦਕ, ਭਾਈ ਸੁਰਿੰਦਰ ਸਿੰਘ ਸ਼ਿੰਦੂ ਦਾ ਸਾਥੀ ਸਿੰਘ ਜੋ ਆਖਰੀ ਦਮ ਤੱਕ ਮੋਰਚਿਆਂ ਵਿੱਚ ਡਟਿਆ ਰਿਹਾ ਅਤੇ ਪਾਣੀ ਪਿਆਉਣ ਵਾਲਾ ਭੁਜੰਗੀ ਇਹ ਸਾਰੇ ਸਾਡੇ ਲਈ ਹੀ ਆਪਾ ਵਾਰ ਕੇ ਗਏ ਹਨ। ਆਪਣੇ ਗੁਰੂ ਲਈ, ਆਪਣੀ ਕੌਮ ਲਈ ਅਤੇ ਆਪਣੀ ਪਿਆਰੀ ਮਾਂ ਧਰਤੀ ਲਈ। ਤਾਂ ਕਿ ਇਤਿਹਾਸ ਵਿੱਚ ਕਿਤੇ ਇਹ ਨਾ ਲਿਖਿਆ ਜਾਵੇ ਕਿ ਜਦੋਂ ਵੈਰੀਆਂ ਨੇ ਮਾਂ ਧਰਤੀ ਦਾ ਸਤਕਾਰ ਤਾਰ ਤਾਰ ਕਰਨ ਦਾ ਯਤਨ ਕੀਤਾ ਸੀ ਤਾਂ ਉਸਦੇ ਪੁੱਤ ਬੁਜ਼ਦਿਲਾਂ ਵਾਂਗ ਖੁੱਡਾਂ ਵਿੱਚ ਵੜ ਗਏ ਸਨ।

ਸੰਘਰਸ਼ਾਂ ਦੇ ਇਸ ਇਤਿਹਾਸ ਵਿੱਚ ਹਰ ਥਾਂ ਚੰਗੇ ਬੰਦੇ ਹੀ ਨਹੀ ਹੁੰਦੇ ਬਲਕਿ ਬਹੁਤ ਸਾਰੇ ਵੀਰ ਭੈਣਾਂ ਸੰਘਰਸ਼ ਦਾ ਲਾਹਾ ਲੈ ਕੇ ਆਪਣੀ ਨਿੱਜੀ ਜਿੰਦਗੀ ਸੰਵਾਰਨ ਦੇ ਰਾਹ ਵੀ ਪੈ ਜਾਂਦੇ ਹਨ। ਕੁਝ ਫੈਡਰੇਸ਼ਨ ਵਾਲੇ ਸਿੰਘਾਂ ਵੱਲੋਂ ਜਿਵੇਂ ਉਸ ਦਿੱਲੀ ਵਾਲੀ ਬੀਬੀ ਦੀ ਜਾਇਦਾਦ ਹਥਿਆਈ ਗਈ ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਹਨ ਜਿੱਥੇ ਲੋਕਾਂ ਦੇ ਮਨਾਂ ਤੇ ਕੌਮੀ ਜਿੰਦਗੀ ਨਾਲੋਂ ਨਿੱਜੀ ਜਿੰਦਗੀ ਦੀ ਖੋਟ ਭਾਰੂ ਹੋ ਗਈ।

ਇਸ ਚੰਗੇ ਅਤੇ ਮਾੜੇ ਦਾ ਨਿਤਾਰਾ ਕਰਨ ਵਾਲੀ ਸਮਰਥਾ ਅਤੇ ਅੱਖ ਹਰ ਕਿਸੇ ਕੋਲ ਨਹੀ ਹੁੰਦੀ। ਭਾਈ ਦਲਜੀਤ ਸਿੰਘ ਕਿਉਂਕਿ ਆਪਣੇ ਕਿਰਦਾਰ ਕਰਕੇ ਲਹਿਰ ਵਿੱਚ ਪਹਿਚਾਣੇ ਜਾਂਦੇ ਸਨ ਇਸ ਲਈ ਉਨਾਂ ਦੀ ਕਲਮ ਤੋਂ ਆਈ ਇਹ ਇਬਾਰਤ ਨਿਸ਼ਚੇ ਹੀ ਕੌਮੀ ਇਤਿਹਾਸ ਦਾ ਮਹੱਤਵਪੂਰਨ ਪੰਨਾ ਹੈ।

ਆਸ ਹੈ ਉਹ ਇਸੇ ਲੜੀ ਅਧੀਨ ਹੋਰ ਸਿੰਘ ਸਿੰਘਣੀਆਂ ਬਾਰੇ ਵੀ ਲਿਖਣਗੇ ਅਤੇ ਇਸਦੇ ਨਾਲ ਹੀ ਉਨਾਂ ਸਿੰਘਾਂ ਨੂੰ ਵੀ ਇਸ ਕਾਰਜ ਲਈ ਪ੍ਰੇਰਤ ਕਰਨਗੇ ਜੋ ਸਿੱਖ ਸੰਘਰਸ਼ ਦੇ ਅੰਬਰ ਵਿੱਚ ਖਿੜੀ ਦੁਪਹਿਰ ਵਾਂਗ ਚਮਕ ਰਹੇ ਹਨ।

# ਇਸਲਾਮ ਧਰਮ ਪ੍ਰਤੀ ਹਿੰਦੂਤਵੀ ਨ.ਫਰਤ ਦਾ ਜ਼ਹਿਰ

## ਅਵਿਜੀਤ ਪਾਠਕ

ਨੂਪੁਰ ਸ਼ਰਮਾ ਕਾਂਡ ਬਾਰੇ ਬਹੁਤ ਕੁਝ ਆਖਿਆ ਅਤੇ ਲਿਖਿਆ ਜਾ ਚੁੱਕਿਆ ਹੈ ਕਿ ਕਿਵੇਂ ਉਸ ਨੇ ਪੈਗੰਬਰ ਮੁਹੰਮਦ ਬਾਰੇ ਬੇਹੁਰਮਤੀ ਭਰੇ ਸ਼ਬਦ ਇਸਤੇਮਾਲ ਕੀਤੇ ਜਿਸ ਤੋਂ ਬਾਅਦ ਭਾਰਤ ਵਿਚ ਵਧ ਰਹੇ ਇਸਲਾਮੋਫੋਬੀਆ (ਇਸਲਾਮ ਧਰਮ ਪ੍ਰਤੀ ਨ.ਫਰਤ ਦਾ ਜ਼ਹਿਰ) ਨੂੰ ਲੈ ਕੇ ਕਈ ਅਰਬ ਮੁਲਕਾਂ ਨੇ ਨਾਖੁਸ਼ੀ ਜਤਾਈ, ਸਰਕਾਰ ਤੋਂ ਮੁਆ.ਫੀ ਦੀ ਮੰਗ ਕੀਤੀ ਅਤੇ ਆਖਿ.ਰਕਾਰ ਭਾਰਤੀ ਜਨਤਾ ਪਾਰਟੀ ਨੇ ਆਪਣੀ ਇਸ 'ਫਰਿੰਜ' ਅਨਸਰ ਨੂੰ ਪਾਰਟੀ ਤੋਂ ਲਾਂਭੇ ਕਰ ਦਿੱਤਾ। ਫਿਰ ਉਸ ਬਦਜ਼ਬਾਨ ਤਰਜਮਾਨ ਤੋਂ ਆਪਣੇ ਆਪ ਨੂੰ ਵੱਖ ਕਰਨ ਦੀ ਕੋਸ਼ਿਸ਼ ਰਾਹੀਂ ਦਿਖਾਵਾ ਕੀਤਾ ਗਿਆ ਕਿ ਪਾਰਟੀ ਬਹੁ-ਸਭਿਆਚਾਰਵਾਦ ਦੀ ਭਾਵਨਾ ਦਾ ਸਤਿਕਾਰ ਕਰਦੀ ਹੈ। ਦਰਅਸਲ, ਕੋਈ ਅਣਜਾਣ ਹੀ ਹੋਵੇਗਾ ਜਿਸ ਨੇ ਇਸ ਗੱਲ 'ਤੇ ਯਕੀਨ ਕੀਤਾ ਹੋਵੇਗਾ ਕਿ ਸੱਤਾਧਾਰੀ ਪਾਰਟੀ ਇਸ ਮਸਲੇ ਨੂੰ ਲੈ ਕੇ ਰੱਤੀ ਭਰ ਵੀ ਗੰਭੀਰ ਹੈ। ਇਸ ਗੱਲ ਦੇ ਆਸਾਰ ਹਨ ਕਿ ਇਹ ਖੇਡ ਇਵੇਂ ਹੀ ਚਲਦੀ ਰਹੇਗੀ ਅਤੇ ਸੱਤਾਧਾਰੀ ਪਾਰਟੀ ਦੇ ਮੁੱਖ ਰਣਨੀਤੀਕਾਰ- ਚੋਣਾਂ ਜਿੱਤਣ ਵਾਲੀ ਮਸ਼ੀਨਰੀ ਦੇ ਪ੍ਰਬੰਧਕ ਇਸ ਮੌਕੇ ਦਾ ਲਾਹਾ ਉਠਾ ਕੇ ਇਸ ਧਾਰਨਾ ਨੂੰ ਫੈਲਾਉਣਗੇ ਕਿ ਹਿੰਦੂ ਇਸਲਾਮੀ ਜਗਤ ਦੇ ਨਿਸ਼ਚੇ ਦੇ 'ਪੀੜਤ' ਬਣ ਰਹੇ ਹਨ ਅਤੇ ਇਸ ਤੋਂ ਬਚਣ ਲਈ 'ਹਿੰਦੂ ਰਾਸ਼ਟਰ' ਬਣਾਉਣ ਲਈ 'ਹਿੰਦੂ ਏਕਤਾ' ਹੀ ਇਕੋ-ਇਕ ਰਾਹ ਹੈ।

**ਭਖਦਾ ਮੱਸਲਾ**

ਇਹ ਠੀਕ ਹੈ ਕਿ ਨੂਪੁਰ ਸ਼ਰਮਾ ਦੀ ਮੁਅੱਤਲੀ ਜਾਂ ਫਿਰ ਦਿੱਲੀ ਭਾਜਪਾ ਦੇ ਮੀਡੀਆ ਸੈੱਲ ਦੇ ਮੁਖੀ ਨਵੀਨ ਜਿੰਦਲ ਦੀ ਬਰਤਰ.ਫੀ ਪਾਰਟੀ ਲਈ ਕੋਈ ਮਾਇਨਾ ਨਹੀਂ ਰੱਖਦੀ। ਇਸ ਦਾ ਕਾਰਨ ਇਹ ਹੈ ਕਿ ਇਹੋ ਜਿਹੇ 'ਫਰਿੰਜ' ਅਨਸਰਾਂ ਦੀ ਮਾਨਸਿਕਤਾ ਧਾੜਵੀ ਰਾਸ਼ਟਰਵਾਦ ਦੇ ਬਿਪਰਵਾਦੀ ਸਿਧਾਂਤ ਦੇ ਤਾਰਕਿਕ ਸਿੱਟੇ ਦਾ ਚਿਹਰਾ ਮੋਹਰਾ ਪੇਸ਼ ਕਰਦੀ ਹੈ। ਦਰਅਸਲ, ਸੰਘ ਪਰਿਵਾਰ ਦੇ ਨਾਟਕੀ ਉਭਾਰ ਨੂੰ ਹਿੰਦੂਤਵ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਜੋ ਅਜਿਹੀ ਵਿਚਾਰਧਾਰਾ ਹੈ ਜੋ ਹਿੰਦੂਆਂ ਨੂੰ ਇਕਜੁੱਟ ਤੇ ਇਕਰੂਪ ਕਰਨਾ ਚਾਹੁੰਦੀ ਹੈ ਅਤੇ ਨਾਲ ਹੀ ਮੁਸਲਮਾਨਾਂ, ਘੱਟਗਿਣਤੀਆਂ, ਉਦਾਰਵਾਦੀਆਂ, ਕਮਿਊਨਿਸਟਾਂ, ਗਾਂਧੀਵਾਦੀਆਂ, ਅਧਿਆਤਮਕ ਫਿਰਤੂਆਂ ਆਦਿ ਨੂੰ ਦੇਸ਼ ਦੇ ਦੁਸ਼ਮਣ ਗਰਦਾਨਦੀ ਹੈ। ਇਸ ਦਾ ਲਬੋ-ਲਬਾਬ ਹੀ ਨ.ਫਰਤ ਤੇ ਹਿੰਸਾ ਦਾ ਮਨੋਵਿਗਿਆਨ ਹੈ। ਜਦੋਂ ਹਿੰਦੂਤਵ ਦੇ ਵਿਚਾਰਕ ਦੇਸ਼ਭਗਤੀ ਦੀ ਗੱਲ ਕਰਦੇ ਹਨ, ਤਦ ਵੀ ਇਹ ਕੋਈ ਸਜੀਵ ਸਮੂਹਿਕ ਕਲਿਆਣਕਾਰੀ ਭਾਵ ਨਹੀਂ ਉਪਜਾਉਂਦਾ ਸਗੋਂ ਨਾਂਹਮੁਖੀ ਤੇ ਜ਼ਹਿਰੀਲੀ ਬੂਅ ਛੱਡਦਾ ਹੈ; ਇਹ ਇਸ (ਹਿੰਦੂਤਵ) ਦੇ .ਫਰਮਾਨਾਂ ਨੂੰ ਮੰਨਣ ਤੋਂ ਇਨਕਾਰ ਕਰਨ ਵਾਲਿਆਂ ਖਿਲਾ.ਫ ਹਰ ਕਿਸਮ ਦੀਆਂ ਮੰਦਭਾਵੀ ਧਾਰਨਾਵਾਂ ਫੈਲਾਉਣ ਦੇ ਤੁੱਲ ਹੈ। ਇਹ ਜਿਸ ਕਿਸਮ ਦੇ ਧਰਮ ਦੀ ਗੱਲ ਕਰਦਾ ਹੈ, ਉਹ ਨਾ ਕੇਵਲ ਮੁਹੱਬਤ ਦੀ ਧਾਰਮਿਕਤਾ ਤੋਂ ਵਿਰਵਾ ਹੈ ਸਗੋਂ ਸਮਾਜ ਅੰਦਰ ਕੰਧਾਂ ਖੜੀਆਂ ਕਰਨ ਵਾਲਾ .ਫੌਜੀਕਰਨ ਪੈਦਾ ਕਰਦਾ ਹੈ। ਇਹ ਰੂਹਾਨੀ ਇਕਾਂਤ ਤੋਂ ਕੋਹਾਂ ਦੂਰ ਹੈ ਤੇ ਬਹੁਤ ਹੀ ਸ਼ੋਰੀਲਾ ਹੈ। ਕੀ ਇਹ ਇਕ ਤਰਾਂ ਦਾ ਤਾਲਿਬਾਨੀਕਰਨ ਹੀ ਹੈ ਜਿਸ ਦੀ ਮੁਖਾਲ.ਫਤ ਦੇ ਚੱਕਰ ਵਿਚ ਇਹ ਉਸ ਜਿਹਾ ਹੀ ਬਣਦਾ ਜਾ ਰਿਹਾ ਹੈ? ਗਊ ਰੱਖਿਆ ਪਹਿਰੇਦਾਰੀ ਤੋਂ ਲੈ ਕੇ ਲਗਭਗ ਹਰ ਮਸਜਿਦ ਵਿਚੋਂ ਹਿੰਦੂ ਵਿਰਾਸਤ ਦੇ ਚਿੰਨ ਲੱਭਣ ਦੀ ਕਾਹਲ ਵਿਚ ਹਿੰਦੂਤਵ ਵਲੋਂ ਪ੍ਰਚਾਰੇ ਜਾਂਦੇ ਧਰਮ ਵਿਚ ਕਬੀਰ, ਗਾਂਧੀ ਤੇ ਟੈਗੋਰ ਦੇ ਆਦਰਸ਼ਾਂ ਨਾਲ ਰਤਾ ਵੀ ਸਾਂਝ ਨਹੀਂ ਹੈ।

ਲਿਹਾਜ਼ਾ, ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੁੰਦੀ ਜਦੋਂ ਇਹ ਵਿਚਾਰਧਾਰਾ ਸਾਕਸ਼ੀ ਮਹਾਰਾਜ ਤੇ ਪ੍ਰਗਿਆ ਸਿਹੁੰ ਠਾਕੁਰ ਜਾਂ ਲਵ ਜਹਾਦ, ਟੁਕੜੇ ਟੁਕੜੇ ਗੈਂਗ, ਅੰਦੋਲਨਜੀਵੀ ਜਿਹੇ ਸ਼ਬਦ ਦੇਣ ਵਾਲਿਆਂ ਨੂੰ ਪੂਜਦੀ ਹੈ। ਬੇਸ਼ੱਕ 'ਮਸੀਹਾ' ਆਪਣੀ ਨਾਟਕੀ ਪੇਸ਼ਕਾਰੀਆਂ ਰਾਹੀਂ ਜੋਅ ਬਾਈਡਨ ਤੇ ਵਲਾਦੀਮੀਰ ਪੂਤਿਨ ਨਾਲ ਬਗਲਗੀਰ ਹੋ ਕੇ ਆਪਣੇ ਆਪ ਨੂੰ 'ਵਿਸ਼ਵ ਆਗੂ' ਹੋਣ ਦਾ ਭਰਮ ਸਿਰਜ ਰਿਹਾ ਹੈ ਅਤੇ ਟਵਿਟਰ 'ਤੇ ਆਪਣੇ ਕਰੋੜਾਂ ਪ੍ਰਸ਼ੰਸਕਾਂ ਦਾ ਮਨ ਪਰਚਾਵਾ ਕਰ ਰਿਹਾ ਹੈ ਪਰ ਕਠੋਰ ਹਕੀਕਤ ਇਹ ਹੈ ਕਿ ਅਸੀਂ ਜਿਸ ਮਾਹੌਲ ਵਿਚ ਸਾਹ ਲੈ ਰਹੇ ਹਾਂ, ਉਸ ਅੰਦਰ ਵੱਡੇ ਪੱਧਰ 'ਤੇ ਮਨੋਵਿਗਿਆਨਕ ਤੇ ਸਭਿਆਚਾਰਕ ਵਿਸ਼ ਫੈਲ ਚੁੱਕਿਆ ਹੈ। ਇਸੇ ਤਰਾਂ, ਅਸੀਂ ਦੇਖਿਆ ਹੈ ਕਿ ਸਾਡੇ ਸੰਚਾਰ ਦੇ ਤੌਰ ਤਰੀਕਿਆਂ ਦਾ ਘੋਰ ਪਤਨ ਹੋ ਗਿਆ ਹੈ ਤੇ ਸਾਡੇ ਟੈਲੀਵਿਜ਼ਨ ਚੈਨਲ ਇਸ ਦੀ ਬਹੁਤ ਹੀ ਕੋਝੀ ਤਸਵੀਰ ਬਣ ਚੁੱਕੇ ਹਨ। ਰੋਜ਼ ਸ਼ਾਮ ਨੂੰ 'ਪ੍ਰਾਈਮ ਟਾਈਮ' ਮੌਕੇ ਲਿਸ਼ਕੇ ਪੁਸ਼ਕੇ ਐਂਕਰਾਂ (ਜੋ ਜ਼ਮੀਰਪ੍ਰਸਤ ਪੱਤਰਕਾਰ ਤਾਂ ਬਿਲਕੁਲ ਵੀ ਨਹੀਂ ਹਨ ਸਗੋਂ ਝੂਠ ਪਰੋਸਣ ਵਾਲੇ ਤੇ ਪ੍ਰਾਪੇਗੰਡਾ ਜਾਂ ਤਰਾਂ ਤਰਾਂ ਦੇ ਨ.ਫਰਤੀ ਪੈਕੇਜਾਂ ਦੇ ਸੌਦਾਗਰ ਹਨ), ਕਈ ਪਾਰਟੀਆਂ ਦੇ ਬੇਸ਼ਰਮ ਤਰਜਮਾਨਾਂ ਅਤੇ ਭਾੜੇ 'ਤੇ ਲਿਆਂਦੇ ਗੁਸੈਲ



ਪੁਜਾਰੀਆਂ ਤੇ ਮੁਲਾਣਿਆਂ ਦੀ 'ਸਭਾ' ਜੁੜ ਕੇ ਅਜਿਹਾ ਖਰੂਦੀ ਮਾਹੌਲ ਸਿਰਜਦੀ ਹੈ ਜਿਸ ਵਿਚ ਕੋਈ ਕਿਸੇ ਦੀ ਗੱਲ ਨਹੀਂ ਸੁਣਦਾ ਤੇ ਤਰਕ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ ਤੇ ਇਹੋ ਜਿਹੀ ਬਹਿਸ ਜਲਦੀ ਹੀ ਅਖਾੜੇ ਦਾ ਰੂਪ ਧਾਰ ਜਾਂਦੀ ਹੈ; ਫਿਰ ਕਸ਼ਮੀਰ ਹੋਵੇ ਜਾਂ ਜੇਐੱਨਯੂ, ਕੋਵਿਡ ਜਾਂ ਫਿਰ ਮਹਿੰਗਾਈ, ਹਰ ਮੁੱਦੇ ਨੂੰ ਹਿੰਦੂਆਂ ਤੇ ਮੁਸਲਮਾਨਾਂ ਜਾਂ ਫਿਰ 'ਰਾਸ਼ਟਰਵਾਦੀਆਂ' ਤੇ 'ਦੇਸ਼ਧ੍ਰੋਹੀਆਂ' ਦਰਮਿਆਨ ਜੰਗ ਦਾ ਸਵਾਲ ਬਣਾ ਦਿੱਤਾ ਜਾਂਦਾ ਹੈ।

ਇਹੋ ਜਿਹੇ ਟੈਲੀਵਿਜ਼ਨ ਪ੍ਰੋਗਰਾਮਾਂ ਦੇ ਖਪਤਕਾਰਾਂ ਲਈ ਵਿਸ਼ੈਲੇ ਸਭਿਆਚਾਰ ਦੀ ਖੁਰਾਕ ਵਧਦੀ ਜਾਂਦੀ ਹੈ ਅਤੇ ਅਸੀਂ ਕਦੇ ਨੂਪੁਰ ਸ਼ਰਮਾ ਤੇ ਕਦੇ ਸੰਬਿਤ ਪਾਤਰਾ ਜਾਂ ਹੋਰਨਾਂ ਪਾਰਟੀਆਂ ਤੇ ਧਾਰਮਿਕ ਸੰਗਠਨਾਂ ਦੇ ਇਹੋ ਜਿਹੇ ਨਿੱਤ ਨਵੇਂ 'ਸਿਤਾਰੇ' ਲੱਭਦੇ ਰਹਿੰਦੇ ਹਾਂ। ਅਸੀਂ ਭਾਵੇਂ ਆਪਣੇ ਆਪ ਨੂੰ ਪੜੇ ਲਿਖੇ ਕਹਿਣਾ ਪਸੰਦ ਕਰਦੇ ਹਾਂ ਪਰ ਕਿਤੇ ਨਾ ਕਿਤੇ ਸਾਡੇ ਸਾਰਿਆਂ ਵਿਚ ਨੂਪੁਰ ਸ਼ਰਮਾ ਦਾ ਕੋਈ ਕਿਣਕਾ ਮੌਜੂਦ ਹੈ। ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਰਵਾਇਤੀ ਪਰਿਭਾਸ਼ਾ ਮੁਤਾਬਕ ਨੂਪੁਰ ਸ਼ਰਮਾ ਵੀ ਇਸੇ ਪੜੇ ਲਿਖੇ ਵਰਗ ਤੋਂ ਹੀ ਆਉਂਦੀ ਹੈ। ਉਸ ਦੇ ਜੀਵਨ ਵੇਰਵਿਆਂ ਤੋਂ ਪਤਾ ਲੱਗਦਾ ਹੈ ਕਿ ਉਹ ਦਿੱਲੀ ਯੂਨੀਵਰਸਿਟੀ ਤੇ ਲੰਡਨ ਸਕੂਲ ਆਫ ਇਕਨੌਮਿਕਸ ਦੀ ਪੜੀ ਹੋਈ ਹੈ ਅਤੇ ਸਾਡੇ 'ਰਿਪਬਲਿਕ' ਦੀ ਹੋਣੀ ਨੂੰ ਲੈ ਕੇ ਚਿੰਤਾਤੁਰ ਸਾਡੇ ਕੁਝ ਸਮਕਾਲੀ ਟੈਲੀਵਿਜ਼ਨ ਐਂਕਰ ਵੀ ਦਿਲਕਸ਼ ਡਿਗਰੀਆਂ ਤੇ ਡਿਪਲੋਮਿਆਂ ਦੇ ਧਾਰਕ ਹਨ। ਫਿਰ ਵੀ ਉਹ ਜ਼ਹਿਰੀਲੇ ਸੰਦੇਸ਼ ਅਤੇ ਨ.ਫਰਤ ਦੇ ਹਿੰਸਾ ਦੇ ਬਿੰਬਾਂ ਦਾ ਪ੍ਰਚਾਰ ਪ੍ਰਸਾਰ ਕਰਨ ਤੋਂ ਕਦੇ ਨਹੀਂ ਥੱਕਦੇ। ਕੀ ਇਹ ਇਸ ਕਰ ਕੇ ਹੈ ਕਿ ਅਸੀਂ ਜਿਸ ਸਿੱਖਿਆ ਦੀ ਖਪਤ ਕੀਤੀ ਹੈ, ਉਸ ਵਿਚੋਂ ਇਨਸਾਨੀਅਤ, ਸਰਬਸਾਂਝੀ ਨਾਗਰਿਕਤਾ ਦਾ ਇਖ਼ਲਾਕ ਅਤੇ ਆਲੋਚਨਾਤਮਿਕ ਅਲਖ ਜਗਾਉਣ ਵਾਲੀਆਂ ਖੂਬੀਆਂ ਦਾ ਮਾਦਾ ਹੀ ਖਤਮ ਹੋ ਚੁੱਕਿਆ ਹੈ?

ਸਾਨੂੰ ਇਹ ਸਵਾਲ ਪੁੱਛਣਾ ਪੈਣਾ ਹੈ ਕਿਉਂਕਿ ਜਿੰਨੀ ਦੇਰ ਤੱਕ ਅਸੀਂ ਆਪਣੀ ਸਿੱਖਿਆ 'ਤੇ ਮੁੜ ਸੋਚ ਵਿਚਾਰ ਨਹੀਂ ਕਰਦੇ, ਧਾੜਵੀ ਰਾਸ਼ਟਰਵਾਦ ਦੀ ਰਾਜਨੀਤੀ ਜਾਂ ਧਾਰਮਿਕ ਕੱਟੜਤਾ ਦੇ ਮਨੋਵਿਗਿਆਨ ਤੋਂ ਖਹਿੜਾ ਨਹੀਂ ਛੁਡਾਉਂਦੇ ਅਤੇ ਭਾਰਤ ਨੂੰ ਵੱਖੋ-ਵੱਖਰੀਆਂ ਰਵਾਇਤਾਂ ਤੇ ਅਕੀਦਿਆਂ ਦੇ ਸੰਗਮ ਦੀ ਕਲਾ ਨਹੀਂ ਸਿੱਖਦੇ, ਓਨੀ ਦੇਰ ਤੱਕ ਇਸ ਅ.ਫਰਾ-ਤ.ਫਰੀ ਤੋਂ ਨਿਜਾਤ ਨਹੀਂ ਪਾਈ ਜਾ ਸਕਦੀ। ਸ਼ਾਇਦ ਗਾਂਧੀ ਤੇ ਟੈਗੋਰ ਨੇ ਹੀ ਸਾਡੇ ਅਜ਼ਾਦੀ ਘੁਲਾਟੀਆਂ ਨੂੰ ਮੁਕਤੀ ਦਾਤੀ ਸਿੱਖਿਆ ਦਾ ਜਸ਼ਨ ਮਨਾਉਣ ਲਈ ਪ੍ਰੇਰਿਆ ਸੀ। ਇਹ ਠੀਕ ਹੈ ਕਿ ਉਨਾਂ ਲਈ ਸਿੱਖਿਆ ਦਾ ਮਕਸਦ ਜਨ-ਸੰਚਾਰ ਜਾਂ ਬਿਜ਼ਨਸ ਮੈਨੇਜਮੈਂਟ ਦੀ ਕੋਈ ਡਿਗਰੀ ਹਾਸਲ ਕਰਨ ਤੋਂ ਕਿਤੇ ਵੱਧ ਸੀ।

ਬਹਰਹਾਲ, ਮੀਡੀਆ ਦੀਆਂ ਤਸਵੀਰਾਂ ਤੇ ਅੰਧ-ਰਾਸ਼ਟਰਵਾਦ ਦੇ ਆਲਮ ਦਰਮਿਆਨ ਅਸੀਂ ਸ਼ਾਇਦ ਇਹ ਸਾਰੇ ਉਚ ਅਸੂਲ ਭੁਲਾ ਬੈਠੇ ਹਾਂ। ਅਸੀਂ ਆਪਣੇ ਕੰਮਾਂ 'ਤੇ ਪਰਦੇ ਪਾਉਣ ਲਈ ਇਹ ਦਲੀਲਾਂ ਦਿੰਦੇ ਰਹਿੰਦੇ ਹਾਂ ਕਿ ਦੇਖੋ ਇਸਲਾਮੀ ਕੱਟੜਪੰਥੀ ਕਿੰਨੇ ਜ਼ਿਆਦਾ ਜ਼ਹਿਰੀਲੇ ਤੇ ਹਿੰਸਕ ਹਨ। ਕੋਈ ਹੈਰਾਨੀ ਨਹੀਂ ਹੁੰਦੀ ਕਿ ਸਾਨੂੰ ਉਹੀ ਮਿਲਿਆ ਹੈ ਜਿਸ ਦੇ ਅਸੀਂ ਹੱਕਦਾਰ ਹਾਂ; ਨਾਥੂਰਾਮ ਗੋਡਸੇ ਦੇ ਚੇਲੇ ਸਾਡੇ ਆਗੂ ਬਣ ਗਏ ਹਨ ਅਤੇ ਉਨਾਂ ਦੇ ਤਰਜਮਾਨ 'ਤੇ ਕਰੀਬੀ ਜ਼ਹਿਰੀ ਟੈਲੀਵਿਜ਼ਨ ਐਂਕਰ ਲੋਕਾਂ ਦਾ ਮਨੋਰੰਜਨ ਕਰਦੇ ਰਹਿੰਦੇ ਹਨ ਤੇ ਇਸ ਦੌਰਾਨ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਹਿੰਸਾ ਨੂੰ ਸਹਿਜ ਵਰਤਾਰੇ ਬਣਾ ਦਿੱਤਾ ਜਾਂਦਾ ਹੈ। ਕੀ ਸਾਡੇ ਲਈ ਸਿਆਸੀ-ਸਭਿਆਚਾਰਕ ਇਨਕਲਾਬ ਤੋਂ ਬਿਨਾਂ ਨ.ਫਰਤ ਦੇ ਇਸ ਵਿਸ਼ਾਣੂ ਤੋਂ ਮੁਕਤੀ ਪਾਉਣੀ ਸੰਭਵ ਹੈ?

---

# ਦਰਦਨਾਕ ਏ ਸ਼ਰਨਾਰਥੀ ਹੋਣਾ

## ਲਖਵਿੰਦਰ ਜੌਹਲ

'ਸੰਯੁਕਤ ਰਾਸ਼ਟਰ ਸੰਘ' ਦੀ ਜਰਨਲ ਅਸੈਂਬਲੀ ਵਲੋਂ 4 ਦਸੰਬਰ, 2000 ਨੂੰ ਅਸੈਂਬਲੀ ਦੀ 50ਵੀਂ ਵਰੇਗੰਢ ਦੇ ਅਵਸਰ 'ਤੇ ਮਤਾ ਨੰਬਰ 55/76 ਪਾਸ ਕਰਕੇ 2001 ਤੋਂ ਹਰ ਸਾਲ 20 ਜੂਨ ਨੂੰ 'ਵਿਸ਼ਵ ਸ਼ਰਨਾਰਥੀ ਦਿਵਸ' ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ ਸੀ। ਉਸ ਤੋਂ ਬਾਅਦ ਹਰ ਸਾਲ ਪੂਰੇ ਵਿਸ਼ਵ ਵਿਚ 20 ਜੂਨ ਨੂੰ ਵਿਸ਼ਵ ਸ਼ਰਨਾਰਥੀ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਦਿਨ ਉਨਾਂ ਲੋਕਾਂ ਨੂੰ ਸਮਰਪਿਤ ਕਰਕੇ ਮਨਾਇਆ ਜਾਂਦਾ ਹੈ ਜੋ ਆਪਣੀਆਂ ਜਾਨਾਂ ਬਚਾ ਕੇ ਕਿਸੇ ਮਜਬੂਰੀ ਵੱਸ ਆਪਣਾ ਘਰ-ਬਾਰ ਇੱਥੋਂ ਤੱਕ ਕਿ ਕਈ ਵਾਰ ਦੇਸ਼ ਛੱਡ ਕੇ ਵੀ ਕਿਸੇ ਦੂਜੇ ਦੇਸ਼ ਵਿਚ ਪਨਾਹ ਲੈਂਦੇ ਹਨ। ਘਰ ਬਾਰ ਛੱਡ ਕੇ ਭੁੱਖੇ ਤਿਹਾਏ ਕਿਸੇ ਦੂਜੀ ਜਗਾ, ਦੂਜੇ ਦੇਸ਼ ਅਤੇ ਉੱਥੋਂ ਦੇ ਲੋਕਾਂ ਵਿਚ ਸ਼ਰਨ ਲੈਣ ਵਾਲਿਆਂ ਨੂੰ ਸ਼ਰਨਾਰਥੀ ਅਤੇ ਅੰਗਰੇਜ਼ੀ ਵਿਚ ਰਫਿਊਜ਼ੀ ਕਹਿੰਦੇ ਹਨ। ਨਵੀਂ ਜਗਾ 'ਤੇ ਜਾ ਕੇ ਨਵੇਂ ਲੋਕਾਂ ਵਿਚ ਵਿਚਰਨਾ ਅਤੇ ਉੱਥੇ ਵਸਣਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਅੱਜ ਕੱਲ ਵੀ ਵਿਸ਼ਵ ਦੇ ਕਈ ਮੁਲਕਾਂ ਵਿਚ ਉਥਲ-ਪੁਥਲ ਚੱਲ ਰਹੀ ਹੈ, ਜਿਸ ਦੀ ਵਜਾ ਨਾਲ ਹੁਣ ਵੀ ਕਰੋੜਾਂ ਲੋਕ ਪ੍ਰਭਾਵਿਤ ਹੋ ਰਹੇ ਹਨ। ਆਪਣੇ ਘਰ ਛੱਡ ਕੇ ਦਰ-ਬ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ ਅਤੇ ਸ਼ਰਨਾਰਥੀ ਕੈਂਪਾਂ ਵਿਚ ਰੁਲ ਰਹੇ ਹਨ। ਇੱਥੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਮਨੁੱਖ ਨੇ ਇਤਿਹਾਸ ਵਿਚ ਹੋਈਆਂ .ਗਲਤੀਆਂ ਤੋਂ ਅਜੇ ਤੱਕ ਵੀ ਕੁਝ ਨਹੀਂ ਸਿੱਖਿਆ। ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਫਾਰ ਰਫਿਊਜੀਜ਼ ਅਤੇ ਸੰਯੁਕਤ ਰਾਸ਼ਟਰ ਰਾਹਤ ਅਤੇ ਕਾਰਜ ਏਜੰਸੀ ਦੀਆਂ ਰਿਪੋਰਟਾਂ ਮੁਤਾਬਿਕ ਸਾਲ 2017 ਵਿਚ ਪੂਰੇ ਵਿਸ਼ਵ ਵਿਚ ਤਕਰੀਬਨ ਢਾਈ ਕਰੋੜ ਲੋਕ ਸ਼ਰਨਾਰਥੀਆਂ ਵਜੋਂ ਵਿਸ਼ਵ ਦੇ ਵੱਖ-ਵੱਖ ਮੁਲਕਾਂ ਵਿਚ ਰਹਿ ਰਹੇ ਹਨ। ਕਈ ਵਿਕਸਿਤ ਮੁਲਕਾਂ ਨੇ ਤਾਂ ਆਪਣੇ ਦਰਵਾਜ਼ੇ ਸ਼ਰਨਾਰਥੀਆਂ ਲਈ ਹਮੇਸ਼ਾ ਖੁੱਲੇ ਰੱਖੇ ਹੋਏ ਹਨ। ਪਰ ਕਈ ਮੁਲਕਾਂ ਨੇ ਆਪਣੇ ਸਾਧਨਾਂ ਉੱਪਰ ਹੋਰ ਦਬਾਅ ਦੇ ਡਰੋਂ ਸ਼ਰਨਾਰਥੀਆਂ ਦਾ ਪ੍ਰਵੇਸ਼ ਬਿਲਕੁਲ ਹੀ ਬੰਦ ਕਰ ਦਿੱਤਾ ਹੈ। ਨਤੀਜੇ ਵਜੋਂ ਕਈ ਵਿਕਾਸਸ਼ੀਲ ਦੇਸ਼ ਵੀ ਸ਼ਰਨਾਰਥੀਆਂ ਨੂੰ ਸੰਭਾਲ ਰਹੇ ਹਨ।

ਪਿਛਲੇ ਮਹੀਨਿਆਂ ਦੌਰਾਨ ਰੂਸ-ਯੂਕਰੇਨ ਯੁੱਧ ਵਿਚ ਲੱਖਾਂ ਯੂਕਰੇਨੀ ਨਾਗਰਿਕ ਆਪਣੀਆਂ ਜਾਨਾਂ ਬਚਾ ਕੇ ਗੁਆਂਢੀ ਦੇਸ਼ਾਂ ਵਿਚ ਚਲੇ ਗਏ ਅਤੇ ਹੁਣ ਵੀ ਉੱਥੇ ਲੱਗੇ ਕੈਂਪਾਂ ਵਿਚ ਰਹਿ ਰਹੇ ਹਨ। ਸੀਰੀਆ ਗ੍ਰਹਿ ਯੁੱਧ ਦੌਰਾਨ ਵੀ ਬਹੁਤੇ ਸੀਰੀਆਈ ਨਾਗਰਿਕਾਂ ਨੇ ਯੂਰਪੀ ਦੇਸ਼ਾਂ ਅਤੇ ਕੈਨੇਡਾ ਵਿਚ ਸ਼ਰਨ ਲਈ ਸੀ। 1980-2000 ਸਾਲਾਂ ਦੌਰਾਨ ਅ.ਫ.ਗਾਨਿਸਤਾਨ ਵਿਚ ਤਾਲਿਬਾਨਾਂ ਦੇ ਡਰ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਉੱਥੋਂ 'ਹਿੰਦੂ' ਅਤੇ 'ਸਿੱਖ' ਸ਼ਰਨਾਰਥੀ ਬਣ ਕੇ ਭਾਰਤ ਅਤੇ ਹੋਰਨਾਂ ਦੇਸ਼ਾਂ ਵਿਚ ਗਏ। ਹੱਸਦੇ-ਵਸਦੇ ਲੋਕਾਂ ਦੇ ਇਸ ਤਰਾਂ ਉੱਜੜਨ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲ ਸਕਦੀਆਂ ਹਨ। ਸਭ ਕੁਝ ਲੁਟਾ ਕੇ ਸਿਰਫ ਤਨ ਦੇ ਕੱਪੜੇ ਅਤੇ ਜਾਨਾਂ ਬਚਾਉਣ, ਸ਼ਰਨਾਰਥੀ ਬਣ ਕੇ ਸ਼ਰਨਾਰਥੀ ਕੈਂਪਾਂ ਵਿਚ ਰੁਲਣ ਦੀ ਪੀੜ ਪੰਜਾਬੀਆਂ ਤੋਂ ਵੱਧ ਆਖ਼ਰ ਕੌਣ ਜਾਣ ਸਕਦਾ ਹੈ? ਕਿਉਂਕਿ ਪੰਜਾਬੀਆਂ ਦੇ ਉਜਾੜੇ ਦੀ ਦਾਸਤਾਨ ਹੁਣ ਤੱਕ ਦੇ ਮਨੁੱਖੀ ਇਤਿਹਾਸ ਵਿਚ ਸਭ ਤੋਂ ਵੱਡੀ ਉਜਾੜੇ ਦੀ ਦਾਸਤਾਨ ਹੈ। 1947 ਵਿਚ ਜਦੋਂ ਪੰਜਾਬ ਤੇ ਬੰਗਾਲ ਦੀ ਵੰਡ ਹੋਈ ਤਾਂ ਇਕ ਕਰੋੜ ਤੋਂ ਵੀ ਵੱਧ ਲੋਕ ਬੇਘਰ ਹੋ ਗਏ ਅਤੇ ਲੱਖਾਂ ਲੋਕ ਮਾਰੇ ਗਏ। ਇਨਾਂ ਉਜੜਨ ਅਤੇ ਮਰਨ ਵਾਲਿਆਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੀ ਸੀ।

**ਵਿਸ਼ੇਸ਼ ਮੁੱਦਾ**

ਕਈ ਮਹੀਨਿਆਂ ਦੀ ਲੰਬੀ ਕਤਲੋਗਾਰਤ ਅਤੇ ਲੁੱਟਾਂ-ਖੋਹਾਂ ਤੋਂ ਬਾਅਦ ਦੋਵੇਂ ਪਾਸੇ ਅਬਾਦੀ ਦਾ ਤਬਾਦਲਾ ਤਾਂ ਹੋ ਗਿਆ, ਪਰ ਅੱਗੇ ਆਉਣ ਵਾਲੇ ਕਈ ਸਾਲ ਸੰਘਰਸ਼ ਭਰੇ ਰਹੇ। ਅਜ਼ਾਦ ਹੋਏ ਦੋਵਾਂ ਨਵਿਆਂ ਦੇਸ਼ਾਂ ਦੀਆਂ ਸਰਕਾਰਾਂ ਦੀ ਸਭ ਤੋਂ ਪਹਿਲੀ ਮੁਸ਼ਕਿਲ ਇਨਾਂ ਸ਼ਰਨਾਰਥੀਆਂ ਦਾ ਮੁੜ ਵਸੇਬਾ ਸੀ। ਜਿਸ ਨੂੰ ਜਿੱਥੇ-ਜਿੱਥੇ ਵੀ ਜਗਾ ਮਿਲਦੀ ਗਈ ਉੱਥੇ-ਉੱਥੇ ਬੈਠਦੇ ਗਏ। ਪਿੱਛੇ ਖੇਤੀਬਾੜੀ ਵਾਲ਼ੀਆਂ ਜ਼ਮੀਨਾਂ ਛੱਡ ਕੇ ਆਉਣ ਵਾਲਿਆਂ ਨੂੰ ਜ਼ਮੀਨਾਂ, ਕਾਰੋਬਾਰ ਛੱਡਣ ਵਾਲਿਆਂ ਨੂੰ ਕਾਰੋਬਾਰ ਅਤੇ ਘਰ ਅਲਾਟ ਕੀਤੇ ਗਏ। ਅਲਾਟਮੈਂਟ ਵਾਲੀਆਂ ਜ਼ਮੀਨਾਂ, ਕਾਰੋਬਾਰ ਅਤੇ ਘਰ ਭਾਵੇਂ ਪਿੱਛੇ ਰਹਿ ਗਏ ਪਰ ਹੌਲੀ-ਹੌਲੀ ਮਿਹਨਤ ਨਾਲ ਪੰਜਾਬੀਆਂ ਨੇ ਸਭ ਕੁਝ ਅਬਾਦ ਕਰ ਲਿਆ ਅਤੇ ਜ਼ਿੰਦਗੀ ਦੀ ਗੱਡੀ ਫਿਰ ਤੋਂ ਇਕ ਵਾਰ ਰਿੜਨ ਲੱਗੀ। ਸਮੇਂ ਦੇ ਨਾਲ-ਨਾਲ ਇਨਾਂ ਪੰਜਾਬੀਆਂ ਨੇ ਹੋਰ ਵੀ ਬਹੁਤ ਤਰੱਕੀ ਕੀਤੀ।

ਚੜਦੇ ਪੰਜਾਬ ਵਿਚ ਅੱਜ ਵੀ ਕਈ ਇਲਾਕਿਆਂ ਵਿਚ ਪਾਕਿਸਤਾਨ ਤੋਂ ਆਉਣ ਵਾਲੇ ਪੰਜਾਬੀਆਂ ਲਈ ਹੁਣ ਵੀ 'ਰਫਿਊਜੀ' ਲ.ਫਜ਼ ਵਰਤਿਆ ਜਾਂਦਾ ਹੈ ਅਤੇ ਲਹਿੰਦੇ ਪੰਜਾਬ ਵਿਚ ਇਧਰੋਂ ਗਏ ਲੋਕਾਂ ਨੂੰ 'ਮੁਹਾਜਿਰ' ਕਹਿੰਦੇ ਹਨ। ਇਹ ਸਭ ਬੀਤਿਆਂ ਅੱਜ ਸੱਤਰ ਸਾਲ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ, ਪਰ ਇਨਾਂ ਸ਼ਬਦਾਂ ਨੇ ਅਜੇ ਤੱਕ ਇਨਾਂ ਪੰਜਾਬੀਆਂ ਦੀਆਂ ਅਗਲੀਆਂ ਨਸਲਾਂ ਦਾ ਵੀ ਪਿੱਛਾ ਨਹੀਂ ਛੱਡਿਆ। ਮੈਂ ਜਿੱਥੋਂ ਤੱਕ ਦੇਖਿਆ ਹੈ ਕਿ ਜੇ ਕਿਸੇ ਬਜ਼ੁਰਗ ਕੋਲ ਉਨਾਂ ਨੂੰ ਇਨਾਂ ਸ਼ਬਦਾਂ ਨਾਲ ਸੰਬੋਧਿਤ ਕਰੀਏ ਤਾਂ ਅੱਜ ਵੀ ਉਨਾਂ ਦੇ ਪੁਰਾਣੇ ਜ਼ਖ਼ਮ ਹਰੇ ਹੋ ਜਾਂਦੇ ਹਨ। ਹੁਣ ਉਹ ਬਜ਼ੁਰਗ ਆਪਣੇ ਆਪ ਨੂੰ 'ਰਫਿਊਜੀ' ਜਾਂ 'ਮੁਹਾਜਿਰ' ਨਹੀਂ ਅਖਵਾਉਣਾ ਚਾਹੁੰਦੇ। ਜੇ ਦੇਖਿਆ ਜਾਵੇ ਤਾਂ ਇਹ ਕਾਫੀ ਹੱਦ ਤੱਕ ਸਹੀ ਵੀ ਹੈ, ਕਿਉਂਕਿ ਹੁਣ ਉਹ ਅਤੇ ਉਨਾਂ ਦੇ ਬੱਚੇ ਸਥਾਨਕ ਲੋਕਾਂ ਵਿਚ ਰਚ-ਮਿਚ ਗਏ ਹਨ। ਇਨਾਂ ਨੇ ਸਥਾਨਕ ਲੋਕਾਂ ਨਾਲ ਆਪਣਾ ਸੱਭਿਆਚਾਰ ਸਾਂਝਾ ਕੀਤਾ ਹੈ ਅਤੇ ਕੁਝ ਚੀਜ਼ਾਂ ਉਨਾਂ ਦੇ ਸੱਭਿਆਚਾਰ ਦੀਆਂ ਅਪਣਾਈਆਂ ਹਨ

ਪਿਛਲੇ ਦਿਨੀਂ ਮੇਰੇ ਇਕ ਦੋਸਤ ਨਾਲ ਮੇਰੀ ਗੱਲ ਹੋਈ ਜੋ ਹੁਣ ਇਸ ਵਕਤ ਕੈਨੇਡਾ ਵਿਚ ਹੈ। ਉਸ ਨੇ ਦੱਸਿਆ ਕਿ ਉਸ ਨੂੰ ਉੱਥੇ ਇਕ ਸੀਰੀਆਈ ਸ਼ਰਨਾਰਥੀ ਮਿਲਿਆ ਜੋ ਆਪਣੇ ਪਰਿਵਾਰ ਨਾਲ ਉੱਥੇ ਰਹਿ ਰਿਹਾ ਹੈ। ਉਸ ਨੇ ਉਸ ਨੂੰ ਪੁੱਛਿਆ ਕਿ, ਕੀ ਉਹ ਵਾਪਸ ਸੀਰੀਆ ਜਾਣਾ ਚਾਹੁੰਦਾ ਹੈ ਜਾਂ ਨਹੀਂ? ਤਾਂ ਉਸ ਸੀਰੀਆਈ ਨੇ ਜਵਾਬ ਵਿਚ ਕਿਹਾ ਕਿ ਉਹ ਇਕ ਨਾ ਇਕ ਦਿਨ ਜ਼ਰੂਰ ਵਾਪਸ ਆਪਣੇ ਵਤਨ ਜਾਵੇਗਾ, ਕਿਉਕਿ ਇੱਥੇ ਉਸ ਦੀ ਪਛਾਣ ਇਕ ਸ਼ਰਨਾਰਥੀ ਤੋਂ ਵੱਧ ਹੋਰ ਕੁਝ ਵੀ ਨਹੀਂ ਅਤੇ ਉਹ ਨਹੀਂ ਚਾਹੁੰਦਾ ਕਿ ਉਹ ਹਮੇਸ਼ਾ ਲਈ ਸ਼ਰਨਾਰਥੀ ਬਣ ਕੇ ਇੱਥੇ ਹੀ ਰਹੇ। ਮੇਰਾ ਦੋਸਤ ਇਹ ਗੱਲ ਕਰਦੇ-ਕਰਦੇ ਜ਼ਰਾ ਭਾਵੁਕ ਵੀ ਹੋ ਗਿਆ। ਜਦੋਂ ਮੈਂ ਉਸ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੇ ਦਾਦਾ ਜੀ ਵੀ ਵੰਡ ਵੇਲੇ ਪਾਕਿਸਤਾਨ ਤੋਂ ਆਪਣੇ ਪਰਿਵਾਰ ਸਮੇਤ ਸ਼ਰਨਾਰਥੀ ਬਣ ਕੇ ਭਾਰਤੀ ਪੰਜਾਬ ਆਏ ਸਨ। ਪਰ ਉਹ ਜਾਂ ਉਨਾਂ ਦੇ ਪਰਿਵਾਰ ਦਾ ਕੋਈ ਵੀ ਜੀਅ ਆਪਣੇ ਆਪ ਨੂੰ ਰਫਿਊਜੀ ਜਾਂ ਸ਼ਰਨਾਰਥੀ ਕਹਾਉਣਾ ਪਸੰਦ ਨਹੀਂ ਸੀ ਕਰਦਾ। ਉਸ ਨੇ ਇਹ ਵੀ ਦੱਸਿਆ ਕਿ ਹੁਣ ਉਸ ਦੇ ਦਾਦਾ ਜੀ ਇਸ ਦੁਨੀਆ ਵਿਚ ਨਹੀਂ ਹਨ ਪਰ ਅੱਜ ਉਸਨੂੰ ਉਸਦੇ ਦਾਦਾ ਜੀ ਦੀ ਉਹ ਤਕਲੀ.ਫ ਮਹਿਸੂਸ ਹੋ ਰਹੀ ਹੈ ਕਿ ਉਹ ਕਿਉਂ ਆਪਣੇ ਆਪ ਨੂੰ ਰਫਿਊਜੀ ਕਹਾਉਣਾ ਪਸੰਦ ਨਹੀਂ ਕਰਦੇ ਸਨ ਜਾਂ ਉਨਾਂ ਨੂੰ ਇਸ ਪਛਾਣ ਤੋਂ ਕਿਉਂ ਰੋਕਦੇ ਸਨ? ਉਹ ਹਮੇਸ਼ਾ ਆਪਣੇ ਪਿਛਲੇ ਪਿੰਡ ਵਾਪਸ ਜਾਣਾ ਚਾਹੁੰਦੇ ਸਨ, ਪਰ ਉਨਾਂ ਦੀ ਇਹ ਇੱਛਾ ਕਦੇ ਵੀ ਪੂਰੀ ਨਾ ਹੋ ਸਕੀ।

ਅਸੀਂ ਪੰਜਾਬੀ ਨਿੱਤ ਦਿਨ ਸੈਂਕੜੇ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਹੋਣ ਵਾਲੀਆਂ ਅਰਦਾਸਾਂ ਵਿਚ 'ਸਰਬੱਤ ਦਾ ਭਲਾ' ਮੰਗਣ ਵਾਲੀ ਕੌਮ ਹਾਂ। ਅੱਜ ਦੇ ਇਸ ਦਿਨ ਅਸੀਂ ਇਹ ਅਰਦਾਸ ਵੀ ਕਰੀਏ ਕਿ ਦੁਨੀਆ ਵਿਚ ਕੋਈ ਵੀ ਕਦੇ ਸ਼ਰਨਾਰਥੀ ਨਾ ਬਣੇ। ਸਮੁੱਚੀ ਲੋਕਾਈ ਆਪਣੇ ਘਰਾਂ ਵਿਚ ਹਮੇਸ਼ਾ ਰਾਜ਼ੀ ਖ਼ੁਸ਼ੀ ਵਸੇ, ਕਿਉਂਕਿ ਦਰ-ਬ-ਦਰ ਦੀਆਂ ਠੋਕਰਾਂ ਖਾਣੀਆਂ ਕਿਸੇ ਸਰਾਪ ਤੋਂ ਘੱਟ ਨਹੀਂ ਹੁੰਦੀਆਂ। 'ਜਿਸ ਤਨ ਲਾਗੇ, ਸੋ ਤਨ ਜਾਣੇ ਕੌਣ ਜਾਣੇ ਪੀੜ ਪਰਾਈ' ਸੱਚਮੁੱਚ ਹੀ ਸ਼ਰਨਾਰਥੀ ਹੋਣ ਦਾ ਦਰਦ ਪੰਜਾਬੀਆਂ ਤੋਂ ਬਿਹਤਰ ਹੋਰ ਕੋਈ ਨਹੀਂ ਜਾਣ ਸਕਦਾ। ਜਦੋਂਕਿ ਬਾਕੀਆਂ ਲਈ ਤਾਂ ਮਹਿਜ਼ ਇਹ ਸਿਰਫ ਗੱਲਾਂ ਹੀ ਹਨ।

# ਅਨੰਦ ਮੈਰਿਜ ਐਕਟ ਦੀ ਨਿਗੂਣੀ ਸੋਧ ਦਾ ਇਤਿਹਾਸਕ ਪੱਖ



**ਡਾ. ਦਲਜੀਤ ਸਿੰਘ**

ਸਿੱਖੀ ਦੇ ਭੇਖ ਵਿਚ ਇਹ ਲਾਲਚੀ, ਚਾਪਲੂਸ, ਸੁਆਰਥੀ ਕੁਰਸੀਆਂ ਅਤੇ ਸ਼ੋਹਰਤ ਦੇ ਭੁੱਖੇ, ਜਮੀਰ ਵੇਚਨ ਵਾਲੇ ਹਮੇਸ਼ਾ ਰਹੇ।

ਸਿੱਖ ਉਹ ਕੌਮ ਹੈ, ਜਿਸ ਨੂੰ ਇਤਿਹਾਸ ਵਿੱਚ ਕਦੇ ਵੀ ਜਿਸਮਾਨੀ ਤਾਕਤ ਨਾਲ ਨਹੀਂ ਜਿੱਤਿਆ ਜਾ ਸਕਿਆ। ਅੰਗਰੇਜਾਂ ਤੋਂ ਲੈ ਕੇ ਮੁਸਲਮਾਨ ਰਾਜਿਆਂ ਤੱਕ ਇਹ ਸਾਬਿਤ ਹੋ ਚੁੱਕਾ ਹੈ ਕਿ ਸਿੱਖਾਂ ਨੂੰ ਸਿੱਧੀ ਟੱਕਰ ਲੈ ਕੇ ਨਹੀਂ ਹਰਾਇਆ ਜਾ ਸਕਦਾ। ਪੁਰਾਣੀਆਂ ਉਦਾਹਰਣਾਂ ਛੱਡ ਕੇ ਅਸੀਂ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਕਿਸਾਨ ਅੰਦੋਲਨ ਇਸ ਸਬੰਧ ਵਿੱਚ ਵਾਚਿਆ ਜਾ ਸਕਦਾ ਹੈ।

ਪਰ ਦੂਜੇ ਪਾਸੇ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਿੱਖਾਂ ਨੂੰ ਮਾਰ ਪਈ ਹੈ, ਤਾਂ ਉਹ ਆਪਣਿਆਂ ਤੋਂ ਹੀ ਪਈ ਹੈ। ਆਪਣਿਆ, ਉਨਾਂ ਤੋਂ ਪਈ ਹੈ ਜੋ ਆਪਣੇ ਸੁਆਰਥੀ ਮਤਲਬ ਲਈ ਕੌਮ ਨਾਲ ਗਦਾਰੀ ਕਰਦੇ ਰਹੇ। ਸਿੱਖੀ ਦੇ ਭੇਖ ਵਿਚ ਇਹ ਲਾਲਚੀ, ਚਾਪਲੂਸ, ਸੁਆਰਥੀ ਕੁਰਸੀਆਂ ਅਤੇ ਸ਼ੋਹਰਤ ਦੇ ਭੁੱਖੇ, ਜਮੀਰ ਵੇਚਨ ਵਾਲੇ ਹਮੇਸ਼ਾ ਰਹੇ ਹਨ ਅਤੇ ਅਜੇ ਵੀ ਹਨ। ਸਿੱਖ ਕੌਮ ਨੂੰ ਖਤਰਾ ਕਿਸੇ ਦੁਸ਼ਮਣ ਤੋਂ ਨਹੀਂ, ਇਨਾਂ ਵਰਗੇ ਸੁਆਰਥੀਆਂ ਤੋਂ ਹੈ ਜਿਨਾਂ ਸਿੱਖ ਕੌਮ ਦੇ ਦੁਸ਼ਮਣਾਂ ਦੀ ਕਠਪੁਤਲੀ ਬਣ ਕੇ ਅਹੁਦੇ ਅਤੇ ਸਨਮਾਨ ਪ੍ਰਾਪਤ ਕੀਤੇ ਅਤੇ ਕਰ ਰਹੇ ਹਨ। ਅਸਲੀਅਤ ਇਹ ਹੈ ਕਿ ਸਿੱਖ ਕੌਮ ਦਾ ਦੁਸਮਣ ਉਹ ਕੱਟੜਵਾਦੀ ਸਮੂਹ ਹੈ, ਜੋ ਬਹੁਤ ਸ਼ਾਤਰ ਦਿਮਾਗ ਨਾਲ ਸਿੱਖੀ ਦਾ ਘਾਣ ਕਰਨਾ ਚਾਹੁੰਦਾ ਹੈ। ਇਨਾਂ ਵਿੱਚੋਂ ਦਿੱਲੀ ਵਿੱਚ ਬੈਠੇ ਕੁਝ ਕੁ ਸਿੱਖੀ ਭੇਖ ਵਿੱਚ ਸਿੱਖ ਨੇਤਾਵਾਂ ਨੂੰ ਦਿਮਾਗੀ ਲੜਾਈ ਵਿਚ ਵਰਤਿਆ ਗਿਆ ਹੈ ਤੇ ਹੁਣ ਵੀ ਵਰਤੇ ਜਾ ਰਹੇ ਹਨ।

ਮੈਂ ਅਜੇਹੇ ਕੁਝ ਲੋਕਾਂ ਦੇ ਸਿੱਖ ਵਿਰੋਧੀ ਕਾਰਨਾਮਿਆਂ ਬਾਰੇ ਸਿੱਖ ਪੰਥ ਨੂੰ ਸਮੇਂ ਸਮੇਂ ਸੁਚੇਤ ਕਰਨ ਦਾ ਯਤਨ ਕਰਦਾ ਰਿਹਾ ਹਾਂ, ਭਾਵੇਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਹੋਵੇ, ਅਨੰਦ ਮੈਰਿਜ ਐਕਟ, 2009 ਵਿਚ ਕੀਤੀ 2012 ਦੀ ਨਿਗੂਣੀ ਜਿਹੀ ਸੋਧ ਹੋਵੇ, ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਜਾਂ ਫਿਰ ਕਿਸਾਨੀ ਅੰਦੋਲਨ ਹੋਵੇ। ਅਨੰਦ ਮੈਰਿਜ ਐਕਟ, 1909 ਵਿਚ ਕੀਤੀ ਨਿਗੂਣੀ ਜਿਹੀ ਸੋਧ ਦੇ ਅਸਲ ਸੱਚ ਨੂੰ ਛੁਪਾ ਕੇ ਹੁਣ ਤੱਕ ਸਿੱਖਾਂ ਦੇ ਅਖੌਤੀ ਹਿਤੈਸ਼ੀਆਂ ਵੱਲੋਂ ਗੁਮਰਾਹ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ ਅਤੇ ਹੁਣ ਵੀ ਹੋ ਰਹੇ ਹਨ। ਅੱਜ ਦੇ ਇਸ ਲੇਖ ਵਿੱਚ ਮੈਂ ਸਿਰਫ ਅਨੰਦ ਮੈਰਿਜ ਐਕਟ, 1909 ਵਿੱਚ ਹੋਈ 2012 ਵਿਚ ਸੋਧ ਦੇ ਇਤਿਹਾਸ ਬਾਰੇ, ਜਿਸ ਬਾਰੇ ਪਿਛਲੇ ਢੇਡ ਦਹਾਕੇ ਤੋਂ ਸਿੱਖ ਪੰਥ ਨੂੰ ਗੁੰਮਰਾਹ ਕਰਨ ਵਿੱਚ ਕੁਝ ਲੋਕਾਂ ਨੇ ਕੋਈ ਕਸਰ ਨਹੀਂ ਛੱਡੀ, ਦਾ ਸੱਚ ਲਿਖ ਰਿਹਾਂ ਹਾਂ। ਅਸਲੀਅਤ ਇਹ ਹੈ ਕਿ 1909 ਵਿੱਚ ਪਾਸ ਹੋਏ ਅਨੰਦ ਮੈਰਿਜ ਐਕਟ ਨਾਲ ਜੋ ਸਿੱਖਾਂ ਦੀ ਸੁਤੰਤਰ ਪਹਿਚਾਣ ਬਣੀ ਸੀ, 2012 ਵਿਚ ਇਸ ਐਕਟ ਵਿੱਚ ਕੀਤੀ ਸੋਧ ਨਾਲ ਉਸ ਨੂੰ ਬਹੁਤ ਵੱਡੀ ਢਾਹ ਲੱਗੀ ਹੈ। ਉਹ ਸਿੱਖ ਬੁੱਧੀਜੀਵੀ, ਜਿਨਾਂ ਨੂੰ ਕਾਨੂੰਨ ਦੀ ਸਮਝ ਵੀ ਹੈ ਅਤੇ ਸਿੱਖੀ ਦਾ ਸੱਚੇ ਦਿਲੋਂ ਹੇਜ ਵੀ, ਜਿਵੇਂ ਕਿ ਸ. ਗੁਰਤੇਜ ਸਿੰਘ, ਸਾਬਕਾ ਆਈ.ਏ.ਐਸ. ਜਿਨਾਂ ਨੇ ਸਿੱਖੀ ਲਈ ਆਪਣੇ ਆਹੁਦੇ ਤੋਂ ਅਸਤੀਫਾ ਦਿੱਤਾ ਸੀ, ਸ. ਹਰਦੀਪ ਸਿੰਘ, ਮੈਂਬਰ ਸ੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਪ੍ਰੋ. ਜਗਮੋਹਨ ਸਿੰਘ, ਹਿਊਮਨਰਾਈਟਸ ਐਕਟੀਵਿਸਟ ਆਦਿ ਨੇ ਵੀ ਅਨੰਦ ਮੈਰਿਜ ਐਕਟ ਦੀ 20 12 ਦੀ ਸੋਧ ਦਾ ਡਟ ਕੇ ਵਿਰੋਧ ਕੀਤਾ ਸੀ। ਅੱਜ ਦਾ ਇਹ ਲੇਖ ਲਿਖਣ ਲਈ ਮੈਂ ਇਸ ਕਰਕੇ ਮਜਬੂਰ ਹਾਂ ਕਿ ਜੇ ਇਸ ਅਸਲ ਸੱਚ ਤੋਂ ਪਾਸਾ ਪਰਤ ਕੇ ਖੁਦ ਨੂੰ ਸਿੱਖਾਂ ਤੇ ਸਿੱਖੀ ਦੇ ਹਿਤੈਸ਼ੀ ਵਜੋਂ ਪਾਰਲੀਮੈਂਟ ਤੱਕ ਹੂਕ ਪਹੁੰਚਾਉਣ ਦਾ ਦਾਅਵਾ ਕਰਨ ਵਾਲੇ ਅਖੌਤੀ ਲੋਕ ਤੱਥਾਂ ਨੂੰ ਤੋੜ ਮਰੋੜ ਕੇ ਸੱਚ ਬਣਾਉਣ ਵਿਚ ਸਫਲ ਹੋ ਗਏ ਤਾਂ ਅਸਲ ਇਤਿਹਾਸ ਕਦੇ ਸਾਹਮਣੇ ਨਹੀਂ ਆ ਸਕੇਗਾ।

ਜਲੰਧਰ ਸ਼ਹਿਰ ਤੋਂ ਪ੍ਰਕਾਸ਼ਿਤ ਹੁੰਦੇ ਇੱਕ ਪੰਜਾਬੀ ਅਖਬਾਰ ਵਿਚ ਸ. ਤਰਲੋਚਨ ਸਿੰਘ, ਸਾਬਕਾ ਮੈਂਬਰ ਰਾਜ ਸਭਾ ਵੱਲੋਂ 'ਅਨੰਦ ਮੈਰਿਜ ਐਕਟ ਦਾ ਇਤਿਹਾਸ' ਸਿਰਲੇਖ ਤਹਿਤ ਮੇਰੇ ਬਾਰੇ ਅਤੇ ਸ. ਸੱਤਿਆਜੀਤ ਸਿੰਘ ਮਜੀਠੀਆ, ਪ੍ਰਧਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਬਾਰੇ ਲਿਖਿਆ ਕਿ ਇਨਾਂ ਨੇ ਬਿੱਲ ਦਾ ਪੂਰਾ ਵਿਰੋਧ ਕੀਤਾ। ਮੈਂ ਇਸ ਗੱਲ ਨੂੰ ਸਵੀਕਾਰ ਕਰਦਾ ਹਾਂ ਕਿ ਮੈਂ 2012 ਵਿੱਚ ਅਨੰਦ ਮੈਰਿਜ ਐਕਟ ਦੀ ਹੋਈ ਸੋਧ ਦਾ ਵਿਰੋਧ ਕਰਦਾ ਰਿਹਾ ਹਾਂ। ਅਸਲ ਵਿਚ ਮੈਂ ਅਨੰਦ ਮੈਰਿਜ ਐਕਟ ਦੀ ਇਸ ਨਿਗੁਣੀ ਜਿਹੀ ਸੋਧ ਦੀ ਬਜਾਇ ਸੰਪੂਰਨ ਸਿੱਖ ਮੈਰਿਜ ਐਕਟ ਬਣਾਉਣ ਦਾ ਹਾਮੀ ਰਿਹਾ ਹਾਂ, ਜਿਸ ਨਾਲ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ, 1955 ਦੇ ਘੇਰੇ ਵਿੱਚੋਂ ਬਾਹਰ ਕੱਢ ਕੇ ਭਾਰਤ ਵਿਚ ਆਪਣੀ ਵੱਖਰੀ ਪਹਿਚਾਣ ਵਾਲਾ ਸਿੱਖ ਵਿਆਹ ਐਕਟ ਬਣਾਇਆ ਜਾਵੇ।

ਇਕ ਦਹਾਕੇ ਬਾਅਦ, ਇਹ ਜਾਣਦੇ ਹੋਏ ਵੀ ਕਿ 2012 ਵਿਚ ਅਨੰਦ ਮੈਰਿਜ ਐਕਟ, 1909 ਵਿੱਚ ਜੋ ਸੋਧ ਹੋਈ ਹੈ, ਉਸ ਨੇ ਸਿੱਖ ਕੌਮ ਦਾ ਕੋਈ ਫਾਇਦਾ ਨਹੀਂ ਕੀਤਾ, ਬਲਕਿ ਭਾਰੀ ਨੁਕਸਾਨ ਕੀਤਾ ਹੈ, ਫਿਰ ਵੀ ਸ. ਤਰਲੋਚਨ ਸਿੰਘ ਲੇਖ ਵਿੱਚ, ਆਪਣੇ ਆਪ ਨੂੰ ਸਿੱਖਾਂ ਦਾ ਇਕ ਸੂਝਵਾਨ ਲੀਡਰ ਸਾਬਿਤ ਕਰਨ ਲਈ ਇਤਿਹਾਸ ਦੇ ਘਟਨਾਕ੍ਰਮ ਨੂੰ ਸ਼ਬਦਾਂ ਦੇ ਹੇਰ ਫੇਰ ਦੀ ਵਰਤੋਂ ਕਰਦੇ ਹੋਏ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਉਨਾਂ ਨੇ ਲੇਖ ਵਿਚ ਦਾਅਵਾ ਕੀਤਾ ਹੈ ਕਿ 1947 ਵਿੱਚ ਅਜ਼ਾਦੀ ਮਿਲਣ ਬਾਅਦ 1909 ਵਾਲਾ ਐਕਟ ਲਾਗੂ ਰਹਿਣ ਬਾਰੇ ਸਿੱਖ ਲੀਡਰਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਨਾਂ ਅੱਗੇ ਲਿਖਿਆ ਹੈ ਕਿ '1955 ਵਿੱਚ ਹਿੰਦੂ ਮੈਰਿਜ ਐਕਟ ਪਾਸ ਹੋ ਗਿਆ, ਜਿਸ ਵਿੱਚ ਹਿੰਦੂ, ਸਿੱਖ, ਬੋਧੀ ਤੇ ਜੈਨੀ ਵੀ ਸ਼ਾਮਿਲ ਕਰ ਦਿੱਤੇ ਗਏ ਅਤੇ ਸਿੱਖਾਂ ਨੂੰ ਵਿਆਹ ਉਪਰੰਤ ਹਿੰਦੂ ਮੈਰਿਜ ਐਕਟ ਦਾ ਸਰਟੀਫਿਕੇਟ ਹੀ ਮਿਲਦਾ ਸੀ। ਜਿਸ ਦੀ ਵਿਰੋਧਤਾ ਨਾ ਪੰਜਾਬ ਸਰਕਾਰ ਵੱਲੋਂ ਤੇ ਨਾ ਹੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ ਸੀ। ਪਰ ਕੀ ਸਰਦਾਰ ਸਾਹਿਬ ਨੇ ਖੁਦ ਭਾਰਤ ਦੇ ਰਾਸ਼ਟਰਪਤੀ ਦੇ ਪ੍ਰੈਸ ਸੈਕਟਰੀ (1983-84), ਨੈਸ਼ਨਲ ਕਮਿਸ਼ਨ ਮਾਇਨੌਟੀ ਦੇ ਵਾਈਸ ਚੇਅਰਮੈਨ ਅਤੇ ਚੇਅਰਮੈਨ (2000-2006) ਜਾਂ ਰਾਜ ਸਭਾ ਦੇ ਮੈਂਬਰ ਦੀ ਪਦਵੀ ਤੇ ਸਸ਼ੋਭਤ ਹੋਣ ਦੌਰਾਨ ਕਦੇ ਇਸ ਦੀ ਵਿਰੋਧਤਾ ਕੀਤੀ ? ਕੀ ਕਦੇ ਭਾਰਤ ਵਿੱਚ ਬਾਕੀ ਧਰਮਾਂ ਦੇ ਮੈਰਿਜ ਐਕਟਾਂ ਵਾਂਗ ਸਿੱਖਾਂ ਲਈ ਵੱਖਰਾ ਸੁਤੰਤਰ ਸਿੱਖ ਮੈਰਿਜ ਐਕਟ ਜਾਂ ਸਿੱਖ ਪ੍ਰਸਨਲ ਲਾਅ ਦੀ ਮੰਗ ਕੀਤੀ ? ਕੀ ਇਸ ਨੂੰ ਅਗਿਆਨਤਾ ਜਾਂ ਸੋਚੀ ਸਮਝੀ ਚੁੱਪ ਸਮਝਿਆ ਜਾਵੇ ? ਭਾਰਤ ਦੀ ਲੋਕ ਸਭਾ ਵਿੱਚ ਸ. ਸਿਮਰਨਜੀਤ ਸਿੰਘ ਮਾਨ ਨੇ, ਜਦੋਂ ਉਹ ਲੋਕ ਸਭਾ ਦੇ ਮੈਂਬਰ ਸਨ, ਸਿੱਖ ਮੈਰਿਜ ਐਕਟ ਅਤੇ ਸਿੱਖ ਪ੍ਰਸਨਲ ਲਾਅ ਦੀ ਮੰਗ ਪੂਰੇ ਜ਼ੋਰ ਨਾਲ ਉਠਾਈ ਸੀ।

ਜਦੋਂ 2012 ਵਿੱਚ ਅਨੰਦ ਮੈਰਿਜ ਐਕਟ, 2009 ਵਿੱਚ ਸਿਰਫ 'ਰਜਿਸਟ੍ਰੇਸ਼ਨ ਬਾਰੇ ਸੋਧ ਦਾ ਪ੍ਰਸਤਾਵ ਆਇਆ ਤਾਂ ਉਸ ਵਕਤ ਦੀਆਂ ਅਖਬਾਰਾਂ ਵੇਖ ਲਈਏ ਤਾਂ ਇਨਾਂ ਨੇ ਵੀ ਇਹੋ ਕਿਹਾ ਸੀ ਕਿ ਅਨੰਦ ਮੈਰਿਜ ਐਕਟ ਲਾਗੂ ਕਰਨ ਦੀ ਪ੍ਰਵਾਨਗੀ ਮਿਲ ਗਈ ਹੈ। ਜਦੋਂ ਮੇਰਾ ਇਕ ਲੇਖ 'ਅਨੰਦ ਮੈਰਿਜ ਐਕਟ ਦਾ ਸੱਚ,' 21 ਅਤੇ 23 ਅਪ੍ਰੈਲ, 2012 ਨੂੰ ਅਖਬਾਰਾਂ ਵਿੱਚ ਛਪਿਆ, ਜਿਸ ਵਿੱਚ ਮੈਂ ਸਾਫ ਕਰ ਦਿੱਤਾ ਸੀ ਕਿ 1947 ਵਿੱਚ ਅਜਾਦੀ ਮਿਲਣ ਤੋਂ ਬਾਅਦ ਵੀ ਅਨੰਦ ਮੈਰਿਜ ਐਕਟ, 1909 ਲਾਗੂ ਹੈ ਅਤੇ ਇਸ ਐਕਟ ਵਿਚ 1959 ਵਿਚ ਕੀਤੀ ਸੋਧ ਦੀ ਮਿਸਾਲ ਵੀ ਦਿੱਤੀ ਸੀ। ਹੁਣ ਆਪਣੇ ਲੇਖ ਵਿੱਚ ਉਨਾਂ ਖੁਦ ਮੰਨਿਆ ਹੈ ਕਿ ਇਹ ਐਕਟ ਹਮੇਸ਼ਾ ਲਾਗੂ ਰਿਹਾ ਹੈ। ਦੇਰ ਆਏ ਦਰੁਸਤ ਆਏ। ਪਰ ਆਪਣੇ ਲੇਖ ਵਿਚ ਉਨਾਂ ਨੇ ਸ਼ਬਦਾਂ ਦੇ ਹੇਰ ਫੇਰ ਨਾਲ ਫਿਰ ਕੌਮ ਨੂੰ ਗੁੰਮਰਾਹ ਕਰਨ ਦੀ ਕੋਝੀ ਕੋਸ਼ਿਸ਼ ਕੀਤੀ ਹੈ। ਉਨਾਂ ਲਿਖਿਆ ਹੈ ਕਿ 'ਮੈਂ ਕਈ ਸਿੱਖ ਵਕੀਲਾਂ ਤੇ ਕਾਨੂੰਨੀ ਮਹਿਕਮੇ ਦੇ ਅਫਸਰਾਂ ਨਾਲ ਸਲਾਹ ਕਰਕੇ ਇਕ 'ਨਵਾਂ ਬਿੱਲ' ਤਿਆਰ ਕੀਤਾ, ਜਿਸ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ 'ਸਿੱਧਾ ਸਿੱਖ ਅਨੰਦ ਕਾਰਜ ਸਰਟੀਫਿਕੇਟ ਮਿਲ ਸਕੇ।' ਅਸਲ ਵਿਚ ਇੱਥੋਂ ਹੀ ਕਾਨੂੰਨ ਦੀ ਨਾ ਸਮਝੀ ਕਰਕੇ ਇਹ ਸਾਰਾ ਝਮੇਲਾ ਸ਼ੁਰੂ ਹੋਇਆ। ਝੂਠ ਦਾ ਮੁੱਢ ਇੱਥੋਂ ਸ਼ੁਰੂ ਹੋਇਆ ਅਤੇ ਸਿੱਖਾਂ ਨੂੰ ਰਜਕੇ ਗੁੰਮਰਾਹ ਕੀਤਾ ਗਿਆ। ਇਸ ਨੂੰ 'ਨਵਾਂ ਬਿੱਲ' ਕਹਿਣਾ ਸਰਾਸਰ ਗੁਮਰਾਹਕੁਨ ਹੈ। ਅਸਲੀਅਤ ਇਹ ਹੈ ਕਿ ਉਨਾਂ ਨੇ ਤਾਂ 2007 ਵਿੱਚ ਅਨੰਦ ਮੈਰਿਜ ਐਕਟ (ਸੋਧ) ਬਿੱਲ, 2007 ਦਾ ਪ੍ਰਾਈਵੇਟ ਮੈਂਬਰ ਬਿੱਲ ਵਜੋਂ ਜੋ ਖਰੜਾ ਦਿੱਤਾ ਸੀ, ਇਸ ਨੂੰ 'ਨਵਾਂ ਬਿੱਲ' ਕਹਿਣਾ, ਕਾਨੂੰਨੀ ਮਾਹਿਰ ਜਰੂਰ ਸਮਝ ਜਾਣਗੇ ਕਿ ਇਸ ਤਰੀਕੇ ਨਾਲ ਝੂਠੀ ਸ਼ੋਹਰਤ ਖੱਟਣ ਲਈ, ਸ਼ਬਦੀ ਹੇਰ ਫੇਰ ਕੀਤਾ ਗਿਆ।

ਇੱਥੇ ਦੋ ਹੋਰ ਗੱਲਾਂ ਬਹੁਤ ਮਹੱਤਵਪੂਰਨ ਹਨ। ਪਹਿਲੀ ਇਹ ਕਿ ਉਨਾਂ ਨੇ ਜੋ ਸੋਧ ਬਿਲ ਦਾ ਖਰੜਾ ਦਿੱਤਾ ਸੀ ਉਸ ਵਿੱਚ ਕਿਤੇ ਵੀ 'ਸਿੱਖ' ਸ਼ਬਦ ਨਹੀਂ ਵਰਤਿਆ ਗਿਆ। 'ਸਿੱਖ ਮੈਰਿਜ ਰਜਿਸਟ੍ਰੇਸ਼ਨ' ਦੀ ਥਾਂ, 'ਅਨੰਦ ਮੈਰਿਜ ਰਜਿਸਟ੍ਰੇਸ਼ਨ', 'ਸਿੱਖ ਮੈਰਿਜ ਰਜਿਸਟਰ' ਦੀ ਥਾਂ 'ਅਨੰਦ ਮੈਰਿਜ ਰਜਿਸਟਰ' ਸ਼ਬਦ ਵਰਤੇ ਗਏ ਸਨ। ਜੋ ਹੁਣ ਉਹ ਆਪਣੇ ਲੇਖ ਵਿਚ ਹਿੰਦੂ ਮੈਰਿਜ ਸਰਟੀਫਿਕੇਟ ਤੇ ਇਤਰਾਜ ਕਰਦੇ ਹਨ ਤਾਂ ਉਨਾਂ 'ਸਿੱਖ' ਸ਼ਬਦ ਜਾਂ 'ਸਿੱਖ ਮੈਰਿਜ ਰਜਿਸਟਰ' ਕਿਉਂ ਨਹੀਂ ਲਿਖਿਆ ਸੀ ? ਦੂਜੀ ਬਹੁਤ



ਮਹੱਤਵਪੂਰਨ ਗੱਲ ਇਹ ਹੈ ਕਿ ਉਨਾਂ ਨੇ ਆਪਣੇ ਲੇਖ ਵਿਚ ਸ. ਦਿਲਮੇਗ ਸਿੰਘ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਬਾਰੇ ਜ਼ਿਕਰ ਕੀਤਾ ਹੈ ਕਿ ਉਨਾਂ ਨੇ ਇਸ ਬਿੱਲ ਦੇ ਖਰੜੇ ਦੀ ਜਥੇਦਾਰ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ 21 ਨਵੰਬਰ 2007 ਨੂੰ ਲੈ ਕੇ ਇਨਾਂ ਨੂੰ ਭੇਜ ਦਿੱਤੀ। ਲੇਖ ਵਿਚ ਤਾਂ ਲਿਖਿਆ ਹੈ ਕਿ ਉਨਾਂ ਨੇ ਇਹ ਬਿੱਲ 2006 ਵਿਚ ਰਾਜ ਸਭਾ ਵਿਚ ਪੇਸ਼ ਕੀਤਾ ਜਦਕਿ ਪ੍ਰਵਾਨਗੀ ਬਾਅਦ ਵਿਚ ਨਵੰਬਰ 2007 ਨੂੰ ਮਿਲੀ।

ਜਿਸ 'ਨਵੇਂ ਬਿੱਲ' ਦਾ ਦਾਅਵਾ ਕੀਤਾ ਗਿਆ ਹੈ, ਦਰਅਸਲ ਉਹ ਤਾਂ ਸਿਰਫ ਇਕ 'ਸੋਧ ਬਿਲ' ਦਾ ਪ੍ਰਸਤਾਵ ਸੀ, ਜਿਸ ਵਿਚ ਅਨੰਦ ਕਾਰਜ ਰੀਤੀ ਦੁਆਰਾ ਕੀਤੇ ਵਿਆਹ ਦੀ ਰਜਿਸਟਰੇਸ਼ਨ ਦੀ ਧਾਰਾ ਪੁਰਾਣੇ ਅਨੰਦ ਮੈਰਿਜ ਐਕਟ, 1909 ਵਿਚ ਜੋੜਨਾ ਸੀ। ਕਾਨੂੰਨੀ ਮਾਹਿਰ ਇਸ ਨੂੰ ਭਲੀ ਭਾਂਤ ਜਾਣਦੇ ਹਨ ਕਿ 'ਨਵੇਂ ਬਿਲ' ਅਤੇ 'ਸੋਧ ਬਿਲ' ਵਿਚ ਕਿੰਨਾ ਵੱਡਾ ਫਰਕ ਹੁੰਦਾ ਹੈ। ਇੱਥੇ ਮੈਂ ਇਕ ਮਹੱਤਵਪੂਰਨ ਤੱਥ ਜਰੂਰ ਉਜਾਗਰ ਕਰਨਾ ਚਾਹੁੰਦਾ ਹਾਂ ਕਿ ਉਨਾਂ ਵੱਲੋਂ ਦਿੱਤੇ ਨਵੇਂ ਬਿੱਲ ਦਾ ਪ੍ਰਸਤਾਵ ਕਦੇ ਵੀ ਲੋਕ ਸਭਾ ਜਾਂ ਰਾਜ ਸਭਾ ਵਿਚ ਪਾਸ ਨਹੀਂ ਹੋਇਆ। ਉਨਾਂ ਵੱਲੋਂ ਸ਼ਬਦੀ ਜਾਲ ਬੁਣ ਕੇ ਲੇਖ ਲਿਖਣਾ ਕਿ ਜਿਵੇਂ ਉਨਾਂ ਵੱਲੋਂ ਪੇਸ਼ ਕੀਤਾ 'ਨਵਾਂ ਬਿਲ' ਪਾਸ ਹੋਇਆ ਹੈ, ਬਿਲਕੁਲ ਝੂਠ ਅਤੇ ਬੇਬੁਨਿਆਦ ਹੈ। 2012 ਵਿਚ ਜੋ ਅਨੰਦ ਮੈਰਿਜ (ਸੋਧ) ਬਿਲ, 2012, ਭਾਰਤੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਗਿਆ, ਉਸ ਦੇ ਪ੍ਰਵਧਾਨਾਂ ਦਾ ਸਰੂਪ ਅਤੇ ਸ਼ਬਦਾਵਲੀ 2007 ਵਾਲੇ ਬਿਲ ਤੋਂ ਬਿਲਕੁਲ ਵੱਖਰੀ ਹੈ। ਇੱਕ ਹੋਰ ਤੱਥ ਵੀ ਬੜਾ ਰੋਚਕ ਹੈ ਕਿ 2012 ਵਿਚ ਤਾਂ ਉਹ ਰਾਜ ਸਭਾ ਦੇ ਮੈਂਬਰ ਵੀ ਨਹੀਂ ਰਹੇ ਸਨ। ਸਚਾਈ ਇਹ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ 2006 ਵਿਚ ਸੀਮਾ ਬਨਾਮ ਅਸ਼ਵਨੀ ਕੇਸ ਵਿਚ ਭਾਰਤ ਸਰਕਾਰ ਨੂੰ ਭਾਰਤ ਵਿੱਚ ਹੁੰਦੇ ਸਾਰੇ ਵਿਆਹਾਂ ਦੀ ਲਾਜਮੀ ਰਜਿਸਟ੍ਰੇਸ਼ਨ ਕਰਵਾਉਣ ਦੀ ਹਦਾਇਤ ਕੀਤੀ ਸੀ ਜਿਸ ਕਰਕੇ ਭਾਰਤ ਵਿੱਚ ਵੱਖਰੇ-ਵੱਖਰੇ ਕਾਨੂੰਨ ਪਾਸ ਕਰਕੇ ਲਾਜ਼ਮੀ ਵਿਆਹ ਰਜਿਸਟਰਡ ਕਰਾਉਣ ਦਾ ਪ੍ਰਵਧਾਨ ਕੀਤਾ ਗਿਆ।

ਸ. ਤਰਲੋਚਨ ਸਿੰਘ ਵੱਲੋਂ ਆਪਣੇ ਲੇਖ ਵਿਚ 'ਇਕ ਹੋਰ ਘਟਨਾ' ਬਾਰੇ ਦਸਦੇ ਹੋਏ ਲਿਖਿਆ ਹੈ ਕਿ 'ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਤੇ ਸ. ਸੱਤਿਆਜੀਤ ਸਿੰਘ ਮਜੀਠਾ (ਮਜੀਠੀਆ) ਵਲੋਂ ਇਸ ਬਿੱਲ ਦਾ ਪੂਰਾ ਵਿਰੋਧ ਕੀਤਾ ਗਿਆ ਸੀ ਅਤੇ ਇਸ ਨੂੰ ਰੋਕਣ ਲਈ ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਬਾਦਲ ਸਾਹਿਬ ਨੇ ਕਪੂਰਥਲਾ ਹਾਊਸ, ਦਿੱਲੀ ਵਿੱਚ ਇਕ ਮੀਟਿੰਗ ਰੱਖ ਲਈ ਸੀ। ਉਥੇ ਪ੍ਰਿੰਸੀਪਲ ਨੇ ਇਕ ਵੀਡੀਓ ਬਣਾ ਕੇ ਬਿੱਲ ਦੇ ਵਿਰੁੱਧ ਕਿਹਾ ਕਿ ਇਸ ਵਿੱਚ ਕਈ ਤਬਦੀਲੀਆਂ ਕੀਤੀਆਂ ਜਾਣ। ਮੀਟਿੰਗ ਵਿੱਚ ਸ. ਅਵਤਾਰ ਸਿੰਘ ਮੱਕੜ ਨੇ ਮੇਰੇ 'ਬਿੱਲ' ਦੀ ਹਮਾਇਤ ਕੀਤੀ। ਸ. ਐਚ.ਐਸ. ਫੂਲਕਾ ਐਡਵੋਕੇਟ ਨੇ ਬਿੱਲ ਨੂੰ ਸਿੱਖਾਂ ਲਈ ਵੱਡੀ ਪ੍ਰਾਪਤੀ ਦੱਸਿਆ। ਬਾਦਲ ਸਾਹਿਬ ਨੇ ਫੈਸਲਾ ਲਿਆ ਕਿ ਜਿਵੇਂ ਵੀ ਬਿਲ ਪਾਰਲੀਮੈਂਟ ਵਿਚ ਪੇਸ਼ ਹੋਵੇ ਉਸ ਵਿਚ ਤਬਦੀਲੀ ਨਾ ਕੀਤੀ ਜਾਵੇ ਅਤੇ ਪਾਸ ਕਰਵਾ ਲਿਆ ਜਾਵੇ। ਅਗਲੇ ਦਿਨ ਹੀ ਰਾਜ ਸਭਾ ਵਿਚ ਜਨਾਬ ਖੁਰਸ਼ੀਦ ਆਲਮ ਨੇ ਇਸ ਨੂੰ ਪਾਸ ਕਰਵਾ ਦਿੱਤਾ।' ਬਹੁਤ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਉਮਰ ਦੇ ਇਸ ਪੜਾਅ ਵਿੱਚ ਉਹ ਇਨਾਂ ਕੋਝਾ ਝੂਠ ਬੋਲਣਗੇ, ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਪਾਠਕਾਂ ਨੂੰ ਬੇਨਤੀ ਹੈ ਕਿ ਉਨਾਂ ਵੱਲੋਂ ਲਿਖੇ ਉਪਰੋਕਤ ਹਰ ਸ਼ਬਦ ਨੂੰ ਧਿਆਨ ਨਾਲ ਪੜਨ ਤੇ ਵਾਚਨ। ਮੱਕੜ ਸਾਹਿਬ ਨੇ 'ਮੇਰੇ ਬਿੱਲ' ਦੀ ਹਮਾਇਤ ਕੀਤੀ। ਤੁਹਾਡਾ ਕਿਹੜਾ 'ਨਵਾਂ ਬਿੱਲ' ? ਤੁਸੀਂ ਉਸ ਵਕਤ ਨਾ ਰਾਜ ਸਭਾ ਦੇ ਮੈਂਬਰ, ਨਾ ਤੁਹਾਡਾ ਪ੍ਰਸਤਾਵਤ ਖਰੜਾ, ਫਿਰ 'ਮੇਰਾ ਬਿੱਲ' ਕਿਵੇਂ ਹੋ ਗਿਆ ? ਝੂਠ ਬੋਲ ਕੇ ਗੁੰਮਰਾਹ ਕਰਨ ਦੀ ਅਜੇਹੀ ਚਾਲ ਬੇਮਿਸਾਲ ਹੈ।

ਮੈਂ ਇਸ ਲੇਖ ਵਿਚ ਇਸ ਘਟਨਾ ਦਾ ਸੱਚ ਲਿਖ ਕੇ ਇਤਿਹਾਸ ਦੇ ਪੰਨਿਆਂ ਵਿੱਚ ਸਚਾਈ ਦਰਜ ਕਰ ਰਿਹਾ ਹਾਂ। 12 ਅਪ੍ਰੈਲ, 2012 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੀ ਅਗਵਾਈ ਸਿੰਘ ਭਾਰਤੀ ਕੈਬੀਨਟ ਨੇ ਫੈਸਲਾ ਕੀਤਾ ਕਿ ਹਰ ਧਰਮ ਦੇ ਲੋਕਾਂ ਨੂੰ ਵਿਆਹ ਦੀ ਰਜਿਸਟਰੇਸ਼ਨ ਕਰਾਉਣੀ ਲਾਜ਼ਮੀ ਹੋਵੇਗੀ। ਇਸੇ ਅਧੀਨ ਸਿੱਖਾਂ ਦੇ ਵਿਆਹ ਦੀ ਰਜਿਸਟ੍ਰੇਸ਼ਨ ਅਨੰਦ ਮੈਰਿਜ ਐਕਟ, 1909 ਦੇ ਤਹਿਤ ਕੀਤੀ ਜਾਵੇਗੀ। 13 ਅਪ੍ਰੈਲ 2012 ਨੂੰ ਵਿਸਾਖੀ ਵਾਲੇ ਦਿਨ ਤੋਂ ਅਨੰਦ ਮੈਰਿਜ ਐਕਟ ਅਖਬਾਰਾਂ ਦੀਆਂ ਸੁਰਖੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਉਸੇ ਦਿਨ ਤੋਂ ਕੁਝ ਅਖੌਤੀ ਸਿੱਖ ਸੁਆਰਥੀ ਨੇਤਾਵਾਂ ਵੱਲੋਂ ਜਾਣ ਬੁਝ ਕੇ ਇਹ ਸਿਆਸੀ ਰੰਗਤ ਭਰਪੂਰ ਬਿਆਨਬਾਜੀ ਕੀਤੀ ਗਈ ਕਿ ਅਸੀਂ ਅਨੰਦ ਮੈਰਿਜ ਐਕਟ ਲਾਗੂ ਕਰਵਾ ਦਿੱਤਾ ਹੈ। ਹੁਣ ਅਨੰਦ ਕਾਰਜ ਦੀ ਮਰਿਆਦਾ ਰਾਹੀ ਹੋਣ ਵਾਲੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲੇਗੀ ਜਾਂ ਸਿੱਖਾਂ ਦੀ ਨਵੀਂ ਪਹਿਚਾਣ ਬਣੇਗੀ ਅਤੇ ਖ਼ਾਲਸਾ ਪੰਥ ਦੀ ਅਹਿਮ ਪ੍ਰਾਪਤੀ ਹੋਈ ਹੈ। ਜਦਕਿ ਸਚਾਈ ਇਸ ਤੋਂ ਕੋਹਾਂ ਦੂਰ ਸੀ। ਸਚਾਈ ਤਾਂ ਇਹ ਸੀ ਕਿ ਕੈਬਨਿਟ ਦੇ ਫੈਸਲੇ ਮੁਤਾਬਿਕ ਪਹਿਲਾਂ ਤੋਂ ਹੀ ਲਾਗੂ 'ਅਨੰਦ ਮੈਰਿਜ ਐਕਟ', 1909 ਵਿਚ ਸੋਧ ਜਾਂ ਤਰਮੀਮ ਕਰਕੇ ਵਿਆਹ ਰਜਿਸਟ੍ਰੇਸ਼ਨ ਦੀ ਧਾਰਾ ਜੋੜਨਾ ਸੀ। ਵਿਆਹ ਦੀ ਰਜਿਸਟ੍ਰੇਸ਼ਨ ਬਾਕੀ ਧਰਮਾਂ ਦੇ ਵਿਆਹਾਂ ਵਾਂਗ ਲਾਜ਼ਮੀ ਬਣਾਉਣਾ ਸੀ। ਮੈਂ ਅਖਬਾਰਾਂ ਵਿਚ 21 ਅਤੇ 23 ਅਪ੍ਰੈਲ 2012 ਨੂੰ ਆਪਣੇ ਲੇਖ, ਅਨੰਦ ਮੈਰਿਜ ਐਕਟ ਦਾ ਸੱਚ' ਵਿੱਚ ਸਿੱਖ ਜਗਤ ਨੂੰ ਸੁਚੇਤ ਕੀਤਾ ਸੀ ਕਿ ਇਹ ਫੈਸਲਾ ਕਾਨੂੰਨੀ ਪੱਖ ਤੋਂ ਬਹੁਤ ਹੀ ਨਿਗੂਣਾ ਜਿਹਾ ਕਦਮ ਹੈ, ਜਿਸ ਬਾਰੇ ਸਿੱਖ ਜਗਤ ਨੂੰ ਬਹੁਤਾ ਖੁਸ਼ ਹੋਣ ਦੀ ਲੋੜ ਨਹੀਂ ਹੈ।

ਚੀਫ ਖ਼ਾਲਸਾ ਦਿਵਾਨ, ਅੰਮਿਤਸਰ ਵੱਲੋਂ ਸਤੰਬਰ 20 11 ਵਿੱਚ ਮੈਨੂੰ 'ਸਿੱਖ ਮੈਰਿਜ ਐਕਟ' ਦਾ ਖਰੜਾ ਤਿਆਰ ਕਰਨ ਦੀ ਸੇਵਾ ਸੌਂਪੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਆਹ ਅਤੇ ਤਲਾਕ ਸਬੰਧਤ ਹਿੰਦੂ, ਮੁਸਲਿਮ, ਪਾਰਸੀ, ਈਸਾਈ, ਯਹੂਦੀਆਂ ਸਮੇਤ ਸਪੈਸ਼ਲ ਵਿਆਹ ਦੇ ਕਾਨੂੰਨ ਪੜਾਉਣ ਦੇ ਤਜਰਬੇ ਦੇ ਅਧਾਰ ਤੇ ਮਿਤੀ 15 ਮਈ, 20 12 ਨੂੰ ਚੀਫ ਖ਼ਾਲਸਾ ਦਿਵਾਨ ਦੇ ਹਾਲ ਵਿਚ ਸੈਂਕੜੇ ਸਿੱਖ ਪੰਥ ਦੀਆਂ ਮਹਾਨ ਸ਼ਖਸੀਅਤਾਂ, ਜਿਸ ਵਿੱਚ ਉਸ ਵਕਤ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਚੀਫ ਖ਼ਾਲਸਾ ਦਿਵਾਨ ਦੇ ਪ੍ਰਧਾਨ ਸ. ਚਰਨਜੀਤ ਸਿੰਘ ਚੱਢਾ, ਆਨਰੇਰੀ ਸਕੱਤਰ ਸ. ਸੰਤੋਖ ਸਿੰਘ ਸੇਠੀ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸ. ਸਤਿਆਜੀਤ ਸਿੰਘ ਮਜੀਠੀਆ, ਆਨਰੇਰੀ ਸਕੱਤਰ ਸ. ਰਜਿੰਦਰਮੋਹਨ ਸਿੰਘ ਛੀਨਾ ਅਦਿ ਸ਼ਾਮਲ ਸਨ, ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ ਦਿੱਤੀ। ਮੈਂ ਇਹ ਪੁਰਜੋਰ ਅਪੀਲ ਕੀਤੀ ਕਿ ਅਨੰਦ ਮੈਰਿਜ ਐਕਟ ਵਿਚ ਕੀਤੀ ਜਾ ਰਹੀ ਰਜਿਸਟਰੇਸ਼ਨ ਦੀ ਤਰਮੀਮ ਦੀ ਥਾਂ ਸਾਨੂੰ ਸਿੱਖਾਂ ਦੇ ਆਪਣੇ ਵੱਖਰੇ ਸੰਪੂਰਨ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ ਤਾਂ ਕਿ ਭਾਰਤ ਵਿਚ ਬਾਕੀ ਧਰਮਾ ਦੇ ਵਿਆਹ ਐਕਟ ਜਿਵੇਂ ਹਿੰਦੂ ਮੈਰਿਜ ਐਕਟ, 1955, ਪਾਰਸੀ ਮੈਰਿਜ ਐਂਡ ਡੀਵੋਸ ਐਕਟ,1936, ਇੰਡੀਅਨ ਕ੍ਰਿਸਚੀਅਨ ਮੈਰਿਜ ਐਕਟ,1872, ਡਿਸਲੂਸ਼ਨ ਆਫ ਮੁਸਲਿਮ ਮੈਰਿਜ ਐਕਟ,1939 ਦੀ ਤਰਜ 'ਤੇ ਸਾਡਾ ਸਿੱਖਾਂ ਦਾ ਆਪਣਾ ਸੁਤੰਤਰ 'ਸਿੱਖ ਮੈਰਿਜ ਐਕਟ' ਹੋਵੇ।

ਅਸੀਂ ਹਿੰਦੂ ਵਿਆਹ ਐਕਟ, 1955 ਤੋਂ ਬਾਹਰ ਆ ਸਕੀਏ। ਮੈਂ ਖਰੜਾ ਪੇਸ਼ ਕਰਨ ਸਮੇਂ ਸਭ ਨੂੰ ਬੇਨਤੀ ਕੀਤੀ ਕਿ ਮੇਰੇ ਵੱਲੋਂ ਤਿਆਰ ਕੀਤਾ ਗਿਆ ਖਰੜਾ ਫਾਈਨਲ ਨਾ ਸਮਝਿਆ ਜਾਵੇ ਬਲਕਿ ਸਿੱਖ ਵਿਦਵਾਨਾ ਵੱਲੋਂ ਨੁਕਤਾ ਬਰ ਨੁਕਤਾ ਵਿਚਾਰਿਆ ਜਾਵੇ ਅਤੇ ਜੋ ਅੰਤਿਮ ਸਹਿਮਤੀ ਬਣੇ ਉਸ ਤੇ ਅਧਾਰਿਤ ਸੰਪੂਰਨ ਸਿੱਖ ਮੈਰਿਜ ਐਕਟ, ਜਿਸ ਵਿਚ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ, 1955 ਤੋਂ ਬਾਹਰ




# ਵੇਸਵਾਵਾਂ ਦੇ ਹੱਕ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ

### ਉਪਮਾ ਡਾਗਾ

ਮਕਬੂਲ ਅਫਸਾਨਾ ਨਿਗਾਰ ਸਆਦਤ ਹਸਨ ਮੰਟੋ ਨੇ ਬਾਜ਼ਾਰੂ ਔਰਤਾਂ ਨੂੰ ਸਮਾਜ ਦੀ ਪੈਦਾਵਾਰ ਦੱਸਦਿਆਂ ਕਿਹਾ ਸੀ ਕਿ ਉਨਾਂ ਔਰਤਾਂ ਦਾ ਵਜੂਦ ਵੀ ਜ਼ਰੂਰੀ ਹੈ, ਜੋ ਤੁਹਾਡੀ ਗਲਾਜ਼ਤ ਉਠਾਉਂਦੀਆਂ ਹਨ। ਜੇਕਰ ਇਹ ਔਰਤਾਂ ਨਾ ਹੁੰਦੀਆਂ ਤਾਂ ਸਾਡੇ ਸਭ ਗਲੀ-ਕੂਚੇ ਮਰਦਾਂ ਦੀਆਂ ਗਲੀਜ਼ ਹਰਕਤਾਂ ਨਾਲ ਭਰੇ ਹੁੰਦੇ।ਬਾਜ਼ਾਰੂ, ਵੇਸਵਾ ਜਾਂ ਜਿਸਮਫਰੋਸ਼ੀ ਕਰਨ ਵਾਲੀਆਂ ਔਰਤਾਂ ਸਮਾਜ ਦੇ ਉਨਾਂ ਓਹਲਿਆਂ ਜਾਂ ਗੁੱਝੇ ਕੰਮਾਂ ਦਾ ਹਿੱਸਾ ਹਨ ਜਿਨਾਂ 'ਤੇ ਜਨਤਕ ਚਰਚਾ ਦੀ ਜੇਕਰ ਵਰਜਣਾ ਨਹੀਂ ਵੀ ਹੁੰਦੀ ਤਾਂ ਵੀ ਉਸ ਤੋਂ ਬਚਿਆ ਜ਼ਰੂਰ ਜਾਂਦਾ ਹੈ। ਹਾਲ ਹੀ ਵਿਚ ਸੁਪਰੀਮ ਕੋਰਟ ਵਲੋਂ ਦਿੱਤੇ ਇਕ ਫ਼ੈਸਲੇ ਤੋਂ ਬਾਅਦ, ਜਿਸ 'ਚ ਜਿਸਮਫਰੋਸ਼ੀ ਨੂੰ ਪੇਸ਼ੇ ਦਾ ਦਰਜਾ ਦਿੱਤਾ ਗਿਆ, ਇਸ ਦੱਬੇ-ਘੁੱਟੇ ਮੁੱਦੇ 'ਤੇ ਚਰਚਾ ਜ਼ੋਰ ਫੜ ਰਹੀ ਹੈ ਜਾਂ ਕਹੋ ਨੈਤਿਕਤਾ ਦੀਆਂ ਸੂਤਲੀਆਂ ਤੋਂ ਪਰਾਂ ਉਨਾਂ ਨੂੰ ਦਰਪੇਸ਼ ਸਮੱਸਿਆਵਾਂ, ਕਾਨੂੰਨੀ ਹੋਂਦ, ਲੋੜੀਂਦੇ ਪਛਾਣ ਪੱਤਰ ਦੀ ਘਾਟ, ਪੁਲਿਸ ਵਲੋਂ ਕੀਤਾ ਜਾ ਰਿਹਾ ਜਬਰ ਅਤੇ ਮੀਡੀਆ ਦੀ ਭੂਮਿਕਾ ਨੂੰ ਲੈ ਕੇ ਇਕ ਆਵਾਜ਼ ਉੱਠੀ ਹੈ।

ਸੁਪਰੀਮ ਕੋਰਟ ਵਲੋਂ 19 ਮਈ, 2022 ਨੂੰ ਦਿੱਤੇ ਇਕ ਫ਼ੈਸਲੇ ਨੇ ਜਿਸਮਫਰੋਸ਼ੀ ਨੂੰ ਨਾ ਸਿਰਫ ਪੇਸ਼ੇ ਦਾ ਦਰਜਾ ਦਿੱਤਾ ਗਿਆ, ਸਗੋਂ ਇਹ ਕਿੱਤਾ ਕਰਨ ਵਾਲੀਆਂ ਔਰਤਾਂ ਲਈ 'ਸਨਮਾਨ' ਅਤੇ 'ਸੰਵਿਧਾਨਕ ਹੱਕਾਂ' ਦੀ ਗੱਲ ਵੀ ਕੀਤੀ ਗਈ। ਜਸਟਿਸ ਐਲ. ਨਾਗੇਸ਼ਵਰ ਰਾਉ, ਬੀ.ਆਰ. ਗਵਈ ਅਤੇ ਏ.ਐਸ. ਬੋਪੰਨਾ ਦੀ ਤਿੰਨ ਮੈਂਬਰੀ ਬੈਂਚ ਵਲੋਂ ਦਿੱਤੇ ਫ਼ੈਸਲੇ 'ਚ ਸੰਵਿਧਾਨ ਦੀ ਧਾਰਾ 21 ਤਹਿਤ ਸਨਮਾਨਜਨਕ ਜੀਵਨ ਜਿਊਣ ਤੱਕ ਦੇ ਹਵਾਲੇ ਨਾਲ ਕਿਹਾ ਕਿ ਵੇਸਵਾ ਦਾ ਕਿੱਤਾ ਕਰਨ ਵਾਲੀ ਔਰਤ ਵੀ ਕਾਨੂੰਨ ਤਹਿਤ ਸਨਮਾਨ ਅਤੇ ਸੁਰੱਖਿਆ ਦੀ ਹੱਕਦਾਰ ਹੈ। ਇਸ ਦੇ ਨਾਲ ਹੀ ਇਸ ਕਿੱਤੇ ਵਿਚ ਪੁਲਿਸ ਦੀ ਦਖ਼ਲਅੰਦਾਜ਼ੀ, ਹਿੰਸਾ ਅਤੇ ਸ਼ੋਸ਼ਣ ਨੂੰ ਲੈ ਕੇ ਵੀ ਪੁਲਿਸ ਨੂੰ ਸੰਵੇਦਨਸ਼ੀਲ ਰਵੱਈਆ ਅਖ਼ਤਿਆਰ ਕਰਨ ਦੀ ਸਲਾਹ ਦਿੰਦਿਆਂ ਕਿਹਾ ਕਿ ਵੇਸਵਾਵਾਂ ਦਾ ਵਰਗ ਅਜਿਹਾ ਹੁੰਦਾ ਹੈ, ਜਿਨਾਂ ਦੇ ਹੱਕਾਂ ਦੀ ਮਾਨਤਾ ਨਹੀਂ ਹੈ। ਇਸ ਲਈ ਛਾਪੇਮਾਰੀ ਦੌਰਾਨ ਉਨਾਂ ਦਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਨਾਂ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ।

ਸੁਪਰੀਮ ਕੋਰਟ ਨੇ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਆਸਰਾ ਘਰਾਂ ਦਾ ਸਰਵੇਖਣ ਕਰਨ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਬਾਲਗ ਔਰਤਾਂ ਨੂੰ ਉਨਾਂ ਦੀ ਮਰਜ਼ੀ ਦੇ ਖਿਲਾਫ਼ ਹਿਰਾਸਤ ਵਿਚ ਲੈਣ ਦੇ ਮਾਮਲਿਆਂ ਦੀ ਸਮੀਖਿਆ ਕੀਤੀ ਜਾ ਸਕੇ ਅਤੇ ਸਮੇਂ ਹੱਦ ਅੰਦਰ ਰਿਹਾਈ ਲਈ ਕਾਰਵਾਈ ਕੀਤੀ ਜਾ ਸਕੇ।

ਅੰਕੜਿਆਂ ਮੁਤਾਬਿਕ ਭਾਰਤ ਵਿਚ ਜਿਸਮਫਰੋਸ਼ੀ ਕਰਨ ਵਾਲੀਆਂ ਔਰਤਾਂ ਦੀ ਗਿਣਤੀ 30 ਲੱਖ ਹੈ ਭਾਵ ਕੁੱਲ ਅਬਾਦੀ ਦਾ ਤਕਰੀਬਨ ਢਾਈ ਫ਼ੀਸਦੀ। ਸੁਪਰੀਮ ਕੋਰਟ ਦੇ ਹਾਲੀਆ ਫ਼ੈਸਲੇ ਤੋਂ ਪਹਿਲਾਂ ਦੀ ਗੱਲ ਕਰੀਏ ਤਾਂ ਜਿਸਮਫਰੋਸ਼ੀ ਨੂੰ ਲੈ ਕੇ ਭਾਰਤ ਵਿਚ ਕੋਈ ਸਪੱਸ਼ਟ ਕਾਨੂੰਨ ਨਹੀਂ ਹੈ। ਮੌਜੂਦਾ ਕਾਨੂੰਨੀ ਢਾਂਚੇ ਵਿਚ ਜਿਸਮਫਰੋਸ਼ੀ ਨੂੰ ਗ਼ੈਰ-ਕਾਨੂੰਨੀ ਨਹੀਂ ਕਿਹਾ ਗਿਆ। ਓਹਲੇ ਵਾਲੇ ਕਿੱਤੇ ਲਈ ਓਹਲੇ ਨੂੰ ਹੀ ਜ਼ਰੀਆ ਬਣਾ ਕੇ ਕਿਹਾ ਗਿਆ ਸੀ ਕਿ ਕਾਨੂੰਨੀ ਤੌਰ 'ਤੇ ਜਿਸਮਫਰੋਸ਼ੀ ਕਰਨ ਲਈ ਵੇਸਵਾ ਨੂੰ ਕਿਸੇ ਵੀ ਜਨਤਕ ਥਾਂ ਤੋਂ ਘੱਟੋ-ਘੱਟ 200 ਮੀਟਰ ਦੀ ਦੂਰੀ ਰੱਖਣੀ ਹੋਏਗੀ। ਤਰਜੀਹੀ ਤੌਰ 'ਤੇ ਅਜਿਹੀ ਥਾਂ ਇਕਾਂਤ ਵਾਲੀ ਹੋਣੀ ਚਾਹੀਦੀ ਹੈ। ਤਾਜੀਰਾਤੇ ਹਿੰਦ ਦੀ ਧਾਰਾ ਮੁਤਾਬਿਕ ਜਿਸਮ ਵੇਚਣ ਦੀ ਸੌਦੇਬਾਜ਼ੀ ਕਰਨ ਅਤੇ ਅਜਿਹੇ ਕੰਮਾਂ ਲਈ ਥਾਂ ਕਿਰਾਏ 'ਤੇ ਲੈਣ ਦੀ ਮਨਾਹੀ ਹੈ ਅਤੇ ਕਿੱਤੇ ਤੋਂ ਕਮਾਈ ਕਰਨ ਵਾਲੇ ਨੂੰ ਸਜ਼ਾ ਦਾ ਵੀ ਹੱਕਦਾਰ ਮੰਨਿਆ ਗਿਆ। ਕਾਨੂੰਨ ਦੀ ਇਹ ਵਰਜਣਾ ਵਾਲੀ ਸਥਿਤੀ ਭਾਵੇਂ ਮਨੁੱਖੀ ਤਸਕਰੀ ਜਾਂ ਜ਼ਬਰਦਸਤੀ ਇਸ ਕਿੱਤੇ ਵੱਲ ਧੱਕੇ ਜਾਣ 'ਤੇ ਠੱਲ ਲਾਉਣ ਲਈ ਬਣਾਈ ਗਈ ਹੈ ਪਰ ਇਨਾਂ ਕਥਿਤ ਵਰਜਣਾਵਾਂ ਨੇ ਪੁਲਿਸ ਅਤੇ ਕਾਨੂੰਨੀ ਢਾਂਚੇ ਦੇ ਹੋਰ ਤਾਬੇਦਾਰਾਂ ਨੂੰ ਅਣਕਹੀ ਤਾਕਤ ਦੇ ਦਿੱਤੀ, ਜਿਸ ਵਿਚ ਹੱਦਬੰਦੀ ਘੜਨ ਦਾ ਅਖ਼ਤਿਆਰ ਵੀ ਉਨਾਂ ਆਪਣੇ ਕੋਲ ਲੈ ਲਿਆ।

ਕਾਨੂੰਨ ਦੀ ਇਸ ਅਸਪੱਸ਼ਟਤਾ ਕਾਰਨ ਹੀ ਵੇਸਵਾਵਾਂ ਪ੍ਰਤੀ ਪੁਲਿਸ ਦਾ ਰਵੱਈਆ ਖਾਸ ਅਸੰਵੇਦਨਸ਼ੀਲ ਰਿਹਾ ਹੈ। ਵੱਖ-ਵੱਖ ਐਨ.ਜੀ.ਓ. ਤੋਂ ਹਾਸਲ ਜਾਣਕਾਰੀ ਮੁਤਾਬਿਕ ਜ਼ਿਆਦਾਤਰ ਮਾਮਲਿਆਂ 'ਚ ਪੁਲਿਸ ਦੀ ਛਾਪੇਮਾਰੀ ਦੌਰਾਨ ਵੇਸਵਾਵਾਂ ਨੂੰ ਦੋਹਰੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਛਾਪੇਮਾਰੀ ਦੌਰਾਨ ਗਾਹਕ ਦਾ ਖਿਆਲ ਪੁਲਿਸ ਤੋਂ ਮਾਮਲਾ ਰਫ਼ਾ-ਦਫ਼ਾ ਕਰਵਾਉਣ ਵਿਚ ਵਧੇਰੇ ਹੁੰਦਾ ਹੈ। ਅਜਿਹੇ ਮਾਮਲੇ 'ਚ ਉੱਭਰੇ ਹਾਲਾਤ ਵਿਚ ਉਹ ਅਕਸਰ ਵੇਸਵਾ ਨੂੰ ਦਿੱਤੀ



ਜਾਣ ਵਾਲੀ ਰਕਮ ਤੋਂ ਹੀ ਇਨਕਾਰੀ ਹੋ ਜਾਂਦਾ ਹੈ। ਦੂਜੇ ਪਾਸੇ ਪੁਲਿਸ ਵੇਸਵਾਵਾਂ ਤੋਂ ਵੀ ਰਕਮ ਵਸੂਲੀ ਦੀ ਮੰਗ ਕਰਦੀ ਹੈ ਅਤੇ ਲੋੜੀਂਦੀ ਰਕਮ ਦਾ ਇੰਤਜ਼ਾਮ ਨਾ ਹੋਣ 'ਤੇ ਉਨਾਂ ਨੂੰ ਪੁਲਿਸ ਤੋਂ ਵੀ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਾਨੂੰਨ ਦੇ ਤਾਬੇਦਾਰਾਂ ਵਲੋਂ ਦਿੱਤੇ ਜਾਣ ਵਾਲੇ ਇਹ ਤਸੀਹੇ ਉਨਾਂ ਦੇ ਲੁਕਣ ਲਈ ਮਜਬੂਰ ਕਿਰਦਾਰ ਵਾਂਗ ਲੁਕੇ ਹੀ ਰਹਿ ਜਾਂਦੇ ਹਨ। ਜਿਨਾਂ ਦਾ ਇਕ ਕਾਰਨ ਕਾਨੂੰਨ ਦੀ ਅਸਪੱਸ਼ਟਤਾ ਤਾਂ ਹੈ ਹੀ, ਦੂਜਾ ਕਾਰਨ ਵੇਸਵਾਵਾਂ ਨੂੰ ਆਪਣੇ 'ਸੀਮਤ' ਹੱਕਾਂ ਪ੍ਰਤੀ ਜਾਗਰੂਕਤਾ ਦੀ ਘਾਟ ਵੀ ਹੈ।

ਗ਼ੈਰ-ਕਾਨੂੰਨੀ ਨਾ ਹੁੰਦਿਆਂ ਹੋਇਆਂ ਵੀ ਕਿੱਤੇ ਤੋਂ ਅਨੈਤਿਕ ਅਤੇ ਅਸਮਾਜਿਕ ਹੋਣ ਦਾ ਦਾਗ ਕਦੇ ਵੀ ਵੱਖ ਨਹੀਂ ਹੋ ਪਾਇਆ। ਜਿਸਮਫਰੋਸ਼ੀ ਕਰਨ ਵਾਲੀਆਂ ਨੂੰ ਵੀ ਕਾਨੂੰਨੀ ਤੌਰ 'ਤੇ ਕਿਸੇ ਕਿਸਮ ਦੀ ਸੁਰੱਖਿਆ ਦੀ ਲੋੜ ਹੋ ਸਕਦੀ ਹੈ। ਇਹ ਤੱਥ ਹਮੇਸ਼ਾ ਤੋਂ ਹੀ ਅਣਗੌਲਿਆ ਗਿਆ ਹੈ। ਕੋਰੋਨਾ ਦੀ ਆਮਦ ਤੋਂ ਬਾਅਦ ਮਾਰਚ 2020 ਤੋਂ ਲੱਗੀ ਤਾਲਾਬੰਦੀ ਤੋਂ ਬਾਅਦ ਘਰਾਂ ਦੇ ਦਰਵਾਜ਼ਿਆਂ ਪਿੱਛੇ ਕੈਦ ਹੋਈ ਜ਼ਿੰਦਗੀ ਨੇ ਰੈੱਡ ਲਾਈਟ ਇਲਾਕਿਆਂ ਵਿਚ ਬਲਣ ਵਾਲੇ ਚੁੱਲੇ ਦੀ ਅੱਗ ਵੀ ਬੰਦ ਕਰ ਦਿੱਤੀ ਸੀ। ਇਥੋਂ ਤੱਕ ਕਿ ਸਰਕਾਰ ਵਲੋਂ ਗ਼ਰੀਬਾਂ ਲਈ ਚਲਾਈ ਮੁਫ਼ਤ ਰਾਸ਼ਨ ਦੀ ਸਕੀਮ ਤਹਿਤ ਵੀ ਉਹ ਪਛਾਣ ਪੱਤਰ ਦੀ ਘਾਟ ਕਾਰਨ ਲਾਭ ਹਾਸਲ ਨਹੀਂ ਕਰ ਪਾਈਆਂ। ਸੁਪਰੀਮ ਕੋਰਟ ਵਲੋਂ 6 ਮਹੀਨੇ ਬਾਅਦ ਸਤੰਬਰ 2020 'ਚ ਰਾਜ ਸਰਕਾਰਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੂੰ ਤਾਗੀਦ ਕਰਨੀ ਪਈ ਕਿ 'ਨੈਸ਼ਨਲ ਏਡਜ਼ ਕੰਟਰੋਲ ਆਰਗੇਨਾਈਜ਼ੇਸ਼ਨ' ਵਿਚ ਰਜਿਸਟਰਡ ਵੇਸਵਾਵਾਂ ਨੂੰ ਬਿਨਾਂ ਕੋਈ ਹੋਰ ਪਛਾਣ ਪੱਤਰ ਮੰਗੇ ਰਾਸ਼ਨ ਮੁਹੱਈਆ ਕਰਵਾਇਆ ਜਾਏ।

ਇਸ ਤੋਂ ਬਾਅਦ ਇਕ ਵਾਰ ਫਿਰ ਸੁਪਰੀਮ ਕੋਰਟ ਨੇ ਜਨਵਰੀ 2022 ਵਿਚ ਮਾਮਲੇ 'ਚ ਮੁਦਾਲਖ਼ਤ ਕਰਦਿਆਂ ਰਾਜਾਂ ਅਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੂੰ ਵੇਸਵਾਵਾਂ ਨੂੰ ਪਛਾਣ ਪੱਤਰ ਜਾਰੀ ਕਰਨ ਦਾ ਅਮਲ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।

ਸੁਪਰੀਮ ਕੋਰਟ ਦੇ ਇਨਾਂ ਕਦਮਾਂ ਨੇ ਨੈਤਿਕਤਾ ਦੀ ਧਾਰ ਵਿਚ ਉਲਝੇ ਮੁੱਦੇ ਦੀਆਂ ਕੁਝ ਪੀਢੀਆਂ ਗੰਢਾਂ ਨੂੰ ਧਿਆਨ 'ਚ ਲਿਆਂਦਾ, ਜਿਸ ਨੂੰ ਮੁੱਦੇ ਦੀ ਨਬਜ਼ ਪਛਾਨਣ ਦੀ ਦਿਸ਼ਾ 'ਚ ਚੁੱਕਿਆ ਇਕ ਕਦਮ ਕਰਾਰ ਦਿੱਤਾ ਜਾ ਸਕਦਾ ਹੈ। ਪਰ ਅਦਾਲਤੀ ਅਮਲ ਵਿਚ ਲੱਗਣ ਵਾਲਾ ਸਮਾਂ ਆਪਣੇ-ਆਪ ਵਿਚ ਇਕ ਚਿੰਤਾ ਦਾ ਵਿਸ਼ਾ ਹੈ। ਅਦਾਲਤ ਵਲੋਂ ਇਹ ਕਦਮ ਚੁੱਕਣ ਲਈ ਕਿੰਨਾ ਕੁ ਸਮਾਂ ਲੱਗਾ, ਇਸ ਲਈ ਇਸ ਫ਼ੈਸਲੇ ਦੇ ਪਿਛੋਕੜ 'ਤੇ ਇਕ ਝਾਤ ਮਾਰਨੀ ਹੋਵੇਗੀ।

ਸੁਪਰੀਮ ਕੋਰਟ ਨੇ ਇਹ ਫ਼ੈਸਲਾ ਜਿਸਮਫਰੋਸ਼ੀ ਕਰਨ ਵਾਲੀਆਂ ਔਰਤਾਂ ਦੇ ਮੁੜ ਵਸੇਬੇ ਲਈ ਬਣੇ ਇਕ ਪੈਨਲ ਦੀਆਂ ਸਿਫ਼ਾਰਿਸ਼ਾਂ ਦੇ ਆਧਾਰ 'ਤੇ ਲਿਆ। ਮਾਮਲਾ 1999 'ਚ ਉਸ ਵੇਲੇ ਸੁਰਖੀਆਂ ਵਿਚ ਆਇਆ ਜਦੋਂ ਬੁੱਧਾਦੇਵ ਨਾਂ ਦੇ ਇਕ ਸ਼ਖ਼ਸ ਨੇ ਵੇਸਵਾ ਦਾ ਕਤਲ ਕਰ ਦਿੱਤਾ। ਅਦਾਲਤ ਮੂਹਰੇ ਆਏ ਇਸ ਮਾਮਲੇ 'ਚ ਤਕਰੀਬਨ ਇਕ ਦਹਾਕੇ ਬਾਅਦ ਕੋਲਕਾਤਾ ਹਾਈ ਕੋਰਟ ਨੇ 2007 'ਚ ਉਮਰ ਕੈਦ ਦੀ ਸਜ਼ਾ ਸੁਣਾਈ, ਜਿਸ ਤੋਂ ਬਾਅਦ ਸੁਪਰੀਮ ਕੋਰਟ 'ਚ ਅਪੀਲ ਕੀਤੇ ਜਾਣ 'ਤੇ ਸਰਬਉੱਚ ਅਦਾਲਤ ਨੇ ਨਾ ਸਿਰਫ ਕੋਲਕਾਤਾ ਹਾਈ ਕੋਰਟ ਵਲੋਂ ਸੁਣਾਈ ਸਜ਼ਾ ਨੂੰ ਬਰਕਰਾਰ ਰੱਖਿਆ ਸਗੋਂ ਆਪਣੇ ਤੌਰ 'ਤੇ **Sue Moto** ਇਸ ਮਾਮਲੇ ਨੂੰ ਜਨਹਿਤ ਪਟੀਸ਼ਨ ਵਿਚ ਬਦਲਿਆ ਤਾਂ ਜੋ ਵੇਸਵਾਵਾਂ ਨੂੰ ਪੇਸ਼ ਆਉਂਦੀਆਂ ਸਮੱਸਿਆਵਾਂ ਦਾ ਹੱਲ ਤਲਾਸ਼ਿਆ ਜਾ ਸਕੇ। ਸੁਪਰੀਮ ਕੋਰਟ ਨੇ 2011 ਵਿਚ ਹੀ ਵੇਸਵਾਵਾਂ ਦੇ ਮੁੜ ਵਸੇਬੇ ਨੂੰ ਲੈ ਕੇ ਸੁਝਾਅ ਦੇਣ ਲਈ ਇਕ ਪੈਨਲ ਦਾ ਗਠਨ ਕੀਤਾ ਸੀ, ਜਿਸ ਨੇ 2016 'ਚ ਅਦਾਲਤ ਨੂੰ ਆਪਣੀ ਅੰਤਿਮ ਰਿਪੋਰਟ ਸੌਂਪੀ। ਪੈਨਲ ਨੇ ਇਸ ਰਿਪੋਰਟ 'ਚ ਵੇਸਵਾਵਾਂ ਦੀ ਭਲਾਈ ਲਈ ਇਕ ਕਾਨੂੰਨ ਬਣਾਉਣ ਦੀ ਸਿਫ਼ਾਰਿਸ਼ ਕੀਤੀ। ਜ਼ਿਕਰਯੋਗ ਹੈ ਕਿ ਭਾਰਤ 'ਚ ਛੋਟੇ ਬੱਚਿਆਂ ਨੂੰ ਅਤੇ ਨੌਜਵਾਨਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਕਾਨੂੰਨ ਤਾਂ ਹਨ ਪਰ ਸਿਰਫ ਵੇਸਵਾਵਾਂ ਨੂੰ ਲੈ ਕੇ ਕੋਈ ਕਾਨੂੰਨ ਨਹੀਂ ਹੈ। ਹਾਲਾਂਕਿ ਇਸ ਸੰਬੰਧ ਵਿਚ 'ਦਾ ਇਮਮੋਰਲ ਟਰੈਫਿਕ ਪ੍ਰਵੇਂਨਸ਼ਨ ਕਾਨੂੰਨ 1956 ਦੀਆਂ ਸੋਧਾਂ ਨੂੰ ਹੀ ਅਮਲ ਵਿਚ ਲਿਆਂਦਾ ਜਾਂਦਾ ਹੈ। ਇਸ ਕਾਨੂੰਨ ਵਿਚ ਜਿਸਮਫਰੋਸ਼ੀ ਨੂੰ ਗ਼ੈਰ-ਕਾਨੂੰਨੀ ਨਹੀਂ ਦੱਸਿਆ ਗਿਆ ਪਰ ਸਮਾਜਿਕ ਹੱਦਾਂ ਤਹਿਤ ਕੁਝ ਪਾਬੰਦੀਆਂ ਲਾਈਆਂ ਗਈਆਂ ਹਨ।

ਸਰਕਾਰ ਵਲੋਂ ਕਾਨੂੰਨ ਬਣਾਉਣ ਦੀ ਦਿਸ਼ਾ 'ਚ ਅਦਾਲਤ ਨੂੰ 2020 ਵਿਚ ਦਿੱਤੇ ਜਵਾਬ 'ਚ ਇਹ ਹੀ ਕਿਹਾ ਗਿਆ ਕਿ ਮੰਤਰੀਆਂ ਦਾ ਸਮੂਹ ਇਸ ਸੰਬੰਧ 'ਚ ਬਣੇ ਕਾਨੂੰਨ ਦੇ ਖਰੜੇ ਦੀ ਘੋਖ ਕਰ ਰਿਹਾ ਹੈ। ਸਰਕਾਰ ਦੇ ਢਿੱਲੇ-ਮੱਠੇ ਰਵੱਈਏ ਨੂੰ ਵੇਖਦਿਆਂ ਹੀ ਸੁਪਰੀਮ ਕੋਰਟ ਨੇ ਪੈਨਲ ਦੀਆਂ ਸਿਫ਼ਾਰਿਸ਼ਾਂ ਦੇ ਆਧਾਰ 'ਤੇ ਸੰਵਿਧਾਨ ਵਲੋਂ ਧਾਰਾ 142 ਤਹਿਤ ਦਿੱਤੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦਿਆਂ 19 ਮਈ ਦਾ ਆਦੇਸ਼ ਜਾਰੀ ਕੀਤਾ। ਇਹ ਆਦੇਸ਼ ਉਦੋਂ ਤੱਕ ਲਾਗੂ ਰਹੇਗਾ ਜਦੋਂ ਤੱਕ ਸਰਕਾਰ ਵਲੋਂ ਕਾਨੂੰਨ ਨਹੀਂ ਬਣਾਇਆ ਜਾਂਦਾ।

ਸੁਪਰੀਮ ਕੋਰਟ ਨੇ ਪੈਨਲ ਵਲੋਂ ਦਿੱਤੀਆਂ 10 ਸਿਫ਼ਾਰਿਸ਼ਾਂ 'ਚੋਂ 6 ਨੂੰ ਲਾਗੂ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਹਨ ਜਦ ਕਿ ਕੇਂਦਰ ਪੈਨਲ ਦੀਆਂ 4 ਸਿਫ਼ਾਰਿਸ਼ਾਂ ਨਾਲ ਪੂਰੀ ਤਰਾਂ ਸਹਿਮਤ ਨਹੀਂ ਹੈ। ਇਨਾਂ 'ਚ ਬਾਲਗ ਅਤੇ ਸਹਿਮਤੀ ਨਾਲ ਜਿਸਮਫਰੋਸ਼ੀ ਕਰਨ ਦੇ ਖਿਲਾਫ਼ ਕੋਈ ਅਪਰਾਧਕ ਕਾਰਵਾਈ ਨਾ ਕਰਨਾ, ਛਾਪੇਮਾਰੀ ਦੌਰਾਨ ਸਿਰਫ ਕੋਠੇ ਦੇ ਮਾਲਕ ਦੀ ਗ੍ਰਿਫ਼ਤਾਰੀ, ਵੇਸਵਾਵਾਂ ਲਈ ਨੀਤੀ ਬਣਾਉਣ ਦੇ ਅਮਲ ਵਿਚ ਉਨਾਂ ਦੀ ਨੁਮਾਇੰਦਗੀ ਅਤੇ ਉਨਾਂ ਦੇ ਬੱਚਿਆਂ ਨੂੰ ਲੈ ਕੇ ਕੀਤੀਆਂ ਸਿਫ਼ਾਰਿਸ਼ਾਂ। ਸੁਪਰੀਮ ਕੋਰਟ ਨੇ ਕੇਂਦਰ ਨੂੰ ਆਪਣਾ ਜਵਾਬ ਦੇਣ ਲਈ 6 ਹਫ਼ਤੇ ਦਾ ਸਮਾਂ ਦਿੱਤਾ ਹੈ।

ਪਿਛੋਕੜ ਤੋਂ ਲੈ ਕੇ ਹਾਲੀਆ ਕਦਮਾਂ, ਜਿਸ ਨੂੰ ਪਹਿਲੀ ਪੁਲਾਂਘ ਕਿਹਾ ਜਾ ਸਕਦਾ ਹੈ, ਨੂੰ ਮੁਕੰਮਲ ਹੋਣ ਵਿਚ ਦੋ ਦਹਾਕਿਆਂ ਦਾ ਸਮਾਂ ਲੱਗਾ ਹੈ ਪਰ ਇਸ ਰਫ਼ਤਾਰ ਨਾਲ ਪੈਂਡਾ ਕਾਫੀ ਲੰਮਾ ਨਜ਼ਰ ਆਉਂਦਾ ਹੈ।

ਸੱਭਿਆ ਸਮਾਜ ਦੀ ਪਰਿਭਾਸ਼ਾ ਤੋਂ ਖੁੰਝਿਆ ਇਹ ਤਬਕਾ ਆਪਣੀ ਪਛਾਣ ਲੋਚਦਾ ਹੈ। ਅਜਿਹਾ ਕਾਨੂੰਨ ਚਾਹੁੰਦਾ ਹੈ ਜੋ ਇਸ ਪੇਸ਼ੇ ਨੂੰ ਛੱਡਣ ਦੇ ਚਾਹਵਾਨਾਂ ਨੂੰ ਮੁੜ ਵਸੇਬੇ ਦੀ ਰਾਹ ਵੱਲ ਲੈ ਜਾ ਸਕੇ। ਕਿਉਂਕਿ ਕਈ ਔਰਤਾਂ ਮਜਬੂਰੀਵੱਸ ਅਤੇ ਬਦਲ ਨਾ ਹੋਣ ਦੀ ਸੂਰਤ ਕਾਰਨ ਹੀ ਇਸ ਪੇਸ਼ੇ ਵਿਚ ਰਹਿ ਰਹੀਆਂ ਹਨ। ਹਾਲ 'ਚ ਛਪੀ ਇਕ ਰਿਪੋਰਟ ਮੁਤਾਬਿਕ ਪੁਣੇ ਵਿਚ ਜਿਸਮਫਰੋਸ਼ੀ ਕਰਨ ਵਾਲੀਆਂ 90 ਫ਼ੀਸਦੀ ਔਰਤਾਂ ਇਸ ਨੂੰ ਛੱਡਣਾ ਚਾਹੁੰਦੀਆਂ ਹਨ।

ਕਾਨੂੰਨੀ ਸੁਰੱਖਿਆ ਉਹ ਵੀ ਚਾਹੁੰਦੀਆਂ ਹਨ, ਜੋ ਆਪਣੀ ਮਰਜ਼ੀ ਨਾਲ ਇਸ ਕਿੱਤੇ ਨੂੰ ਅਪਣਾਉਂਦੀਆਂ ਹਨ। ਉਹ ਪੁਲਿਸ ਦੇ ਜਬਰ ਤੋਂ ਬਚਣ ਲਈ ਕਾਨੂੰਨੀ ਢਾਂਚੇ ਦੀ ਪਨਾਹ ਚਾਹੁੰਦੀਆਂ ਹਨ। ਦੁਨੀਆ ਵਿਚ ਤਕਰੀਬਨ 15 ਦੇਸ਼ਾਂ 'ਚ ਜਿਸਮਫਰੋਸ਼ੀ ਨੂੰ ਕਾਨੂੰਨੀ ਦਰਜਾ ਮਿਲਿਆ ਹੈ।

**ਬਾਕੀ ਸਫ਼ਾ 30 'ਤੇ**

# ਰਾਣੀ ਲਕਸ਼ਮੀਬਾਈ ਨੂੰ ਯਾਦ ਕਰਦਿਆਂ

### ਪ੍ਰੋ. ਗਗਨਦੀਪ ਕੌਰ ਧਾਲੀਵਾਲ

ਝਾਂਸੀ ਦੀ ਰਾਣੀ (ਮਣੀਕਰਨਿਕਾ) ਦਾ ਪੂਰਾ ਨਾਂ ਰਾਣੀ ਲਕਸ਼ਮੀਬਾਈ ਸੀ। ਝਾਂਸੀ ਜਨਮ 19 ਨਵੰਬਰ 1828 ਨੂੰ ਕਾਸ਼ੀ (ਉੱਤਰ ਪ੍ਰਦੇਸ਼) ਭਾਰਤ ਵਿੱਚ ਹੋਇਆ। ਮੋਰੋਪੰਤ ਤਾਂਬੇ ਉਸਦੇ ਪਿਤਾ ਜੀ ਸਨ ਅਤੇ ਉਸਦੀ ਮਾਤਾ ਦਾ ਨਾਂ ਭਾਗੀਰਥੀ ਸਪਰੇ ਸੀ। ਜਦੋਂ ਉਹ ਬਚਪਨ ਵਿੱਚ ਸ਼ਿਕਾਰ ਖੇਡਦੀ, ਨਕਲੀ ਜੰਗ ਦੇ ਮੈਦਾਨ ਨੂੰ ਉਸਾਰਦੀ ਤਾਂ ਉਸ ਦੀਆਂ ਤਲਵਾਰਾਂ ਦੇ ਵਾਰ ਵੇਖ ਕੇ ਮਰਾਠੇ ਵੀ ਖੁਸ਼ ਹੋ ਜਾਂਦੇ ਸਨ। 4 ਸਾਲ ਦੀ ਉਮਰ ਵਿੱਚ ਉਸਦੀ ਮਾਂ ਮਰ ਗਈ ਸੀ। ਲਕਸਮੀਬਾਈ ਰਾਣੀ ਨੂੰ 'ਝਾਂਸੀ ਦੀ ਰਾਣੀ' ਦੀ ਉਪਾਧੀ ਮਿਲੀ ਸੀ। ਉਸਦਾ ਵਿਆਹ ਮਹਾਰਾਜਾ ਗੰਗਾਧਰ ਰਾਓ ਨਾਲ ਹੋਇਆ। ਵਿਆਹ ਦੇ ਮਗਰੋਂ ਉਸਨੂੰ ਲਕਸ਼ਮੀਬਾਈ ਦਾ ਨਾਂ ਦਿੱਤਾ ਗਿਆ।

ਦੱਸਿਆ ਗਿਆ ਹੈ ਕਿ ਉਸਦੇ ਦੋ ਬੱਚੇ ਸਨ। ਦਮੋਦਰ ਰਾਓ ਅਤੇ ਅਨੰਦ ਰਾਓ (ਗੋਦ ਲਿਆ) ਹਨ। ਉਸਦਾ ਪੁੱਤਰ ਦਮੋਦਰ ਰਾਓ ਚਾਰ ਮਹੀਨਿਆਂ ਬਾਅਦ ਮਰ ਗਿਆ ਸੀ। ਫਿਰ ਗੋਦ ਲਏ ਪੁੱਤਰ ਦਾ ਨਾਂ ਬਦਲ ਕੇ ਦਮੋਦਰ ਰਾਓ ਰੱਖਿਆ ਗਿਆ ਸੀ। ਨਵੰਬਰ 1853 ਵਿੱਚ ਮਹਾਰਾਜੇ ਦੀ ਮੌਤ ਤੋਂ ਬਾਅਦ, ਕਿਉਂਕਿ ਦਾਮੋਦਰ ਰਾਓ (ਆਨੰਦ ਰਾਓ) ਇੱਕ ਗੋਦ ਲਿਆ ਪੁੱਤਰ ਸੀ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ, ਗਵਰਨਰ-ਜਨਰਲ ਲਾਰਡ ਡਲਹੌਜ਼ੀ ਦੇ ਅਧੀਨ, ਦਮੋਦਰ ਰਾਓ ਦੇ ਗੱਦੀ ਲਈ ਦਾਅਵੇ ਨੂੰ ਰੱਦ ਕਰਦੇ ਹੋਏ, ਲੈਪਸ ਦੇ ਸਿਧਾਂਤ ਨੂੰ ਲਾਗੂ ਕੀਤਾ ਅਤੇ ਰਾਜ ਨੂੰ ਇਸ ਦੇ ਪ੍ਰਦੇਸ਼ਾਂ ਨਾਲ ਜੋੜਨਾ ਸ਼ੁਰੂ ਕੀਤਾ। ਜਦੋਂ ਲਕਸ਼ਮੀਬਾਈ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਤਾਂ ਉਸ ਨੇ 'ਮੈਂ ਆਪਣੀ ਝਾਂਸੀ ਨਹੀਂ ਦੇਵਾਂਗੀ।' (ਮੈਂ ਆਪਣੀ ਝਾਂਸੀ ਨੂੰ ਸਮਰਪਣ ਨਹੀਂ ਕਰਾਂਗੀ)। ਮਾਰਚ 1854 ਵਿੱਚ, ਰਾਣੀ ਲਕਸ਼ਮੀਬਾਈ ਨੂੰ ਰੁਪਏ ਸਾਲਾਨਾ ਪੈਨਸ਼ਨ ਦਿੱਤੀ ਗਈ। 60,000 ਰੁਪਏ ਅਤੇ ਮਹਿਲ ਅਤੇ ਕਿਲਾ



ਛੱਡਣ ਦਾ ਹੁਕਮ ਦਿੱਤਾ। ਵਿਸ਼ਨੂੰ ਭੱਟ ਗੋਡਸੇ ਦੇ ਅਨੁਸਾਰ, ਰਾਣੀ ਨਾਸ਼ਤੇ ਤੋਂ ਪਹਿਲਾਂ ਵੇਟਲਿਫਟਿੰਗ, ਕੁਸ਼ਤੀ ਅਤੇ ਸਟੀਪਲਚੇਜ਼ਿੰਗ ਵਿੱਚ ਕਸਰਤ ਕਰੇਗੀ। ਇੱਕ ਬੁੱਧੀਮਾਨ ਅਤੇ ਸਧਾਰਨ ਕੱਪੜੇ ਪਹਿਨਣ ਵਾਲੀ ਔਰਤ, ਉਸ ਨੇ ਵਪਾਰਕ ਤਰੀਕੇ ਨਾਲ ਰਾਜ ਕੀਤਾ। 1857 ਈ. ਵਿੱਚ ਵਿਦਰੋਹ ਹੋਇਆ ਜਿਸ ਵਿੱਚ ਰਾਣੀ ਲਕਸ਼ਮੀਬਾਈ ਨੇ ਆਪਣੀ ਬਹਾਦਰੀ ਦਿਖਾਈ। ਇਸ ਅਜ਼ਾਦੀ ਦੀ ਇਸ ਲੜਾਈ ਵਿੱਚ ਰਾਣੀ ਦੇ ਨਾਲ ਉਸਦੇ ਬਹਾਦੁਰ ਸਾਥੀ ਤਾਂਤੀਆਂ ਟੋਪੇ ਅਜੀਮੁੱਲਾ, ਅਹਿਮਦ ਸ਼ਾਹ ਮੌਲਵੀ, ਰਘੁਨਾਥ ਸਿੰਘ, ਜਵਾਹਰ ਸਿੰਘ, ਰਾਮਚੰਦਰ ਬਹਾਦਰੀ ਨਾਲ ਲੜੇ ਅਤੇ ਸ਼ਹੀਦ ਹੋਏ। ਗੌਸ ਖਾਂ ਅਤੇ ਖੁਦਾ ਬਖ਼ਸ਼ ਜਿਹੇ ਤੋਪਚੀਆਂ ਨੇ ਅੰਤਿਮ ਸਾਹ ਤੱਕ ਅਜ਼ਾਦੀ ਲਈ ਵੀਰ ਰਾਣੀ ਦਾ ਸਾਥ ਦਿੱਤਾ। ਇਸ ਲੜਾਈ ਵਿੱਚ ਜਰਨਲ ਹਿਊ ਰੋਜ ਨਾਲ ਰਾਣੀ ਨੇ ਯੁੱਧ ਕੀਤਾ। 17 ਜੂਨ ਨੂੰ ਜਨਰਲ ਹਿਊ ਰੋਜ ਨੇ ਗਵਾਲੀਅਰ ਉੱਤੇ ਹਮਲਾ ਕੀਤਾ। ਦੱਸਿਆ ਜਾਦਾ ਹੈ ਕਿ ਇਸ ਸੰਘਰਸ਼ ਵਿੱਚ ਰਾਣੀ ਦੀ ਫ਼ੌਜੀ ਸਹੇਲੀ ਮੁੰਦਰ ਵੀ ਸ਼ਹੀਦ ਹੋ ਗਈ। ਕਿਹਾ ਜਾਦਾ ਹੈ ਕਿ ਅੰਗਰੇਜ਼ ਸੈਨਿਕਾਂ ਨੇ ਪਹਿਲਾ ਵਾਰ ਰਾਣੀ ਦੇ ਸਿਰ ਉੱਤੇ ਪਿੱਛੋਂ ਦੀ ਕੀਤਾ ਅਤੇ ਦੂਜਾ ਵਾਰ ਉਸ ਦੇ ਸੀਨੇ ਉੱਤੇ। ਚਿਹਰੇ ਦਾ ਹਿੱਸਾ ਕੱਟਣ 'ਤੇ ਇੱਕ ਅੱਖ ਨਿਕਲ ਕੇ ਬਾਹਰ ਆ ਗਈ । ਇਸ ਸੱਟ ਨਾਲ ਹੀ ਘੋੜੇ ਤੋਂ ਡਿੱਗ ਗਈ। ਅੰਤਿਮ ਸਾਹਾਂ ਦੇ ਦੌਰਾਨ ਰਾਣੀ ਲਕਸ਼ਮੀਬਾਈ ਨੇ ਰਘੁਨਾਥ ਸਿੰਘ ਨੂੰ ਕਿਹਾ ਮੇਰੇ ਸਰੀਰ ਨੂੰ ਗੋਰੇ ਛੂਹ ਨਾ ਸਕਣ । ਉਸਦੇ ਫ਼ੌਜੀ ਰਾਣੀ ਦੀ ਅਰਥੀ ਬਾਬਾ ਗੰਗਾ ਦਾਸ ਦੀ ਕੁਟਿਆ ਵਿੱਚ ਲੈ ਗਏ, ਜਿਥੇ ਰਾਣੀ ਨੇ ਪ੍ਰਾਣ ਤਿਆਗ ਦਿੱਤੇ। ਰਘੁਨਾਥ ਸਿੰਘ ਵੈਰੀਆਂ ਨੂੰ ਭਰਮਾਉਣ ਲਈ ਰਾਤ ਭਰ ਬੰਦੂਕ ਚਲਾਉਂਦਾ ਰਿਹਾ ਅਤੇ ਅੰਤ ਵਿੱਚ ਵੀਰਗਤੀ ਨੂੰ ਪ੍ਰਾਪਤ ਹੋਇਆ। ਉਨਾਂ ਦੇ ਨਾਲ ਹੀ ਕਾਸ਼ੀ ਬਾਈ ਵੀ ਸ਼ਹੀਦ ਹੋਈ। 18 ਜੂਨ 1858 ਨੂੰ ਰਾਣੀ ਲਕਸਮੀਬਾਈ ਸ਼ਹੀਦੀ ਪ੍ਰਾਪਤ ਕਰ ਗਈ ਸੀ।

# ਸਿੱਖ ਇਸਤਰੀ ਤੇ ਗੁਰਬਾਣੀ ਗਾਇਣ

**ਗੁਰਜੀਤ ਕੌਰ, ਹਿਊਸਟਨ**
**713-469-2474**

ਸ਼ੌ੍ਮਣੀ ਤਖਤਾਂ ਉੱਤੇ ਉਸਦੀ ਸ਼ਮੂਲੀਅਤ ਗਾਇਬ

2022 ਮਈ ਦੇ ਪਹਿਲੇ ਹਫਤੇ ਗੁਰੂਦਵਾਰਾ ਸਾਹਿਬ ਫਰੀਮੌਂਟ ਕੈਲੀਫੋਰਨੀਆ ਵਿਖੇ ਸਿੱਖ ਬੀਬੀਆਂ ਵੱਲੋਂ 'ਗਾਵਨੀ' ਸਿਰਲੇਖ ਹੇਠਾਂ ਗੁਰਬਾਣੀ ਗਾਇਣ ਸਮਾਗਮ ਗੁਰੂ ਕ੍ਰਿਪਾ ਸਦਕਾ ਸੰਪੰਨ ਹੋਇਆ। ਗੁਰੂ ਵੱਲੋਂ ਬਖਸ਼ੇ ਉੱਦਮ ਤੇ ਮਿਹਰ ਤੋਂ ਬਾਅਦ ਇਸ ਸਮਾਗਮ ਦੇ ਆਯੋਜਨ ਤੇ ਸਫਲਤਾ ਦਾ ਸਿਹਰਾ ਡਾਕਟਰ ਗੁਰਨਾਮ ਸਿੰਘ ਹੁਰਾਂ ਦੇ ਸਿਰ ਬੱਝਦਾ ਹੈ। ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਸਿਰਫ ਤੇ ਸਿਰਫ ਸਿੱਖ ਬੀਬੀਆਂ ਰਵਾਇਤੀ ਸਾਜ਼ਾਂ ਦੀ ਵਰਤੋਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਦੇ ਆਧਾਰ 'ਤੇ ਗੁਰਬਾਣੀ ਗਾਇਨ ਕਰ ਰਹੀਆਂ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਕਾਰਜ ਦੀ ਵਿਉਂਤਬੰਦੀ ਕੇਵਲ ਤੇ ਕੇਵਲ ਡਾਕਟਰ ਗੁਰਨਾਮ ਸਿੰਘ ਹੁਰਾਂ ਦੇ ਦਿਮਾਗ ਦੀ ਉਪਜ ਹੀ ਹੋ ਸਕਦੀ ਸੀ। ਉਸਦਾ ਇਕ ਕਾਰਨ ਤਾਂ ਇਹ ਹੈ ਕਿ ਉਹ ਆਪ ਬਿਨਾਂ ਕਿਸੇ ਜਿਣਸੀ ਵਿਤਕਰੇ ਦੇ ਗੁਰਬਾਣੀ ਗਾਇਣ ਦੀ ਸਿਖਲਾਈ ਦਿੰਦੇ ਹਨ। ਦੂਜਾ ਕਾਰਨ ਇਹ ਕਿ ਡਾਕਟਰ ਸਾਹਿਬ ਨੂੰ ਨਾ ਕੇਵਲ ਗੁਰਬਾਣੀ ਗਾਇਣ ਦੀ ਕਲਾ ਹਾਸਿਲ ਹੈ ਸਗੋਂ ਬਾਣੀ ਨਾਲ ਪ੍ਰੇਮ ਸਦਕਾ ਗੁਰੂ ਦੇ ਦਰਬਾਰ ਵਿਚ ਇਸਤਰੀ ਦਾ ਰੁਤਬਾ ਕੀ ਹੈ ? ਉਨਾਂ ਨੂੰ ਬਾਣੀ ਰਾਹੀਂ ਸਮਝ ਵੀ ਆਉਂਦਾ ਹੈ ਤੇ ਭਗਤਾਂ ਨੂੰ ਪੈਦਾ ਕਰਨ ਵਾਲੀ ਗੁਰੂ ਦੀ ਉਸਤਤ ਕਰਨ ਤੋਂ ਕਿਸੇ ਵੀ ਮੈਦਾਨ ਵਿਚ ਵਾਂਝੀ ਰਹਿ ਜਾਵੇ, ਇਹ ਇੱਕ ਸੱਚੇ ਅਧਿਆਪਕ ਨੂੰ ਕਦੇ ਮਨਜ਼ੂਰ ਨਹੀਂ ਹੋ ਸਕਦਾ।

ਇਹ ਇਕ ਮੰਦਭਾਗਾ ਸੱਚ ਹੈ ਕਿ ਸਟੇਜਾਂ ਤੇ ਗਾਉਣਾ ਹੋਵੇ ਤੇ ਇਸਤਰੀ ਮਰਦ ਦਾ ਪੂਰਾ ਟਾਕਰਾ ਕਰਨ ਵਿਚ ਸਮਰਥ ਹੈ। ਪਰ ਜਦੋਂ ਗੁਰੂਘਰ ਦੀ ਗੱਲ ਉੱਠੇ ਤੇ ਫਿਰ ਉਸਨੂੰ ਆਟੇ ਵਿਚ ਲੂਣ ਜਿੱਡਾ ਮੌਕਾ ਦੇ ਦਿੱਤਾ ਜਾਂਦਾ ਹੈ। ਮਹੱਲੇ ਦੇ ਗੁਰੂਘਰਾਂ ਵਿਚ ਤੇ ਉਹ ਗੁਰੂ ਦੀ ਉਸਤਤ ਦਾ ਗਾਇਣ ਕਰ ਸਕਦੀ ਹੈ ਪਰ ਸ਼ੌ੍ਮਣੀ ਤਖਤਾਂ ਉੱਤੇ ਉਸਦੀ ਸ਼ਮੂਲੀਅਤ ਗਾਇਬ ਹੈ। ਆਮ ਕਰ ਕੇ ਵੇਖਿਆ ਜਾਂਦਾ ਹੈ ਜਦੋਂ ਵੀ ਅਖੌਤੀ 'ਮਦਰ ਡੇ' ਜਾਂ 'ਵੂਮੈਨ ਡੇ' ਹੋਵੇ ਤਾਂ ਹਰ ਥਾਂ ਇੱਥੋਂ ਤੱਕ ਕਿ ਗੁਰੂਘਰਾਂ ਵਿਚ ਵੀ ਇਸਤਰੀ ਦੀ ਅਜ਼ੀਮ ਸ਼ਾਨ ਵਿਚ ਰਟੇ-ਰਟਾਏ ਸੋਹਲੇ ਗਾਏ ਜਾਂਦੇ ਹਨ। ਹਰ ਸਾਲ ਕੁਝ ਖਾਸ ਪੰਕਤੀਆਂ ਇਸ ਅੰਦਾਜ਼ ਨਾਲ ਦੁਹਰਾਈਆਂ ਜਾਂਦੀਆਂ ਨੇ ਕਿ ਸੁਣਨ ਵਾਲੇ ਨੂੰ ਇੱਕ ਆਮ ਜਿਹੀ ਇਸਤਰੀ ਰੱਬ ਦਾ ਅਵਤਾਰ ਜਾਂ ਦੇਵੀ ਲੱਗਣ ਲੱਗਦੀ ਹੈ ਅਤੇ ਇੱਕ ਦਿਨ ਲਈ ਔਰਤ ਨੂੰ ਵੀ ਆਪਣੇ ਬਾਰੇ ਕਹੀਆਂ ਗੱਲਾਂ ਇੱਕੀ ਤੋਪਾਂ ਦੀ ਸਲਾਮੀ ਤੋਂ ਘੱਟ ਨਹੀਂ ਲੱਗਦੀਆਂ। ਹੈਰਾਨੀ ਤੇ ਔਰਤਾਂ ਦੀ ਸਮਝ ਤੇ ਹੁੰਦੀ ਹੈ। ਉਨਾਂ ਨੂੰ ਸਮਝ ਹੀ ਨਹੀਂ ਆ ਰਹੀ ਹੁੰਦੀ ਕਿ ਉਨਾਂ ਦੀ ਸਿਫਤ ਵਿਚੋਂ ਰੂਹਾਨੀਅਤ ਦਾ ਅੰਸ਼ ਬਿਲਕੁਲ ਗਾਇਬ ਕੀਤਾ ਹੁੰਦਾ ਹੈ। ਗੁਰੂ ਦਾ ਆਸਰਾ ਲੈ ਕੇ ਸਿਫਤ ਸਿਰਫ ਘਿਓ ਵਾਲੀ ਖੀਰ ਬਣਾਉਣ ਤੇ ਪ੍ਰਸ਼ਾਦੇ ਪਕਾਉਣ ਤਕ ਹੀ ਸੀਮਿਤ ਕਰ ਦਿੱਤੀ ਜਾਂਦੀ ਹੈ।




ਇਥੇ ਇਕ ਸੁਆਲ ਤੇ ਉੱਠਣਾ ਲਾਜ਼ਮੀ ਹੈ ਕਿ ਜਿਹੜੀ ਔਰਤ ਵਾਰਾਂ ਅਤੇ ਗੀਤ ਗਾ ਸਕਦੀ ਹੈ, ਗਿੱਧੇ ਤੇ ਅਖੌਤੀ ਸੱਭਿਆਚਾਰਕ ਸਮਾਗਮਾਂ ਵਿਚ ਸਿਰ ਕੱਢਵੀਂ ਸ਼ਮੂਲੀਅਤ ਕਰ ਸਕਦੀ ਹੈ, ਸਿੱਖ ਧਰਮ ਨਾਲ ਜੁੜੇ ਤਖਤਾਂ ਤੇ ਹੁੰਦੇ ਕੀਰਤਨਾਂ ਵਿਚ ਉਸਦੀ ਭਾਗੀਦਾਰੀ ਕਿਉਂ ਨਹੀਂ ਹੋ ਸਕਦੀ ? ਇਸ ਅਮਲ ਪਿੱਛੇ ਕਿ ਪੁਰਖ ਪ੍ਰਧਾਨ ਸਮਾਜ ਖੜਾ ਹੈ ਜਾਂ ਫਿਰ ਔਰਤ ਆਪ ਹੀ ਆਪਣੀ ਗੁੱਜੀ ਸਲਾਹੀਅਤ ਤੋਂ ਅਣਜਾਣ ਹੈ. ਜਾਂ ਫਿਰ ਔਰਤ ਆਪ ਗੁਰੂ ਦੀ ਉਸਤਤ ਕਿਸੇ ਤਖ਼ਤ ਤੇ ਜਾ ਕੇ ਕਰਨ ਨੂੰ ਤਰਜ਼ੀਹ ਨਹੀਂ ਦਿੰਦੀ। ਜਾਂ ਕਿਤੇ ਉਹ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਹੈ। ਇਹ ਵੀ ਹੋ ਸਕਦਾ ਹੈ ਕਿ ਉਮੰਗ ਵੀ ਹੈ, ਚਾਹਤ ਵੀ ਹੈ, ਪਰ ਉਸ ਉਮੰਗ-ਚਾਹਤ ਨੂੰ ਜਨੂੰਨ ਵਿਚ ਬਦਲਣ ਦਾ ਜੇਰਾ ਨਹੀਂ। ਕਹਿੰਦੇ ਨੇ ਰੋਏ ਬਗੈਰ ਤੇ ਮਾਂ ਵੀ ਦੁੱਧ ਨਹੀਂ ਦਿੰਦੀ ਅਤੇ ਹੱਕ ਲੈਣ ਲਈ ਸਭ ਤੋਂ ਪਹਿਲਾਂ ਸਵੈ-ਪੜਚੋਲ ਕਰਨੀ ਪੈਂਦੀ ਹੈ। ਜੇ ਯਕੀਨ ਹੋਵੇ ਕਿ ਗੁਰੂ ਵੱਲ ਸਿਰਫ ਇਕ ਕਦਮ ਵਧਾਉਣਾ ਹੈ। ਸਤਿਗੁਰ ਨੇ ਕਰੋੜਾਂ ਦਾ ਪੈਂਡਾ ਤੈਅ ਕਰ ਭਗਤ ਦਾ ਸੁਆਗਤ ਕਰਨ ਆਪ ਅੱਗੇ ਵਧਣਾ ਹੈ।

ਸਤਿਗੁਰਾਂ ਦਾ ਹੁਕਮ ਹੈ :-

**'ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆ ॥**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥'**

ਇਥੋਂ ਇਹ ਤੇ ਸਪੱਸ਼ਟ ਹੋ ਗਿਆ ਕਿ ਜਿਨਸੀ ਵਿਤਕਰੇ ਦੀ ਸਿੱਖ ਸਮਾਜ ਵਿਚ ਕੋਈ ਗੁੰਜਾਇਸ਼ ਨਹੀਂ। ਗੁਰੂ ਨਿਸ਼ਚਾ ਤੇ ਉੱਦਮ ਦੀ ਤਵੱਕੋ ਸਿੱਖਾਂ ਕੋਲੋਂ ਇੱਕੋ ਜਿਹੀ ਰੱਖਦਾ ਹੈ। ਗੁਰੂ ਤੇ ਆਪ ਆਪਣੇ ਆਪ ਨੂੰ ਇਸਤਰੀ ਵੱਜੋਂ ਸੰਬੋਧਨ ਕਰਦਾ ਹੈ। ਇੱਥੇ ਕਿਥੇ ਹੁਕਮ ਹੈ ਸਿਰਫ ਇੱਕੋ ਜਿਣਸ ਦੇ ਮਾਣਸਾਂ ਨੂੰ ਗੁਰੂ ਦੇ ਸੋਹਲੇ ਗਾਉਣ ਦਾ ? ਫੇਰ ਸੋਹਲੇ ਗਾਉਣ ਦਾ ਸਥਾਨ ਸਿਰਫ ਇਕ ਜਿਣਸ ਲਈ ਰਾਖਵਾਂ ਸਮਝ ਲੈਣਾ ਗੁਰੂ ਦੇ ਹੁਕਮ ਦੀ ਨਾਫੁਰਮਾਨੀ ਹੈ। ਔਰਤ ਨੇ ਬਸ ਚੰਦ ਤੁਕਾਂ ਤਕ ਆਪਣੇ ਆਪ ਨੂੰ ਸੀਮਿਤ ਕਰ ਲਿਆ ਹੈ ਜਿਹੜੀਆਂ ਕਿ ਗਾਹੇ ਬਗਾਹੇ ਉਸ ਦੀ ਸ਼ਾਨ ਵਿਚ ਪੜੀਆਂ ਜਾਂਦੀਆਂ ਨੇ :-

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥'

ਉਪਰੋਕਤ ਪੰਕਤੀਆਂ ਪਿਛੇ ਭਾਵ ਸਮਝਣ ਦਾ ਯਤਨ ਔਰਤ ਕਿਉਂ ਨਹੀਂ ਕਰਦੀ, ਸਮਝ ਨਹੀਂ ਆਉਂਦਾ। ਕਹਿਣ ਨੂੰ ਤੇ ਔਰੰਗਜ਼ੇਬ ਜਾਂ ਜ਼ਕਰੀਆ ਖਾਨ ਵਰਗਿਆਂ ਨੂੰ ਜੰਮਣ ਵਾਲੀਆਂ ਵੀ ਤੇ ਔਰਤਾਂ ਹੀ ਸਨ। ਇਹੋ ਜਿਹੇ ਹੁਕਮਰਾਨ ਪੈਦਾ ਕਰਨ ਵਾਲੀਆਂ ਕਿਸ ਪਾਸਿਓਂ ਧੰਨ ਅਖਵਾਈਆਂ ਜਾ ਸਕਦੀਆਂ ਨੇ ? ਮੀਰ ਮੰਨੂ ਦੇ ਅਤਿਆਚਾਰਾਂ ਨੂੰ ਬਿਆਨ ਕੀਤੇ ਬਗੈਰ ਤੇ ਸਾਡੀ ਰੋਜ਼ ਦੀ ਅਰਦਾਸ ਵੀ ਸੰਪੂਰਨ ਨਹੀਂ ਹੁੰਦੀ, ਉਸਦੀ ਜਨਨੀ ਕਿੰਨੀਆਂ ਕੁ ਸਲਾਮੀਆਂ ਦੀ ਹੱਕਦਾਰ ਹੈ ? ਬੰਦਾ ਮਾੜਾ ਹੋਵੇ ਤੇ ਲਾਹਨਤ ਪਾਉਣ ਵਾਲੇ ਉਸ ਕੁੱਖ ਨੂੰ ਪਾਉਂਦੇ ਨੇ ਜਿਸ ਵਿਚ ਉਹ ਪਲਿਆ। ਆਸਾ ਕੀ ਵਾਰ ਦਾ ਪੂਰਾ ਸਲੋਕ ਔਰਤ ਦੀ ਸਿਫਤ ਦੇ ਸੁਪੁਰਦ ਕਰ ਦਿੱਤਾ ਜਾਂਦਾ ਹੈ। ਔਰਤ ਵੀ ਇੰਨੇ ਵਿਚ ਹੀ ਖੁਸ਼ ਹੋ ਜਾਂਦੀ ਹੈ। ਹੇਠਲੇ ਫੁਰਮਾਨ ਵੀ ਹੁਕਮਰਾਨ ਪੈਦਾ ਕਰਨ ਵਾਲੀ ਔਰਤ ਲਈ ਉਚਰੇ ਗਏ ਨੇ ਜੇ ਉਸਦੀ ਕੁੱਖ ਦੁਨੀਆ ਵਿਚ ਰੁਸਵਾਈ ਦਾ ਕਾਰਨ ਬਣੇ :- 'ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥' ਅਤੇ 'ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥ ਹਰਿ ਤਿਸੁ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ ॥'

ਅਖੀਰ ਸੁਆਲ ਉੱਠਦਾ ਹੈ ਔਰਤ ਦਾ ਆਪਣੇ ਗੁਣਾਂ ਪ੍ਰਤੀ ਸੁਚੇਤ ਹੋਣ ਦਾ। ਜਥਿਆਂ ਦਾ ਇੰਤਖ਼ਾਬ ਕਰਨ ਵਾਲ਼ਿਆਂ ਅੱਗੇ ਸਰਵਉੱਚ ਚੋਣ ਬਣਨ ਦਾ। ਜਿਥੇ ਹਰ ਮਹਿਕਮੇ ਵਿਚ ਔਰਤਾਂ ਦੇ ਹੱਕ। ਰਾਖਵੇਂ ਰੱਖੇ ਜਾਂਦੇ ਨੇ, ਉਥੇ ਰਾਗੀ ਜਥਿਆਂ ਦੀ ਚੋਣ ਵੇਲੇ ਔਰਤਾਂ ਦੀ ਪ੍ਰਮੁੱਖਤਾ ਦਾ, ਤੇ ਪਤਾ ਕਰਨ ਦਾ ਕਿ ਰਾਗੀ ਨੂੰ ਪੈਦਾ ਕਰਨ ਵਾਲੀ ਦਾ ਸਥਾਨ ਆਪਣੇ ਬੱਚੇ ਤੋਂ ਨੀਵਾਂ ਹੋ ਸਕਦਾ ਹੈ, ਇਸ ਭਰਮ ਤੇ ਮੁਲਾਂਕਣ ਦਾ ਰਚਾਇਤਾ ਕੌਣ ਹੈ ?



## ਅਨੰਦ ਮੈਰਿਜ ਐਕਟ...

ਕੱਢਦੇ ਹੋਏ, ਖਰੜਾ ਤਿਆਰ ਕਰਕੇ ਉਸ ਨੂੰ ਪਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਸਿੱਖ ਪੰਥ ਦੀਆਂ ਸ਼ਖਸੀਅਤਾਂ ਨੇ ਆਪਣੇ ਆਪਣੇ ਸ਼ਬਦਾਂ ਵਿਚ ਇਸ ਨਾਲ ਸਹਿਮਤੀ ਪ੍ਰਗਟਾਈ। ਮੈਂ ਆਪਣੇ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਦੀ ਕਾਪੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜੀ ਗਿਆਨੀ ਗੁਰਬਚਨ ਸਿੰਘ ਜੀ ਨੂੰ ਪੇਸ਼ ਕੀਤੀ ਅਤੇ ਉਨਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕੀ ਸਾਨੂੰ ਸਿੱਖ ਪੰਥ ਨੂੰ ਅਜਿਹੇ ਕਾਨੂੰਨ ਦੀ ਲੋੜ ਹੈ ਅਤੇ ਅਸੀਂ ਕਮੇਟੀ ਬਣਾ ਕੇ ਇਸ ਉੱਤੇ ਸਾਰਿਆਂ ਦੇ ਵਿਚਾਰ ਲਵਾਂਗੇ। ਉਨਾਂ ਨੇ ਖਾਸ ਤੌਰ 'ਤੇ ਇਹ ਵੀ ਕਿਹਾ ਕਿ ਅਸੀਂ ਇਸ ਨੂੰ ਇੰਟਰਨੈੱਟ 'ਤੇ ਪਾਵਾਂਗੇ, ਤਾਂ ਕਿ ਸਾਰੇ ਆਪਣੇ ਆਪਣੇ ਸੁਝਾਅ ਦੇ ਸਕਣ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿਚ ਇਸ ਨੂੰ ਪ੍ਰਵਾਨਗੀ ਦਿੱਤੀ ਗਈ। 16 ਮਈ, 2012 ਨੂੰ ਇਹ ਖਬਰ ਲਗਭਗ ਸਾਰੇ ਅਖਬਾਰਾਂ ਦੀ ਸੁਰਖੀ ਬਣੀ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਸ ਵਿਸ਼ੇ 'ਤੇ ਜਾਣਕਾਰੀ ਲੈਣ ਲਈ ਇੱਛਾ ਪ੍ਰਗਟ ਕੀਤੀ ਗਈ। ਕਪੂਰਥਲਾ ਹਾਊਸ, ਦਿੱਲੀ ਵਿਚ ਸ਼ਾਮ 5 ਵਜੇ ਕਰੀਬ ਇਹ ਮੀਟਿੰਗ ਆਯੋਜਨ ਕੀਤੀ ਗਈ ਅਤੇ ਮੈਨੂੰ ਇਸ ਮੀਟਿੰਗ ਵਿਚ ਸਿੱਖ ਮੈਰਿਜ ਐਕਟ ਦੇ ਖਰੜੇ ਤੇ ਪਾਵਰ ਪੁਆਇੰਟ ਪੇਸ਼ਕਾਰੀ ਦੇਣ ਲਈ ਕਿਹਾ ਗਿਆ। ਇਸ ਮੀਟਿੰਗ ਵਿਚ ਉਸ ਵਕਤ ਦੇ ਅਕਾਲੀ ਦਲ ਗਠਜੋੜ ਦੇ ਲਗਭਗ ਸਾਰੇ ਮੈਂਬਰ ਪਾਰਲੀਮੈਂਟ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਕਮੇਟੀ ਸ. ਅਵਤਾਰ ਸਿੰਘ ਮੱਕੜ, ਸ. ਸਤਿਆਜੀਤ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ, ਸ. ਐਚ.ਐਸ.ਫੂਲਕਾ ਆਦਿ ਸ਼ਾਮਿਲ ਸਨ। ਇਸ ਮੀਟਿੰਗ ਵਿਚ ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਸਾਰੇ ਪਾਵਰ ਪੁਆਇੰਟ ਪੇਸ਼ਕਾਰੀ (ਜਿਸ ਨੂੰ ਅਗਿਆਨਤਾ ਕਰਕੇ ਸ. ਤਰਲੋਚਨ ਸਿੰਘ ਨੇ ਵੀਡੀਓ ਬਣਾ ਕੇ ਬਿਲ ਦਾ ਵਿਰੋਧ ਕੀਤਾ ਦੱਸਿਆ ਹੈ) ਦਿੱਤੀ। ਸਿੱਖ ਮੈਰਿਜ ਐਕਟ ਦੇ ਖਰੜੇ ਵਿਚ ਮੈਂ ਜਿਥੇ ਸਾਰੀਆਂ ਮੱਦਾ ਤੇ ਚਰਚਾ ਕੀਤੀ, ਉਥੇ 'ਸਿੱਖ ਮੈਰਿਜ ਐਕਟ' ਅਤੇ 'ਅਨੰਦ ਮੈਰਿਜ (ਸੋਧ) ਐਕਟ 2012 ਦੇ ਫਰਕ ਬਾਰੇ ਵੀ ਦੱਸਿਆ।

ਇਸ ਦੇ ਨਾਲ ਮੈਂ ਇਹ ਸਪੱਸ਼ਟ ਕੀਤਾ ਕਿ ਜੋ ਹੁਣ ਅਨੰਦ ਮੈਰਿਜ ਐਕਟ, 1909 ਵਿਚ ਸੋਧ ਹੋਣ ਜਾ ਰਹੀ ਹੈ, ਉਸ ਨਾਲ ਤਾਂ ਸਿਰਫ ਇਕ ਧਾਰਾ 6 ਜੋੜੀ ਜਾ ਰਹੀ ਹੈ, ਜਿਸ ਵਿਚ ਅਨੰਦ ਕਾਰਜ ਦੁਆਰਾ ਕੀਤੇ ਵਿਆਹਾਂ ਦੇ ਰਜਿਸਟ੍ਰੇਸ਼ਨ ਕਰਨ ਦਾ ਪ੍ਰਵਧਾਨ ਹੈ। ਇਸ ਐਕਟ ਦੀ ਸੋਧ ਵਿੱਚ ਕਿਤੇ ਵੀ ਬਾਕੀ ਧਰਮਾਂ ਦੇ ਵਿਆਹ ਐਕਟਾਂ ਵਿਚ ਮੌਜੂਦ ਪ੍ਰਵਧਾਨ, ਜਿਵੇਂ ਵਿਆਹ ਦੀਆਂ ਸ਼ਰਤਾਂ, ਵਿਆਹ ਦਾ ਮੁੜ ਸਥਾਪਣ, ਨਿਆਇਕ ਅਲਹਿਦਗੀ, ਸੁੰਨ ਅਤੇ ਸੁੰਨਕਰਨਯੋਗ ਵਿਆਹ, ਤਲਾਕ, ਨਜਾਇਜ਼ ਬੱਚਿਆਂ ਦੀ ਸਿੱਖਿਆ ਸੰਭਾਲ, ਵਿਆਹੁਤਾ ਧਿਰਾਂ ਦੀ ਸੰਪਤੀ ਆਦਿ ਦੀ ਕੋਈ ਵਿਵਸਥਾ ਨਹੀਂ ਕੀਤੀ ਜਾ ਰਹੀ। ਇਸ ਕਰਕੇ ਇਹ ਸੋਧ ਹੋ ਜਾਣ ਤੋ ਬਾਅਦ ਵੀ ਸਿੱਖਾਂ ਨੂੰ ਉਪਰੋਕਤ ਮਾਮਲਿਆਂ ਬਾਰੇ ਹਿੰਦੂ ਮੈਰਿਜ਼ ਐਕਟ, 1955 ਅਧੀਨ ਹੀ ਰੱਖਿਆ ਜਾਵੇਗਾ। ਮੈਂ ਆਪਣੀ ਪਾਵਰ ਪੁਆਇੰਟ ਪੇਸ਼ਕਾਰੀ ਵਿੱਚ ਪਾਕਿਸਤਾਨ ਵਿਚ ਬਣੇ 'ਸਿੱਖ ਵਿਆਹ ਆਰਡੀਨੈਂਸ, 2008' ਦਾ ਵੀ ਵੇਰਵਾ ਦਿੱਤਾ ਕਿ ਇਸ ਕਾਨੂੰਨ ਵਿਚ ਸਿੱਖਾਂ ਲਈ ਉਪਰੋਕਤ ਸਾਰੀਆਂ ਮੱਦਾਂ ਸ਼ਾਮਿਲ ਹਨ। ਇਸ ਕਰਕੇ ਸਾਨੂੰ ਅਨੰਦ ਮੈਰਿਜ ਐਕਟ ਵਿਚ ਵਿਆਹ ਦੀ ਰਜਿਸਟ੍ਰੇਸ਼ਨ ਦੀ ਇਸ ਨਿਗੂਣੀ ਜਿਹੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ ਜਿਸ ਦਾ ਖਰੜਾ ਮੈਂ ਪੇਸ਼ ਕੀਤਾ ਹੈ।

ਇਸ ਮੀਟਿੰਗ ਵਿਚ ਮੇਰੇ ਤੋਂ ਬਿਨਾਂ ਸਿਰਫ ਤਿੰਨ ਸ਼ਖਸੀਅਤਾਂ ਨੇ ਹੀ ਆਪਣੇ ਆਪਣੇ ਵਿਚਾਰ ਰੱਖੇ। ਜਿਨਾਂ ਵਿਚੋਂ ਸ. ਬਲਵਿੰਦਰ ਸਿੰਘ ਭੂੰਦੜ, ਜਿਨਾਂ ਨੇ ਮੈਨੂੰ ਸੰਵਿਧਾਨ ਦੇ ਆਰਟੀਕਲ 25 ਬਾਰੇ ਪੁੱਛਿਆ ਅਤੇ ਮੈਂ ਜਸਟਿਸ ਵੈਕਟਾਚਲੀਆ ਕਮਿਸ਼ਨ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਹੁਣ ਇਸ ਧਾਰਾ ਦੀ ਸੋਧ ਕਰਨ ਲਈ ਮੰਗ ਕਰਨਾ ਕਾਨੂੰਨੀ ਜਾਇਜ਼ ਹੈ। ਦੂਸਰਾ, ਜਦੋਂ ਮੈਂ ਮੀਟਿੰਗ ਵਿੱਚ ਇਹ ਗੱਲ ਦੱਸੀ ਕਿ ਸ. ਪ੍ਰਤਾਪ ਸਿੰਘ ਬਾਜਵਾ ਐਮ.ਪੀ. ਦੀ ਮੌਜੂਦਗੀ ਵਿਚ ਮੇਰੀ ਭਾਰਤੀ ਕਾਨੂੰਨ ਮੰਤਰੀ ਖੁਰਸ਼ੀਦ ਜੀ ਨਾਲ ਫੋਨ 'ਤੇ ਗੱਲ ਹੋਈ ਹੈ ਅਤੇ ਜਦੋਂ ਮੈਂ ਉਨਾਂ ਨੂੰ ਅਨੰਦ ਮੈਰਿਜ ਐਕਟ ਵਿਚ ਨਗੂਣੀ ਜਿਹੀ ਸੋਧ ਦੀ ਥਾਂ ਸਿੱਖ ਮੈਰਿਜ ਐਕਟ ਪਾਸ ਕਰਨ ਬਾਰੇ ਬੇਨਤੀ ਕੀਤੀ, ਤਾਂ ਉਨਾਂ ਦਾ ਜਵਾਬ ਸੀ ਕਿ ਤੁਹਾਡੇ ਨੇਤਾ ਤਾਂ ਸਿਰਫ ਰਜਿਸਟ੍ਰੇਸ਼ਨ ਦੀ ਹੀ ਮੰਗ ਕਰ ਰਹੇ ਹਨ। ਜਦੋਂ ਉਹ ਸੰਪੂਰਨ ਸਿੱਖ ਮੈਰਿਜ਼ ਐਕਟ ਦੀ ਮੰਗ ਕਰ ਹੀ ਨਹੀਂ ਰਹੇ ਤਾਂ ਅਸੀ ਆਪ ਕਿਵੇਂ ਦੇ ਦਈਏ। ਇੱਥੇ ਇਹ ਵਰਨਣਯੋਗ ਹੈ ਕਿ ਸ. ਤਰਲੋਚਨ ਸਿੰਘ ਨੇ ਆਪਣੇ ਇਸ ਲੇਖ ਦੇ ਅੰਤ ਵਿਚ ਭਾਰਤੀ ਕਾਨੂੰਨ ਮੰਤਰੀ ਖੁਰਸ਼ੀਦ ਵੱਲੋਂ ਲਿਖੀ ਕਿਤਾਬ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਉਨਾਂ ਨੇ ਇਸ ਕਿਤਾਬ ਵਿੱਚ ਲਿਖ ਦਿੱਤਾ ਹੈ ਕਿ ਪੰਜਾਬ ਕਾਂਗਰਸ ਦੇ ਕਈ ਮੈਂਬਰ ਪਾਰਲੀਮੈਂਟ ਵਿਚ ਇਸ ਬਿਲ ਨੂੰ ਰੁਕਵਾਉਣਾ ਚਾਹੁੰਦੇ ਸਨ। ਪਰ ਇਹ ਤੱਥ ਬੜੀ ਖੂਬੀ ਨਾਲ ਲਕੋ ਗਏ ਕਿ ਉਹ ਮੈਂਬਰ ਅਸਲ ਵਿਚ ਇਸ ਨਗੂਣੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਜੋਰਦਾਰ ਮੰਗ ਕਰ ਰਹੇ ਸਨ। ਪਾਰਲੀਮੈਂਟ ਦਾ ਰਿਕਾਰਡ ਇਸ ਗੱਲ ਦਾ ਸਬੂਤ ਹੈ। ਸੋ ਜਦੋਂ ਮੈਂ ਖੁਰਸ਼ੀਦ ਜੀ ਨਾਲ ਗੱਲ ਦਾ ਜ਼ਿਕਰ ਕਰ ਰਿਹਾ ਸੀ, ਉਸ ਵਕਤ ਮੀਟਿੰਗ ਵਿੱਚ ਮੌਜੂਦ ਸ੍ਰੀ ਨਰੇਸ਼ ਗੁਜਰਾਲ,ਐਮ. ਪੀ. ਨੇ ਪ੍ਰੋੜਤਾ ਕੀਤੀ ਕਿ ਖੁਰਸ਼ੀਦ ਜੀ ਨੇ ਇਹ ਗੱਲ ਉਨਾਂ ਨੂੰ ਵੀ ਕਹੀ ਹੈ ਕਿ ਸਿੱਖ ਨੇਤਾ ਤਾਂ ਸੰਪੂਰਣ ਸਿੱਖ ਮੈਰਿਜ ਐਕਟ ਦੀ ਮੰਗ ਹੀ ਨਹੀਂ ਕਰ ਰਹੇ। ਉਨਾਂ ਨੇ ਇਹ ਗੱਲ ਬਾਦਲ ਸਾਹਿਬ ਨੂੰ ਸੰਬੋਧਿਤ ਹੁੰਦੇ ਕਹੀ ਸੀ।

ਸ. ਅਵਤਾਰ ਸਿੰਘ ਮੱਕੜ ਜੀ ਵਾਰੇ ਜੋ ਜਿਕਰ ਕੀਤਾ ਗਿਆ ਹੈ ਕਿ ਉਨਾਂ ਨੇ ਡਟ ਕੇ 'ਮੇਰੇ ਬਿਲ' ਦੀ ਹਮਾਇਤ ਕੀਤੀ, ਬਿਲਕੁਲ ਬੇਬੁਨਿਆਦ ਤੇ ਝੂਠ ਹੈ। ਹੋਇਆ ਇਹ ਸੀ ਜਦੋਂ ਸ. ਤਰਲੋਚਨ ਸਿੰਘ ਨੇ ਮੇਰੀ ਪਾਵਰ ਪੁਆਇੰਟ ਪੇਸ਼ਕਾਰੀ ਤੋਂ ਬਾਅਦ ਬੋਲਦੇ ਹੋਏ ਦੱਸਿਆ ਕਿ ਮੈਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੋਂ ਮਨਜੂਰੀ ਦੀ ਚਿੱਠੀ ਲਿੱਤੀ ਸੀ, ਜੋ ਦਿਲਮੇਗ ਨੇ ਭੇਜੀ ਸੀ, ਤਾਂ ਸ. ਮੱਕੜ ਜੀ ਨੇ ਇਸ ਦੀ ਜਾਣਕਾਰੀ ਤੋਂ ਇਨਕਾਰ ਕੀਤਾ। ਬਾਦਲ ਸਾਹਿਬ ਨੇ ਮੱਕੜ ਸਾਹਿਬ ਨੂੰ ਜੋ ਕਿਹਾ ਮੈਂ ਇਥੇ ਲਿੱਖਣਾ ਠੀਕ ਨਹੀਂ ਸਮਝਦਾ। ਸਿਰਫ ਇੰਨੀ ਗੱਲ ਹੋਈ ਸੀ ਨਾ ਕਿ ਡਟ ਕੇ ਹਮਾਇਤ ਦੀ। ਤੀਸਰਾ ਜਿਕਰ ਮੈਂ ਬੀਬਾ ਹਰਸਿਮਰਤ ਕੌਰ ਬਾਦਲ ਐਮ.ਪੀ. ਦਾ ਕਰਨਾ ਚਾਹਾਂਗਾ, ਜਿਨਾਂ ਨੇ ਬੋੜੇ ਜੋਰ ਨਾਲ ਇਹ ਕਿਹਾ ਸੀ ਕਿ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤਾ ਸੁਝਾਅ ਮੰਨਣਾ ਚਾਹੀਦਾ ਹੈ ਅਤੇ ਸਿੱਖ ਮੈਰਿਜ ਐਕਟ, ਜਿਸ ਦਾ ਖਰੜਾ ਅੱਜ ਪੇਸ਼ ਕੀਤਾ ਹੈ, ਉਸ ਆਧਾਰਤ ਮੰਗ ਕਰਨੀ ਚਾਹੀਦੀ ਹੈ। ਸ. ਸਤਿਆਜੀਤ ਸਿੰਘ ਮਜੀਠਾ (ਮਜੀਠੀਆ ?) ਬਾਰੇ ਜੋ ਲੇਖ ਵਿੱਚ ਲਿੱਖਿਆ ਗਿਆ ਹੈ, ਉਹ ਸਰਾਸਰ ਝੂਠ ਹੈ ਕਿਉਂਕਿ ਬਾਕੀ ਮੈਂਬਰਾਂ ਵਾਂਗ ਉਨਾਂ ਨੇ ਵੀ ਕੋਈ ਗੱਲ ਨਹੀਂ ਕਹੀ। ਹਾਂ, ਇਕ ਹੋਰ ਮਹੱਤਵਪੂਰਨ ਗੱਲ ਸਾਂਝੀ ਕਰਨੀ ਚਾਹਾਂਗਾ। ਸ. ਤਰਲੋਚਨ ਸਿੰਘ ਨੇ ਇਸ ਮੀਟਿੰਗ ਵਿਚ ਬੋਲਦੇ ਹੋਏ ਕਿਹਾ ਕਿ 'ਸਿੱਖ ਮੈਰਿਜ ਐਕਟ' ਸਿਰਲੇਖ ਠੀਕ ਨਹੀਂ ਹੈ ਕਿਉਂਕਿ ਸਿੱਖਾਂ ਵਿੱਚ ਤਾਂ ਵਿਆਹ ਹੁੰਦਾ ਹੀ ਨਹੀਂ, ਅਨੰਦ ਕਾਰਜ ਹੁੰਦਾ ਹੈ। ਜਦੋਂ ਮੈਂ ਜਵਾਬ ਵਿਚ ਕਿਹਾ ਕਿ ਅਨੰਦ ਕਾਰਜ ਤਾਂ ਰੀਤੀ ਜਾਂ ਵਿਧਾਂਤ ਹੈ ਜਿਸ ਰਾਹੀਂ ਸਿੱਖ ਵਿਆਹ ਸੰਪੂਰਨ ਹੁੰਦਾ ਹੈ ਅਤੇ ਲਾਵਾਂ ਤੋਂ ਬਾਅਦ ਆਮ ਸ਼ਬਦ ਪੜਿਆ ਜਾਂਦਾ ਹੈ ਕਿ 'ਵੀਆਹੁ ਹੋਆ ਮੇਰੇ ਬਾਬੁਲਾ' ਤਾਂ ਉਨਾਂ ਨੇ ਆਪਣੀ ਸਪੀਚ ਦਾ ਰੁੱਖ ਹੀ ਬਦਲ ਲਿਆ ਅਤੇ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਹੋਣ ਦੀ ਰਟ ਲਾ ਦਿੱਤੀ। ਬਾਕੀ ਇਸ ਮੀਟਿੰਗ ਦਾ ਪੂਰਾ ਵਿਵਰਣ ਮੈਂ ਆਪਣੀ ਕਿਸੇ ਹੋਰ ਲੇਖਣੀ ਵਿੱਚ ਕਰਾਂਗਾ।

ਅਖੀਰ ਵਿੱਚ ਜਿੱਥੇ ਮੈਂ ਇਤਿਹਾਸ ਦੇ ਪੰਨਿਆਂ ਵਿੱਚ ਅਨੰਦ ਮੈਰਿਜ ਐਕਟ, 1909 ਵਿੱਚ ਨਿਗੂਣੀ ਸੋਧ ਬਾਰੇ, ਸੱਚੇ ਤੱਥ ਦਰਜ ਕਰ ਰਿਹਾਂ ਹਾਂ, ਉੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਅਨੰਦ ਮੈਰਿਜ ਐਕਟ, 1909 ਵਿੱਚ 2012 ਦੀ ਸੋਧ ਨਾਲ ਜੋ ਝੂਠੀ ਸ਼ੋਹਰਤ ਖੱਟਣ ਲਈ ਬਿਆਨਬਾਜੀ ਕੀਤੀ ਗਈ ਅਤੇ ਕਿਹਾ ਗਿਆ ਸੀ ਕਿ ਇਸ ਨਵੇਂ ਬਿੱਲ ਜਾਂ ਸੋਧ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ ਸਿੱਧਾ 'ਸਿੱਖ ਮੈਰਿਜ ਸਰਟੀਫਿਕੇਟ' ਮਿਲ ਸਕੇਗਾ ਜਾਂ ਸਿੱਖਾਂ ਦੀ ਵੱਖਰੀ ਪਹਿਚਾਣ ਬਣੇਗੀ, ਕੋਰਾ ਝੂਠ ਨਿਕਲਿਆ। ਭਾਰਤ ਦੇ ਕਿਸੇ ਵੀ ਰਾਜ ਭਾਵੇਂ ਉਹ ਪੰਜਾਬ ਹੋਏ, ਦਿੱਲੀ ਜਾਂ ਹਰਿਆਣਾ, ਸਿੱਖਾਂ ਦੇ ਵਿਆਹ ਰਜਿਸਟ੍ਰੇਸ਼ਨ ਸਰਟੀਫਿਕੇਟ 'ਤੇ ਕਿਤੇ ਵੀ 'ਸਿੱਖ' ਜਾਂ 'ਸਿੱਖ ਮੈਰਿਜ' ਨਹੀਂ ਲਿਖਿਆ ਜਾਂਦਾ। ਸੱਭ ਤੋਂ ਵੱਡੀ ਗੱਲ ਕਿ ਸਿੱਖਾਂ ਨੂੰ ਅੱਜ ਵੀ ਵਿਆਹ, ਤਲਾਕ ਆਦਿ ਸਬੰਧਤ ਮਾਮਲਿਆਂ ਲਈ ਹਿੰਦੂ ਮੈਰਿਜ ਐਕਟ, 1955 ਅਧੀਨ ਹੀ ਕੇਸ ਕਰਨਾ ਪੈਂਦਾ ਹੈ। ਬਾਕੀ ਹੋਰ ਕਾਨੂੰਨੀ ਮੱਦਾਂ ਬਾਰੇ, ਜਿਨਾਂ ਨੇ ਸਿੱਖੀ ਦੀ ਵਿਲੱਖਣ ਪਹਿਚਾਣ ਨੂੰ ਨਿਗੂਣੀ ਸੋਧ ਨਾਲ ਢਾਹ ਲਾਈ ਹੈ, ਕਦੇ ਫਿਰ ਤੁਹਾਡੇ ਨਾਲ ਵਿਚਾਰ ਸਾਂਝੇ ਕਰਾਂਗੇ। ਸਾਨੂੰ ਅੱਜ ਜਰੂਰਤ ਹੈ, ਉਨਾਂ ਸਿੱਖ ਨੇਤਾਵਾਂ ਦੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸੱਚ ਦੇ ਮਾਰਗ ਤੇ ਚੱਲਣ ਅਤੇ ਸਿੱਖਾਂ ਦੀ ਅਗਵਾਈ ਕਰਨ ਨਾਂ ਕਿ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣਕੇ, ਸਿੱਖੀ ਦਾ ਘਾਣ ਕਰਨ। ਵਾਹਿਗੁਰੂ ਜੀਓ ਆਪ ਅੰਗ ਸੰਗ ਸਹਾਈ ਹੋ ਕੇ, ਸਿੱਖੀ ਦੀ ਚੜਦੀ ਕਲਾ ਦੀ ਬਖਸ਼ਿਸ਼ ਕਰਨ, ਇਹੋ ਅਰਦਾਸ ਹੈ ਜੀ।



# ਕੇਂਦਰੀ ਸਿੱਖ ਸੰਘ: ਸਿੱਖ ਰਾਜਨੀਤਕ ਸੰਘਰਸ਼



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਅੰਗਰੇਜ਼ ਅਤੇ ਸਿੱਖਾਂ ਦੀ ਦੂਸਰੀ 1849 ਦੀ ਜੰਗ ਤੋਂ ਬਾਅਦ 29 ਮਾਰਚ, 1849 ਨੂੰ ਅੰਗਰੇਜ਼ਾਂ ਦਾ ਪੰਜਾਬ ਤੇ ਕਬਜਾ ਹੋ ਗਿਆ। ਉਸ ਤੋਂ ਬਾਅਦ ਸਿੱਖ ਧਰਮ ਅਤੇ ਸਿਆਸਤ ਸੰਸਾਰ ਵਿਚ ਚਰਚਾ ਦਾ ਵਿਸ਼ਾ ਰਿਹਾ ਹੈ। ਸਮੇਂ ਸਮੇਂ ਸਮਾਜ ਸੁਧਾਰਾਂ ਲਹਿਰਾਂ ਉਠੀਆਂ। ਮੁੱਖ ਤੌਰ 'ਤੇ ਸਿੱਖ ਮਰਯਾਦਾ ਨੂੰ ਬਹਾਲ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ, ਖ਼ਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ, ਅਕਾਲੀ ਲਹਿਰ, ਕੇਂਦਰੀ ਸਿੱਖ ਸੰਘ, ਖ਼ਾਲਸਾ ਦਰਬਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਦਿ। ਹਰੇਕ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੱਕ, ਆਪਣੀ ਯਥਾ ਸ਼ਕਤੀ ਅਨੁਸਾਰ ਧਰਮ ਅਤੇ ਸਿਆਸਤ ਦੇ ਸੰਘਰਸ਼ ਵਿਚ ਯੋਗਦਾਨ ਪਾਇਆ। ਕੇਂਦਰੀ ਸਿੱਖ ਸੰਘ ਦਾ ਸਿੱਖ ਰਾਜਨੀਤਕ ਸੰਘਰਸ਼ ਵਿਚ ਮਹੱਤਵਪੂਰਨ ਸਥਾਨ ਹੈ।

ਕੇਂਦਰੀ ਸਿੱਖ ਸੰਘ ਇਕ ਰਾਜਨੀਤਕ ਸੰਸਥਾ ਸੀ, ਜਿਹੜੀ ਬਾਕੀ ਸਿੱਖ ਜਥੇਬੰਦੀਆਂ ਦੀ ਅਗਵਾਈ ਕਰਦੀ ਸੀ। ਇਸ ਦਾ ਆਰੰਭ 29 ਦਸੰਬਰ 1919 ਨੂੰ ਅੰਮ੍ਰਿਤਸਰ ਵਿਖੇ ਹੋਏ ਇਜਲਾਸ ਵਿਚ ਹੋਇਆ। ਇਹ ਇਜਲਾਸ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਸੰਘ ਦੇ ਸਾਲਾਨਾ ਇਜਲਾਸ ਦੇ ਸਮਾਨਅੰਤਰ ਸੀ। ਇਸ ਇਜਲਾਸ ਵਿਚ ਸਰਦੂਲ ਸਿੰਘ ਕਵੀਸ਼ਰ, ਹਰਚੰਦ ਸਿੰਘ ਲਾਇਲਪੁਰੀ ਵਿਦਿਅਕ ਮੈਂਬਰ ਸਨ। ਪਹਿਲੇ ਪ੍ਰਧਾਨ ਸਰਦਾਰ ਬਹਾਦੁਰ ਗੱਜਣ ਸਿੰਘ ਜੋ ਜਨ ਸਾਧਾਰਨ ਰਾਜਨੀਤੀ ਦੀ ਨੁਮਾਇੰਦਗੀ ਕਰਦੇ ਸਨ ਪਰ ਕਾਰਜਕਾਰਣੀ ਜਲਦੀ ਹੀ ਬਦਲ ਗਈ। ਬਾਬਾ ਖੜਕ ਸਿੰਘ ਦੀ ਇਕ ਰਾਸ਼ਟਰਵਾਦੀ ਸਿੰਘ ਦੀ ਚੋਣ ਅਕਤੂਬਰ 1920 ਦੇ ਲਾਹੌਰ ਇਜਲਾਸ ਵਿਚ ਹੋਈ। ਸੰਘ ਦੇ 21 ਜੁਲਾਈ 1921 ਦੇ ਸੰਵਿਧਾਨ ਦਾ ਉਦੇਸ਼ ਅਤੇ ਵਿਸ਼ਵਸਤੂ ਸੀ ਕਿ ਪੂਰਨ ਸਵਰਾਜ ਦੀ ਪ੍ਰਾਪਤੀ ਭਾਵ ਦੇਸ਼ ਵਿਚ ਰਾਜਨੀਤਕ ਖੁਦਮੁਖਤਿਆਰੀ ਸ਼ਾਂਤਮਈ ਅਤੇ ਕਾਨੂੰਨੀ ਸੰਵਿਧਾਨਕ ਤਰੀਕਿਆਂ ਨਾਲ ਪੰਥਕ ਏਕਤਾ ਨੂੰ ਉਤਸ਼ਾਹਤ ਕਰਕੇ ਸਿੱਖਾਂ ਵਿਚ ਦੇਸ਼ ਭਗਤੀ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਉਜਾਗਰ ਕਰਨ, ਉਪਰੰਤ ਉਨਾਂ ਦੇ ਨੈਤਿਕ ਅਤੇ ਆਰਥਿਕ ਵਿਕਾਸ ਨੂੰ ਸੰਗਤਠ ਕਰਨਾ। ਮੈਂਬਰ 21 ਸਾਲਾ ਸਿੱਖ ਬਣ ਸਕਦਾ ਸੀ। ਚੰਦਾ ਚਾਰ ਆਨੇ ਮਹੀਨਾ ਸੀ। ਕਾਰਜਕਾਰਣੀ ਵਿਚ 101 ਮੈਂਬਰ ਸਨ ਜਿਨਾਂ ਵਿਚ 80 ਮੈਂਬਰ ਲਏ ਗਏ, ਬਾਕੀ 21 ਮੈਂਬਰ ਨਾਮਜ਼ਦ ਕੀਤੇ ਗਏ।

ਅਗਸਤ 1921 ਤੱਕ ਸੰਘ ਦੀਆਂ ਇਕਾਈਆਂ ਅੰਮ੍ਰਿਤਸਰ, ਲਾਹੌਰ, ਲਾਇਲਪੁਰ, ਗੁਜਰਾਂਵਾਲਾ, ਸਿਆਲਕੋਟ, ਜੇਹਲਮ, ਫਿਰੋਜ਼ਪੁਰ, ਜਲੰਧਰ ਅਤੇ ਹੁਸ਼ਿਆਰਪੁਰ ਬਣੀਆਂ। ਸੰਘ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਨੇੜਤਾ ਸੰਪਰਕ ਬਣਾਈ ਰੱਖਿਆ। ਸੰਘ ਦੇ ਦੂਸਰੇ ਇਜਲਾਸ ਵਿਚ ਬਾਬਾ ਖੜਕ ਸਿੰਘ ਨੇ ਸਿੱਖਾਂ ਨੂੰ ਰਾਸ਼ਟਰੀ ਰਾਜਨੀਤੀ ਵਿਚ ਹਿੱਸਾ ਲੈਣ ਲਈ ਕਿਹਾ। ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕੇਂਦਰੀ ਖਿਲਾਫ਼ ਕਮੇਟੀ ਦੀ ਤਰਾਂ ਸੰਘ ਨੇ ਵੀ ਨਾ ਮਿਲਵਰਤਨ ਲਹਿਰ ਦੇ ਸਹਿਯੋਗ ਵਿਚ ਆਪਣੇ ਸਵੈ ਸੇਵਕ ਭੇਜਣੇ ਸ਼ੁਰੂ ਕਰ ਦਿੱਤੇ। ਸੰਘ ਨੇ ਘੋਸ਼ਣਾ ਪੱਤਰ ਜਾਰੀ ਕੀਤਾ ਕਿ ਨਾ ਮਿਲਵਰਤਨ ਲਹਿਰ ਵਿਚ 10,000 ਸਵੈ ਸੇਵਕ ਸਿੱਖ ਸ਼ਾਮਲ ਹੋਣ। ਇਸ ਰਾਸ਼ਟਰੀ ਲਹਿਰ ਵਿਚ ਕਾਂਗਰਸ ਨੇ ਕਿਹਾ ਕਿ ਕੌਮੀ ਝੰਡੇ ਦੇ ਪੀਲੇ ਰੰਗ ਵਿਚ ਸਿੱਖਾਂ ਦੀ ਪਛਾਣ ਨੂੰ ਸ਼ਾਮਲ ਕੀਤਾ ਜਾਵੇਗਾ।

**1919-1933**

ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿਚ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ 150 ਸਿੱਖਾਂ ਦਾ ਕਤਲੇਆਮ ਕੀਤਾ। ਸੰਘ ਨੇ ਪੜਤਾਲ ਕਮੇਟੀ ਦਾ ਗਠਨ ਕੀਤਾ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਤੋਸ਼ਾਖਾਨੇ ਦੀਆਂ ਚਾਬੀਆਂ ਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ, ਤਾਂ ਸੰਘ ਨੇ ਰੋਸ ਇਕੱਤਰਤਾਵਾਂ ਕੀਤੀਆਂ। ਸੰਨ 1923 ਵਿਚ ਨਾਭਾ ਦੇ ਮਹਾਰਾਜਾ ਰਿਪੂਦਮਨ ਸਿੰਘ ਨੂੰ ਸਰਕਾਰ ਨੇ ਗੱਦੀ ਛੱਡਣ ਲਈ ਮਜ਼ਬੂਰ ਕੀਤਾ। ਸੰਘ ਨੇ ਸਰਕਾਰ ਦੇ ਇਸ ਨਜਾਇਜ਼ ਫੈਸਲੇ ਦਾ ਵਿਰੋਧ ਕੀਤਾ। ਸੰਘ ਨੇ ਰਾਜਨੀਤੀ ਵਿਚ ਆਈਆਂ ਫਿਰਕੂ ਭਾਵਨਾਵਾਂ ਤੇ ਚਿੰਤਾ ਪ੍ਰਗਟਾਈ। ਫਿਰਕੂ ਨੁਮਾਇੰਦਗੀ ਨੂੰ ਖਤਮ ਕਰਨ ਤੇ ਜ਼ੋਰ ਦਿੱਤਾ।

10 ਅਕਤੂਬਰ 1927 ਨੂੰ ਸੰਘ ਨੇ ਪੰਜਾਬ ਵਿਧਾਨ ਸਭਾ ਵਿਚ ਸਿੱਖਾਂ ਦੀ 30 ਪ੍ਰਤੀਸ਼ਤ ਨੁਮਾਇੰਦਗੀ ਦੀ ਮੰਗ ਕੀਤੀ। ਫਰਵਰੀ 1928 ਨੂੰ ਕਾਂਗਰਸ ਨੇ ਸੰਵਿਧਾਨ ਬਣਾਉਣ ਲਈ ਦਿੱਲੀ ਵਿਖੇ ਸਰਬ ਪਾਰਟੀ ਦੀ ਇਕੱਤਰਤਾ ਵਿਚ ਬਾਬਾ ਖੜਕ ਸਿੰਘ ਸਰਦਾਰ ਬਹਾਦੁਰ ਮਹਿਤਾਬ ਸਿੰਘ, ਮਾਸਟਰ ਤਾਰਾ ਸਿੰਘ, ਗਿਆਨੀ ਸ਼ੇਰ ਸਿੰਘ, ਅਮਰ ਸਿੰਘ ਝਬਾਲ ਅਤੇ ਮੰਗਲ ਸਿੰਘ ਸ਼ਾਮਲ ਹੋਏ। ਮੰਗਲ ਸਿੰਘ ਜੀ ਨੂੰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਅ। ਕਮੇਟੀ ਨੇ ਵਿਸਥਾਰ ਯੋਜਨਾ ਤਿਆਰ ਕੀਤੀ ਜੋ ਅਗਸਤ 1928 ਵਿਚ ਪ੍ਰਕਾਸ਼ਤ ਹੋਈ ਜੋ ਨਹਿਰੂ ਰਿਪੋਰਟ ਵਜੋਂ ਜਾਣੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਬਾਬਾ ਖੜਕ ਸਿੰਘ ਨੇ 22 ਅਕਤੂਬਰ 1928 ਨੂੰ ਗੁੱਜਰਾਂਵਾਲਾ ਵਿਖੇ ਸੰਘ ਦੇ ਸਾਲਾਨਾ ਇਜਲਾਸ ਵਿਚ ਕਿਹਾ ਕਿ ਇਹ ਭਾਰਤ ਦੇ ਸਵੈ-ਮਾਣ ਦੇ ਖਿਲਾਫ਼ ਹੈ ਕਿ ਸੰਪੂਰਨ ਅਜ਼ਾਦੀ ਦੀ ਥਾਂ ਖੁਦਮੁਖਤਿਆਰੀ ਦੀ ਮੰਗ ਕੀਤੀ ਗਈ ਹੈ। ਨਹਿਰੂ ਰਿਪੋਰਟ ਨੇ ਵੱਖਰੇ ਵੋਟਰਾਂ ਨੂੰ ਸਵੀਕਾਰ ਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ ਹੈ। ਸੰਘ ਨੇ ਬਹੁ- ਸੰਵਿਧਾਨਕ ਖੇਤਰਾਂ ਦੇ ਨਾਲ ਸੰਯੁਕਤ ਵੋਟਰ ਪ੍ਰਣਾਲੀ ਦੀ ਵਕਾਲਤ ਕੀਤੀ।

ਜੇਕਰ ਭਾਈਚਾਰਕ ਪੱਧਰ ਤੇ ਪ੍ਰਤੀਨਿਧਤਾ ਬਣਦੀ ਹੈ ਤਾਂ ਸਿੱਖਾਂ ਨੂੰ ਵਿਧਾਨ ਸਭਾ ਵਿਚ 30 ਪ੍ਰਤੀਸ਼ਤ ਸੀਟਾਂ ਚਾਹੀਦੀਆਂ ਹਨ। ਇਕੋ ਜਿਹਾ ਅਨੁਪਾਤ ਪੰਜਾਬ ਅਤੇ ਕੇਂਦਰੀ ਵਿਧਾਨ ਸਭਾ ਵਿਚ ਹੋਣਾ ਚਾਹੀਦਾ ਹੈ। ਨਹਿਰੂ ਰਿਪੋਰਟ ਦੇ ਵਿਰੋਧ ਵਿਚ ਬਾਬਾ ਖੜਕ ਸਿੰਘ ਨੇ ਸਿੰਘ ਦੇ ਅਕਤੂਬਰ 1929 ਦੇ ਇਜਲਾਸ ਵਿਚ ਕਾਂਗਰਸ ਦੇ ਅਗਲੇ ਇਜਲਾਸ ਵਿਚ ਹਿੱਸਾ ਨਾ ਲੈਣ ਦੀ ਤਜਵੀਜ਼ ਰੱਖੀ। ਮਾਸਟਰ ਤਾਰਾ ਸਿੰਘ ਜੀ ਇਸ ਦੇ ਹੱਕ ਵਿਚ ਨਹੀਂ ਸਨ। ਮਹਾਤਮਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਵੀ ਜ਼ੋਰ ਪਾਇਆ ਕਿ ਸਿੱਖ ਕਾਂਗਰਸ ਦੇ ਇਜਲਾਸ ਤੋਂ ਵੱਖ ਨਾ ਹੋਣ। ਕਾਂਗਰਸ ਨੇ ਲਾਹੌਰ ਵਿਚ ਕਾਂਗਰਸ ਦੀ ਹੋਈ ਇਕੱਤਰਤਾ ਵਿਚ ਨਹਿਰੂ ਰਿਪੋਰਟ ਰੱਦ ਕਰਨ ਦਾ ਫੈਸਲਾ ਕੀਤਾ। ਕਾਂਗਰਸ ਨੇ ਭਰੋਸਾ ਦਿਵਾਇਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਰੁਧ ਸੰਵਿਧਾਨਕ ਫੈਸਲਾ ਨਹੀਂ ਹੋਵੇਗਾ।

ਸੰਘ ਨੇ 6 ਮਾਰਚ 1930 ਨੂੰ ਗਾਂਧੀ ਦੀ ਨਾਗਰਿਕਤਾ ਅਵੱਗਿਆ ਲਹਿਰ ਵਿਚ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਜੀ ਨੂੰ ਪੇਸ਼ਾਵਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਾਂਗਰਸ ਨੇ ਸੰਵਿਧਾਨਕ ਸੁਧਾਰਾਂ ਬਾਰੇ ਭਾਰਤੀਆਂ ਦੇ ਵਿਚਾਰ ਜਾਨਣ ਲਈ ਲੰਡਨ ਵਿਚ ਆਯੋਜਿਤ ਕੀਤੀ ਗਈ ਪਹਿਲੀ ਗੋਲ ਮੇਜ ਕਾਨਫਰੰਸ ਦਾ ਵਿਰੋਧ ਕੀਤਾ ਸੀ। ਪਰ 5 ਮਾਰਚ 1931 ਨੂੰ ਗਾਂਧੀ ਇਵਰਨ ਸਮਝੌਤੇ ਦੇ ਦਸਤਖਤ ਕੀਤੇ ਜਾਣ ਤੋਂ ਬਾਅਦ ਕਾਂਗਰਸ ਦੂਸਰੇ ਗੋਲ ਮੇਜ ਕਾਨਫਰੰਸ ਵਿਚ ਹਿੱਸਾ ਲੈਣ ਵਿਚ ਸਹਿਮਤ ਹੋਈ। ਸਿੱਖਾਂ ਦੀਆਂ 17 ਮੰਗਾਂ ਨੂੰ ਕਾਨਫਰੰਸ ਵਿਚ ਮੰਗ ਪੱਤਰ ਪੇਸ਼ ਕਰਨ ਲਈ ਕਾਂਗਰਸ ਨੇ ਕਿਹਾ ਜੋ ਕਾਨਫਰੰਸ ਵਿਚ ਨੁਮਾਇੰਦਗੀ ਕਰਨ ਜਾ ਰਹੀ ਸੀ। ਜਿਸ ਵਿਚ ਕੌਮੀ ਸਰਕਾਰ ਦੀ ਸਥਾਪਨਾ ਪੰਜਾਬ ਵਿਚ ਫਿਰਕੂ ਸੰਤੁਲਨ ਲਿਆਉਣ ਲਈ ਪੰਜਾਬ ਮੰਤਰੀ ਮੰਡਲ ਅਤੇ ਲੋਕ ਸੇਵਾ ਕਮਿਸ਼ਨ ਵਿਚ ਸਿੱਖਾਂ ਦੀ ਤੀਜੀ ਹਿੱਸੇਦਾਰੀ, ਬਿਨਾਂ ਸੀਟਾਂ ਦੇ ਰਾਖਵੇਂ ਕਰਨ ਦੇ ਸਾਂਝੇ ਵੋਟਰ, ਮੁਸਲਿਮ ਇਲਾਕਿਆਂ ਨੂੰ ਸਰਹੱਦੀ ਸੂਬੇ ਵਿਚ ਤਬਦੀਲ ਕਰਨਾ। ਭਾਰਤੀ ਉੱਚ ਅਤੇ ਹੇਠਲੇ ਸਦਨਾਂ ਵਿਚ ਸਿੱਖਾਂ ਲਈ 5 ਪ੍ਰਤੀਸ਼ਤ ਹਿੱਸਾ। ਕੇਂਦਰੀ ਮੰਤਰੀ ਮੰਡਲ ਵਿਚ ਘੱਟੋ ਘੱਟ ਇਕ ਸਿੱਖ ਨੂੰ ਸ਼ਾਮਲ ਕਰਨਾ, ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਬਣਾਉਣਾ।

ਬ੍ਰਿਟਿਸ਼ ਸਰਕਾਰ ਵਲੋਂ 16 ਅਗਸਤ, 1932 ਨੂੰ ਕਮਿਊਨਲ ਐਵਾਰਡ ਸਕੀਮ ਵੱਲੋਂ ਸਿੱਖਾਂ ਨੂੰ ਸਿਰਫ਼ 18.85 ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਪੰਜਾਬ ਦੇ ਮੁਸਲਮਾਨਾਂ ਨੂੰ 50-42 ਪ੍ਰਤੀਸ਼ਤ ਸੀਟਾਂ ਦਾ ਭਰੋਸਾ ਦਿੱਤਾ ਗਿਆ। ਸੰਘ ਨੇ 24 ਜੁਲਾਈ 1932 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਹੋਏ ਸੰਮੇਲਨ ਵਿਚ ਇਸ ਪ੍ਰਸਤਾਵ ਦੇ ਵਿਰੋਧ ਵਿਚ 16 ਮੈਂਬਰੀ ਕਮੇਟੀ ਬਣਾਈ ਗਈ। ਇਸ ਕਮੇਟੀ ਨੇ 'ਨਵਾਂ ਸੰਵਿਧਾਨ' ਖ਼ਾਲਸਾ ਦਰਬਾਰ ਸਥਾਪਤ ਕੀਤਾ। ਸਿੱਖ ਰਾਏ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੇ ਹੋਏ ਕਮਿਊਨਲ ਐਵਾਰਡ ਸਕੀਮ ਵਿਰੁਧ ਚਲਾਏ ਗਏ ਅੰਦੋਲਨ ਦੀ ਅਗਵਾਈ ਕਰਨ ਲਈ 16 ਅਕਤੂਬਰ 1933 ਨੂੰ 'ਕੇਂਦਰੀ ਸਿੱਖ ਸੰਘ' ਅਤੇ 'ਖ਼ਾਲਸਾ ਦਰਬਾਰ' ਦਾ ਸੰਯੁਕਤ ਇਜਲਾਸ ਹੋਇਆ, ਜਿਨਾਂ ਦਾ ਮੰਤਵ ਇਕ ਹੀ ਸੀ। ਇਸ ਲਈ 'ਖ਼ਾਲਸਾ ਦਰਬਾਰ' ਨੂੰ ਸੌਂਪ ਦਿੱਤੀ ਗਈ। ਸੰਘ ਨੇ ਆਪਦੇ ਕਾਰਜਕਾਲ ਵਿਚ ਸਿੱਖ ਰਾਜਨੀਤੀ ਸੰਘਰਸ਼ ਨੂੰ ਵੱਡਾ ਹੁਲਾਰਾ ਦਿੱਤਾ।

# ਅੱਖੀਂ ਦੇਖਿਆ ਤੇ ਹੰਡਾਇਆ ਜੂਨ 1984 : 3 ਜੂਨ 1984

**ਭਾਗ 3**



**ਬਾਬਾ ਮੁਖਤਿਆਰ ਸਿੰਘ**
ਮੁਖੀ (ਵਿਦਿਆਰਥੀ ਦਮਦਮੀ ਟਕਸਾਲ)

ਜਿਸ ਨੂੰ ਦਾਸ ਨੇ ਬਹੁਤ ਹੀ ਨੇੜੇ ਤੋਂ ਅੱਖੀਂ ਦੇਖਿਆਂ ਅਤੇ ਆਪਣੇ ਸਰੀਰ ਤੇ ਪੰਜ ਸਾਲਾਂ ਦਾ ਵੱਖੋ ਵੱਖਰੀਆਂ ਜੇਲਾਂ ਵਿੱਚ ਹੰਡਾਇਆ (ਜ਼ੁਲਮ),

3 ਜੂਨ ਨੂੰ ਵੀ ਸਿੱਖ ਸੰਗਤਾਂ ਵੱਡੇ ਕਾਫ਼ਲਿਆਂ ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਆ ਰਹੀਆਂ ਸਨ। ਉਸ ਦਿਨ ਸ਼ਹੀਦਾਂ ਦੇ ਸਿਰਤਾਜ, ਸ਼ਾਤੀ ਦੇ ਪੁੰਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਪਾਵਨ ਸ਼ਹੀਦੀ ਜੋੜ ਮੇਲਾ ਸੀ। ਸੰਗਤਾਂ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਬਹੁਗਿਣਤੀ ਵਿੱਚ ਹਰ ਸਾਲ ਦੀ ਤਰਾਂ ਹਾਜ਼ਰੀ ਭਰਨ ਵਾਸਤੇ ਸ੍ਰੀ ਦਰਬਾਰ ਸਾਹਿਬ ਪਹੁੰਚ ਰਹੀਆਂ ਸਨ ਅਤੇ ਚਲ ਰਹੇ ਧਰਮ ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀ ਦੇਣ ਲਈ ਉਸ ਦਿਨ ਜਥੇਦਾਰ ਭਾਈ ਨਛੱਤਰ ਸਿੰਘ ਜੀ ਨਗਰ ਭਲਵਾਨ (ਸੰਗਰੂਰ) ਤੋਂ ਭਾਰੀ ਗਿਣਤੀ ਵਿੱਚ ਸਿੱਖ ਸੰਗਤਾਂ ਦਾ ਜਥਾ ਲੈ ਕੇ ਆਏ ਸਨ। ਹੋਰ ਵੀ ਜਥਿਆਂ ਦੇ ਰੂਪ ਵਿੱਚ ਆ ਸਿੱਖ ਸੰਗਤਾਂ ਆ ਰਹੀਆਂ ਸਨ।

ਤੀਜਾ-1 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਤੇ ਸਰਕਾਰ ਵੱਲੋਂ ਗੋਲ਼ੀਆਂ ਚਲਾ ਕੇ ਕੀਤੇ ਹਮਲੇ ਦੌਰਾਨ ਹੋਈ ਬੇਅਦਵੀ ਦਾ ਅਤੇ ਸ਼ਹੀਦ ਹੋਈਆਂ ਸਿੱਖ ਸੰਗਤਾਂ ਦਾ ਪਤਾ ਕਰਨ ਵਾਸਤੇ ਵੱਡੀ ਗਿੱਣਤੀ ਵਿੱਚ ਆ ਰਹੀਆਂ ਸਨ, ਉਸ ਸਮੇਂ ਸਿੱਖ ਸੰਗਤਾਂ ਦੇ ਮਨਾਂ ਵਿੱਚ ਬਹੁਤ ਭਾਰੀ ਰੋਸ ਸੀ। ਕਰਫਿਊ ਵਿੱਚ ਕੁਝ ਸਮਾਂ ਢਿੱਲ ਦਿੱਤੀ ਗਈ ਸੀ। ਦਾਸ ਵੀ ਉਸ ਸਮੇਂ ਸ੍ਰੀ ਦਰਬਾਰ ਸਾਹਿਬ ਵਿਖੇ ਦਮਦਮੀ ਟਕਸਾਲ ਦੇ ਕੁਝ ਜ਼ੁੰਮੇਵਾਰ ਸਿੰਘਾਂ ਨਾਲ ਜਿਨਾਂ ਵਿੱਚ ਭਾਈ ਦਲਬੀਰ ਸਿੰਘ ਜੀ ਅਭਿਆਸੀ ਜੀ, ਭਾਈ ਸਵਰਨ ਸਿੰਘ ਜੀ (ਰੋਡਿਆਂ ਵਾਲੇ ਸੰਤਾਂ ਦੇ ਭਤੀਜੇ) ਭਾਈ ਕੁਲਵੰਤ ਸਿੰਘ(ਭੰਡ) ਰਾਗੀ ਭਾਈ ਸੁਰਜੀਤ ਸਿੰਘ ਜੀ, ਰਾਗੀ ਭਾਈ ਗੁਰਸ਼ਰਨ ਸਿੰਘ ਜੀ, ਰਾਗੀ ਭਾਈ ਦਿਆਲ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ, ਭਾਈ ਸ਼ਾਮ ਸਿੰਘ ਜੀ, ਭਾਈ ਸੁਖਵਿੰਦਰ ਸਿੰਘ ਜੀ (ਲੱਡੂ) ਆਦਿ ਹੋਰ ਸਿੰਘਾਂ ਨਾਲ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੀ ਸੇਵਾ ਕਰਨ ਤੋਂ ਬਾਅਦ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰ ਰਹੇ ਸੀ। ਉਸ ਸਮੇਂ ਦਾਸ ਦਾ ਬੇਟਾ ਪ੍ਰਬੋਧ ਸਿੰਘ 10 ਕੁ ਮਹੀਨਿਆਂ ਦਾ ਸੀ, ਜਿਸ ਨੂੰ ਦਾਸ ਆਪਣੇ ਨਾਲ ਹੀ ਸਰੋਵਰ ਵਿੱਚ ਇਸ਼ਨਾਨ ਕਰਵਾ ਰਿਹਾ ਸੀ। ਦਾਸ ਕੋਲੋਂ ਭਾਈ ਸਵਰਨ ਸਿੰਘ ਜੀ ਨੇ ਅਤੇ ਹੋਰ ਸਿੰਘਾਂ ਨੇ ਫੜਕੇ ਭੁਜੰਗੀ ਨੂੰ ਅੰਮ੍ਰਿਤ ਸਰੋਵਰ ਵਿੱਚ ਚੰਗੀਆਂ ਖ਼ੂਬ ਚੁਭੀਆਂ ਲਵਾਉਂਦਿਆਂ, ਬਹੁਤ ਹਾਸ-ਰਸ ਵਿੱਚ ਕਹਿ ਰਹੇ ਸਨ ਪੁੱਤਰਾ ਕਰਲੈ ਇਸ਼ਨਾਨ ਪਤਾ ਨਹੀਂ ਫੇਰ ਐਸਾ ਸਮਾਂ ਮਿਲੇਗਾ ਕਿ ਨਹੀਂ।

ਇਸ਼ਨਾਨ ਕਰਨ ਬਾਅਦ ਅਸੀਂ ਫੇਰ ਦੁਵਾਰਾ ਸਾਰੇ ਸਿੰਘ ਸੰਗਤਾਂ ਨਾਲ ਪ੍ਰਕਰਮਾ ਧੋਣ ਦੀ ਸੇਵਾ ਕਰਨ ਲੱਗ ਪਏ, ਕੁੱਝ ਸਮੇਂ ਬਾਅਦ ਭਾਈ ਗੁਰਮੁਖ ਸਿੰਘ (ਡਰਾਇਵਰ) ਭੂਰਿਆਂ ਵਾਲੇ ਨੇ ਆਕੇ ਸਾਰੇ ਸਿੰਘਾਂ ਨੂੰ ਸੁਨੇਹਾ ਦਿੱਤਾ ਅਤੇ ਕਿਹਾ ਕਿ ਸਿੰਘੋਂ ਸੰਤ ਮਹਾਂਪੁਰਖਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸਾਰੇ ਜਥੇ ਦੇ ਸਿੰਘਾਂ ਦੀ ਬਹੁਤ ਜ਼ਰੂਰੀ ਮੀਟਿੰਗ ਸਦੀ ਹੈ। ਅਸੀਂ ਉਸੇ ਸਮੇਂ ਸਾਰੇ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਤੇ ਮਹਾਂਪੁਰਖਾਂ ਕੋਲੇ ਪਹੁੰਚ ਗਏ, ਜਥੇਬੰਦੀ ਦੇ ਸਾਰੇ ਜ਼ੁੰਮੇਵਾਰ ਸਿੰਘ ਸੰਤਾਂ ਦੇ ਕੋਲੇ ਬੈਠੇ ਸਨ। ਜਥੇ ਦੇ ਸਾਰੇ ਸਿੰਘਾਂ ਨੂੰ ਸੰਤ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਸਨ, ਇੱਥੇ ਦਾਸ ਇਹ ਵੀ ਦਸ ਦੇਵੇ ਕਿ ਜਦੋਂ ਮਹਾਂਪੁਰਖਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਉਪਰਲੀ ਛੱਤ ਉਤੇ ਸਾਰੇ ਸਿੰਘਾਂ ਦੀ ਮੀਟਿੰਗ ਸੱਦੀ ਸੀ, ਜਿਸ ਵਿੱਚ ਸਿੰਘਾਂ ਨੂੰ ਸਿਰੋਪਾਓ ਵੀ ਦਿੱਤੇ ਅਤੇ ਸੰਤਾਂ ਨੇ ਨਾਲ ਇਹ ਵੀ ਕਿਹਾ ਕਿ ਸਿੰਘੋ ਤੁਸੀਂ ਨਿਭਾ ਦਿੱਤੀ ਅਤੇ ਮੈਂ ਨਿਭਾਅ ਦੇਣੀ ਹੈ, ਸ਼ਹੀਦੀ ਦਾ ਸਮਾਂ ਬਹੁਤ ਨਜ਼ਦੀਕ ਹੈ, ਦਾਸ ਕੋਲੋਂ ਜਥੇ ਸੰਗਤ ਦੀ ਸੇਵਾ ਨਿਵਾਉਂਦਿਆਂ ਕਿਸੇ ਵੀ ਸਿੰਘ ਨੂੰ ਮੇਰੇ ਤੋਂ ਕੋਈ ਤਕਲੀਫ਼ ਹੋਈ ਹੋਵੇ ਕਿਸੇ ਸਿੰਘ ਨੂੰ ਉੱਚਾ ਨੀਵਾਂ ਕਿਹਾ ਗਇਆ ਹੋਵੇ ਉਸ ਦੀ ਦਾਸ ਨੂੰ ਖਿਮਾ ਬਖਸ਼ ਦੇਣੀ। ਇਸ ਮੀਟਿੰਗ ਤੋਂ ਕੁਝ ਦਿਨ ਪਹਿਲਾਂ ਵੀ ਮਹਾਂਪੁਰਖਾਂ ਨੇ ਜਥੇਬੰਦੀ ਦੇ ਸਾਰਿਆਂ ਸਿੰਘਾਂ ਦੀ ਮੀਟਿੰਗ ਗੁਰੂ ਰਾਮਦਾਸ ਲੰਗਰ ਵਿੱਚ ਵਿੱਚ ਸੱਦ ਕੇ ਕਿਹਾ ਸੀ, ਸਿੰਘੋ



ਤੁਹਾਨੂੰ ਬੇਨਤੀ ਵੀ ਕਰਦਾ ਹਾਂ ਕਿ ਜਿਸ ਸਿੰਘ ਨੇ ਵੀ ਜਾਣਾ ਹੈ, ਉਹ ਬਹੁਤ ਖੁਸ਼ੀ ਨਾਲ ਜਾ ਸਕਦਾ ਹੈ, ਜਿਨਾਂ ਨੇ ਮੇਰੇ ਕੋਲੇ ਰਹਿਣਾ ਹੈ, ਉਨਾਂ ਨੂੰ ਮੇਰੇ ਕੋਲੋਂ ਅੱਜ ਸਿਰਫ ਤਿੰਨ ਚੀਜ਼ਾਂ ਹੀ ਮਿਲ ਸਕਦੀਆਂ ਹਨ, ਜਿਨਾਂ ਵਿੱਚ,

1-ਸ਼ਹੀਦੀਆਂ
2-ਫਾਂਸੀ ਦੇ ਰੱਸੇ
3-ਜੇਲਾਂ ਦੀਆਂ ਕਾਲ ਕੋਠੜੀਆਂ

ਜਿਹੜੇ ਸਿੰਘਾਂ ਨੂੰ ਇਹ ਸਵੀਕਾਰ ਹਨ ਉਹ ਇੱਥੇ ਮੇਰੇ ਕੋਲ ਰਹਿ ਸਕਦੇ ਹਨ ਤੇ ਜਿਨਾਂ ਨੇ ਆਪਣੇ ਘਰ ਜਾਣਾ ਹੈ, ਮੈਂ ਫੇਰ ਕਹਿੰਦਾ ਹਾਂ ਉਹ ਬਹੁਤ ਖ਼ੁਸ਼ੀ ਨਾਲ ਆਪੋ ਆਪਣੇ ਘਰਾਂ ਨੂੰ ਜਾ ਸਕਦੇ ਹਨ। ਮਹਾਂਪੁਰਖਾਂ ਦੇ ਇਹ ਬਚਨ ਸੁਣਕੇ ਇੱਕ ਵਾਰੀ ਉਹ ਸਾਰਾ ਇਤਿਹਾਸ ਅੱਖਾਂ ਅੱਗੇ ਆ ਗਿਆ ਜਦੋਂ ਇਸੇ ਤਰਾਂ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਨੋਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਤਰਨਤਾਰਨ ਸਾਹਿਬ ਨਜ਼ਦੀਕ ਚੱਬੇ ਦੀ ਧਰਤੀ ਤੇ ਖੰਡੇ ਨਾਲ ਲਕੀਰ ਖਿੱਚ ਕੇ ਨਾਲ ਦੇ ਸਾਰੇ ਸਾਥੀ ਸਿੰਘਾਂ ਕਿਹਾ ਸੀ ਜਿਨਾਂ ਨੇ ਆਪਣੇ ਘਰ ਜਾਣਾ ਹੈ ਉਹ ਇਹ ਲਕੀਰ ਨਾ ਟੱਪਣ ਅਤੇ ਜਿਨਾਂ ਨੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਸ਼ਹਾਦਤਾਂ ਦੇਣੀਆਂ ਹਨ ਉਹ ਇਹ ਲਕੀਰ ਟੱਪ ਆਉਣ। ਉਸ ਬੀਤੇ ਹੋਏ ਇਤਿਹਾਸ ਨੂੰ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਨੇ ਮੁੜ ਦੁਹਰਾਇਆ। ਮੀਟਿੰਗ ਦੀ ਸਮਾਪਤੀ ਵੇਲੇ ਫੇਰ ਬਹੁਤ ਹੀ ਨਿਮ੍ਰਤਾ ਸਹਿਤ ਦੋਵੇਂ ਹੱਥ ਜੋੜ ਕੇ ਸੰਤਾਂ ਨੇ ਫੇਰ ਕਿਹਾ ਕਿ ਸਿੰਘੋ ਮੇਰੇ ਸਖ਼ਤ ਸੁਭਾ ਕਰਕੇ ਕਿਸੇ ਵੇਲੇ ਕਿਸੇ ਸਿੰਘ ਨੂੰ ਕੋਈ ਸਖ਼ਤ ਬੋਲਿਆ ਗਿਆ ਹੋਵੇ ਉਸ ਦੀ ਮੈਂ ਵਿਸ਼ੇਸ਼ ਤੌਰ ਤੇ ਖਿਮਾ ਚਾਹੁੰਦਾ ਹਾਂ, ਮੈਨੂੰ ਮਾਫ਼ ਕਰਿਓ, ਮੈਂ ਭੁੱਲਣ ਹਾਰ ਹਾਂ, ਤੁਸੀਂ ਮੇਰਾ ਬਹੁਤ ਸਾਥ ਦਿੱਤਾ ਹੈ। ਹਰ ਤਰਾਂ ਕਰਕੇ ਤੁਸੀਂ ਮੇਰੇ ਨਾਲ ਨਿਭਾਅ ਦਿੱਤੀ ਹੁਣ ਸਮਾਂ ਆਗਿਆ ਹੈ ਮੈਂ ਕੌਮ ਨਾਲ ਅਤੇ ਤੁਹਾਡੇ ਨਾਲ ਨਿਭਾਵਾਂਗਾ।

3 ਜੂਨ ਨੂੰ ਜਦੋਂ ਅਸੀਂ ਸੰਤਾਂ ਕੋਲੇ ਬੈਠੇ ਸੀ ਉਸ ਸਮੇਂ ਜਨਰਲ ਸੁਬੇਗ ਸਿੰਘ ਜੀ, ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ, ਭਾਈ ਹਰਮਿੰਦਰ ਸਿੰਘ ਸੰਧੂ ਜੀ, ਭਾਈ ਰਛਪਾਲ ਸਿੰਘ ਜੀ (ਸੰਤਾਂ ਦੇ ਪੀ ਏ) ਜਥੇਦਾਰ ਭਾਈ ਸੁਜਾਨ ਸਿੰਘ ਜੀ ਮੁਨਾਵਾਂ, ਭਾਈ ਦਲਬੀਰ ਸਿੰਘ ਜੀ ਅਭਿਆਸੀ, ਜਥੇਦਾਰ ਭਾਈ ਰਾਮ ਸਿੰਘ ਜੀ ਸੁਲਤਾਨਪੁਰੀ, ਬਾਬਾ ਥਾਰਾ ਸਿੰਘ ਜੀ, ਕਾਰ-ਸੇਵਾ ਵਾਲੇ ਜਥੇਦਾਰ ਬਾਬਾ ਗੁਰਮੇਲ ਸਿੰਘ ਜੀ ਅਤੇ ਉਨਾਂ ਦੇ ਨਾਲ ਦੇ ਸਿੰਘ, ਭਾਈ ਮੋਹਕਮ ਸਿੰਘ ਜੀ ਆਦਿ ਹੋਰ ਕਾਫੀ ਸਿੰਘ ਸਨ ਜਿਨਾਂ ਦੀਆਂ ਡਿਊਟੀਆਂ ਵੱਖੋ-ਵੱਖਰੇ ਮੋਰਚਿਆਂ ਵਿੱਚ ਮਹਾਂਪੁਰਖਾਂ ਵੱਲੋਂ ਅਤੇ ਜਨਰਲ ਸੁਬੇਗ ਸਿੰਘ ਜੀ, ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ, ਬਾਬਾ ਥਾਰਾ ਸਿੰਘ ਜੀ, ਭਾਈ ਹਰਿਮੰਦਰ ਸਿੰਘ ਸੰਧੂ ਜੀ ਵੱਲੋਂ ਲਗਾਈਆਂ ਜਾ ਰਹੀਆਂ ਸਨ, ਉਸ ਸਮੇਂ ਸੰਤਾਂ ਨੂੰ ਮਿਲਣ ਲਈ ਕੁਝ ਪੱਤਰਕਾਰ ਵੀ ਆਏ ਅਤੇ ਭਾਈ ਹਰਿਮੰਦਰ ਸਿੰਘ ਸੰਧੂ ਨੇ ਦੋ-ਭਾਸ਼ੀਏ ਦਾ ਕੰਮ ਕੀਤਾ।

ਪੱਤਰਕਾਰਾਂ ਦੇ ਜਾਣ ਤੋਂ ਬਾਦ ਫੇਰ ਸੰਤਾਂ ਨੇ ਖ਼ਾਸ ਕਰਕੇ ਪਰਵਾਰਾਂ ਵਾਲੇ ਸਿੰਘਾਂ ਨੂੰ ਕਿਹਾ ਕਿ ਅੱਜ 3 ਅਤੇ 4 ਜੂਨ ਦੀ ਰਾਤ ਨੂੰ ਆਪੋ ਆਪਣੇ ਕਮਰਿਆਂ ਨੂੰ ਛੱਡ ਕੇ ਆਪੁਣੇ ਪਰਵਾਰਾਂ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਆ ਜਾਇਓ ਕਿਉਂਕਿ ਰਾਤ ਨੂੰ ਕਿਸੇ ਵੇਲੇ ਕੋਈ ਵੀ ਭਾਣਾ ਵਰਤ ਸਕਦਾ ਹੈ। ਅਸੀਂ ਮਹਾਂਪੁਰਖਾਂ ਨੂੰ ਫ਼ਤਿਹ ਬੁਲਾਕੇ ਆਪੋ ਆਪਣਿਆਂ ਕਮਰਿਆਂ ਵਿੱਚ ਚਲੇ ਗਏ।

ਬਾਕੀ ਸਫ਼ਾ 30 'ਤੇ

# ਬਾਬਾ ਬੰਦਾ ਸਿੰਘ ਜੀ ਬਹਾਦਰ: 1670-1716



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## 25 ਜੂਨ ਸ਼ਹੀਦੀ ਦਿਵਸ 'ਤੇ ਵਿਸ਼ੇਸ਼

ਸਿੱਖ ਧਰਮ ਦਾ ਸੰਦੇਸ਼ ਬਰਾਬਰਤਾ ਹੈ। ਸਾਦਾ ਜੀਵਨ ਵਿਚ ਕ੍ਰਿਤ ਕਰੋ, ਨਾਮੁ ਜਪੋ ਅਤੇ ਵੰਡ ਛਕੋ ਦਾ ਸਿਧਾਂਤ ਹੈ। ਗੁਰੂਆਂ ਦੇ ਸੱਚੇ ਸੰਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿਚ ਆਏ। ਪੰਗਤ ਸੰਗਤ ਵਿਚ ਬੈਠ ਕੇ ਸਾਂਝੇ ਲੰਗਰ ਛਕਣਾ ਇਹ ਇਕ ਬਰਾਬਰਤਾ ਦਾ ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਪ੍ਰਚਲਤ ਝੂਠੇ ਕਰਮ-ਕਾਂਡਾਂ, ਬੇਲੋੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ, ਸਮਾਜ ਵਿਚ ਇਕ ਸੱਚੀ ਦਿਸ਼ਾ ਪ੍ਰਮਾਤਮਾ ਦੇ ਰਾਹ ਤੋਰਿਆ। ਮਨੁੱਖ ਨੂੰ ਨਿਰਭਓ, ਨਿਰਵੈਰ ਬਣਾ ਕੇ ਸੱਚ ਲਈ ਜੂਝਣ ਲਈ ਤਿਆਰ ਕਰਨਾ ਸੀ। ਧਰਮ ਅਤੇ ਰਾਜਨੀਤੀ ਨੂੰ ਇਕ ਕਰ ਜੋੜਿਆ, ਸਮਾਜਿਕ, ਰਾਜਨੀਤਕ ਚੇਤਨਾ ਸੱਚੇ ਧਰਮ ਵਿਚੋਂ ਮਿਲਦੀ ਹੈ ਜਿਸ ਨਾਲ ਨਰੋਏ ਸਮਾਜ ਦੀ ਉਸਾਰੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ ਤੇ ਖ਼ਾਲਸਾ ਸਾਜ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ-ਮਾਣ ਅਤੇ ਸਵੈ-ਰੱਖਿਆ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ। ਆਪਣੇ ਜੋਤੀ ਜੋਤ ਸਮਾਉਣ ਵੇਲੇ ਬੰਦਾ ਸਿੰਘ ਬਹਾਦਰ ਜੀ ਨੂੰ ਸੰਘਰਸ਼ ਜਾਰੀ ਰੱਖਣ ਲਈ ਹਥਿਆਰਬੰਦ ਬਣਾ ਕੇ ਖ਼ਾਲਸਾ ਦੀ ਅਗਵਾਈ ਦੇ ਰਾਹ ਤੋਰਿਆ।

ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਇਤਿਹਾਸ ਦਾ ਜਾਂਬਾਜ ਯੋਧਾ ਹੋਇਆ ਹੈ। ਉਸ ਨੇ ਫਿਰ ਤੋਂ ਖ਼ਾਲਸਾ ਫੌਜ ਨੂੰ ਜੁਝਾਰੂ ਰੂਪ ਦਿੱਤਾ। ਉਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁਗਲਾਂ ਦੇ ਜ਼ੁਲਮਾਂ ਵਿਰੁਧ ਹਥਿਆਰ ਚੁੱਕਣ ਵਾਲੇ ਇਸ ਜਰਨੈਲ ਦਾ ਜਨਮ 16 ਅਕਤੂਬਰ 1630 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲੇ ਦੇ ਪਿੰਡ ਰਜੌਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਨ ਦਾ ਨਾਉਂ ਲਛਮਣ ਦਾਸ ਸੀ। ਉਸ ਦੇ ਕੋਲ ਦੁਨਿਆਵੀ ਹਿੰਸਾਝੀ ਵਿਦਿਆ ਨਹੀਂ ਸੀ। ਸਮੇਂ ਦੀ ਲੋੜ ਅਨੁਸਾਰ ਉਹ ਬਚਪਨ ਵਿਚ ਹੀ ਇਕ ਚੰਗਾ ਘੋੜ ਸਵਾਰ ਅਤੇ ਨਿਸ਼ਾਨੇਬਾਜ਼ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿਚ ਬੈਰਾਗੀ ਹੋ ਗਿਆ। ਉਸ ਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਇਸ ਸਾਧੂ ਨੇ ਉਸ ਦਾ ਨਾਉਂ ਬਦਲ ਕੇ ਮਾਧੋਦਾਸ ਰੱਖ ਦਿੱਤਾ।

ਮਾਧੋਦਾਸ ਨੇ ਨਾਂਦੇੜ ਕੰਢੇ ਸੁੰਦਰ ਟਿਕਾਣਾ ਬਣਾ ਲਿਆ, ਉਥੇ ਆਪਣੀ ਯੋਗ ਵਿਦਿਆ ਨਾਲ ਲੋਕਾਂ ਨੂੰ ਭਰਮਾਉਣ ਲੱਗ ਪਿਆ। ਮਾਧੋ ਦਾਸ ਦੀਆਂ ਚਲਾਕ ਕਾਰਵਾਈਆਂ ਦੀ ਖ਼ਬਰ ਗੁਰੂ ਸਾਹਿਬ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਮਾਧੋਦਾਸ ਨੂੰ ਉਸ ਦੇ ਡੇਰੇ ਜਾ ਮਿਲੇ। ਮਾਧੋਦਾਸ ਗੁਰੂ ਜੀ ਦੀ ਸ਼ਖ਼ਸੀਅਤ ਦਾ ਤੇਜ ਪ੍ਰਤਾਪ ਵੇਖ ਕੇ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਜੀ ਦਾ ਗੁਲਾਮ ਹੋ ਗਿਆ। ਉਸ ਗੁਰੂ ਜੀ ਨੂੰ ਕਿਹਾ ਕਿ ਇਸ ਬੰਦੇ ਤੇ ਆਪਣੇ ਰਹਿਮ ਦੀ ਕ੍ਰਿਪਾ ਕਰੋ, ਮੈਂ ਆਪ ਜੀ ਦਾ ਸੇਵਕ ਬੰਦਾ ਹਾਂ। ਗੁਰੂ ਜੀ ਨੂੰ ਵੀ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇਕ ਬੰਦੇ ਦੀ ਤਲਾਸ਼ ਸੀ। ਗੁਰੂ ਜੀ ਨੇ ਜਾਣ ਲਿਆ ਕਿ ਉਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਨੇ ਮਾਧੋਦਾਸ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਬੰਦਾ ਸਿੰਘ ਨਾਉਂ ਦਿੱਤਾ ਅਤੇ ਸਨਮਾਨ ਵਜੋਂ ਬਹਾਦਰ ਨਾਲ ਜੋੜ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਉਮਰ 38 ਸਾਲ ਸੀ। ਉਨਾਂ ਦੇ ਚਿਹਰੇ ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਵੇਂ ਸਨ ਪਰ ਫੁਰਤੀਲੇ ਬਹੁਤ ਸਨ। ਇਹੀ ਉਨਾਂ ਦੀ ਬਹਾਦਰੀ ਦਾ ਕਰਤਬ ਸੀ। ਉਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਸੀ। ਜਿਸ ਨੇ ਜੰਗਾਂ ਵਿਚ ਕਮਾਲ ਕੀਤਾ। ਉਨਾਂ ਨੇ ਜੀਅ ਜਾਨ ਨਾਲ ਖ਼ਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਨੇ ਉਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ ਤਾਂ ਉਹ ਮਾਨਸਿਕ ਤੌਰ 'ਤੇ ਆਪਣੇ ਫਰਜ਼ ਲਈ ਤਿਆਰ ਹੋ ਸਕਣ। ਗੁਰੂ ਨੇ ਕਿਹਾ ਕਿ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਦਾ ਉਤਮ ਕਾਰਜ ਹੈ। ਗੁਰਾਂ ਨੇ ਉਨਾਂ ਨੂੰ ਖ਼ਾਲਸਾ ਜਥੇਦਾਰ ਦੀ ਜਿੰਮੇਵਾਰੀ ਸੌਂਪ ਕੇ ਪੰਜਾਬ ਵੱਲ ਤੋਰਿਆ। ਗੁਰਾਂ ਨੇ ਸਿੱਖਾਂ ਲਈ ਹੁਕਮਨਾਮੇ ਲਿਖ ਦਿੱਤੇ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੂੰ ਆਪਣਾ ਆਗੂ ਮੰਨਣ। ਮੁਗਲਾਂ ਵਿਰੁਧ ਆਰੰਭੀਆਂ ਜਾਣ ਵਾਲੀਆਂ ਜੰਗਾਂ ਵਿਚ ਉਨਾਂ ਦਾ ਸਾਥ ਦੇਣ ਅਤੇ ਪਛਾਣ ਵਜੋਂ ਨਿਸ਼ਾਨ (ਝੰਡਾ) ਤੇ ਨਗਾਰਾ, ਪੰਜ ਤੀਰ ਦਿੱਤੇ। ਪੰਜ ਸਲਾਹਕਾਰ ਭੇਜੇ ਜੋ ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਬਾਜ ਸਿੰਘ, ਬਾਬਾ ਦਇਆ ਸਿੰਘ, ਭਾਈ ਰਣ ਸਿੰਘ ਅਤੇ ਭਾਈ ਵੀਰ ਸਿੰਘ ਸਨ। ਵੀਹ ਸਿੰਘਾਂ ਦਾ ਜਥਾ ਵੀ ਸ਼ਾਮਲ ਕੀਤਾ। ਕੁਝ ਹਥਿਆਰ ਵੀ ਦਿੱਤੇ। ਇਸ ਕਾਫ਼ਲੇ ਸਮੇਤ ਅਕਤੂਬਰ 1708 ਵਿਚ ਜੰਗੀ ਮੁਹਿਮ ਤੇ ਤੁਰੇ।

ਇਹ ਕਾਫ਼ਲਾ ਜੈਪੁਰ ਅਤੇ ਰਾਜਪੂਤ ਰਿਆਸਤਾਂ ਦਿੱਲੀ ਆਦਿ ਲੰਘ ਦੇ ਰੋਹਤਕ ਸੋਨੀਪਤ ਸਹੇਰੀ ਖੰਡਾ ਪਿੰਡ ਵਿਚ ਰੁਕਿਆ। ਇਥੋਂ ਉਨਾਂ ਸਫ਼ਲ ਜਰਨੈਲ ਵਾਂਗ ਰਣਨੀਤੀ ਤੈਅ ਕੀਤੀ। ਇਥੋਂ ਉਨਾਂ ਨੇ ਸੂਚਨਾ ਪੱਤਰ ਅਤੇ ਗੁਰੂ ਜੀ ਦੇ ਹੁਕਮਨਾਮੇ ਜਾਰੀ ਕੀਤੇ ਕਿ ਸਿੰਘ ਹਥਿਆਰਬੰਦ ਹੋ ਕੇ ਪਿੰਡ ਸਹੇਰੀ ਖੰਡਾ ਪਹੁੰਚਣ। ਸਿੰਘ ਜੋ ਵੀ ਹਥਿਆਰ ਲੱਭਾ ਲੈ ਕੇ ਜਥਿਆਂ ਦੇ ਰੂਪ ਵਿਚ ਪਹੁੰਚਣ ਲੱਗੇ। ਪਹਿਲਾਂ ਮਾਲਵੇ ਤੋਂ ਵੱਡੀ ਗਿਣਤੀ ਵਿਚ ਪਹੁੰਚੇ ਜਿਵੇਂ ਭਾਈ ਭਗਤੂ ਦਾ ਪੋਤਰਾ ਫਤਹਿ ਸਿੰਘ, ਭਾਈ ਰੂਪੇ ਦੀ ਸੰਤਾਨ ਵਿਚੋਂ ਕਰਮ ਸਿੰਘ, ਧਰਮ ਸਿੰਘ, ਨਗਾਹੀਆ ਸਿੰਘ ਤੇ ਚੂਹੜ ਸਿੰਘ ਪਹੁੰਚੇ। ਨਾਲ ਹੀ ਸਲੌਦੀ ਲੁਧਿਆਣਾ ਦੇ ਆਲੀ ਸਿੰਘ, ਮਾਈ ਸਿੰਘ ਪਹੁੰਚ। ਫੂਲਕੀਆ ਘਰਾਣੇ ਦੇ ਚੌਧਰੀ ਰਾਮ ਸਿੰਘ ਅਤੇ ਤਰਲੋਕ ਸਿੰਘ ਨੇ ਖਰਚਾ ਅਤੇ ਜੰਗੀ ਅਸਲਾ ਦੇ ਕੇ ਆਪਣੇ ਸਿੰਘ ਭੇਜੇ। ਪਿੰਡ ਸਹੇਰੀ ਖੰਡਾ ਇਕ ਫੌਜੀ ਛਾਉਣੀ ਕੇਂਦਰ ਬਣ ਗਿਆ।

ਸੋਨੀਪਤ 'ਤੇ ਹਮਲਾ ਕਰਕੇ ਆਪਣੀ ਮੁਹਿੰਮ ਸ਼ੁਰੂ ਕੀਤੀ। ਸੋਨੀਪਤ ਮੁਗਲ ਹਕੂਮਤ ਦੀ ਮਜ਼ਬੂਤ ਚੌਕੀ ਦੀ ਜਿੱਤ ਸਿੰਘਾਂ ਦੀ ਪਹਿਲੀ ਇਖਲਾਕੀ ਜਿੱਤ ਸੀ। ਸੋਨੀਪਤ ਦਾ ਫੌਜਦਾਰ ਭੱਜ ਗਿਆ। ਸੋਨੀਪਤ ਤੋਂ ਸਮਾਣਾ ਵੱਲ ਵਧਿਆ। ਕੈਥਲ ਨੇੜੇ ਪਿੰਡ ਭੂਣਾ ਦੇ ਕੋਲ ਜਾਂਦੇ ਸਰਕਾਰੀ ਖ਼ਜਾਨੇ ਨੂੰ ਲੁੱਟ ਲਿਆ। ਬਹੁਤ ਸਾਰੇ ਘੋੜੇ ਵੀ ਕਾਬੂ ਆ ਗਏ। ਕੈਥਲ ਤੇ ਕਬਜਾ ਹੋ ਗਿਆ। ਸੋਨੀਪਤ ਅਤੇ ਕੈਥਲ ਦਾ ਪ੍ਰਬੰਧ ਪੰਚਾਇਤਾਂ ਨੂੰ ਸੌਂਪ ਦਿੱਤਾ ਗਿਆ। ਨਵੰਬਰ 11, 1709 ਨੂੰ ਸਮਾਣਾ ਸ਼ਹਿਰ ਤੇ ਹਮਲਾ ਕੀਤਾ। ਕਈ ਘੰਟੇ ਕਤਲੋਗਾਰਤ ਹੁੰਦੀ ਰਹੀ। ਨੇੜੇ ਪਿੰਡਾਂ ਦੇ ਮੁਜ਼ਾਰੇ ਵੀ ਵੱਡੀ ਗਿਣਤੀ ਵਿਚ ਆ ਰਲੇ। ਮਹਿਲ ਮਾੜੀਆਂ ਨੂੰ ਮਿੱਟੀ ਕਰ ਦਿੱਤਾ। ਕਿਸੇ ਵੀ ਧਾਰਮਿਕ ਅਸਥਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ। ਡਾ. ਗੰਡਾ ਸਿੰਘ ਅਨੁਸਾਰ ਇਸ ਵਿਚ ਦਸ ਹਜ਼ਾਰ ਦਾ ਜਾਨੀ ਨੁਕਸਾਨ ਹੋਇਆ। ਜੋ ਬਚ ਗਏ ਉਹ ਸ਼ਹਿਰ ਛੱਡ ਗਏ। ਬਹੁਤ ਸਾਰੀ ਦੌਲਤ ਅਤੇ ਜੰਗੀ ਸਾਮਾਨ ਸਿੰਘਾਂ ਦੇ ਹੱਥ ਆਇਆ। ਭਾਈ ਫਤਹਿ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ਅਤੇ ਇਕ ਖ਼ਾਲਸਾ ਪੰਚਾਇਤ ਕਾਇਮ ਕੀਤੀ। ਸਮਾਣੇ ਨੂੰ ਜਿੱਤ ਕੇ ਖ਼ਾਲਸੇ ਨੇ ਘੁੜਾਮ, ਠਸਕਾ, ਸ਼ਾਹਬਾਦ, ਕੁੰਜਪੁਰਾ, ਮੁਸਤਾਬਾਦ ਆਦਿ ਮੁਗਲਾਂ ਦੇ ਅੱਡੇ ਫਤਿਹ ਕੀਤੇ। ਇਨਾਂ ਹਮਲਿਆਂ ਵਿਚੋਂ ਖਜ਼ਾਨਾ, ਤੋਪਾਂ ਅਤੇ ਜੰਗੀ ਸਮਾਨ ਮਿਲਿਆ। ਫਿਰ ਕਪੂਰੀ ਪੁੱਜੇ। ਹਾਕਮ ਕਦਮ ਦੀਨ ਬੜੇ ਜ਼ੁਲਮ ਕਰਦਾ ਸੀ। ਇਸਤਰੀਆਂ ਦੇ ਡੋਲੇ ਲੁੱਟ ਕੇ ਪੱਤ ਲੁੱਟਦਾ ਸੀ। ਕਪੂਰ ਨੂੰ ਸਰ ਕਰਕੇ ਉਸ ਦੇ ਚਲਕੇ ਬਦਮਾਸ਼ੀ ਅੱਡਿਆਂ ਨੂੰ ਖਤਮ ਕੀਤਾ। ਉਸ ਦੀ ਦੌਲਤ ਨੂੰ ਕਾਬੂ ਕੀਤਾ। ਸਢੌਂਰਾ ਦਾ ਹਾਕਮ ਉਸਮਾਨ ਖਾਂ ਹਿੰਦੂਆਂ ਨੂੰ ਬੜਾ ਤੰਗ ਕਰਦਾ ਸੀ। ਉਨਾਂ ਨੂੰ ਧਾਰਮਿਕ ਰਸਮਾਂ ਨਿਭਾਉਣ ਤੇ ਪਾਬੰਦੀ ਸੀ। ਮੁਰਦਿਆਂ ਦੇ ਸਸਕਾਰ ਕਰਨ ਦੀ ਮਨਾਹੀ ਸੀ। ਜਦੋਂ ਸਿੰਘਾਂ ਨੇ ਹਮਲਾ ਕੀਤਾ ਤਾਂ ਪਿੰਡਾਂ ਦੇ ਦੁਖੀ ਕਿਸਾਨ ਸ਼ਾਮਲ ਹੋ ਗਏ। ਖੂਨੀ ਲੜਾਈ ਹੋਈ। ਅਖੀਰ ਵਜੀਰ ਡਰ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਜਾ ਲੁਕਿਆ। ਹਜ਼ੂਮ ਨੇ ਉਨਾਂ ਨੂੰ ਹਵੇਲੀ ਵਿਚ ਹੀ ਕਤਲ ਕਰ ਦਿੱਤਾ। ਉਸ ਹਵੇਲੀ ਦਾ ਨਾਂ 'ਕਤਲਗੜੀ' ਪੈ ਗਿਆ। ਪੁਰਾਣੀਆਂ ਮਸਜਿਦਾਂ, ਈਦਗਾਹਾਂ, ਕਬਰਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ। ਅਮੀਰ ਰਜਵਾੜਿਆਂ ਦੀਆਂ ਹਵੇਲੀਆਂ ਵਿਚੋਂ ਦੌਲਤ ਅਤੇ ਹਥਿਆਰ ਕਬਜੇ ਵਿਚ ਆ ਗਏ। ਪਹਾੜੀ ਕਿਲਾ ਮੁਖਲਿਸਗੜ ਤੇ ਕਬਜਾ ਕਰ ਲਿਆ। ਅਗਲਾ ਨਿਸ਼ਾਨਾ ਸਰਹਿੰਦ ਸੀ।

ਮਾਝੇ ਅਤੇ ਦੁਆਬੇ ਦੇ ਸਿੰਘ ਵੀ ਕੀਰਤਪੁਰ ਤੋਂ ਤੁਰ ਪਏ। ਦੋਹਾਂ ਦਲਾਂ ਦਾ ਮਿਲਾਪ ਰੋਕਣ ਲਈ, ਵਜੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਕਿਹਾ। ਉਹ ਤਗੜੀ ਫੌਜ ਲੈ ਕੇ ਰੋਪੜ ਵੱਲ ਵਧਿਆ। ਰੋਪੜ ਦੇ ਕੋਲ ਸਿੰਘਾਂ ਅਤੇ ਪਠਾਣਾਂ ਦੀ ਦੋ ਦਿਨ ਸਖਤ ਲੜਾਈ ਹੋਈ। ਸਿੰਘਾਂ ਕੋਲ ਫੌਜ ਵੀ ਥੋੜੀ ਸੀ ਤੇ ਹਥਿਆਰ ਅਤੇ ਘੋੜਿਆਂ ਦਾ ਵੀ ਘਾਟਾ ਸੀ। ਫਿਰ ਵੀ ਮੈਦਾਨ ਖ਼ਾਲਸੇ ਦੇ ਹੱਥ ਆਇਆ। ਬਾਬਾ ਜੀ ਵੀ ਛੱਤ ਬਨੂੜ ਤੋਂ ਖਰੜ ਵੱਲ ਤੁਰ ਪਏ। ਜੇਤੂ ਸਿੰਘਾਂ ਨਾਲ ਬਾਬਾ ਜੀ ਦੀ ਮਿਲਣੀ ਖਰੜ ਅਤੇ ਬਨੂੜ ਦੇ ਵਿਚਕਾਰ ਹੋਈ। ਇਸ ਨਾਲ ਖ਼ਾਲਸੇ ਦੀ ਤਾਕਤ ਵਧ ਗਈ, ਉਹ ਸਰਹਿੰਦ ਵੱਲ ਵਧ ਗਏ।

ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਚੱਪੜਚਿੜੀ ਸਰਹਿੰਦ ਤੋਂ 12 ਕੋਹ ਦੀ ਵਿੱਥ ਤੇ ਖਰੜ-ਲਾਂਡਰਾਂ ਸੜਕ 'ਤੇ ਹੈ। ਵਜੀਰ ਖਾਂ ਦੀਆਂ ਫੌਜਾਂ ਸਿੰਘਾਂ ਦੀ ਚੜਾਈ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ ਤੇ ਹਮਲਾ ਦੀਆਂ ਤਿਆਰੀਆਂ ਬਹੁਤ ਸਮਾਂ ਜੰਗੀ ਅਭਿਆਸ ਵਿਚ ਲਾਇਆ ਸੀ। ਸਰਹਿੰਦ ਦੀ ਤਾਕਤ ਖਤਮ ਕਰਨ ਲਈ ਪਹਿਲਾਂ ਹੀ ਕਈ ਇਲਾਕੇ ਜਿੱਤ ਲਏ ਸਨ। ਮਈ 12, 1719 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਖ਼ੂਨ ਡੋਲਣੀ ਜੋਰਦਾਰ ਜੰਗ ਹੋਈ। ਇਸ ਮੁਕਾਬਲੇ ਦੀ ਜੰਗ ਵਿਚ ਵਜੀਰ ਖਾਂ ਮਾਰਿਆ ਗਿਆ। ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਭੱਜ ਗਈਆਂ। ਖ਼ਾਲਸੇ ਨੇ ਸਰਹਿੰਦ ਫਤਹਿ ਕਰ ਲਈ।

ਮੁਗਲਾਂ ਨੂੰ ਲੱਕ ਤੋੜਵੀਂ ਸ਼ਿਕਸ਼ਤ ਦੇਣ ਤੋਂ ਬਾਅਦ 14 ਮਈ 1710 ਨੂੰ ਜੇਤੂ ਹੋ ਕੇ ਸਰਹਿੰਦ ਵਿਚ ਖ਼ਾਲਸਾ ਦਾਖਲ਼ ਹੋਇਆ। ਬਾਬਾ ਜੀ ਨੇ ਇਸ ਜ਼ੁਲਮੀ ਨਗਰੀ ਦੀ ਇੱਟ ਨਾਲ ਇੱਟ ਖੜਕਾ ਕੇ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਨਾਲ ਆਣ ਰਲੇ ਹਜ਼ੂਮ ਨੇ ਤਿੰਨ ਦਿਨ ਸ਼ਹਿਰ ਦੀ ਲੁੱਟ ਮਾਰ ਚਲਾਈ ਰੱਖੀ। ਮੁਸਲਮਾਨਾਂ ਦਾ ਕਤਲੇਆਮ ਹੋਇਆ। ਸ਼ਾਹੀ ਅਮੀਰਾਂ ਤੋਂ ਧੰਨ ਵਸੂਲਿਆ ਗਿਆ। ਦੋਸ਼ੀਆਂ ਨੂੰ ਚੁਣ ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹਿਲਾ ਵਿਚੋਂ ਬਹੁਤ ਸਾਰਾ ਧੰਨ ਖ਼ਾਲਸੇ ਦੇ ਹੱਥ ਲੱਗਾ। ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਹੁਕਮਰਾਨ ਨਿਯੁਕਤ ਕੀਤਾ। ਸਮਾਣਾ ਦਾ ਹੁਕਮਰਾਨ ਸਰਦਾਰ ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ। ਸਰਹਿੰਦ ਤੋਂ ਬਾਅਦ ਬਾਬਾ ਜੀ ਮਲੇਰਕੋਟਲੇ ਵੱਲ ਵਧੇ। ਨਵਾਬ ਮਲੇਰਕੋਟਲੇ ਨੇ ਕੋਈ ਮੁਕਾਬਲਾ ਨਾ ਕੀਤਾ। ਇਸ ਸ਼ਹਿਰ ਵਿਚ ਕੋਈ ਨੁਕਸਾਨ ਨਹੀਂ ਹੋਇਆ। ਸਿਰਫ਼ ਬੀਬੀ ਅਨੂਪ ਕੌਰ ਦੀ ਕਬਰ ਪੁੱਟੀ ਅਤੇ ਲਾਸ਼ ਨੂੰ ਸਿੱਖ ਮਰਯਾਦਾ ਅਨੁਸਾਰ ਸਸਕਾਰ ਕੀਤਾ। ਜਿਸ ਨੂੰ ਸ਼ੇਰ ਮੁਹੰਮਦ ਖਾਨ ਜ਼ਬਰੀ ਚੁੱਕ ਕੇ ਲੈ ਗਿਆ ਸੀ। ਉਸ ਨੇ ਆਪਣੀ ਅਣਖ ਖਾਤਰ ਆਤਮ ਹੱਤਿਆ ਕਰ ਲਈ ਸੀ।

ਬਾਬਾ ਜੀ ਨੇ ਮੁਖਲਿਸਗੜ ਨੂੰ ਰਾਜਧਾਨੀ ਬਣਾਇਆ। ਮੁਖਲਿਸਗੜ ਦਾ ਕਿਲਾ ਸ਼ਾਹ ਜਹਾਨ ਦੇ ਸਮੇਂ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਜੀ ਨੇ ਇਸ ਕਿਲੇ 'ਤੇ ਕਬਜਾ ਕੀਤਾ ਤਾਂ ਬੜੀ ਟੁੱਟੀ ਭੱਜੀ ਹਾਲਤ ਵਿਚ ਸੀ। ਇਸ ਦੀ ਮੁਰੰਮਤ ਕਰਵਾ ਕੇ ਨਾਉਂ ਲੋਹਗੜ ਰੱਖਿਆ ਗਿਆ। ਜੰਗ ਵਿਚੋਂ ਪ੍ਰਾਪਤ ਹੋਇਆ ਮਾਲ ਅਸਬਾਬ ਜੰਗੀ ਸਮਾਨ, ਉਗਰਾਹਿਆ ਮਾਮਲਾ ਸਭ ਕੁਝ ਇੱਥੇ ਇਕੱਠਾ ਕਰ ਲਿਆ। ਫੌਜੀ ਸੁਰੱਖਿਆ ਵਜੋਂ ਇਹ ਜਗਾ ਲਾਭਕਾਰੀ ਸੀ ਕਿ ਇਹ ਮੁੱਖ ਮਾਰਗ ਤੋਂ ਹਟ ਕੇ ਪਹਾੜੀ ਇਲਾਕੇ ਵਿਚ ਸੀ। ਹੁਣ ਬਾਬਾ ਬੰਦਾ ਸਿੰਘ ਬਹਾਦਰ ਇਕ ਬਾਦਸ਼ਾਹ ਸਥਾਪਤ ਹੋ ਗਿਆ ਸੀ। ਉਸ ਕੋਲ ਸਮਰਪਿਤ ਸਿੰਘਾਂ ਦੀ ਫੌਜ ਸੀ। ਰਾਜ ਕਾਜ ਲਈ ਰਾਜਧਾਨੀ ਅਤੇ ਰਹਿਣ ਲਈ ਮਹਿਲ ਸੀ।

ਸਿੱਕਾ ਜਦਬਰ ਹਰ ਦੋ ਆਲਮ ਤੇਤਿ ਨਾਨਕ ਵਾਹਿਬ ਅਸਤ।
ਫਤਹਿ ਗੋਬਿੰਦ ਸਿੰਘ ਸਾਹਿ-ਸ਼ਾਹਾਨ ਫਜ਼ਿਲ ਸੱਚਾ ਸਾਹਿਬ ਅਸਤ।

ਅਰਥਾਤ

ਸਿੱਖਾ ਮਾਰਿਆ ਦੋ ਜਹਾਨ ਉੱਤੇ,
ਬਖਸ਼ਾ ਬਖਸ਼ੀਆ ਨਾਨਕ ਦੀ ਤੇਗ ਨੇ ਜੀ।
ਫਤਿਹ ਸ਼ਾਹਿ ਸ਼ਹਾਨ ਗੋਬਿੰਦ ਸਿੰਘ ਦੀ।
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਚਲੰਤ ਬਾਦਸ਼ਾਹੀ ਸਿੱਕਿਆਂ ਦੀ ਤਰਾਂ ਇਸ ਦੇ ਦੂਜੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਸ਼ਬਦ ਸਨ :-

ਜਰਬ ਬ-ਅਮਾਨੁ-ਦਹਿਰ ਮੁਸੱਵਰਤ ਸ਼ਹਿਰ,
ਜੀਨਤੁ ਤਖਤੁ, ਮੁਬਾਰਕ ਬਖਤ।

ਅਰਥਾਤ

ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਿਤ, ਧੰਨਭਾਗੀ ਰਾਜਧਾਨੀ ਤੋਂ ਬਾਬਾ ਜੀ ਨੇ ਸਰਕਾਰੀ ਦਸਤਾਵੇਜ, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ ਜਿਸ ਦੇ ਸ਼ਬਦ ਸਨ :-

ਦੇਗੋ ਤੇਗੋ ਫਤਹਓ ਨੁਸਰਿਤ ਬੇ-ਦਿਰੰਗ॥
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਅਰਥਾਤ

ਦੇਗ ਤੇਗ ਜਿੱਤ, ਸੇਵਾ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

ਮੁਗਲ ਬਾਦਸ਼ਾਹਾਂ ਦੇ ਰਾਜ ਸੰਮਤ ਦੀ ਤਰਾਂ ਬਾਬਾ ਜੀ ਨੇ ਸਰਹਿੰਦ ਦੀ ਫਤਹਿ ਤੋਂ ਇਕ ਨਵਾਂ ਸੰਮਤ ਨਾਨਕਸ਼ਾਹੀ ਆਰੰਭ ਕੀਤਾ ਜੋ ਉਨਾਂ ਦੇ ਰਾਜ ਦੇ ਅੰਤ ਦੇ ਨਾਲ ਹੀ ਸਮਾਪਤ ਹੋ ਗਿਆ। ਇਹ ਸਭ ਕੁਝ ਮੁਗਲ ਬਾਦਸ਼ਾਹਾਂ ਨੂੰ ਅਹਿਸਾਸ ਕਰਵਾਉਣਾ ਕਿ ਸਿੰਘਾਂ ਦੀ ਸ਼ਾਨ ਬਾਦਸ਼ਾਹਾਂ ਤੋਂ ਘੱਟ ਨਹੀਂ ਹੈ। ਬਾਬਾ ਜੀ ਨੇ ਨਿੱਜੀ ਨਾਉਂ 'ਤੇ ਕੁਝ ਨਹੀਂ ਕੀਤਾ। ਉਨਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬਾਨ ਦਾ ਸੇਵਕ ਦੱਸਿਆ।

ਖਾਲਸਾ ਰਾਜ ਦੇ ਸਥਾਪਤ ਅਤੇ ਵਿਸਥਾਰ ਲਈ ਜੰਗਾਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ। ਬਾਬਾ ਜੀ ਨੇ ਜੁਲਾਈ 1719 ਵਿਚ ਗੰਗਾ ਤੇ ਯਮੁਨਾ ਦੇ ਇਲਾਕਿਆਂ ਤੇ ਕਬਜਾ ਕਰ ਲਿਆ। ਅਕਤੂਬਰ 1710 ਵਿਚ ਕਿਲਾ ਭਗਵੰਤ ਰਾਏ ਤੇ ਭੀਲੋਵਾਲ ਵੀ ਕਬਜੇ ਹੇਠ ਆ ਗਏ। ਜਦ ਮੁਲਗ ਸਮਰਾਟ ਬਹਦਾਰ ਸ਼ਾਹ ਨੂੰ ਜਦੋਂ ਖ਼ਾਲਸੇ ਦੀਆਂ ਜਿੱਤਾਂ ਦਾ ਪਤਾ ਲੱਗਾ ਉਸ ਨੇ ਜਿੱਤੇ ਇਲਾਕੇ ਵਾਪਸ ਲੈਣ ਲਈ ਪੰਜਾਬ ਵੱਲ ਵਧਿਆ। ਵਕਤ ਦੀ ਨਜ਼ਾਕਤ ਵੇਖ ਕੇ ਬਾਬਾ ਜੀ ਲੋਹਗੜ ਦੇ ਕਿਲੇ ਵਿਚ ਜਾ ਟਿਕੇ। ਸ਼ਾਹੀ 60000 ਦੀ ਫੌਜ ਨੇ ਕਿਲੇ ਨੂੰ ਘੇਰ ਲਿਆ। ਬਾਬਾ ਜੀ ਖ਼ਾਲਸਾ ਫੌਜ ਨਾਲ ਪਹਾੜਾਂ ਵੱਲ ਚਲੇ ਗਏ। ਖ਼ਾਲਸਾ ਫੌਜ ਨੇ ਬਿਲਾਸਪੁਰ ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਪਹਾੜੀ ਰਾਜੇ ਭੀਮ ਚੰਦ ਦੇ ਨਾਲ ਉਸ ਦੇ 1300 ਸੈਨਿਕ ਮਾਰੇ ਗਏ। ਬਾਕੀ ਪਹਾੜੀ ਰਾਜੇ ਸ਼ਰਨ ਵਿਚ ਆ ਗਏ। ਮੰਡੀ ਦੇ ਰਾਜੇ ਸਿੱਧ ਸੈਨ ਨੇ ਬਾਬਾ ਜੀ ਦਾ ਬੜਾ ਸਤਿਕਾਰ ਕੀਤਾ। ਉਸ ਨੇ ਕੁਲੂ ਦੇ ਰਾਜੇ ਵਿਰੁਧ ਬਾਬਾ ਜੀ ਦੀ ਮਦਦ ਕੀਤੀ। ਚੰਬਾ ਰਿਆਸਤ ਦੇ ਰਾਜੇ ਨੇ ਆਪਣੀ ਸੁੰਦਰ ਲੜਕੀ ਬਾਬਾ ਜੀ ਨਾਲ ਵਿਆਹ ਦਿੱਤੀ। ਉਸ ਦੀ ਕੁੱਖੋਂ ਪੁੱਤਰ ਅਜੈ ਸਿੰਘ ਪੈਦਾ ਹੋਇਆ। ਜੂਨ 4, 1711 ਨੂੰ ਬਹਿਰਾਮ ਦੀ ਜੰਗ ਹੋਈ। ਜੰਮੂ ਦਾ ਫੌਜਦਾਰ ਹਾਰ ਗਿਆ। ਖ਼ਾਲਸੇ ਨੇ ਬਹਿਰਾਮ ਤੇ ਰਾਏਪੁਰ ਤੇ ਕਬਜਾ ਕਰ ਲਿਆ। ਨਾਲ ਹੀ ਕਲਾਨੌਰ ਬਟਾਲਾ ਤੇ ਕਬਜਾ ਕਰ ਲਿਆ। ਉਸ ਵੇਲੇ ਮੁਹੰਮਦ ਅਮੀਨ ਖਾਂ ਅਤੇ ਰੁਸਤਮਦਿਲ ਖਾਂ ਦੀ ਫੌਜ ਆਉਣ ਤੇ ਬਾਬਾ ਜੀ ਨੂੰ ਫਿਰ ਪਹਾੜੀਆਂ ਵਿਚ ਜਾਣਾ ਪੈਂਦਾ ਰਿਹਾ।

ਬਾਦਸ਼ਾਹ ਵਲੋਂ ਹੁਕਮ ਹੋਇਆ ਕਿ ਜਿੱਥੇ ਵੀ ਕੋਈ ਸਿੰਘ ਮਿਲੇ ਮਾਰ ਦਿੱਤਾ ਜਾਵੇ। ਬਹਾਦਰ ਸ਼ਾਹ 18 ਫਰਵਰੀ 1712 ਨੂੰ ਪਾਗਲ ਹੋ ਕੇ ਮਰ ਗਿਆ। ਸੰਨ 1713 ਨੂੰ ਫਰੁਖਸੀਆਰ ਬਾਦਸ਼ਾਹ ਬਣ ਗਿਆ। ਤਖਤ ਵਾਸਤੇ ਮੁਗਲਾਂ ਦੇ ਘਰੋਗੀ ਝਗੜੇ ਨੇ ਬਾਬਾ ਜੀ ਨੂੰ ਆਪਣੇ ਖੁਸੇ ਹੋਏ ਇਲਾਕਿਆਂ ਤੇ ਮੁੜ ਕਬਜਾ ਕਰਨ ਦਾ ਮੌਕਾ ਮਿਲ ਗਿਅ। ਸਢੌਂਰਾਂ ਅਤੇ ਲੋਹਗੜ ਤੇ ਕਬਜਾ ਕਰ ਲਿਆ। ਅਬਦੁਲ ਸਮੱਦ ਖਾਂ ਨੂੰ ਲਾਹੌਰ ਦਾ ਸੂਬਾ ਨਿਯੁਕਤ ਕੀਤਾ ਗਿਆ। ਉਸ ਦੇ ਪੁਤਰ ਜਕਰੀਆ ਖਾਂ ਨੂੰ ਜੰਮੂ ਦਾ ਹਾਕਮ ਥਾਪਿਆ ਗਿਆ। ਉਸ ਨੇ ਅਕਤੂਬਰ 1713 ਵਿਚ ਸਢੌਂਰਾ ਤੇ ਲੋਹਗੜ ਤੇ ਜਿੱਤ ਪ੍ਰਾਪਤ ਕਰ ਲਈ। ਬਾਬਾ ਜੀ ਜੰਮੂ ਦੀਆਂ ਪਹਾੜੀਆਂ ਵਿਚ ਚਲੇ ਗਏ। ਸੰਨ 1715 ਵਿਚ ਕਲਾਨੌਰ ਤੇ ਬਟਾਲਾ ਜਿੱਤ ਲਏ। ਮੁਗਲਾਂ ਨੇ ਲਾਹੌਰ ਵਿਖੇ ਵੱਡੀ ਸੈਨਾ ਇਕੱਠੀ ਕਰ ਲਈ। ਕਾਂਗੜੇ ਦਾ ਕਟੋਂਚ ਰਾਜ ਅਤੇ ਜਸਰੋਟਾ ਦੇ ਰਾਜੇ ਵਲੋਂ ਸੈਨਿਕ ਭੇਜੇ। ਬਾਬਾ ਜੀ ਨੇ ਕੋਟ ਮਿਰਜਾ ਜਾਨ ਪਿੰਡ ਤੋਂ ਮੁਗਲਾਂ ਦਾ ਟਾਕਰਾ ਕੀਤਾ। ਮੁਸਲਮਾਨ ਇਤਿਹਾਸਕਾਰ ਲਿਖਦਾ ਹੈ ਕਿ ਬਾਬਾ ਜੀ ਸ਼ਾਹੀ ਫੌਜ ਨੂੰ ਹਾਰ ਦੇਣ ਦੇ ਬਿਲਕੁਲ ਨੇੜੇ ਸਨ ਕਿ ਮੁਗਲਾਂ ਦੀ ਹੋਰ ਭਾਰੀ ਫੌਜ ਆਣ ਪਹੁੰਚੀ। ਇਸ ਲਈ ਸਿੰਘਾਂ ਨੂੰ ਗੁਰਦਾਸ ਨੰਗਲ ਪਿੰਡ ਵੱਲ ਪਿੱਛੇ ਹਟਣਾ ਪਿਆ। ਉਥੇ ਭਾਈ ਦੁਨੀ ਚੰਦ ਦੀ ਹਵੇਲੀ ਵਿਚ ਠਹਿਰੇ। ਹਵੇਲੀ ਦੇ ਗਿਰਦ ਮੋਰਚੇ ਬਣਾਏ। ਦੋਹੀਂ ਪਾਸੀਂ ਖਾਈ ਪੁੱਟ ਕੇ ਪਾਣੀ ਭਰ ਲਿਆ ਤੇ ਖੋਭੇ ਵਾਲੀ ਥਾਂ ਬਣਾ ਲਈ ਤਾਂ ਜੋ ਵੈਰੀ ਅਗਾਂਹ ਨਾ ਵਧਣ। ਸ਼ਾਹੀ ਫੌਜਾਂ ਨੇ ਅਪ੍ਰੈਲ 1715 ਵਿਚ ਗੁਰਦਾਸ ਨੰਗਲ ਆ ਘੇਰਿਆ। ਸਿੰਘਾਂ ਨੇ ਗੁਰੀਲਾ ਯੁੱਧ ਨੀਤੀ ਅਪਣਾਈ, ਚਾਲੀ ਪੰਜਾਹ ਸਿੱਖ ਬਹਾਰ ਨਿਕਲਦੇ ਪਸ਼ੂਆਂ ਲਈ ਘਾਹ ਪੱਠਾ ਲੈਂਦੇ, ਸ਼ਾਹੀ ਫੌਜਾਂ ਟਾਕਰਾ ਕਰਦੀਆਂ ਤਾਂ ਉਨਾਂ ਦਾ ਖਾਤਮਾ ਕਰਕੇ ਅਲੋਪ ਹੋ ਜਾਂਦੇ। ਘੇਰੇ ਦੇ ਲੰਮੇਰੇ ਹੋ ਜਾਣ ਕਰਕੇ ਆਟਾ ਦਾਣਾ ਮੁੱਕ ਗਿਆ। ਬਾਬਾ ਬਿਨੋਦ ਸਿੰਘ ਆਪਣੇ ਪੁੱਤਰ ਨੂੰ ਨਾਲ ਲੈ ਕੇ ਕਿਲਾ ਛੱਡ ਗਿਆ। ਸਿੰਘਾਂ ਨੂੰ ਘੋੜਿਆਂ, ਖੋਤਿਆਂ ਤੇ ਪਸ਼ੂਆਂ ਦਾ ਮਾਸ ਖਾਣਾ ਪਿਆ। ਉਨਾਂ ਨੇ ਘਾਹ ਤੇ ਦਰੱਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕੀਤਾ। ਬਹੁਤ ਸਾਰੇ ਬਿਮਾਰੀਆਂ ਕਰਕੇ ਮਰਦੇ ਗਏ। ਸਿੰਘ ਅੱਠ ਮਹੀਨੇ ਤੱਕ ਮੁਗਲਾਂ ਦੀ ਫੌਜ ਦਾ ਟਾਕਰਾ ਕਰਦੇ ਰਹੇ, ਜਿਸ ਵਿਚ 8000 ਸਿੰਘ ਸ਼ਹੀਦੀ ਪਾ ਗਏ। ਦਸੰਬਰ 7, 1715 ਨੂੰ ਮੁਗਲਾਂ ਦੀ ਫੌਜ ਨੇ ਹਵੇਲੀ ਤੇ ਕਬਜਾ ਕਰ ਲਿਆ, ਬਾਬਾ ਜੀ ਅਤੇ ਸਿੰਘਾਂ ਨੂੰ ਕੈਦ ਕਰ ਲਿਆ।

ਬਾਕੀ ਸਫ਼ਾ 31 'ਤੇ

# ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਪੁੱਤਰ ਅਜੈ ਸਿੰਘ ਦੀ ਲਾਸਾਨੀ ਸ਼ਹਾਦਤ

ਇਕ ਨਜਦੀਕੀ ਨੇ ਅਮਰੀਕਾ ਆਉਂਦਿਆਂ ਹੀ ਸਿਰ ਮੂੰਹ ਮੁਨਾ ਦਿੱਤਾ ਤੇ ਮੈਂ ਉਸ ਨੂੰ ਕਹਿ ਬੈਠਾ 'ਕੜਾ ਤੇ ਪਾ ਰਖਣਾ ਸੀ'। ਉਹ ਮੇਰੇ ਤੇ ਚੱੜ ਆਇਆ। ਭਾਵੇਂ ਮੈਂ ਹੀ ਉਸ ਨੂੰ ਏਥੇ ਬੁਲਾਇਆ ਸੀ।

ਅਗਲੇ ਦਿਨ ਛੋਟਾ ਭਰਾ ਵੀ ਉਸੇ ਹੀ ਰੌਂਅ ਵਿਚ.........। ਸਹਿਜ ਸਬਾਏ ਹੀ ਮੇਰੇ ਮੂੰਹ ਵਿਚੋਂ ਨਿਕਲਿਆ ਕਿ ਭਾਵੇਂ ਏਥੋਂ ਦੀ ਪਦਾਇਸ਼ ਨੂੰ ਤਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕੁਝ ਪਤਾ ਨਹੀਂ ਪਰ ਇਸ ਨੂੰ ਤਾਂ ਸਭ ਕੁਝ ਪਤਾ ਹੀ ਹੈ।

ਇਸ ਤਰਾਂ ਸਿੱਖੀ ਦੀ ਤਾਕਤ ਘਟਦੀ ਹੈ। ਉਹ ਸਾਰਾ ਦਿਨ ਮੈਨੂੰ ਛੋਟਿਆਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਆਉਂਦੀ ਰਹੀ ਤੇ ਦਿਲ ਅਫ਼ਸੋਸ ਵਿਚ ਹੀ ਰਿਹਾ।

ਉਸ ਰਾਤ ਸੁਤਿਆ ਮੈਨੂੰ ਸੁਪਨੇ ਵਿਚ ਮਹਿਸੂਸ ਹੋਇਆ ਕਿ ਜਿਸ ਤਰਾਂ ਰਾਜ ਕੁਮਾਰ ਅਜੈ ਸਿੰਘ ਕਹਿ ਰਿਹਾ ਹੋਵੇ, ਮੈਂ ਹਾਂ ਸਿੱਖ ਧਰਮ ਦਾ ਸਭ ਤੋਂ ਛੋਟਾ ਸ਼ਹੀਦ, ਜਿਸ ਨੂੰ ਆਪਣੇ ਪਿਤਾ ਦੇ ਹੀ ਮੂੰਹ ਵਿਚ ਧੱਕਿਆ ਗਿਆ।

ਸੁਪਨਾ ਚਲਦਾ ਗਿਆ ਤੇ ਬੰਦਾ ਸਿੰਘ ਬਹਾਦਰ ਦੀ ਗੁਰੂ ਜੀ ਨਾਲ ਪਹਿਲੀ ਮੁਲਾਕਾਤ ਤੱਕ ਪਹੁੰਚ ਗਿਆ। ਗੁਰੂ ਜੀ ਅਨੰਦਪੁਰ ਸਾਹਿਬ ਤੋਂ ਬਾਦਸ਼ਾਹ ਦੀਆਂ ਝੂਠੀਆਂ ਕਸਮਾਂ ਤੇ (ਸਿੰਘਾਂ ਦੇ ਕਹਿਣ ਤੇ) ਵਿਸ਼ਵਾਸ਼ ਕਰਕੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤ। ਉਸ ਤੋਂ ਬਾਅਦ ਜੋ ਹੋਇਆ (ਅਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ, ਮੁਕਤਸਰ, ਦਮਦਮਾ ਸਾਹਿਬ) ਫਿਰ ਦੱਖਣ ਨੂੰ ਕੂਚ, ਸਭ ਨੂੰ ਪਤਾ ਹੀ ਹੈ। ਇਸ ਲਈ ਮੈਂ ਸਿੱਧਾ ਬਗੌਰ ਸ਼ਹਿਰ ਤੱਕ ਪਹੁੰਚਦਾ ਹਾਂ ਜਿੱਥੇ ਗੁਰੂ ਜੀ ਨੂੰ ਔਰੰਗਜੇਬ ਦੀ ਮੌਤ ਦਾ ਪਤਾ ਲਗਦਾ ਹੈ। ਬਜਾਏ ਕਿ ਗੁਰੂ ਜੀ ਉੱਥੇ ਰੁਕੇ ਰਹਿਣ ਤੇ ਬਾਦਸ਼ਾਹੀ ਭੇੜ ਤੋਂ ਅਗਲੇ ਬਾਦਸ਼ਾਹ ਦਾ ਪਤਾ ਕਰਨ, ਉਹ ਜਲਦੀ ਵਿਚ ਦਿੱਲੀ ਆ ਗਏ ਜਾਂ ਤਾਂ ਉੱਥੇ ਰਾਣਿਆਂ ਦੇ ਲੜਾਈ ਵਿਚ ਮਰ ਜਾਣ ਨਾਲ ਬੇਵਜਾ ਲੜਾਈ ਵਧਦੀ ਦਿਸੀ ਜਾਂ ਬਹਾਦੁਰ ਸ਼ਾਹ ਵੀ ਆ ਰਿਹਾ ਸੀ, ਉਸ ਵਲੋਂ ਕੋਈ ਸੰਦੇਸ਼ ਸੀ।

ਬਹਾਦੁਰ ਸ਼ਾਹ ਨੇ ਆਪਣੇ ਭਰਾ ਤਾਰਾ ਆਜਮ ਨਾਲ ਸੁਲਤਾਨੀ ਜੰਗ ਲਈ ਗੁਰੂ ਸਹਾਈ ਹੋਣ ਲਈ ਗੁਰੂ ਜੀ ਨੂੰ ਲਿਖਿਆ। ਗੁਰੂ ਜੀ ਨੇ ਆਪਣਾ ਆਸ਼ੀਰਵਾਦ ਲਿਖ ਭੇਜਿਆ ਕਿ ਰਾਜ ਭਾਗ ਉਸ ਦਾ (ਬਹਾਦੁਰ ਸ਼ਾਹ) ਹੀ ਹੋਏਗਾ। ਬਹਾਦੁਰ ਸ਼ਾਹ ਨੇ ਇਸ ਲਿਖਤ ਦੀ ਸਾਰੇ ਪਾਸੇ ਧੁੰਮ ਪਾ ਦਿੱਤੀ ਤਾਂ ਕਿ ਜਿਸ ਨੇ ਵੀ ਗੁਰੂ ਜੀ ਵਾਸਤੇ ਇਸ ਜੰਗ ਵਿਚ ਲੜਨਾ ਹੈ, ਉਹ ਬਾਦਸ਼ਾਹ ਦੀਆਂ ਫੌਜਾਂ ਨਾਲ ਆ ਮਿਲੇ। ਦੂਰੋਂ ਨੇੜਿਓਂ ਸਿੰਘ ਅਤੇ ਨਾਨਕ ਪੰਥੀ ਮੁਛ ਫੁਟਦੀ ਨੌਜਵਾਨ ਸਿੱਖ ਆਏ। ਲੜਾਈ ਵਿਚ ਤਾਰਾ ਆਜ਼ਮ ਮਾਰਿਆ ਗਿਆ ਤੇ ਬਹਾਦੁਰ ਸ਼ਾਹ ਦੀ ਜਿੱਤ ਹੋਈ। ਇਸ ਜਿੱਤ ਨੂੰ ਮਨਾਉਂਦਿਆਂ ਇਕ ਵੱਡੀ ਪਾਰਟੀ ਕੀਤੀ ਗਈ ਤੇ ਗੁਰੂ ਜੀ ਨੂੰ ਵੀ ਬੁਲਾਇਆ ਗਿਆ। ਗੁਰੂ ਜੀ ਨੂੰ ਮਿਲ ਕੇ ਬਾਦਸ਼ਾਹ ਨੂੰ ਪਤਾ ਲੱਗਾ ਕਿ ਗੁਰੂ ਜੀ ਦੱਖਣ ਜਾ ਰਹੇ ਹਨ। ਬਹਾਦੁਰ ਸ਼ਾਹ ਨੇ ਵੀ ਆਪਣਾ ਦੱਖਣ ਜਾਣ ਦਾ ਵਿਚਾਰ ਨਾਲ ਹੀ ਕਰ ਲਿਆ।

ਸਿੰਘ ਤੇ ਨਾਨਕ ਪੰਥੀ ਜੋ ਸਿੱਖ ਜਾਜਉ ਦੇ ਮੈਦਾਨ ਵਿਚ ਬਹਾਦੁਰ ਸ਼ਾਹ ਵਲੋਂ ਗੁਰੂ ਜੀ ਲਈ ਲੜਨ ਆਏ ਸਨ ਉਹ ਗੁਰੂ ਜੀ ਦੇ ਕੈਂਪ ਵਿਚ ਹੀ ਆ ਗਏ। ਇਸ ਕੈਂਪ ਵਿਚ ਇਕ ਨੌਜਵਾਨ ਸੂਹੀਆ ਪਾਇਆ ਗਿਆ ਜਿਸ ਬਾਰੇ ਗੁਰੂ ਜੀ ਨੂੰ ਦੱਸਿਆ ਗਿਆ। ਗੁਰੂ ਜੀ ਨੇ ਉਸ ਨੂੰ ਬੁਲਾਇਆ ਤੇ ਪੁੱਛਿਆ ਕਿ ਉਹ ਕੌਣ ਹੈ? ਉਸ ਨੇ ਕਿਹਾ ਕਿ 'ਉਹ ਉਨਾਂ ਦਾ ਹੀ ਬੰਦਾ ਹੈ'। ਗੁਰੂ ਜੀ ਨੇ ਫਿਰ ਪੁੱਛਿਆ ਕਿ ਉਹ ਕੌਣ ਹੈ? ਉਸ ਨੇ ਫਿਰ ਕਿਹਾ ਕਿ 'ਉਹ ਉਨਾਂ ਦਾ ਹੀ ਬੰਦਾ ਹੈ'। ਗੁਰੂ ਜੀ ਨੇ ਜਰਾ ਕੜਕ ਦੇ ਪੁੱਛਿਆ ਮਗਰ ਉਹ ਹੈ ਕੌ?

ਬੰਦੇ ਦਾ ਜਵਾਬ

'ਉਸ ਦਾ ਅਸਲ ਨਾਂ ਲਛਮਣ ਦਾਸ ਹੈ ਅਤੇ ਆਪਣੀ ਭੂਮੀ ਦਾ ਨਾਮ ਦਸਤਿਆਂ ਕਿਹਾ ਕਿ ਉਨਾਂ ਦੇ ਬਜ਼ੁਰਗੀ ਪੇਸ਼ਾ ਸਰਕਾਰੀ ਫੌਜਾਂ ਲਈ ਘੋੜੇ ਪਾਲਣ ਦਾ ਵਪਾਰ ਹੈ। ਉਹ ਆਪਣੇ ਘੋੜਿਆਂ ਨੂੰ ਖੁਰੀਆਂ ਵੀ ਆਪ ਲਾਉਂਦੇ ਤੇ ਕੁਝ ਜੰਗੀ ਸਮਾਨ-ਕਰਪਾਨਾਂ ਅਤੇ ਬਰਛੇ ਆਦਿ ਵੀ ਬਣਾਉਂਦੇ ਹਨ।'

'ਜਿਉਂ ਹੀ ਉਸ ਨੇ ਹੋਸ਼ ਸਮਾਲੀ ਹੈ ਘੋੜਿਆਂ ਨੂੰ ਲਗਾਈਆਂ ਹੋਈਆਂ ਖੁਰੀਆਂ ਦੀ ਜਾਂਚ ਕਰਨ ਤੇ ਲਾ ਦਿੱਤਾ ਸੀ। ਉਹ ਘੋੜਿਆਂ ਨੂੰ ਤੇਜੋ ਤੇਜ਼ ਦੌੜਾ ਕੇ ਦੇਖਦਾ ਕਿ ਜੇ ਕੋਈ ਖੁਰੀ ਘੋੜੇ ਨੂੰ ਤੰਗ ਕਰਦੀ ਹੋਵੇ। ਘੋੜਿਆਂ ਨੂੰ ਤੇਜੋ ਤੇਜ ਦੜੌਣਾ ਉਸ ਦਾ ਚਾਹ ਹੀ ਬਣਾ ਚੁੱਕਾ ਸੀ। ਇਸ ਤਰਾਂ ਘੋੜਿਆਂ ਨਾਲ ਉਸ ਦਾ ਮੁਕਾਬਲਾ ਹੀ ਹੋ ਜਾਇਆ ਕਰਦਾ ਸੀ। ਸਰਕਾਰ ਵਲੋਂ ਘੋੜੇ ਤੇ ਜੰਗੀ ਸਮਾਨ ਖਰੀਦਣ ਲਈ ਮੇਲਾ ਲਗਾਇਆ ਗਿਆ। ਉਥੇ ਘੋੜਿਆਂ ਦੀ ਰੇਸ ਕਰਾਈ ਗਈ। ਉਸ (ਲਛਮਣ ਦਾਸ) ਨੇ ਸਭ ਨੂੰ ਪਛਾੜ ਦਿੱਤਾ। ਉਥੇ ਹੀ ਉਸ ਨੂੰ ਫੌਜ ਵਿਚ ਭਰਤੀ ਕਰ ਲਿਆ ਗਿਆ। ਥੋੜੇ ਹੀ ਸਾਲਾਂ ਵਿਚ ਉਹ ਉਤਲੇ ਹਾਕਮਾਂ ਵਿਚ ਗਿਣਿਆ ਗਿਆ। ਫਿਰ ਉਸ ਦੀ ਉਨਾਂ ਹਾਕਮਾਂ ਨਾਲ ਅਣਬਣ ਹੋ ਗਈ ਅਤੇ ਉਹ ਨੌਕਰੀ ਛੱਡ ਕੇ ਘਰ ਆ ਗਿਆ ਅਤੇ ਜੱਦੀ ਪੇਸ਼ਾ ਸ਼ੁਰੂ ਕਰ ਦਿੱਤਾ।'

ਇਲਾਕੇ ਦੇ ਲੋਕ ਕੁਝ ਬਦਮਾਸ਼ਾਂ ਤੋਂ ਬਹੁਤ ਤੰਗ ਸਨ, ਜਿਹੜੇ ਉਥੇ ਰਹਿੰਦੇ ਦੋ ਸਾਧੂਆਂ ਨੂੰ ਵੀ ਨਹੀਂ ਬਖਸ਼ਦੇ ਸਨ। ਉਨਾਂ ਦਾ ਅਕੱਠਾ ਕੀਤਾ ਭੋਜਨ ਵੀ ਖੋਹ ਲੈ ਜਾਂਦੇ ਸਨ। ਇਕ ਦਿਨ ਉਨਾਂ ਦਾ ਵਾਹ ਉਹਦੇ ਨਾਲ ਪੈ ਗਿਆ ਤੇ ਉਹ ਉਹਦੇ ਕੋਲੋਂ ਵੱਡੇ ਗਏ। ਪਲੀਸ ਆਈ ਤੇ ਉਹ ਮਾਰ ਭਜਾਈ। ਸਰਕਾਰ ਫੌਜ ਭੇਜਣ ਦੀ ਤਿਆਰ ਕਰ ਰਹੀ ਸੀ। ਇਲਾਕੇ ਦੇ ਲੋਕਾਂ ਨੇ ਬਹੁਤ ਕਿਹਾ ਕਿ ਉਹ ਇਥੋਂ ਚਲਾ ਜਾਵੇ ਪਰ ਉਹ ਨਾ ਗਿਆ। ਆਖਰ ਉਨਾਂ ਸਾਧੂਆਂ ਨੇ ਉਹਦੇ ਅੱਗੇ ਹੱਥ ਜੋੜ ਕੇ ਮਿੰਨਤ ਕੀਤੀ ਕਿ ਉਹ ਉਥੋਂ ਚਲਾ ਜਾਵੇ। ਉਹ ਮਨ ਗਿਆ। ਜਾਣ ਤੋਂ ਪਹਿਲਾਂ ਉਨਾਂ (ਸਾਧੂਆਂ ਨੇ) ਬੜੀ ਨਿਮਰਤਾ ਨਾਲ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ 'ਇਸ ਜੁਰਮ ਲਈ ਇਸ ਨੂੰ ਮਾਫ਼ ਕੀਤਾ ਜਾਵੇ, ਪਰ ਇਸ ਦੀ ਪਰਖ ਕਿਸੇ ਸੱਚੇ-ਸੁੱਚੇ ਤੇ ਉੱਚੇ ਕੰਮ ਵਿਚ ਕੀਤੀ ਜਾਵੇ।'

ਲਛਮਣਦਾਸ : ਮੈਂ ਆਪਣਾ ਨਾਮ ਬਦਲ ਕੇ ਮਾਧੋਦਾਸ ਰੱਖ ਲਿਆ ਤੇ ਭੇਸ ਬਦਲ ਕੇ ਬੈਰਾਗੀ ਜਥੇ ਵਿਚ ਜਾ ਰਲਿਆ। ਇਸ ਤਰਾਂ ਇਲਾਂ ਜਣਿਆਂ ਵਿਚ ਸਾਲੀਂ ਵਿਚਰਦਾ ਇਕ ਤੂੰ ਦੂਜਾ ਫਿਰ ਤੀਜਾ...। ਮੇਰੀ ਸ਼ਕਾਰ ਕਰਨ ਤੇ ਮਾਸ ਖਾਣ ਦੀ ਆਦਤ ਖਤਮ ਹੋ ਗਈ, ਮੈਂ ਵੈਸ਼ਨੂੰ ਹੀ ਬਣ ਗਿਆ। ਮੇਰਾ ਧਿਆਨ ਉਸ ਸੱਚੇ ਸੁੱਚੇ ਤੇ ਉਚੇ ਕੌਮ ਨੂੰ ਲੱਭ ਲਈ ਨਾ ਉਖੜਿਆ। ਆਖਰ ਮੈਨੂੰ ਇਕ ਨਾਨਕ ਮਤੇ ਦਾ ਜਥਾ ਮਿਲਿਆ ਤੇ ਉਹ ਉਸ ਵਿਚ ਜਾ ਰਲਿਆ, ਜਿੱਥੇ ਉਸ ਨੂੰ ਉਸ ਦੀ ਮੰਜ਼ਿਲ (ਸੱਚੇ-ਸੁੱਚੇ ਤੇ ਉੱਚੇ) ਕੰਮ ਦੀ ਕਿਰਨ ਦਿਸੀ। ਔਰੰਗਜੇਬ ਦੇ ਮਰਨ ਤੋਂ ਬਾਅਦ, ਤੁਹਾਡਾ ਬਹਾਦੁਰ ਸ਼ਾਹ ਨੂੰ, ਅਗਲੇ ਬਾਦਸ਼ਹ ਬਣਨ ਦਾ ਆਸ਼ੀਰਵਾਦ ਮਿਲਿਆ। ਉਸ ਨੇ ਦੂਰ-ਦੂਰ ਸਾਰੇ ਪਾਸੇ ਧਮਾ ਦਿੱਤਾ ਕਿ ਜੋ ਸਿੱਖ ਨੌਜਵਾਨ ਗੁਰੂ ਜੀ ਵਲੋਂ ਬਹਾਦੁਰ ਸ਼ਾਹ ਵਾਸਤੇ ਲੜਨਾ ਚਾਹੇ ਉਹ ਬਹਾਦੁਰ ਸ਼ਾਹ ਦੀ ਫੌਜ ਵਿਚ ਜਾਜਉ ਦੇ ਮੈਦਾਨ ਤੇ ਆ ਜਾਵੇ। ਉਸ ਨੂੰ ਇਹੋ ਕੰਮ ਹੀ ਸੱਚਾ-ਸੁੱਚਾ-ਉੱਚਾ ਲੱਗਿਅਹ। ਉਹ ਜਾਜਉ ਬਹਾਦਰ ਸ਼ਾਹ ਦੀਆਂ ਫੌਜਾਂ ਵਿਚ ਜਾ ਰਲਿਆ ਅਤੇ ਤਾਰਾ ਆਜਮ ਨੂੰ ਮਾਰ ਮੁਕਾਇਆ। ਹੁਣ ਮੈਂ ਤੁਹਾਡੇ ਦਰਸ਼ਣਾਂ ਲਈ ਆਇਆ ਹਾਂ।'

'ਹਾਂ ਏਸੇ ਵਾਸਤੇ ਤੇਰਾ ਨਾਮ ਵੀ ਬਹਾਦੁਰ ਸ਼ਾਹ ਦੀ ਬਹਾਦਰਾਂ ਦੀ ਸੂਚੀ ਵਿਚ ਹੈ ਜੋ ਬਹਾਦੁਰ ਸ਼ਾਹ ਵਾਸਤੇ ਅੱਗੇ ਹੋ ਕੇ ਲੜੇ ਤੇ ਹੁਣ ਤੈਨੂੰ ਕੁਝ ਵਖਤ ਹੋਰ ਉੱਥੇ ਰਹਿਣਾ ਪਵੇਗਾ', ਗੁਰੂ ਜੀ ਨੇ ਕਿਹਾ। ਗੁਰੂ ਜੀ ਦੇ ਬੰਦੇ ਨੇ ਜਰਾ ਗਰਮ ਹੋ ਕੇ ਕਿਹਾ, 'ਮੈਂ ਬਹਾਦੁਰ ਸ਼ਾਹ ਵਾਸਤੇ ਨਹੀਂ ਲੜਿਆ', ਸਗੋਂ ਤੁਹਾਡੇ ਵਾਸਤੇ ਲੜਿਆਂ ਹਾਂ। ਔਰੰਗਜੇਬ ਆਪ ਤਾਂ ਬਹੁਤ ਬੁੱਢਾ ਹੋ ਗਿਆ ਸੀ, ਉਸ ਨੇ ਤੁਹਾਡੇ ਵਿਰੁਧ (ਬੱਚਿਆਂ ਦੀ ਸ਼ਹਾਦਤ) ਸਾਰੇ ਹੁਕਮ ਤਾਂ ਇਹ ਹੀ (ਤਾਰਾ ਆਜ਼ਮ) ਪਾਲਦਾ ਸੀ। ਇਸ ਲਈ ਇਸ ਨੂੰ ਮਾਰਨਾ ਬਹੁਤ ਜਰੂਰੀ ਸੀ। ਗੁਰੂ ਜੀ ਆਪਣੇ ਬੰਦੇ ਤੇ ਜਰਾ ਸੋਚੀਂ ਪੈ ਗਏ ਤੇ ਬੰਦਾ ਫਤੇ ਬੁਲਾ ਕੇ ਉੱਥੋਂ ਚਲਾ ਗਿਆ।

ਬਹਾਦੁਰ ਸ਼ਾਹ ਨੇ ਜਿੱਤ ਦੀ ਬਹੁਤ ਵੱਡੀ ਪਾਰਟੀ ਕੀਤੀ ਤੇ ਗੁਰੂ ਜੀ ਨੂੰ ਵੀ ਬੁਲਾਇਆ। ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਤਾਂ ਪਹਿਲਾਂ ਹੀ ਦੱਖਣ ਜਾ ਰਹੇ ਸਨ ਤੇ ਉਸ ਨੇ ਵੀ ਬਦਲ ਕੇ ਆਪਣਾ ਪ੍ਰੋਗਰਾਮ ਹੈਦਰਾਬਾਦ ਦਾ ਨਾਲ ਹੀ ਬਣਾ ਲਿਆ। (ਲੇਖਕ ਘਨਿੰਗਮ ਦੇ ਅਨੁਸਾਰ) ਜਿਸ ਦਾ ਇਕ ਤਾਂ ਇਹ ਬਹਾਦੁਰ ਸ਼ਾਹ ਨੂੰ ਫਾਇਦਾ ਸੀ ਕਿ ਸਾਰੇ ਸਿੱਖ ਪੰਥ ਦਾ ਔਰੰਗਜੇਬ ਦੇ ਜ਼ੁਲਮਾਂ ਦਾ ਗੁੱਸਾ ਘਟੇਗਾ। ਦੂਜਾ, (ਇਕ ਤੇ ਇਕ ਗਿਆਰਾਂ) ਲੱਗਣਗੇ ਤੇ ਘਰਾਠਿਆਂ ਦਾ ਹੌਸਲਾ ਟੁੱਟੇਗਾ।

ਉਧਰ ਗੁਰੂ ਜੀ ਨੂੰ ਦੱਖਣ ਜਾਣ ਦੇ ਰਸਤੇ ਦੀਆਂ ਰੋਜ਼ ਲੜਾਈਆਂ ਦੀਆਂ ਮੁਸ਼ਕਲਾਂ ਘਟਣਗੀਆਂ, ਬਹਾਦੁਰ ਸ਼ਾਹ ਨੂੰ ਗੁਰੂ ਜੀ ਦੇ ਫਿਰ ਨਾ ਉਠਣ ਦਾ ਭੁਲੇਖਾ ਰਹੇਗਾ।' (ਯਾਦ ਰਹੇ ਕਿ ਗੁਰੂ ਜੀ ਦੱਖਣ, ਫਿਰ ਤੋਂ ਉਠਣ ਦੀ ਤਿਆਰੀ ਕਰਨ ਲਈ ਜਾ ਰਹੇ ਸਨ। ਉਨਾਂ ਢੱਲੇ ਨੂੰ, ਮੁਗਲਾਂ ਨੂੰ ਖਤਮ ਕਰ, ਰਾਜ ਭਾਗ ਦੇਣ ਦਾ ਭਰੋਸਾ ਦਿੱਤਾ ਸੀ।)

ਬੰਦਾ (ਮਾਧੋਦਾਸ) ਬਹਾਦੁਰ ਸ਼ਾਹ ਦੀਆਂ ਫੌਜਾਂ ਨਾਲ ਹੁੰਦਾ ਹੋਇਆ, ਜਦੋਂ ਵੀ ਗੁਰੂ ਦਾ ਦਰਬਾਰ ਲਗਦਾ ਤਾਂ ਆ ਜਾਂਦਾ। ਇਸ ਤਰਾਂ ਬੰਦੇ ਨੂੰ ਸਿੱਖ ਧਰਮ ਦੀ ਪੂਰੀ ਵਾਕਫ਼ੀਅਤ ਹੋ ਗਈ ਤੇ ਨਾਨਕਪੰਥੀ (ਪਹਿਲੇ ਗੁਰੂਆਂ ਦਾ ਸਿੱਖ) ਤਾਂ ਪਹਿਲਾਂ ਹੀ ਬਣ ਗਿਆ ਸੀ। ਨਾਂਦੇੜ ਪਹੁੰਚ ਕੇ ਗੁਰੂ ਜੀ ਆਪਣੇ ਦਰਬਾਰ ਮੀਰੀ ਪੀਰੀ ਦੀ ਸਾਖੀ ਸੁਦਾ ਰਹੇ ਸਨ। ਮਾਧੋਦਾਸ ਜਿਸ ਦਾ ਨਾਂ ਗੁਰੂ ਦੇ ਦਰਬਾਰ ਵਿਚ ਬੰਦਾ-ਗੁਰੂ ਦਾ ਬੰਦਾ ਹੀ ਹੋ ਗਿਆ ਸੀ, ਸਾਖੀ ਸੁਣ ਕੇ ਉਠਿਆ ਤੇ ਕਹਿਣ ਲੱਗਾ ਗੁਰੂ ਜੀ ਹੁਣ ਹੋਰ ਇੰਤਜਾਰ ਨਹੀਂ ਹੁੰਦਾ-ਆਪਣਾ ਕਾਰਜ ਸ਼ੁਰੂ ਕਰਨਾ ਚਾਹੀਦਾ ਹੈ-ਜਦੋਂ ਵੀ ਉਸ ਦੀ ਲੋੜ ਹੋਵੇ ਤਾਂ ਸੱਦ ਭੇਜਿਆ ਜਾਏ ਤੇ ਉਹ ਗੁਰੂ ਜੀ ਕੋਲੋਂ ਇਜਾਜ਼ਤ ਲੈ ਕੇ ਆਪਣੇ ਡੇਰੇ ਤੁਰ ਗਿਆ।

ਥੋੜੇ ਦਿਨਾਂ ਬਾਅਦ ਗੁਰੂ ਜੀ ਕੁਝ ਸਿੰਘਾਂ ਨੂੰ ਨਾਲ ਲੈ ਕੇ ਸ਼ਿਕਾਰ ਕਰਨ ਨਿਕਲੇ ਤੇ ਬੰਦੇ ਦੇ ਡੇਰੇ ਜਾ ਪਹੁੰਚੇ। ਬੰਦੇ ਨੇ ਹੌਲੀ ਜਹੀ ਫਤੇਹ ਬੁਲਾਈ। ਗੁਰੂ ਜੀ ਨੇ ਕੜਕ ਕੇ ਕਿਹਾ ਕਿ ਤੈਨੂੰ ਅਜੇ ਤੱਕ ਫਤੇਹ ਬਲੋਣੀ ਨਹੀਂ ਆਈ। ਬੰਦੇ ਨੇ ਹੱਥ ਜੋੜ ਕੇ ਜਵਾਬ ਦਿੱਤਾ, ਉਸ ਨੂੰ ਅਜੇ ਮੀਰੀ-ਪੀਰੀ ਵਾਲੀਆਂ ਦੋ ਤਲਵਾਰਾਂ ਨਹੀਂ ਮਿਲੀਆਂ। ਗੁਰੂ ਜੀ ਜਾਣ ਗਏ ਕਿ ਬੰਦਾ ਅੰਮ੍ਰਿਤ ਛਕਣਾ ਚਾਹੁੰਦਾ ਹੈ। ਗੁਰੂ ਜੀ ਨੇ ਬੰਦੇ ਨੂੰ ਕਿਹਾ ਕਿ ਉਹ ਸਭ ਕੁਝ ਛੱਡ ਕੇ ਉਨਾਂ ਦੇ ਡੇਰੇ ਵਿਚ ਆ ਜਾਵੇ। ਉੱਥੋਂ ਵਾਪਸ ਆ ਗਏ।

ਥੋੜੇ ਹੀ ਦਿਨਾਂ ਵਿਚ ਗੁਰੂ ਜੀ ਦੇਖਦੇ ਹਨ ਕਿ ਬੰਦਾ, ਬੜੀ ਚੜਦੀ ਕਲਾ ਵਿਚ, ਇਕ ਬਹੁਤ ਹੀ ਪ੍ਰਭਾਵੀ ਘੋੜੇ ਤੇ ਆ ਰਿਹਾ ਸੀ। ਉਹ ਘੋੜਾ ਉਨਾਂ ਨੂੰ ਇਸ ਤਰਾਂ ਲੱਗਾ ਜਿਸ ਤਰਾਂ ਅਲੈਗਜੈਂਡਰ ਦੇ ਘੋੜੇ ਦੇ ਭਰਾ ਦੀ ਔਲਾਦ ਵਿਚੋਂ ਹੋਵੇ। ਅਲੈਗਜੈਂਡਰ ਦੇ ਘੋੜੇ ਨੇ ਉਸ ਨੂੰ ਦੁਨੀਆ ਅਧੀਨ ਕਰਨ ਵਿਚ ਮਦਦ ਕੀਤੀ ਪਰ ਇਹ ਘੋੜਾ ਬੰਦੇ ਨੂੰ ਅਧੀਨ ਹੋਈ ਦੁਨੀਆ ਨੂੰ ਆਜਾਦ ਕਰਨ ਵਿਚ ਮਦਦ ਕਰੇਗਾ। ਗੁਰੂ ਜੀ ਨੇ ਘੋੜੇ ਨੂੰ ਲਗਾਮ ਤੋਂ ਫੜ ਕੇ ਉਸ ਦੀ ਪਿੱਠ 'ਤੇ ਹੱਥ ਫੇਰਿਆ ਤੇ ਕਿਸੇ ਸਿੰਘ ਨੂੰ ਬੁਲਾ ਕੇ ਉਸ ਦੀ ਦੇਖ ਭਾਲ ਦੀ ਜਿੰਮੇਵਾਰੀ ਲਾ ਦਿੱਤਾ। ਬੰਦਾ ਅੰਮ੍ਰਿਤ ਛਕਣ ਵਾਲਿਆਂ ਦੀ ਕਤਾਰ ਵਿਚ ਜਾ ਖੜਿਆ। ਬੰਦਾ ਅੰਮ੍ਰਿਤ ਛਕ ਕੇ ਬੰਦਾ ਸਿੰਘ ਤੇ ਸਰਹੰਦ ਅਤੇ ਪੰਜਾਬ ਨੂੰ ਜਿੱਤ 'ਬੰਦਾ ਸਿੰਘ ਬਹਾਦਰ' ਬਣ ਗਿਆ।

ਅੰਤ ਬੰਦਾ ਸਿੰਘ ਬਹਾਦਰ ਫੜਿਆ ਗਿਆ। ਪਰ ਮੈਨੂੰ ਯਕੀਨ ਹੈ ਅਗਰ ਅਜੈ ਸਿੰਘ ਤੇ ਅਜੈ ਸਿੰਘ ਦੀ ਮਾਂ ਗੁਰਦਾਸ ਨੰਗਲ ਦੀ ਗੜੀ ਦੇ, ਘੇਰੇ ਵਿਚ ਬੰਦੇ ਨਾਲ ਨਾ ਹੁੰਦੇ ਤਾਂ ਬੰਦਾ ਸਿੰਘ ਬਹਾਦਰ ਨੂੰ ਕੋਈ ਜਿੰਦਾ ਨਾ ਫੜ ਸਕਦਾ। ਉਸ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕੱਟ ਕੇ ਉਸ ਦਾ ਦਿਲ ਬੰਦਾ ਸਿੰਘ ਬਹਾਦਰ ਨੂੰ ਡੋਲਣ ਲਈ ਜਦ ਉਸ ਦੇ ਮੂੰਹ ਵਿਚ ਧੱਕਿਆ ਗਿਆ, ਤ੍ਰਬਕ ਕੇ ਮੇਰੀ ਜਾਗ ਖੁੱਲ ਗਈ। ਸੋਚਿਆ ਹਿਰਨੀ ਦੇ ਬੱਚਿਆਂ ਤਾਂ ਕੀ, ਉਸ ਦਾ ਆਪਣਾ ਬੱਚਾ ਵੀ ਉਸ (ਬੰਦਾ ਸਿੰਘ ਬਹਾਦਰ) ਡੋਲਾ ਨਾ ਸਕਿਆ।

ਡਾ. ਸੁਖਦਿਆਲ ਸਿੰਘ ਦੀ ਕਿਤਾਬ, ਖ਼ਾਲਸਾ ਇਨਕਲਾਬ ਵਿਚੋਂ

'ਬੰਦੇ ਚੁੱਕ ਕੇ ਬਾਲ ਨੂੰ ਪਹਿਲਾਂ ਕੀਤਾ ਪਿਆਰ।

ਬਾਕੀ ਸਫ਼ਾ 30 'ਤੇ

## ਇਤਿਹਾਸ ਬਾਰੇ ਜਾਣਕਾਰੀ

ਲੜੀ ਨੰਬਰ-11



ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ

### (ਵੈਦਿਕ ਸੱਭਿਅਤਾ)

1. ਆਰੀਆ ਲੋਕ ਕਦੋਂ ਭਾਰਤ ਆਏ ?
- 1500ਈ ਪੂ: ਤੋਂ 1000 ਈ ਪੂ:

2. ਆਰੀਆ ਲੋਕ ਕਿਹੜੇ ਰਸਤੇ ਭਾਰਤ ਆਏ ?
- ਅਫ਼ਗਾਨਿਸਤਾਨ ਦੇ ਰਸਤੇ

3. ਆਰੀਆ ਦਾ ਕੀ ਅਰਥ ਹੁੰਦਾ ਹੈ ?
- ਸ੍ਰੇਸ਼ਟ

4. ਸਵਾਮੀ ਦਯਾਨੰਦ ਨੇ ਆਪਣੀ ਕਿਹੜੀ ਪੁਸਤਕ ਵਿੱਚ ਤਿੱਬਤ ਦਾ ਸਿਧਾਂਤ ਦਿੱਤਾ ?
-ਸਤਿਆਰਥ ਪ੍ਰਕਾਸ਼

5. ਆਰਕਟਿਕ ਹੋਮ ਇਨ ਵੇਦਾਜ਼ ਦਾ ਲੇਖਕ ਕੌਣ ਹੈ ?
- ਬਾਲ ਗੰਗਾਧਰ ਤਿਲਕ

6. ਬਾਲ ਗੰਗਾਧਰ ਤਿਲਕ ਅਨੁਸਾਰ ਆਰੀਆ ਕਿੱਥੋਂ ਦੇ ਮੂਲ ਨਿਵਾਸੀ ਸਨ ?
- ਉੱਤਰੀ ਧਰੁਵ ਦੇ

7. ਆਰੀਆ ਦੇ ਮੂਲ ਨਿਵਾਸੀ ਸੰਬੰਧੀ ਕਿਹੜੇ ਸਿਧਾਂਤ ਨੂੰ ਸਭ ਤੋਂ ਜਿਆਦਾ ਵਿਦਵਾਨ ਸਹੀ ਮੰਨਦੇ ਹਨ ?
-ਮੱਧ ਏਸ਼ੀਆ ਸਿਧਾਂਤ

8. ਸਭ ਤੋਂ ਪਹਿਲਾਂ ਕਿਹੜੇ ਵੇਦ ਦੀ ਰਚਨਾ ਕੀਤੀ ਗਈ ?
- ਰਿਗਵੇਦ

9. ਰਿਗਵੇਦ ਤੋਂ ਬਾਅਦ ਕਿਹੜੇ ਤਿੰਨ ਵੇਦ ਰਚੇ ਗਏ ?
-ਸਾਮਵੇਦ, ਯਜੁਰਵੇਦ, ਅਥਰਵਵੇਦ

10. ਰਿਗਵੇਦ ਵਿੱਚ ਕਿੰਨੇ ਮੰਤਰ ਅਤੇ ਸੂਕਤ ਹਨ ?
- 10552 ਮੰਤਰ ਅਤੇ 1028 ਸੂਕਤ

11. ਰਿਗਵੇਦ ਨੂੰ ਕਿੰਨੇ ਮੰਡਲਾਂ ਵਿੱਚ ਵੰਡਿਆ ਗਿਆ ਹੈ ?
-10

12. ਉਪਨਿਸ਼ਦਾਂ ਦੀ ਗਿਣਤੀ ਕਿੰਨੀ ਹੈ ?
- 108

13. ਆਰੀਆ ਦੇ ਮੂਲ ਨਿਵਾਸ ਸੰਬੰਧੀ ਸਪਤ ਸਿੰਧੂ ਸਿਧਾਂਤ ਕਿਸਨੇ ਦਿੱਤਾ ਸੀ ?
-ਏ ਸੀ ਦਾਸ, ਕੇ ਐਮ ਮੁਨਸ਼ੀ ਅਤੇ ਡਾਕਟਰ ਸੰਪੂਰਨਾਨੰਦ

14. ਆਰੀਆ ਦੇ ਮੂਲ ਨਿਵਾਸ ਸੰਬੰਧੀ ਤਿੱਬਤ ਦਾ ਸਿਧਾਂਤ ਕਿਸਦੀ ਦੇਣ ਹੈ ?
-ਸਵਾਮੀ ਦਯਾਨੰਦ

15. ਆਰੀਆ ਦੇ ਮੂਲ ਨਿਵਾਸੀ ਸੰਬੰਧੀ ਕਿਹੜੇ ਸਿਧਾਂਤ ਨੂੰ ਸਭ ਤੋਂ ਜਿਆਦਾ ਵਿਦਵਾਨ ਸਹੀ ਮੰਨਦੇ ਹਨ ?
-ਮੱਧ ਏਸ਼ੀਆ ਸਿਧਾਂਤ

16. ਆਰੀਆ ਨੂੰ ਭਾਰਤ ਵਿੱਚ ਕਿਹੜੇ ਕਬੀਲਿਆਂ ਨਾਲ ਲੜਨਾ ਪਿਆ ?
-ਦਰਾਵਿੜ ਜਾਂ ਦੱਸਯੂ ਅਤੇ ਪਣੀ

17. ਆਰੀਆ ਦੀ ਭਾਰਤ ਵਿੱਚ ਜਿੱਤ ਦਾ ਵੱਡਾ ਕਾਰਨ ਕੀ ਸੀ ?
-ਚੰਗੇ ਹਥਿਆਰ ਅਤੇ ਤੇਜ਼ ਰਫਤਾਰ ਰਥ

18. ਸ਼ੁਰੂ ਵਿਚ ਆਰੀਆ ਕਿਸ ਪ੍ਰਦੇਸ ਵਿੱਚ ਵਸੇ ?
-ਸਪਤ ਸਿੰਧੂ ਪ੍ਰਦੇਸ਼ ਵਿੱਚ

19. ਸਪਤ ਸਿੰਧੂ ਪ੍ਰਦੇਸ ਵਿੱਚ ਕਿਹੜੀਆਂ ਸੱਤ ਨਦੀਆਂ ਵਹਿੰਦੀਆਂ ਸਨ ?
-ਸਤਲੁਜ, ਰਾਵੀ, ਬਿਆਸ, ਚਨਾਬ, ਜੇਹਲਮ, ਸਿੰਧ ਅਤੇ ਸਰਸਵਤੀ

20. ਸਪਤ ਸਿੰਧੂ ਨੂੰ ਬ੍ਰਹਮਵਰਤ ਦਾ ਨਾਂ ਕਿਉਂ ਦਿੱਤਾ ਗਿਆ ?
-ਕਿਉਂਕਿ ਇੱਥੇ ਰਿਗਵੇਦ ਦੀ ਰਚਨਾ ਹੋਈ

21. ਸਪਤ ਸਿੰਧੂ ਤੋਂ ਬਾਅਦ ਆਰੀਆ ਕਿਹੜੇ ਮੈਦਾਨਾਂ ਵੱਲ ਵਧੇ ?
-ਗੰਗਾ ਦੇ ਮੈਦਾਨਾਂ ਵੱਲ

22. ਆਰੀਆ ਨੇ ਗੰਗਾ ਦੇ ਮੈਦਾਨੀ ਇਲਾਕੇ ਨੂੰ ਕੀ ਨਾ ਦਿੱਤਾ ?
- ਆਰੀਆਵਰਤ

23. ਯੂਰਾਲ ਪਰਬਤ ਦਾ ਸਿਧਾਂਤ ਕਿਹੜੇ ਵਿਦਵਾਨ ਨੇ ਦਿੱਤਾ ?
-ਕੋਇਨੋ

24. ਮਹਾਂਭਾਰਤ ਵਿੱਚ ਕਿੰਨੇ ਸਲੋਕ ਦਿੱਤੇ ਗਏ ਹਨ ?
-1 ਲੱਖ ਤੋਂ ਵੱਧ

25. ਭਗਵਤ ਗੀਤਾ ਕਿਸਦਾ ਹਿੱਸਾ ਹੈ ?
-ਮਹਾਂਭਾਰਤ ਦਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਜਨਬੀ...

## ਭਾਗ-1,2



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਪਾਦਰੀ ਨੇ ਪ੍ਰਾਰਥਨਾਵਾਂ ਸ਼ੁਰੂ ਕਰ ਦਿੱਤੀਆਂ। ਇਸ ਪਿੱਛੋਂ ਸਾਰੇ ਲੋਕ ਤੁਰ ਪਏ। ਕਾਲੇ ਰੰਗ ਦੀ ਇਕ ਪੱਟੀ ਨੂੰ ਫੜੀ ਉਹ ਚਾਰੇ ਜਣੇ ਤਾਬੂਤ ਕੋਲ ਆ ਗਏ। ਉਨਾਂ ਦੇ ਪਿੱਛੇ-ਪਿੱਛੇ ਲਾਈਨ ਵਿਚ ਪਾਦਰੀ, ਪ੍ਰਾਰਥਨਾ ਗਾਉਣ ਵਾਲੇ ਮੁੰਡੇ ਤੇ ਫੇਰ ਮੈਂ। ਇਕ ਔਰਤ ਦਰਵਾਜ਼ੇ ਨਾਲ ਲੱਗੀ ਖੜੀ ਸੀ। ਇਸ ਨੂੰ ਮੈਂ ਪਹਿਲਾਂ ਨਹੀਂ ਸੀ ਦੇਖਿਆ। ਵਾਰਡਨ ਨੇ ਉਸਨੂੰ ਦੱਸਿਆ, 'ਇਹੀ ਮੋਸ਼ੀਓ ਮਯੋਰਸੋਲ ਨੇ।' ਉਸਦਾ ਨਾਂ ਮੇਰੇ ਪੱਲੇ ਨਹੀਂ ਪਿਆ। ਪਰ ਇਹ ਸਮਝ ਗਿਆ ਕਿ ਉਹ ਇਸੇ ਆਸ਼ਰਮ ਦੀ ਪ੍ਰਚਾਰਕ ਸਿਸਟਰ ਏ। ਮੇਰੀ ਜਾਣ-ਪਛਾਣ ਦੇ ਨਾਲ ਉਸਦੇ ਲੰਮੇਂ, ਸੁੱਕੜ-ਜਿਹੇ ਚਿਹਰੇ ਉੱਤੇ ਮੁਸਕਰਾਹਟ ਦੀ ਇਕ ਲਕੀਰ ਵੀ ਨਹੀਂ ਆਈ। ਬਸ, ਉਹ ਜ਼ਰਾ ਜਿੰਨਾ ਸਾਹਮਣੇ ਵੱਲ ਝੁਕ ਕੇ ਰਹਿ ਗਈ। ਤਾਬੂਤ ਨੂੰ ਲੰਘ ਜਾਣ ਦੇਣ ਲਈ ਅਸੀਂ ਲੋਕ ਦਰਵਾਜ਼ੇ 'ਚੋਂ ਹਟ ਕੇ ਖੜੇ ਹੋ ਗਏ। ਤਾਬੂਤ ਨਿਕਲ ਗਿਆ ਤਾਂ ਲੈ ਜਾਣ ਵਾਲਿਆਂ ਦੇ ਪਿੱਛੇ-ਪਿੱਛੇ ਹੋ ਲਏ ਤੇ ਲੰਮਾ ਸਾਰਾ ਵਰਾਂਡਾ ਪਾਰ ਕਰਕੇ ਸਾਹਮਣੇ ਵਾਲੇ ਫਾਟਕ 'ਤੇ ਆ ਗਏ। ਇੱਥੇ ਤਾਬੂਤ ਦੇ ਲਈ ਗੱਡੀ ਤਿਆਰ ਖੜੀ ਸੀ। ਲੰਮੀਂ ਚਮਚਮ ਕਰਦੀ ਕਾਲੀ ਵਾਰਨਿਸ਼ਪੁਚੀ ਇਸ ਗੱਡੀ ਨੂੰ ਦੇਖ ਕੇ ਮੈਨੂੰ ਦਫ਼ਤਰ ਦੇ ਕਲਮਦਾਨ ਦਾ ਧੁੰਦਲਾ-ਜਿਹਾ ਖ਼ਿਆਲ ਆਇਆ।

ਗੱਡੀ ਦੇ ਕੋਲ ਈ ਅਜੀਬੋ-ਗਰੀਬ ਕੱਪੜੇ ਪਾਈ ਇਕ ਛੋਟਾ-ਜਿਹਾ ਆਦਮੀ ਖੜਾ ਸੀ। ਪਿੱਛੋਂ ਮੈਨੂੰ ਪਤਾ ਲੱਗਾ ਕਿ ਇਹ ਸਾਹਬ ਅੰਤਮ-ਕਿਰਿਆਵਾਂ ਦੇ ਨਿਗਰਾਨ ਨੇ-ਇਕ ਤਰਾਂ ਨਾਲ ਪਰੋਹਤ ਈ ਸਮਝੋ। ਉਸਦੇ ਕੋਲ ਈ, ਬੜੇ ਲਾਚਾਰ ਤੇ ਸੰਗਦੇ-ਸੁੰਗੜੇ ਜਿਹੇ ਦਿਸਣ ਵਾਲੇ ਮੇਰੀ ਮਾਂ ਦੇ ਖਾਸੁਲਖਾਸ ਮਿੱਤਰ ਸ਼੍ਰੀਮਾਨ ਪੀਰੇ ਖੜੇ ਸਨ। ਸਿਰ 'ਤੇ ਫਲੈਟ ਹੈਟ ਸੀ, ਜਿਸਦੀ ਟੋਪੀ ਫਿਰਨੀ ਵਾਲੇ ਭਾਂਡੇ ਵਰਗੀ ਤੇ ਕਿਨਾਰੇ ਬੜੇ ਚੌੜੇ ਸਨ। ਬੂਟਾਂ ਉੱਤੇ ਹਾਰਮੋਨੀਅਮ ਦੇ ਪਰਦੇ ਵਾਂਗ ਤਾਲ-ਲੈਅ ਦਿਖਾਉਂਦੀ ਪਤਲੂਨ ਤੇ ਚੌੜੇ-ਚੌੜੇ ਉੱਚੇ ਸਫੇਦ ਕਾਲਰਾਂ 'ਤੇ ਬੜੀ ਪਿੱਦੀ-ਜਿਹੀ ਲੱਗਦੀ ਕਾਲੀ ਟਾਈ। ਜਿਵੇਂ ਈ ਤਾਬੂਤ ਦਰਵਾਜ਼ੇ 'ਚੋਂ ਬਾਹਰ ਨਿਕਲਿਆ-ਆਪ ਜੀ ਨੇ ਝਟਕੇ ਨਾਲ ਟੋਪ ਲਾਹ ਦਿੱਤਾ। ਪਕੌੜੇ ਵਰਗੇ ਫੁੱਲੇ, ਫੁੰਸੀਆਂ ਭਰੇ ਨੱਕ ਹੇਠ ਬੁੱਲ ਫੜਕ ਰਹੇ ਸਨ। ਪਰ ਸਭ ਤੋਂ ਵੱਧ ਧਿਆਨ ਉਨਾਂ ਦੇ ਕੰਨਾਂ ਨੇ ਖਿੱਚਿਆ। ਪੁੜਪੁੜੀਆਂ ਦੀ ਸਫੇਦੀ ਪਿੱਛੇ ਲਾਖ ਦੀਆਂ ਗੇਂਦਾ ਵਾਂਗ ਦਿਸਦੇ ਬਾਹਰ ਵੱਲ ਨੂੰ ਨਿਕਲੇ ਲਾਲ-ਲਾਲ ਕੰਨ ਤੇ ਉਨਾਂ ਦੇ ਚਾਰੇ ਪਾਸੇ, ਸਿਰਿਆਂ ਉੱਤੇ, ਸਫੇਦ-ਸਫੇਦ ਰੇਸ਼ਮੀ ਵਾਲਾਂ ਦੇ ਗੁੱਛਿਆਂ ਦੀ ਝਾਲਰ।

ਅੰਡਰਟੇਕਰ ਦੇ ਸੇਵਕਾਂ ਨੇ ਸਾਨੂੰ ਹੱਕ ਕੇ ਆਪੋ-ਆਪਣੀ ਜਗਾ 'ਤੇ ਕਰ ਦਿੱਤਾ। ਭਾਵ ਗੱਡੀ ਦੇ ਸਾਹਮਣੇ ਪਾਦਰੀ ਤੇ ਇੱਧਰ-ਉੱਧਰ ਕਾਲੇ ਕੱਪੜੇ ਪਾਈ ਚਾਰੇ ਆਦਮੀ ਤੇ ਗੱਡੀ ਦੇ ਪਿੱਛੇ-ਪਿੱਛੇ ਮੈਂ ਤੇ ਵਾਰਡਨ। ਸਭ ਨਾਲੋਂ ਪਿੱਛੇ ਸ਼੍ਰੀਮਾਨ ਪੀਰੇ ਤੇ ਨਰਸ।

ਧੁੱਪ ਆਸਮਾਨ ਵਿਚ ਲਪਟਾਂ ਮਾਰਨ ਲੱਗ ਪਈ ਸੀ ਤੇ ਝੁਲਸਾ ਤੇਜ਼ੀ ਨਾਲ ਵਧ ਰਿਹਾ ਸੀ। ਤਾਪ ਦੀਆਂ ਪਹਿਲੀਆਂ ਲਪਟਾਂ ਆਪਣੀ ਪਿੱਠ 'ਤੇ ਮੈਨੂੰ ਇੰਜ ਲੱਗੀਆਂ ਜਿਵੇਂ ਗਰਮ ਜੀਭ ਨਾਲ ਕੋਈ ਚੱਟ ਰਿਹਾ ਹੋਵੇ। ਕਾਲੇ ਸੂਟ ਨੇ ਹਾਲਤ ਹੋਰ ਵੀ ਖ਼ਰਾਬ ਕਰ ਦਿੱਤੀ ਸੀ। ਪਤਾ ਨਹੀਂ ਰਵਾਨਾ ਹੋਣ ਵਿਚ ਏਨੀ ਦੇਰ ਕਰਨ ਦਾ ਕੀ ਕਾਰਨ ਸੀ ? ਸ਼੍ਰੀਮਾਨ ਪੀਰੇ ਨੇ ਹੁਣ ਫੇਰ ਟੋਪ ਲਾਹ ਕੇ ਹੱਥ ਵਿਚ ਫੜ ਲਿਆ। ਵਾਰਡਨ ਨੇ ਜਦੋਂ ਉਨਾਂ ਬਾਰੇ ਹੋਰ ਵੀ ਦੱਸਣਾ ਸ਼ੁਰੂ ਕੀਤਾ ਤਾਂ ਮੈਂ ਉਨਾਂ ਵੱਲ ਜ਼ਰਾ ਤਿਰਛਾ ਮੁੜ-ਮੁੜ ਕੇ ਦੇਖਣ ਲੱਗਾ। ਮੈਨੂੰ ਯਾਦ ਏ, ਵਾਰਡਨ ਆਖੀ ਜਾ ਰਿਹਾ ਸੀ, 'ਸ਼ਾਮ ਦੀ ਠੰਢਕ ਸਮੇਂ ਮਾਂ ਤੇ ਇਹ ਸ਼੍ਰੀਮਾਨ ਪੀਰੇ, ਕਾਫ਼ੀ ਦੂਰ-ਦੂਰ ਤਕ, ਇਕੱਠੇ ਟਹਿਲਣ ਜਾਂਦੇ ਹੁੰਦੇ ਸੀ। ਕਦੀ-ਕਦੀ ਇਹ ਪਿੰਡ ਤਕ ਹੋ ਆਉਂਦੇ। ਹਾਂ-ਹਾਂ, ਨਰਸ ਤਾਂ ਇਨਾਂ ਦੇ ਨਾਲ ਈ ਹੁੰਦੀ ਸੀ।'

ਹੁਣ ਮੈਂ ਉਸ ਖ਼ੁਸ਼ਕ ਵਾਤਾਵਰਣ ਤੇ ਉਸ ਪਿੰਡ ਵੱਲ ਨਿਗਾਹ ਮਾਰੀ। ਦੇਖਿਆ, ਮੋਰਪੰਖੀ ਦੇ ਰੁੱਖ ਧਰਤੀ ਦੀ ਉਠਾਣ ਦੇ ਨਾਲ ਹੇਠੋਂ ਸੰਘਣੇ ਤੇ ਦੂਰ ਵੱਲ ਨੂੰ ਭੀੜੀ ਹੁੰਦੀ ਦਿਸਹੱਦੇ ਦੀ ਲਕੀਰ ਦੇ ਨਾਲ-ਨਾਲ ਪਹਾੜੀਆਂ ਤੀਕ ਚਲੇ ਗਏ ਨੇ। ਤਪੀ ਲਾਲ ਧਰਤੀ ਜਗਾ-ਜਗਾ ਹਰਿਆਲੀ ਨਾਲ ਭਰੀ ਏ ਤੇ ਇੱਥੇ-ਉੱਥੇ ਕੋਈ-ਕੋਈ, ਟਾਵਾਂ-ਟਾਵਾਂ ਮਕਾਨ ਈ ਖੜਾ ਏ। ਤੇਜ਼ ਧੁੱਪ ਵਿਚ ਉਸਦਾ ਇਕ-ਇਕ ਕੋਨਾ ਤੇ ਮੋੜ ਦਾ ਉਭਾਰ ਸਾਫ਼ ਦਿਸ ਰਿਹਾ ਏ। ਇਸ ਸਾਰੇ ਦ੍ਰਿਸ਼ ਨੂੰ ਦੇਖ ਕੇ ਮਾਂ ਦੇ ਮਨ ਦੀ ਗੱਲ ਮੇਰੀ ਸਮਝ 'ਚ ਆਉਣ ਲੱਗੀ। ਇਸ ਪ੍ਰਦੇਸ ਵਿਚ ਸ਼ਾਮ ਦੇ ਸਮੇਂ ਜ਼ਰੂਰ ਈ ਬੜੀ ਮਨਹੂਸ ਤੇ ਨੀਰਸ ਕਿਸਮ ਦੀ ਸ਼ਾਂਤੀ ਛਾਈ ਰਹਿੰਦੀ ਹੋਵੇਗੀ। ਇਸ ਸਮੇਂ ਸਵੇਰ ਦੀ ਇਸ ਖੁੱਲੀ ਸਾਫ਼ ਧੁੱਪ ਵਿਚ ਵੀ ਜਦੋਂ ਸਭ ਕੁਝ ਲੂ-ਲਪਟਾਂ ਵਿਚ ਲਿਪਟਿਆ ਲਿਸ਼-ਲਿਸ਼ ਚਮਕ ਰਿਹਾ ਏ ਤਾਂ ਵੀ ਤਾਂ ਇਸ ਖੁੱਲੇ ਫ਼ੈਲੇ ਵਿਸਥਾਰ ਨੂੰ ਦੇਖ ਕੇ ਇੰਜ ਮਹਿਸੂਸ ਹੁੰਦਾ ਏ ਜਿਵੇਂ ਇੱਥੇ ਕੁਝ ਅਣਮਨੁੱਖੀ ਏ-ਕੁਝ ਹੈ, ਜਿਹੜਾ ਮਨ ਨੂੰ ਬੁਝਾ ਦਿੰਦਾ ਏ।

ਆਖ਼ਰਕਾਰ ਕਾਫ਼ਲਾ ਤੁਰ ਪਿਆ। ਉਦੋਂ ਮੈਂ ਪਹਿਲੀ ਵਾਰ ਦੇਖਿਆ ਕਿ ਪੀਰੇ ਥੋੜਾ ਪੈਰ ਖਿੱਚ ਕੇ ਤੁਰਦੇ ਨੇ। ਗੱਡੀ ਦੀ ਚਾਲ ਜ਼ਰਾ ਤੇਜ਼ ਹੋਈ ਤਾਂ ਵਿਚਾਰੇ ਸ਼੍ਰੀਮਾਨ ਪੀਰੇ ਕਦਮ-ਕਦਮ ਪਿਛੜਣ ਲੱਗੇ। ਗੱਡੀ ਦੇ ਨਾਲ-ਨਾਲ ਤੁਰਨ ਵਾਲਾ ਇਕ ਆਦਮੀ ਵੀ ਪਿਛੇ ਰਹਿੰਦਾ-ਰਹਿੰਦਾ, ਮੇਰੇ ਨਾਲ ਆ ਰਲਿਆ। ਦੇਖ ਕੇ ਹੈਰਾਨੀ ਹੁੰਦੀ ਸੀ ਕਿ ਆਸਮਾਨ ਵਿਚ ਸੂਰਜ ਨੂੰ ਖੰਭ ਲੱਗ ਗਏ ਨੇ-ਹੁਣੇ ਇੱਥੇ ਤੇ ਹੁਣੇ ਉੱਥੇ। ਉਦੋਂ ਮੈਂ ਧਿਆਨ ਦਿੱਤਾ, ਕਾਫ਼ੀ ਦੇਰ ਤੋਂ ਹਵਾ ਵਿਚ ਝੁਲਸੀ ਘਾਹ ਦੀ ਸਰਸਰਾਹਟ ਤੇ ਭੁੰਗਾਂ (ਫਲਾਂ ਤੇ ਫੁੱਲਾਂ ਉੱਤੇ ਉੱਡਣ ਵਾਲੇ ਕੀੜੇ) ਦੀ ਭੀਂ-ਭੀਂ ਗੂੰਜ ਰਹੀ ਏ। ਪਸੀਨਾ ਮੇਰੇ ਚਿਹਰੇ 'ਤੇ ਚੋਅ ਆਇਆ ਸੀ। ਟੋਪ ਨਹੀਂ ਸੀ, ਇਸ ਲਈ ਮੈਂ ਰੁਮਾਲ ਨਾਲ ਈ ਹਵਾ ਕਰਨ ਲੱਗ ਪਿਆ।

ਅੰਡਰਟੇਕਰ ਦੇ ਆਦਮੀ ਨੇ ਮੇਰੇ ਵੱਲ ਭੌਂ ਕੇ ਕੁਝ ਕਿਹਾ। ਮੈਂ ਉਸਦੀ ਗੱਲ ਨਹੀਂ ਸਮਝ ਸਕਿਆ। ਸੱਜੇ ਹੱਥ ਨਾਲ ਟੋਪ ਨੂੰ ਤਿਰਛਾ ਚੁੱਕਦੇ ਹੋਏ ਉਸਨੇ ਖੱਬੇ ਹੱਥ ਨਾਲ ਆਪਣੀ ਗੰਜੀ ਟਿੰਡ ਪੂੰਝੀ। ਮੈਂ ਪੁੱਛਿਆ, 'ਤੁਸੀਂ ਕੁਛ ਕਹਿ ਰਹੇ ਸੀ ਨਾ ?' ਉਸਨੇ ਆਸਮਾਨ ਵੱਲ ਇਸ਼ਾਰਾ ਕਰਕੇ ਕਿਹਾ, 'ਅੱਜ ਗਜ਼ਬ ਦੀ ਧੁੱਪ ਏ। ਕਿਓਂ, ਹੈ ਨਾ ?'

'ਜੀ ਹਾਂ।' ਮੈਂ ਕਿਹਾ।

ਕੁਝ ਚਿਰ ਬਾਅਦ ਉਸਨੇ ਪੁੱਛਿਆ, 'ਅਸੀਂ ਲੋਕ ਤੁਹਾਡੀ ਮਾਂ ਨੂੰ ਈ ਤਾਂ ਦਫ਼ਨ ਕਰਨ ਲੈ ਜਾ ਰਹੇ ਆਂ ਨਾ ?'

'ਜੀ ਹਾਂ।' ਮੈਂ ਫੇਰ ਬੋਲਿਆ।

'ਕਿੰਨੀ ਉਮਰ ਸੀ ?'

'ਇਹੀ...ਸਮਝੋ ਕਿ ਕਿਸੇ ਤਰਾਂ ਚੱਲ ਰਹੀ ਸੀ। ਪਰ ਸੱਚ ਤਾਂ ਇਹ ਐ ਕਿ ਉਨਾਂ ਦੀ ਸਹੀ-ਸਹੀ ਉਮਰ ਦਾ ਮੈਨੂੰ ਵੀ ਚੇਤਾ ਨਈਂ।'

ਉਸ ਪਿੱਛੋਂ ਉਹ ਚੁੱਪ ਹੋ ਗਿਆ। ਭੌਂ ਕੇ ਦੇਖਿਆ, ਸ਼੍ਰੀਮਾਨ ਪੀਰੇ ਸਾਹਬ ਪੰਜਾਹ ਕੁ ਗਜ ਪਿੱਛੇ, ਲੰਗੜਾਉਂਦੇ ਹੋਏ, ਘਿਸਟਦੇ ਆ ਰਹੇ ਸਨ। ਨਾਲ ਰਲੇ ਰਹਿਣ ਦੀ ਕੋਸ਼ਿਸ਼ ਵਿਚ ਆਪਣੇ ਵੱਡੇ ਸਾਰੇ ਫੈਲਟ ਹੈਟ ਨੂੰ, ਹੱਥ ਭਰ ਅੱਗੇ ਕਰਕੇ, ਝੁਲਾਉਂਦੇ ਆ ਰਹੇ ਸਨ। ਮੈਂ ਇਕ ਨਿਗਾਹ ਵਾਰਡਨ 'ਤੇ ਵੀ ਮਾਰੀ। ਉਹ ਬਿਨਾਂ ਚਿਹਰੇ 'ਤੇ ਕੋਈ ਭਾਵ ਲਿਆਏ ਬੜੇ ਚੁਸਤ ਤੇ ਨਪੇ-ਤੁਲੇ ਕਦਮਾਂ ਨਾਲ ਤੁਰ ਰਿਹਾ ਸੀ। ਮੱਥੇ ਉੱਤੇ ਪਸੀਨੇ ਦੇ ਘਰਾਲੇ ਵਹਿ ਰਹੇ ਸਨ-ਉਨਾਂ ਨੂੰ ਵੀ ਉਸਨੇ ਨਹੀਂ ਸੀ ਪੂੰਝਿਆ।

ਮੈਨੂੰ ਲੱਗਿਆ, ਸਾਡਾ ਇਹ ਛੋਟਾ-ਜਿਹਾ ਕਾਫ਼ਿਲਾ ਜ਼ਰਾ ਜ਼ਿਆਦਾ ਈ ਤੇਜ਼ ਚੱਲ ਰਿਹਾ ਏ। ਜਿੱਥੋਂ ਤੀਕ ਨਿਗਾਹ ਜਾਂਦੀ ਸੀ ਉੱਥੇ ਈ ਧੁੱਪ 'ਚ ਨਹਾਉਂਦੇ ਖੇਤ ਦਿਖਾਈ ਦਿੰਦੇ ਸਨ। ਆਸਮਾਨ ਵਿਚ ਅਜਿਹਾ ਚਮਕਾਰਾ ਸੀ ਕਿ ਉੱਤੇ ਝਾਕਿਆ ਨਹੀਂ ਸੀ ਜਾ ਰਿਹਾ। ਹੁਣ ਅਸੀਂ ਲੋਕ ਤਾਰਕੋਲ ਦੀ ਨਵੀਂ ਬਣੀ ਸੜਕ ਉੱਤੇ ਤੁਰ ਰਹੇ ਸੀ। ਇੱਥੇ ਧਰਤੀ 'ਤੇ ਗਰਮੀ ਦੀ ਲਹਿਰ, ਭਭਕਾਂ ਮਾਰ ਰਹੀ ਸੀ। ਪੈਰ ਰੱਖਦਿਆਂ ਈ ਪੈਰ ਫੱਚ ਕਰਕੇ ਚਿਪਕ ਜਾਂਦਾ ਤੇ ਚੁੱਕਦਿਆਂ ਈ ਟੋਏ ਵਰਗਾ ਕਾਲਾ ਚਮਕਦਾਰ ਨਿਸ਼ਾਨ ਪਿੱਛੇ ਰਹਿ ਜਾਂਦਾ। ਗੱਡੀ ਦੇ ਉਪਰੋਂ ਉੱਚਾ ਨਿਕਲਿਆ ਗੱਡੀ ਵਾਲੇ ਦਾ ਚਮ-ਚਮ ਕਰਦਾ ਕਾਲਾ ਟੋਪ ਵੀ ਇਸੇ ਚਿਪਚਿਪੇ ਤਾਰਕੋਲ ਨਾਲ ਪੁਚਿਆ ਜਾਪਦਾ ਸੀ। ਉਪਰਲੀ ਆਸਮਾਨੀਂ ਸਫੇਦੀ ਦਾ ਚਮਕਾਰਾ, ਤੇ



ਹੇਠਾਂ ਚਾਰੇ-ਪਾਸੇ ਦਾ ਇਹ ਕਾਲਾਪਨ, ਭਾਵ ਗੱਡੀ ਦਾ ਚਮਚਮ ਕਰਦਾ ਕਾਲਾਪਨ, ਸੇਵਕਾਂ ਦੇ ਕੱਪੜਿਆਂ ਦਾ ਚਮਕਹੀਨ ਕਾਲਾਪਨ ਤੇ ਸੜਕ ਉੱਤੇ ਬਣੀਆਂ ਪੈੜਾਂ ਦਾ ਇਹ ਸੁੰਦਰ ਕਾਲਾਪਨ-ਇਸ ਸਭ ਕੁਝ ਦੇਖ ਕੇ ਬੜਾ ਅਜੀਬ-ਜਿਹਾ ਅਹਿਸਾਸ ਹੁੰਦਾ ਸੀ-ਜਿਵੇਂ ਇਹ ਸਭ ਸੱਚ ਨਾ ਹੋਵੇ, ਕੋਈ ਸੁਪਨਾ ਹੋਵੇ। ਇਸ ਸਭ ਦੇ ਨਾਲ-ਨਾਲ ਮਾਹੌਲ ਉੱਤੇ ਛਾਈ ਹੋਈ ਸੀ, ਤਰਾਂ-ਤਰਾਂ ਦੀ ਗੰਧ-ਗੱਡੀ ਦੇ ਚਮੜੇ ਤੇ ਲਿੱਦ ਦੀ ਗੰਧ ਦੇ ਨਾਲ ਰਲੀ-ਮਿਲੀ ਲੋਬਾਨ ਤੇ ਅਗਰੂ (ਅਗਰਬੱਤੀ ਦੀ ਲੱਕੜ) ਦੀ ਗੰਧ ਦੇ ਭਭੂਕੇ। ਰਾਤ ਦੀ ਉੱਖੜੀ-ਉੱਖੜੀ ਨੀਂਦ ਦੀ ਖ਼ੁਮਾਰੀ ਤੇ ਇਸ ਸਾਰੇ ਮਾਹੌਲ ਸਦਕਾ ਮੈਨੂੰ ਲੱਗਦਾ ਸੀ ਜਿਵੇਂ ਮੇਰੀ ਨਜ਼ਰ ਤੇ ਵਿਚਾਰ-ਸ਼ਕਤੀ ਧੁੰਦਲੀ ਹੁੰਦੀ ਜਾ ਰਹੀ ਏ।

ਮੈਂ ਦੁਬਾਰਾ ਪਿੱਛੇ ਮੁੜ ਕੇ ਦੇਖਿਆ। ਇਸ ਵਾਰੀ ਪੀਰੇ ਸਾਹਬ ਬਹੁਤ ਈ ਪਿੱਛੇ ਰਹਿ ਗਏ ਦਿਖਾਈ ਦਿੱਤੇ। ਗਰਮੀ ਦੀ ਧੁੰਦ ਵਿਚ ਬਿੰਦ ਦਾ ਬਿੰਦ ਨਜ਼ਰ ਆਏ ਤੇ ਅਚਾਨਕ ਮੁੜ ਗਾਇਬ ਹੋ ਗਏ। ਆਖ਼ਰ ਗਏ ਕਿੱਥੇ ? ਕੁਝ ਚਿਰ ਦੀ ਮੱਥਾ ਮਾਰੀ ਪਿੱਛੋਂ ਮੈਂ ਅੰਦਾਜ਼ਾ ਲਾਇਆ ਕਿ ਸੜਕ ਛੱਡ ਕੇ ਖੇਤਾਂ ਵਿਚ ਦੀ ਹੋ ਲਏ ਹੋਣਗੇ। ਅੱਛਾ, ਤਾਂ ਪੀਰੇ ਸਾਹਬ ਨੇ ਸਾਨੂੰ ਫੜਨ ਲਈ ਕੋਈ ਪਗਡੰਡੀ ਫੜੀ ਏ, ਉਹ ਇੱਥੋਂ ਦੇ ਆਸੇ-ਪਾਸੇ ਦੇ ਸਾਰੇ ਰਸਤਿਆਂ ਦੇ ਖ਼ੂਬ ਸਿਆਣੂੰ ਨੇ। ਸੜਕ ਉੱਤੇ ਅਸੀਂ ਲੋਕ ਜਿਵੇਂ ਈ ਘੁੰਮੇ ਕਿ ਉਹ ਸਾਡੇ ਨਾਲ ਆ ਰਲੇ। ਪਰ ਹੌਲੀ-ਹੌਲੀ ਫੇਰ ਪਿੱਛੜਣ ਲੱਗੇ। ਅੱਗੇ ਜਾ ਕੇ ਉਹਨਾਂ ਨੇ ਫੇਰ ਇਕ ਪਗਡੰਡੀ ਫੜੀ। ਅੱਧੇ ਘੰਟੇ ਵਿਚ ਇੰਜ ਕਈ ਵਾਰੀ ਹੋਇਆ ਤਾਂ ਛੇਤੀ ਈ ਉਹਨਾਂ ਦੀ ਇਸ ਹਰਕਤ ਵਿਚ ਮੇਰੀ ਦਿਲਚਸਪੀ ਸਮਾਪਤ ਹੋ ਗਈ। ਪੁੜਪੁੜੀਆਂ ਵਿਚ ਸਾਂ-ਸਾਂ ਹੋਣ ਲੱਗ ਪਈ ਤੇ ਮੈਂ ਜਿਵੇਂ-ਤਿਵੇਂ ਆਪਣੇ-ਆਪ ਨੂੰ ਘਸੀਟਾ ਰਿਹਾ।

ਇਸ ਪਿੱਛੋਂ ਦਾ ਸਾਰਾ ਕੰਮ ਕੁਝ ਅਜਿਹੀ ਹਬੜ-ਦਬੜ ਤੇ ਕੁਝ ਅਜਿਹੇ ਨਪੇ-ਤੁਲੇ ਮਸ਼ੀਨੀ ਢੰਗ ਨਾਲ ਹੋਇਆ ਕਿ ਮੈਨੂੰ ਹੁਣ ਕੋਈ ਵੀ ਗੱਲ ਯਾਦ ਨਹੀਂ। ਹਾਂ, ਯਾਦ ਏ ਤਾਂ ਬਸ ਏਨਾ ਕਿ ਜਦੋਂ ਅਸੀਂ ਪਿੰਡ ਦੇ ਸਿਰੇ 'ਤੇ ਪਹੁੰਚੇ ਤਾਂ ਨਰਸ ਨੇ ਮੈਨੂੰ ਕੁਝ ਕਿਹਾ ਸੀ। ਉਸਦੀ ਆਵਾਜ਼ ਸੁਣ ਕੇ ਮੈਂ ਤ੍ਰਬਕ ਗਿਆ ਸੀ। ਚਿਹਰੇ ਨਾਲ ਇਸ ਆਵਾਜ਼ ਦਾ ਕੋਈ ਮੇਲ ਨਹੀਂ ਸੀ। ਆਵਾਜ਼ ਬੜੀ ਮਿੱਠੀ ਤੇ ਸੁਰੀਲੀ ਸੀ। ਉਹ ਕਹਿ ਰਹੀ ਸੀ, 'ਜੇ ਹੌਲੀ-ਹੌਲੀ ਚੱਲੀਏ ਤਾਂ ਲੂ ਲੱਗਣ ਦਾ ਖ਼ਤਰਾ ਤੇ ਜੇ ਤੇਜ਼-ਤੇਜ਼ ਚੱਲੀਏ ਤਾਂ ਪਸੀਨੇ ਨਾਲ ਬੁਰਾ ਹਾਲ ਹੋ ਜਾਂਦਾ ਏ, ਤੇ ਚਰਚ ਦੀ ਠੰਢੀ ਹਵਾ ਲੱਗਦਿਆਂ ਈ ਜੁਕਾਮ ਦਾ ਹਮਲਾ।' ਉਸਦੀ ਗੱਲ ਮੈਂ ਸਮਝ ਗਿਆ। ਮਤਲਬ ਇਹ ਸੀ ਕਿ ਆਦਮੀ ਨੂੰ ਦੋਵਾਂ ਵਿਚੋਂ ਇਕ ਚੀਜ਼ ਤਾਂ ਭੁਗਤਣੀ ਈ ਪਵੇਗੀ।

ਅੰਤੇਸ਼ਟੀ ਸਮੇਂ ਦੀਆਂ ਕੁਝ ਹੋਰ ਗੱਲਾਂ ਵੀ ਹੁਣ ਤੀਕ ਯਾਦ ਰਹਿ ਗਈਆਂ ਨੇ। ਜਿਵੇਂ ਪਿੰਡ ਦੇ ਐਨ ਬਾਹਰ ਜਦੋਂ ਆਖ਼ਰੀ ਵਾਰੀ ਬੁੱਢੇ ਨੇ ਸਾਨੂੰ ਫੜਿਆ ਸੀ-ਉਸ ਛਿਣ ਵਾਲਾ ਉਸਦਾ ਚਿਹਰਾ। ਸ਼ਾਇਦ ਥਕਾਣ ਜਾਂ ਦੁੱਖ ਕਰਕੇ ਜਾਂ ਦੋਵਾਂ ਕਰਕੇ ਅੱਖਾਂ 'ਚੋਂ ਅੱਥਰੂਆਂ ਦੀਆਂ ਧਾਰਾਂ ਵਹਿ ਰਹੀਆਂ ਸੀ। ਪਰ ਖੱਲ ਦੀਆਂ ਝੁਰੜੀਆਂ ਕਰਕੇ ਅੱਥਰੂ ਹੇਠਾਂ ਨਹੀਂ ਸੀ ਡਿੱਗਦੇ-ਉਨਾਂ ਝੁਰੜੀਆਂ ਵਿਚ ਈ ਟੇਢੇ-ਵਿੰਗੇ ਹੋ ਕੇ ਖਪ ਜਾਂਦੇ ਸੀ। ਇਸ ਨਾਲ ਉਹ ਥੱਕਿਆ-ਹਾਰਿਆ ਬੁੱਢਾ ਚਿਹਰਾ-ਸਿੱਲਾ-ਗਿੱਲਾ, ਚਮਕਦਾ ਦਿਖਾਈ ਦਿੰਦਾ ਸੀ।

ਚਰਚ ਦੀ ਸ਼ਕਲ ਤੇ ਆਸੇ-ਪਾਸੇ ਦਾ ਵਾਤਾਵਰਣ। ਸੜਕ 'ਤੇ ਤੁਰੇ ਫਿਰਦੇ ਪਿੰਡ ਵਾਲੇ ਲੋਕ। ਕਬਰਾਂ ਉੱਤੇ ਖਿੜੇ ਹੋਏ ਲਾਲ-ਲਾਲ ਜਰੇਨੀਅਮ ਦੇ ਫੁੱਲ। ਕੱਪੜੇ ਦੇ ਗੁੱਡੇ ਵਾਂਗ ਪੀਰੇ ਦਾ ਬੇਹੋਸ਼ੀ ਦੇ ਦੌਰੇ ਵਿਚ ਲੁੜਕ ਜਾਣਾ। ਮਾਂ ਦੇ ਤਾਬੂਤ ਉੱਤੇ ਮੁੱਠਾਂ ਭਰ-ਭਰ ਪਾਈ ਜਾ ਰਹੀ ਮਟਮੈਲੀ-ਮਿੱਟੀ ਦੇ ਡਿੱਗਣ ਦੀ ਆਵਾਜ਼। ਉਸ ਮਿੱਟੀ ਵਿਚ ਰਲੇ ਸਫੇਦ-ਸਫੇਦ ਜੜਾਂ ਦੇ ਡੱਕੇ। ਫੇਰ ਹੋਰ ਲੋਕਾਂ ਦੀ ਭੀੜ। ਆਵਾਜ਼ਾਂ, ਕੈਫੇ ਦੇ ਬਾਹਰ ਖਲੋ ਕੇ ਬੱਸ ਦੀ ਉਡੀਕ ਕਰਨਾ। ਇੰਜਨ ਦੀ ਖੜਖੜ। ਅਲਜੀਯਰਸ ਦੀਆਂ ਜਗਮਗ ਕਰਦੀਆਂ ਸੜਕਾਂ ਉੱਤੇ ਆਪਣੀ ਬੱਸ ਦੇ ਪ੍ਰਵੇਸ਼ ਦੇ ਨਾਲ ਈ ਖ਼ੁਸ਼ੀ ਦੀ ਝੁਰਝੁਰੀ ਮਹਿਸੂਸ ਕਰਦਿਆਂ, ਘਰ ਪਹੁੰਚ ਕੇ ਸਭ ਤੋਂ ਪਹਿਲਾਂ ਬਿਸਤਰੇ ਵਿਚ ਜਾ ਪੈਣਾ ਤੇ ਬਾਰਾਂ ਘੰਟੇ ਲੰਮੀ ਤਾਣ ਕੇ ਸੌਣ ਦੀ ਕਲਪਨਾ ਕਰਨਾ, ਇਹ ਸਭ ਮੈਨੂੰ ਹੁਣ ਵੀ ਯਾਦ ਏ।

## ਭਾਗ-2

ਨੀਂਦ ਟੁੱਟਣ 'ਤੇ ਸਮਝ 'ਚ ਆਇਆ ਕਿ ਕਿਉਂ ਮੇਰੇ ਦੋ ਦਿਨਾਂ ਦੀ ਛੁੱਟੀ ਮੰਗਣ 'ਤੇ ਸਾਹਬ ਦਾ ਮੂੰਹ ਲੱਥ ਗਿਆ ਸੀ। ਅੱਜ ਸ਼ਨੀਵਾਰ ਸੀ। ਉਸ ਵੇਲੇ ਤਾਂ ਇਹ ਗੱਲ ਮੇਰੇ ਦਿਮਾਗ਼ ਵਿਚ ਈ ਨਹੀਂ ਸੀ। ਇਹ ਤਾਂ ਹੁਣ ਬਿਸਤਰਾ ਛੱਡਣ ਲੱਗਿਆਂ ਮੇਰੇ ਧਿਆਨ ਵਿਚ ਆਇਆ ਏ। ਜ਼ਰੂਰ ਸਾਹਬ ਨੇ ਸੋਚਿਆ ਹੋਵੇਗਾ ਕਿ ਇਸ ਤਰਾਂ ਤਾਂ ਮੈਂ ਪੂਰੇ ਚਾਰ ਦਿਨਾਂ ਦੀਆਂ ਛੁੱਟੀਆਂ ਮਾਂਠ ਰਿਹਾ ਹਾਂ। ਇਹ ਗੱਲ ਉਹਨਾਂ ਦੇ ਸੰਘੋਂ ਲੱਥਦੀ ਵੀ ਕਿੰਜ ? ਖ਼ੈਰ, ਪਹਿਲੀ ਗੱਲ ਤਾਂ ਇਹ ਕਿ ਮਾਂ ਨੂੰ ਅੱਜ ਦੀ ਬਜਾਏ ਕੱਲ ਦਫ਼ਨ ਕੀਤਾ ਗਿਆ-ਇਸ ਵਿਚ ਮੇਰਾ ਕੀ ਦੋਸ਼ ? ਦੂਜੀ, ਸ਼ਨੀਵਾਰ ਤੇ ਐਤਵਾਰ ਦੀ ਛੁੱਟੀ ਤਾਂ ਹਰ ਹਾਲ ਵਿਚ ਹੁੰਦੀ ਈ ਸੀ। ਚਲੋ ਖ਼ੈਰ, ਇਸ 'ਚ ਮੈਂ ਆਪਣੇ ਸਾਹਬ ਦੇ ਦ੍ਰਿਸ਼ਟੀਕੋਨ ਨੂੰ ਨਾ ਸਮਝਿਆ ਹੋਵੇ, ਅਜਿਹੀ ਕੋਈ ਗੱਲ ਨਹੀਂ।

ਪਿਛਲੇ ਦਿਨ ਜੋ ਹੋਇਆ ਸੀ, ਉਸਨੇ ਸੱਚਮੁੱਚ ਮੈਨੂੰ ਏਨਾ ਨਿਢਾਲ ਕਰ ਦਿੱਤਾ ਸੀ ਕਿ ਉੱਠਣਾ ਮੁਸੀਬਤ ਲੱਗ ਰਿਹਾ ਸੀ। ਹਜਾਮਤ ਕਰਦਾ ਹੋਇਆ ਸੋਚਣ ਲੱਗਾ ਕਿ ਅੱਜ ਸਾਰਾ ਦਿਨ ਕਿੰਜ ਕੱਟਿਆ ਜਾਵੇ। ਤੈਅ ਕੀਤਾ ਕਿ ਤੈਰਨ ਨਾਲ ਤਬੀਅਤ ਕੁਝ ਨਾ ਕੁਝ ਤਾਂ ਸੁਧਰੇਗੀ ਈ...ਸੋ ਬੰਦਰਗਾਹ ਜਾਣ ਵਾਲੀ ਸਿੱਧੀ ਟਰਾਮ ਫੜ ਲਈ। ਉਹੀ ਪੁਰਾਣੀ ਰਫ਼ਤਾਰ ਸੀ। ਸੰਤਰਣ-ਕੁੰਡ (ਸਵੀਮਿੰਗ-ਪੂਲ) ਵਿਚ ਗੱਭਰੂਆਂ-ਮੁਟਿਆਰਾਂ ਦਾ ਮੇਲਾ ਲੱਗਾ ਹੋਇਆ ਸੀ। ਉਨਾਂ ਵਿਚ ਸਾਡੇ ਦਫ਼ਤਰ ਦੀ ਭੂਤ-ਪੂਰਵ ਟਾਈਪਿਸਟ ਮੇਰੀ ਕਾਰਡੋਨਾ ਵੀ ਦਿਖਾਈ ਦਿੱਤੀ। ਮੇਰਾ ਝੁਕਾਅ ਵੀ ਉਨੀਂ ਦਿਨੀਂ ਉਸ ਵੱਲ ਖਾਸਾ ਹੁੰਦਾ ਸੀ ਤੇ ਮੈਂ ਸਮਝਦਾ ਹਾਂ, ਉਹ ਵੀ ਮੈਨੂੰ ਪਸੰਦ ਕਰਦੀ ਸੀ। ਪਰ ਸਾਡੇ ਇੱਥੇ ਉਹ ਰਹੀ ਈ ਏਨੀ ਘੱਟ ਸੀ ਕਿ ਕੋਈ ਗੱਲ ਨਹੀਂ ਸੀ ਬਣ ਸਕੀ।

ਤੈਰਨ ਵਾਲੇ ਤਖ਼ਤੇ 'ਤੇ ਚੜਨ ਵਿਚ ਸਹਾਰਾ ਦਿੰਦਿਆਂ ਹੋਇਆਂ ਮੈਂ ਉਸਦੀਆਂ ਛਾਤੀਆਂ 'ਤੇ ਹੱਥ ਫੇਰ ਦਿੱਤਾ। ਉਹ ਤਖ਼ਤੇ 'ਤੇ ਚਿੱਤ ਲੇਟ ਗਈ ਤੇ ਮੈਂ ਖੜਾ-ਖੜਾ ਪਾਣੀ ਵਿਚ ਤੈਰਨ ਲੱਗਾ। ਪਲ ਕੁ ਬਾਅਦ ਉਹ ਪਾਸਾ ਪਰਤ ਕੇ ਮੇਰੇ ਵੱਲ ਦੇਖਣ ਲੱਗੀ। ਮੈਂ ਵੀ ਛਾਤੀ ਭਾਰ ਘਿਸੜ ਕੇ ਉਸਦੇ ਨਾਲ ਜਾ ਲੇਟਿਆ। ਹਵਾ ਬੜੀ ਸੁਹਾਵਣੀ-ਨਿੱਘੀ ਸੀ। ਖੇਡ-ਖੇਡ ਵਿਚ ਮੈਂ ਆਪਣਾ ਸਿਰ ਉਸਦੀ ਗੋਦੀ ਵਿਚ ਰੱਖ ਦਿੱਤਾ। ਲੱਗਿਆ, ਉਸਨੇ ਬੁਰਾ ਨਹੀਂ ਮੰਨਿਆਂ ਤਾਂ ਸਿਰ ਉੱਥੇ ਈ ਰੱਖੀ ਰੱਖਿਆ। ਸਾਰਾ ਨੀਲਾ ਤੇ ਸੁਨਹਿਰਾ ਆਕਾਸ਼ ਮੇਰੀਆਂ ਅੱਖਾਂ ਵਿਚ ਲੱਥ ਆਇਆ ਸੀ ਤੇ ਮੇਰੀ ਦੇ ਪੇਟ ਦਾ ਮੇਰੇ ਸਿਰ ਹੇਠ ਹੌਲੀ-ਹੌਲੀ ਉੱਠਣਾ-ਡਿੱਗਣਾ ਮੇਰੇ ਤਨ-ਮਨ ਨੂੰ ਨਸ਼ਿਆ ਰਿਹਾ ਸੀ। ਅਸੀਂ ਦੋਵੇਂ ਈ ਉਸ ਨਸ਼ੀਲੀ ਅਵਸਥਾ ਵਿਚ ਘੱਟੋ-ਘੱਟ ਅੱਧਾ ਘੰਟਾ ਤਾਂ ਉਸ ਤਖ਼ਤੇ 'ਤੇ ਤੈਰਦੇ ਈ ਰਹੇ ਹੋਵਾਂਗੇ। ਧੁੱਪ ਜਦੋਂ ਖਾਸੀ ਤੇਜ਼ ਹੋ ਗਈ ਤਾਂ ਉਸਨੇ ਬੁੜਕ ਕੇ ਪਾਣੀ ਵਿਚ ਕੁੱਦੀ ਲਾ ਦਿੱਤੀ। ਮੈਂ ਵੀ ਉਸਦੇ ਪਿੱਛੇ-ਪਿੱਛੇ ਕੁੱਦ ਪਿਆ ਤੇ ਕਸ ਕੇ ਆਪਣੀਆਂ ਬਾਹਾਂ ਉਸਦੇ ਲੱਕ ਦੁਆਲੇ ਵਲ਼ ਲਈਆਂ। ਅਸੀਂ ਇੰਜ ਈ ਨਾਲੋ-ਨਾਲ ਲੇਟੇ ਤੈਰਨ ਲੱਗੇ। ਉਹ ਲਗਾਤਾਰ ਹੱਸੀ ਜਾ ਰਹੀ ਸੀ। ਫੇਰ ਸੰਤਰਣ-ਕੁੰਡ ਦੇ ਕਿਨਾਰੇ ਖੜੇ ਅਸੀਂ ਲੋਕ ਆਪਣੇ ਸਰੀਰ ਸੁਕਾ ਰਹੇ ਸੀ ਤਾਂ ਉਹ ਬੋਲੀ, 'ਤੇਰਾ ਰੰਗ ਮੈਥੋਂ ਸਾਫ਼ ਐ।' ਮੈਂ ਪੁੱਛਿਆ, 'ਸ਼ਾਮ ਨੂੰ ਮੇਰੇ ਨਾਲ ਸਿਨੇਮੇ ਚੱਲੇਂਗੀ ?' ਉਹ ਫੇਰ ਹੱਸਣ ਲੱਗੀ। ਬੋਲੀ, 'ਹਾਂ-ਹਾਂ।' ਪਰ ਉਸਨੇ ਸ਼ਰਤ ਇਹ ਰੱਖੀ ਕਿ ਉਹ ਮਜ਼ਾਕੀਆ ਖੇਲ ਦੇਖਣ ਚੱਲਾਂਗੇ ਜਿਸ ਵਿਚ ਫਰਨਾਂਦੇਲ ਨੇ ਕੰਮ ਕੀਤਾ ਏ। ਅੱਜ-ਕਲ ਬੱਚੇ-ਬੱਚੇ ਦੀ ਜ਼ਬਾਨ 'ਤੇ ਉਹਦੀ ਚਰਚਾ ਏ।

ਅਸੀਂ ਕੱਪੜੇ ਪਾ ਲਏ ਤਾਂ ਉਹ ਅੱਖਾਂ ਟੱਡ-ਟੱਡ ਮੇਰੀ ਕਾਲੀ ਟਾਈ ਨੂੰ ਦੇਖਦੀ ਹੋਈ ਪੁੱਛਣ ਲੱਗੀ, 'ਕੀ ਗੱਲ ਏ ? ਕੋਈ ਗ਼ਮੀ ਹੋ ਗਈ ਕਿ ?' ਮੈਂ ਮਾਂ ਦੇ ਨਾ ਰਹਿਣ ਦੀ ਗੱਲ ਦੱਸੀ। ਪੁੱਛਿਆ, 'ਕਦੋਂ ?' 'ਕੱਲ।' ਮੈਂ ਕਿਹਾ। ਉਹ ਮੂੰਹੋਂ ਤਾਂ ਕੁਝ ਨਹੀਂ ਬੋਲੀ ਪਰ ਲੱਗਿਆ, ਜਿਵੇਂ ਸੰਕੋਚ ਵੱਸ-ਪਰੇ ਸਰਕ ਗਈ ਏ। ਦੰਦਾਂ ਤੀਕ ਆਈ ਗੱਲ ਮੈਂ ਦੱਬ ਲਈ ਕਿ 'ਇਸ ਵਿਚ ਮੇਰਾ ਤਾਂ ਕੋਈ ਕਸੂਰ ਨਈਂ ਨਾ...'। ਯਾਦ ਆਇਆ, ਇਹੀ ਗੱਲ ਮੈਂ ਸਾਹਬ ਨੂੰ ਵੀ ਕਹੀ ਸੀ। ਉਸ ਵੇਲੇ ਕੇਡੀ ਮੂਰਖਤਾ-ਭਰੀ ਲੱਗੀ ਸੀ। ਉਂਜ ਮੂਰਖਤਾ-ਭਰੀ ਲੱਗੇ ਜਾਂ ਨਾ ਲੱਗੇ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੀਆਂ ਗੱਲਾਂ ਨਾਲ ਮਨ ਵਿਚ ਅਪਰਾਧ-ਭਾਵਨਾ ਜ਼ਰੂਰ ਮਹਿਸੂਸ ਹੋਣ ਲੱਗ ਪੈਂਦੀ ਏ।

ਚਲੋ ਖ਼ੈਰ, ਸ਼ਾਮ ਤੀਕ ਮੇਰੀ ਸਾਰੀਆਂ ਗੱਲਾਂ ਭੁੱਲ-ਭੁਲਾਅ ਗਈ। ਕਿਤੇ-ਕਿਤੇ ਫ਼ਿਲਮ ਮਜ਼ਾਕੀਆ ਜ਼ਰੂਰ ਸੀ, ਪਰ ਕੁਲ-ਮਿਲਾ ਕੇ ਸੀ ਸੋਲਾਂ ਆਨੇ ਬਕਵਾਸ ਈ। ਉਹ ਮੇਰੇ ਪੈਰਾਂ ਨਾਲ ਪੈਰ ਰਗੜਦੀ ਰਹੀ ਤੇ ਮੈਂ ਉਸਦੀ ਆਪਣੇ ਪਾਸੇ ਵਾਲੀ ਛਾਤੀ ਨਾਲ ਛੇੜਖਾਨੀ ਕਰਦਾ ਰਿਹਾ। ਫ਼ਿਲਮ ਜਦੋਂ ਖ਼ਤਮ ਹੋਣ ਵਾਲੀ ਸੀ, ਮੈਂ ਉਸਨੂੰ ਚੁੰਮ ਲਿਆ। ਪਰ ਉਹ ਚੁੰਮਾਂ ਬੜੇ ਬੇਹੂਦਾ ਢੰਗ ਦਾ ਸੀ। ਫੇਰ ਉਹ ਮੇਰੇ ਨਾਲ ਈ ਘਰ ਆ ਗਈ ਸੀ। ਮੇਰੀ ਅੱਖ ਖੁੱਲਣ ਤੋਂ ਪਹਿਲਾਂ ਈ ਉਹ ਚਲੀ ਗਈ ਸੀ।

ਉਹ ਦੱਸਦੀ ਸੀ ਕਿ ਮਾਸੀ ਘਰੇ ਸਭ ਤੋਂ ਪਹਿਲਾਂ ਉਸਨੂੰ ਈ ਲੱਭਦੀ ਏ। ਯਾਦ ਆਇਆ, ਅੱਜ ਤਾਂ ਐਤਵਾਰ ਏ। ਮਨ ਖ਼ਰਾਬ ਹੋ ਗਿਆ। ਇਸ ਕੰਬਖ਼ਤ ਐਤਵਾਰ ਦਾ ਮੈਨੂੰ ਕਦੀ ਚੇਤਾ ਈ ਨਹੀਂ ਰਹਿੰਦਾ। ਮੈਂ ਸਿਰਹਾਣੇ ਹੇਠਾਂ ਸਿਰ ਵਾੜ ਕੇ ਮੇਰੀ ਦੇ ਕੇਸਾਂ ਤੋਂ ਲੱਗੀ ਖਾਰੀ-ਖਾਰੀ ਗੰਧ ਨੂੰ, ਅਲਸਾਏ ਭਾਵ ਨਾਲ, ਸਾਹਾਂ ਰਾਹੀਂ ਪੀਣ ਲੱਗਾ। ਦਸ ਵਜੇ ਤੀਕ ਲੱਤਾਂ ਪਸਾਰ ਕੇ ਸੁੱਤਾ ਤੇ ਇਸ ਪਿੱਛੋਂ ਵੀ ਸਿਗਰਟ ਤੇ ਸਿਗਰਟ ਫੂਕਦਾ, ਦੁਪਹਿਰ ਤੀਕ, ਬਿਸਤਰੇ 'ਤੇ ਪਿਆ ਪਾਸੇ ਪਰਤਦਾ ਰਿਹਾ। ਤੈਅ ਕੀਤਾ ਕਿ ਅੱਜ ਹੋਰ ਦਿਨਾਂ ਵਾਂਗ ਸੇਲੇਸਤੇ ਦੇ ਰੇਸਤਰਾਂ ਵਿਚ ਖਾਣਾ ਖਾਣ ਨਹੀਂ ਜਾਵਾਂਗਾ। ਉੱਥੇ ਲੋਕ ਦੁਨੀਆਂ ਭਰ ਦੇ ਸਵਾਲ-ਜਵਾਬ ਕਰਕੇ ਨੱਕ 'ਚ ਦਮ ਕਰ ਦਿੰਦੇ ਨੇ। ਮੈਨੂੰ ਇਹ ਜਿਰਹਬਾਜ਼ੀ ਪਸੰਦ ਨਹੀਂ। ਸੋ ਕੁਝ ਆਂਡੇ ਉਬਾਲੇ ਤੇ ਉਸੇ ਭਾਂਡੇ ਵਿਚ ਰੱਖ ਕੇ ਖਾਧੇ। ਡਬਲਰੋਟੀ ਬਚੀ ਨਹੀਂ ਸੀ ਤੇ ਹੇਠੋਂ ਖ਼ਰੀਦ ਲਿਆਉਣ ਦੀ ਖੇਚਲ ਮੰਜ਼ੂਰ ਨਹੀਂ ਸੀ। ਸੋਚਿਆ, ਬਿਨਾਂ ਡਬਲਰੋਟੀ ਦੇ ਈ ਸਹੀ।

(ਚਲਦਾ...)

# ਹਮ ਕਿਤੁ ਕਾਜ ਜਗਤ ਮਹਿ ਆਏ ?

## ਅਜਮੇਰ ਸਿੰਘ ਔਲਖ

ਤਾਇਆ ਸੰਤਾ ਮੇਰਾ ਸਕਾ ਤਾਇਆ ਸੀ। ਉਸਨੂੰ ਇਸ ਸੰਸਾਰ ਤੋਂ ਵਿਦਾ ਹੋਇਆਂ ਚਾਰ ਦਹਾਕਿਆਂ ਤੋਂ ਵੀ ਵੱਧ ਸਮਾਂ ਹੋ ਚੱਲਿਆ ਹੈ ਪਰ ਅਜੇ ਵੀ ਉਸਦੀ ਕਿਰਤੀ ਤੇ ਤਪੱਸਵੀ ਜ਼ਿੰਦਗੀ ਦਾ ਬਿੰਬ ਮੇਰੀ ਮਾਨਸਿਕਤਾ ਨਾਲ ਇਸ ਤਰਾਂ ਚਿੰਬੜਿਆ ਹੋਇਆ ਹੈ ਜਿਵੇਂ ਇਹ ਕੋਈ ਕੱਲ-ਪਰਸੋਂ ਦੀ ਹੀ ਬਣੀ ਤਸਵੀਰ ਹੋਵੇ। ਆਪਣੇ ਸਮੇਂ ਦੀ ਦੁਨੀਆਂ ਦੀ ਨਜ਼ਰ ਵਿੱਚ ਉਹ ਭਾਵੇਂ ਮਹਿਜ਼ ਇੱਕ ਆਮ ਕਿਰਤੀ ਕਿਸਾਨ ਸੀ ਪਰ ਮੇਰੀ ਨਜ਼ਰ ਵਿੱਚ ਉਹ ਕਿਸੇ ਵੱਡੇ ਤਪੱਸਵੀ ਤੇ ਮਹਾਂ-ਤਿਆਗੀ ਤੋਂ ਕਿਸੇ ਤਰਾਂ ਵੀ ਘੱਟ ਨਹੀਂ ਸੀ। ਉਹ ਮੇਰੇ ਬਾਪੂ ਤੋਂ ਛੇ-ਸੱਤ ਸਾਲ ਵੱਡਾ ਸੀ ਤੇ ਆਪਣੀ ਚੜਦੀ ਜਵਾਨੀ ਵੇਲੇ ਉਹਦੇ ਦੋ ਵਿਆਹ ਚੁੱਕੇ ਸਨ। ਪਹਿਲਾਂ ਪਹਿਲਾ ਵਿਆਹ ਹੋਇਆ। ਉਸਦੇ ਇਸ ਪਹਿਲੇ ਵਿਆਹ ਦੀ ਪਤਨੀ ਦੀ ਵਿਆਹ ਤੋਂ ਛੇ ਮਹੀਨਿਆਂ ਦੇ ਅੰਦਰ-ਅੰਦਰ ਹੀ ਮੌਤ ਹੋ ਗਈ। ਫਿਰ ਦੂਜਾ ਵਿਆਹ ਹੋਇਆ ਤਾਂ ਦੂਜੀ ਪਤਨੀ ਨਾਲ ਵੀ ਇਹੀ ਭਾਣਾ ਵਰਤਿਆ। ਇਨਾਂ ਅੱਗੜ-ਪਿੱਛੜ ਦੋ ਮੌਤਾਂ ਨੇ ਤਾਏ ਨੂੰ ਪਤੀ-ਪਤਨੀ ਤੇ ਔਲਾਦ ਵਾਲੇ ਗ੍ਰਹਿਸਥੀ ਜੀਵਨ ਤੋਂ ਸਾਰੀ ਉਮਰ ਲਈ ਵਾਂਝਾ ਕਰ ਦਿੱਤਾ। ਤਾਏ ਸੰਤੇ ਦੀਆਂ ਦੋਵੇਂ ਜੀਵਨ-ਸਾਥਣਾਂ ਦੇ ਭਰੀ ਜਵਾਨੀ ਵਿੱਚ ਇੱਕ ਤੋਂ ਬਾਅਦ ਦੂਜੀ ਦੇ ਇਸ ਤਰਾਂ ਤੁਰ ਜਾਣ ਦਾ ਹੀ ਸ਼ਾਇਦ ਇਹ ਨਤੀਜਾ ਨਿਕਲਿਆ ਕਿ ਤਾਏ ਦਾ ਇਸ ਸੰਸਾਰ ਦੇ ਗ੍ਰਹਿਸਥੀ ਸੰਸਾਰ ਤੋਂ ਮੋਹ ਭੰਗ ਹੋ ਗਿਆ। ਉਸਦਾ ਦਾ ਇਸ ਗ੍ਰਹਿਸਥ ਸੰਸਾਰ ਤੋਂ ਮੋਹ ਭੰਗ ਤਾਂ ਹੋ ਗਿਆ ਸੀ ਪਰ ਉਸਨੇ ਉਨਾਂ ਬੁਜ਼ਦਿਲ ਲੋਕਾਂ ਵਾਂਗ ਇਸ 'ਹਸੰਦੇ-ਖਿਡੰਦੇ' ਸੰਸਾਰ ਨੂੰ ਛੱਡ ਕੇ ਕਿਸੇ ਜੰਗਲ-ਬੀਆਬਾਨ ਵਿੱਚ ਜਾਂ ਕਿਸੇ ਪਹਾੜ ਉੱਤੇ ਜਾ ਕੇ ਡੇਰਾ ਨਹੀਂ ਸੀ ਲਾਇਆ। ਉਹ ਸੰਨਿਆਸੀ ਵੀ ਬਣਿਆ ਤੇ ਤਪੱਸਵੀ ਵੀ, ਪਰ ਇਸ ਸੰਸਾਰ ਵਿੱਚ ਰਹਿ ਕੇ ਕਿਰਤ ਕਰਦਿਆਂ ਹੀ। ਉਸਨੇ ਸੰਸਾਰ ਦੀਆਂ ਰੰਗ-ਰੰਗੀਲੀਆਂ ਤੋਂ ਜ਼ਰੂਰ ਮੂੰਹ ਮੋੜਿਆ ਪਰ ਇਸਦੀ ਮੁਸ਼ੱਕਤੀ ਜ਼ਿੰਦਗੀ ਤੋਂ ਨਹੀਂ। ਆਪਣੇ ਜਨਮ ਤੋਂ ਬਾਦ ਜਦ ਮੈਂ ਸੁਰਤ ਸੰਭਾਲੀ ਤਾਂ ਮੈਂ ਤਾਏ ਨੂੰ ਇੱਕ ਅਜਿਹਾ ਬੰਦਾ ਪਾਇਆ, ਜੀਵਨ ਵਿੱਚ ਜਿਵੇਂ ਉਹ ਇੱਕ ਹੀ ਕੰਮ ਕਰਨ ਆਇਆ ਹੋਵੇ। ਤੇ ਉਹ ਕੰਮ ਸੀ ਕਿਰਤ, ਸਿਰਫ ਧਰਤੀ ਵਿੱਚ ਖੁਰਪਾ ਮਾਰਨਾ।

ਪਹਿਲਾਂ-ਪਹਿਲਾਂ ਤਾਇਆ ਖੇਤੋਂ ਆ ਕੇ ਘਰ ਦੇ ਹੋਰ ਜੀਆਂ ਵਾਂਗ ਰਾਤ ਨੂੰ ਘਰ ਵਿੱਚ ਸੌਂਦਾ। ਸਿਆਲ ਹੁੰਦਾ ਤਾਂ ਜਾਂ ਤਾਂ ਉਸਦਾ ਮੰਜਾ ਤੂੜੀ ਵਾਲੀ ਸਬਾਤ ਵਿੱਚ ਹੁੰਦਾ ਜਾਂ ਫਿਰ ਠੰਢ ਤੋਂ ਡੰਗਰਾਂ ਨੂੰ ਬਚਾਉਣ ਲਈ ਲਾਏ ਜੁੱਬੜਾਂ ਵਾਲੇ ਵਰਾਂਡੇ ਵਿਚ। ਗਰਮੀਆਂ ਦੀ ਰੁੱਤ ਵਿੱਚ ਡੰਗਰਾਂ ਵਾਲੇ ਵਿਹੜੇ ਵਿੱਚ ਤੇ ਜਾਂ ਫਿਰ ਖੇਤ, ਉਹ ਦਿਨ ਚੜਦੇ ਤੋਂ ਪਹਿਲਾਂ ਬਹੁਤ ਹੀ ਅੰਨੇਰੇ ਉਠਦਾ, ਪਹਿਲਾਂ ਆਪ ਹੀ ਚਾਹ ਬਣਾਉਂਦਾ ਤੇ ਪੀਂਦਾ ਤੇ ਫੇਰ ਬਲਦਾਂ ਦੀ ਜੋੜੀ ਖੋਲਦਾ, ਉਨਾਂ ਦੇ ਗਲ ਪੰਜਾਲੀ ਪਾਉਂਦਾ ਤੇ ਖੇਤ ਦੇ ਰਾਹ ਪੈ ਜਾਂਦਾ। ਆਥਣੇ ਦਿਨ ਛਿਪਣ ਤੋਂ ਬਾਦ ਜਦ ਉਹ ਘਰ ਮੁੜਦਾ ਤਾਂ ਉਸਦੇ ਸਿਰ ਉੱਤੇ ਹਰੇ ਦੀ ਭਰੀ ਹੁੰਦੀ। ਆਉਣ-ਸਾਰ ਹੀ ਟੋਕੇ ਵਾਲੀ ਮਸ਼ੀਨ ਉੱਤੇ ਟੋਕਾ ਕਰਨ ਲੱਗ ਪੈਂਦਾ। ਜੇ ਘਰ ਦਾ ਕੋਈ ਜੀਅ ਨਾਲ ਲਗਦਾ ਤਾਂ ਵਾਹਵਾ ਨਹੀਂ ਤਾਂ ਟੋਕੇ ਵਾਲੀ ਮਸ਼ੀਨ ਵਿੱਚ ਆਪ ਹੀ ਰੁਗ ਦੇਈਂ ਜਾਂਦਾ ਤੇ ਆਪ ਹੀ ਉਸਦਾ ਦਾਤਾਂ ਵਾਲਾ ਪਹੀਆ ਗੇੜੀ ਜਾਂਦਾ। ਇਸ ਤਰਾਂ ਟੋਕਾ ਕਰ ਕੇ ਟੋਕਾ ਕੀਤਾ ਹਰਾ ਪਸ਼ੂਆਂ ਨੂੰ ਪਾਉਣ ਲਗਦਾ। ਕਮਾਲ ਦੀ ਗੱਲ ਇਹ ਕਿ ਇਸ ਸਾਰੇ ਸਮੇਂ ਦੌਰਾਨ ਉਹ ਘਰ ਦੇ ਜੀਆਂ ਨਾਲ ਗਿਣਤੀ ਦੇ ਬੋਲਾਂ ਦੀ ਸਾਂਝ ਹੀ ਕਰਦਾ। ਉਹ ਵੀ ਤਦ ਜਦ ਘਰ ਵਿੱਚ ਕੀਤੇ ਜਾਣ ਵਾਲਾ ਕੋਈ ਕੰਮ ਸਮੇਂ-ਸਿਰ ਨਾ ਹੋਇਆ ਉਸਦੀ ਨਜ਼ਰੀ ਪੈ ਜਾਂਦਾ। ਹਾਸੇ-ਠੱਠੇ ਵਾਲੀ ਗੱਲ ਉਹ ਓਦੋਂ ਹੀ ਕਰਦਾ ਜਦ ਉਸ ਗੱਲ ਦਾ ਸੰਬੰਧ ਕਿਸਾਨੀ ਜ਼ਿੰਦਗੀ ਦੇ ਕਿਸੇ ਕੰਮ-ਧੰਧੇ ਕਰਨ ਵਿੱਚ ਕਿਸੇ ਅਲੜ ਜਾਂ ਅਣਜਾਣ ਬੰਦੇ ਤੋਂ ਕੀਤੀ ਗਲਤੀ ਨਾਲ ਹੁੰਦਾ। ਵਿਆਹ-ਸ਼ਾਦੀਆਂ, ਜਾਂ ਹੋਰ ਲਤੀਫ਼ੇਬਾਜ਼ੀਆਂ ਦੇ ਹਾਸੇ-ਮਖ਼ੌਲਾਂ ਤੋਂ ਦੂਰ ਹੀ ਰਹਿੰਦਾ। ਇਹੋ-ਜੇ ਹਾਸੇ-ਠੱਠਿਆਂ ਨੂੰ ਤਾਂ ਉਹ 'ਵਿਹਲੇ ਤੇ ਕੋਹੜੀ ਬੰਦਿਆਂ ਦੇ ਚੋਚਲੇ' ਹੀ ਸਮਝਦਾ। 'ਚੋਚਲੇ' ਕੀ, ਇਹੋ-ਜੀਆਂ ਗੱਲਾਂ 'ਤੇ ਉਸਨੂੰ ਕਈ ਵਾਰ ਖਿਝ ਵੀ ਆ ਜਾਂਦੀ। ਖ਼ਾਸ ਤੌਰ 'ਤੇ ਘਰ ਦੇ ਉਨਾਂ ਜੀਆਂ ਉੱਤੇ ਜਿਹੜੇ ਖੇਤੀ ਦੇ ਕੰਮ ਤੋਂ ਤਾਂ ਜੀਅ ਚੁਰਾਉਂਦੇ ਤੇ ਗੱਲਾਂ ਕਰਨ ਵਿੱਚ ਆਪਣੇ-ਆਪਨੂੰ 'ਧੰਨਾ' ਸਿੱਧ ਕਰਨ ਵਿੱਚ ਲੱਗੇ ਰਹਿੰਦੇ। ਇਨਾਂ ਵਿਚੋਂ ਇੱਕ ਨੰਬਰ ਉੱਤੇ ਮੇਰਾ ਵੱਡਾ ਭਰਾ 'ਨੇਕਾ' (ਹਰਨੇਕ) ਆਉਂਦਾ ਜਿਹੜਾ ਕੰਮ ਦਾ ਤਾਂ ਕਦੇ ਡੱਕਾ ਤੋੜ ਕੇ ਦੂਹਰਾ ਨਹੀਂ ਸੀ ਕਰਦਾ ਪਰ ਵਿਹਲਾ ਰਹਿ ਕੇ ਗੱਲਾਂ ਮਾਰ-ਮਾਰ ਘਰ ਉਜਾੜਨ ਵਿੱਚ ਸਭ ਤੋਂ ਮੋਹਰੀ ਬਣ-ਬਣ ਬੈਠਦਾ ਸੀ।

ਹੌਲੀ-ਹੌਲੀ ਤਾਏ ਸੰਤੇ ਨੇ ਪਿੰਡ ਘਰ ਆਉਣਾ ਵੀ ਘੱਟ ਕਰ ਦਿੱਤਾ। ਇੱਕ ਪਤੀਲੀ, ਆਪਣੇ ਜੋਗੀ ਚਾਹ-ਪੱਤੀ ਤੇ ਗੁੜ ਉਹ ਖੇਤ ਹੀ ਰੱਖਣ ਲੱਗ ਪਿਆ। ਦੁੱਧ ਕਿਸੇ ਡੋਲੂ ਬਗੈਰਾ ਵਿੱਚ ਪਾ ਕੇ ਖੇਤ ਵਿਚਲੀ ਬੇਰੀ ਦੀ ਕਿਸੇ ਟਾਹਣੀ ਆਦਿ ਨਾਲ ਲਮਕਾ ਦਿੰਦਾ ਜਿਥੇ ਉਸਨੂੰ ਹਵਾ ਚੰਗੀ ਤਰਾਂ ਲੱਗ ਸਕੇ। ਜਾਂ ਫਿਰ, ਜੇ ਘਰ ਦੇ ਮਾਲ (ਡੰਗਰ-ਪਸ਼ੂਆਂ) ਵਿੱਚ ਦੁੱਧ ਦਿੰਦੀ ਕੋਈ ਬੱਕਰੀ ਹੁੰਦੀ ਤਾਂ ਉਸ ਬੱਕਰੀ ਨੂੰ ਹੀ ਖੇਤ ਰੱਖ ਲੈਂਦਾ। ਗਰਮੀਆਂ ਦੀ ਰੁੱਤ ਵਿੱਚ ਤਾਂ ਰਾਤ ਨੂੰ ਰਹਿਣ ਵਿੱਚ ਐਡੀ ਕੋਈ ਸਮੱਸਿਆ ਨਹੀਂ ਸੀ (ਮੀਂਹ-ਕਣੀ ਜਾਂ ਅੰਨੇਰੀ-ਤੂਫਾਨ ਨੂੰ ਉਹ ਕੋਈ ਸਮੱਸਿਆਂ ਨਹੀਂ ਸੀ ਸਮਝਦਾ) ਤੇ ਸਿਆਲਾਂ ਵਿੱਚ ਉਹ ਪਿੰਡੋਂ ਜੁੱਬੜ ਮੰਗਾ ਕੇ ਆਪਣਾ ਮੰਜਾ ਖੇਤ ਵਾਲੀ ਬੇਰੀ ਹੇਠ ਕਰ ਕੇ ਜੁੱਬੜ ਵਿੱਚ ਆਪਣੇ-ਆਪਨੂੰ ਲਪੇਟ ਕੇ 'ਮੇਂਜ ਦੀ ਨੀਂਦ' ਸੁੱਤਾ ਰਹਿੰਦਾ। ਬਾਦ ਵਿੱਚ ਤਾਏ ਨੇ ਟੋਭੇ ਦੇ ਮੋਟੇ ਤੇ ਕੱਚੇ ਡਲ਼ਿਆਂ ਦਾ ਖੇਤ ਵਿੱਚ ਇੱਕ ਕੋਠਾ ਹੀ ਛੱਤ ਲਿਆ। ਇਸ ਕੋਠੇ ਨੇ ਤਾਂ ਤਾਏ ਦਾ ਪਿੰਡ ਤੇ ਘਰ ਨਾਲ ਆਉਣ-ਜਾਣ ਵਾਲਾ ਰਿਸ਼ਤਾ ਇੱਕ ਤਰਾਂ ਨਾਲ਼ ਪੱਕੇ ਤੌਰ 'ਤੇ ਹੀ ਤੋੜ ਦਿੱਤਾ। ਹੁਣ ਤਾਏ ਦਾ ਕੰਮ ਸੀ ਖੇਤਾਂ ਵਿੱਚ ਪੱਕੇ ਤੌਰ 'ਤੇ ਕੰਮ ਕਰਨਾ ਤੇ ਖੇਤ ਹੀ ਪੱਕੇ ਤੌਰ 'ਤੇ ਰੈਣ-ਵਸੇਰਾ ਕਰਨਾ। ਪਿੰਡ ਤਾਂ ਉਹ ਕਦੇ-ਕਦੇ ਅਣਸਰਦੇ ਹੀ ਗੇੜਾ ਮਾਰਦਾ। ਦੋਵਾਂ ਵੇਲਿਆਂ ਦੀ ਉਸਦੀ ਰੋਟੀ ਘਰੋਂ ਪਹੁੰਚਦੀ ਹੋ ਜਾਂਦੀ ਸੀ ਤੇ ਚਾਹ ਆਦਿ ਦਾ ਜੁਗਾੜ ਉਹ ਆਪ ਕਰ ਲੈਂਦਾਂ ਸੀ। ਮੇਰੇ ਅੱਖਾਂ ਅੱਗੇ ਅੱਜ ਜਦ-ਕਦ ਵੀ ਤਾਏ ਸੰਤੇ ਦੀ ਕੋਈ ਤਸਵੀਰ ਉਘੜਦੀ ਹੈ ਉਸ ਵਿੱਚ ਸਭ ਤੋਂ ਉਭਰਵੇਂ ਰੰਗ ਵਾਲੀ ਤੇ ਸਪੱਸ਼ਟ ਉਹ ਤਸਵੀਰ ਹੁੰਦੀ ਹੈ ਜਿਸ ਵਿੱਚ ਤਾਇਆ ਜਾਂ ਤਾਂ ਹਲ਼ ਵਿੱਚ ਜ਼ਮੀਨ ਵਾਹ-ਬੀਜ ਰਿਹਾ ਹੁੰਦਾ ਹੈ ਜਾਂ ਹੱਥ ਵਿੱਚ ਕਹੀ ਲਈਂ ਖੇਤਾਂ ਨੂੰ ਪਾਣੀ ਲਾ ਰਿਹਾ ਹੁੰਦਾ ਹੈ ਤੇ ਜਾਂ ਹੱਥ ਵਿੱਚ ਕੱਸੀਆ ਜਾਂ ਖੁਰਪਾ ਲਈਂ ਖੇਤਾਂ ਵਿੱਚ ਗੁਡ-ਗੁਡਾਈ ਕਰ ਰਿਹਾ ਹੁੰਦਾ ਹੈ ਤੇ ਜਾਂ ਫਿਰ ਉਸਦੇ ਸਿਰ ਉੱਤੇ ਹਰੇ ਦੀ ਭਰੀ ਹੁੰਦੀ ਹੈ ਜਿਹੜੀ ਉਹ ਬਲ਼ਦਾਂ ਜਾਂ ਹੋਰ ਡੰਗਰਾਂ ਵੱਲ ਸੁੱਟਣ ਜਾ ਰਿਹਾ ਹੁੰਦਾ ਹੈ। ਮੇਰੀਆਂ ਅੱਖਾਂ ਸਾਹਮਣੇ ਉਸਦੀ ਜ਼ਿੰਦਗੀ ਦੀ ਕਦੇ ਕੋਈ ਅਜਿਹੀ ਤਸਵੀਰ ਨਹੀਂ ਆਈ ਜਿਸ ਵਿੱਚ ਉਹ ਮੰਜੇ 'ਤੇ ਪਿਆ ਘਰਾੜੇ ਮਾਰ ਰਿਹਾ ਹੋਵੇ ਜਾਂ ਘੱਟੋ-ਘੱਟ ਸਾਡੇ ਖੇਤ ਵਿੱਚ ਲੱਗੀ ਬੇਰੀ ਹੇਠ ਉਹ ਕਿਸੇ ਵੱਟ ਨਾਲ ਪਿੱਠ ਲਾ ਕੇ ਦੋ ਘੜੀ ਨੀਂਦ ਦਾ ਟੂਲਾ ਹੀ ਲੈ ਰਿਹਾ ਹੋਵੇ। ਉਹ ਜਦੋਂ ਤੇ ਜਿਥੇ ਵੀ ਮੈਨੂੰ ਦਿਸਦਾ ਹੈ, ਕਿਰਤ ਕਰਨ ਦੇ ਕਿਸੇ ਨਾ ਕਿਸੇ ਰੂਪ ਵਿੱਚ ਹੀ ਦਿਸਦਾ ਹੈ।

ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਤਾਏ ਸੰਤੇ ਦੇ ਮਨ ਤੇ ਸਰੀਰ ਦਾ ਹਰ ਕਾਰਜ ਕਿਰਤ, ਉਹ ਵੀ ਕਿਸਾਨੀ ਕਿਰਤ, ਨਾਲ ਜੁੜਿਆ ਹੋਇਆ ਸੀ। ਬਾਕੀ ਸਭ ਕੁੱਝ ਉਸਨੇ ਆਪਣੀ ਜ਼ਿੰਦਗੀ ਵਿਚੋਂ ਖ਼ਾਰਜ ਕਰ ਛੱਡਿਆ ਸੀ। ਆਪਣੀ ਪਹਿਲੀ ਉਮਰ ਵਿੱਚ ਉਹ ਪਿੰਡੋਂ ਬਾਹਰ ਕਿਤੇ ਗਿਆ ਹੋਵੇ ਤਾਂ ਸ਼ਾਇਦ ਗਿਆ ਹੋਵੇ, ਪਰ ਖੇਤੀ ਨਾਲ ਇਸ ਹੱਦ ਤੱਕ ਜੁੜਨ ਬਾਅਦ ਨਾ ਹੀ ਉਹ ਕਿਸੇ ਵਿਆਹ-ਸ਼ਾਦੀ 'ਤੇ ਜਾਂਦਾ ਸੀ, ਨਾ ਕਿਸੇ ਮੇਲੇ-ਤਿਉਹਾਰ 'ਤੇ ਅਤੇ ਨਾ ਹੀ ਕਿਸੇ ਮਰਨੇ-ਸਰਨੇ 'ਤੇ, ਹਾਂ, ਇੱਕ ਮੌਕਾ ਜ਼ਰੂਰ ਮੈਨੂੰ ਯਾਦ ਹੈ। ਸਾਡੇ ਪਿੰਡ ਦਾ ਇੱਕ ਜੇਠੂ ਰਾਮ ਸੇਠ ਹੁੰਦਾ ਸੀ। ਸਾਡਾ ਪਰਿਵਾਰ ਸਦਾ ਹੀ ਉਸਦਾ ਕਰਜ਼ਈ ਰਹਿੰਦਾ ਸੀ। ਸੇਠ ਜੇਠੂ ਰਾਮ ਦੀ ਕਿਸੇ ਰਿਸ਼ਤੇਦਾਰੀ ਵਿੱਚ ਕੋਈ ਵਿਆਹ ਸੀ। ਉਥੇ ਉਸਨੇ ਆਪਣੇ ਨਾਲ ਦੋ ਚਾਰ ਕਿਸਾਨ ਲਿਜਾਣੇ ਸਨ। ਸਿਰਫ ਇਸ ਲਈ ਕਿ ਆਪਣੇ ਰਿਸ਼ਤੇਦਾਰਾਂ ਤੇ ਸੁਦਖ਼ੋਰ ਭਾਈਚਾਰੇ ਉੱਤੇ ਰੋਹਬ ਜਮਾ ਕੇ ਇਹ ਦੱਸਿਆ ਜਾ ਸਕੇ ਕਿ ਉਸ ਨਾਲ਼ ਆਏ ਜੱਟ (ਕਿਸਾਨ) ਉਸਦੀਆਂ ਕਰਜ਼ਈ ਸਾਮੀਆਂ ਹਨ। ਆਮ ਤੌਰ 'ਤੇ ਘਰ ਦੇ ਬਾਹਰ-ਅੰਦਰ ਜਾਣ ਵਾਲੇ ਅਜਿਹੇ 'ਕਾਰਜ' ਮੇਰਾ ਬਾਪੂ ਹੀ ਨਿਭਾਇਆ ਕਰਦਾ ਸੀ (ਬਾਪੂ ਨੂੰ ਇਨਾਂ ਵਿਚੋਂ ਖ਼ੁਸ਼ੀ ਵੀ ਬਹੁਤ ਮਿਲਦੀ ਸੀ)। ਉਸ ਦਿਨ, ਪਤਾ ਨਹੀਂ ਕਿਉਂ, ਬਾਪੂ ਜਾ ਨਹੀਂ ਸੀ ਜਾ ਸਕਿਆ। ਤਾਏ ਨੂੰ ਜਾਣਾ ਪੈ ਗਿਆ ਸੀ। ਲਗਭਗ 60 ਸਾਲ ਪਹਿਲਾਂ ਦੀ ਇਹ ਘਟਨਾ ਮੈਨੂੰ ਇਸ ਕਰ ਕੇ ਯਾਦ ਹੈ ਕਿਉਂਕਿ ਉਸ ਵਿਆਹ ਵਿੱਚ ਤਾਏ ਨਾਲ ਮੈਂ ਵੀ ਗਿਆ ਸੀ ਤੇ ਅਸੀਂ ਆਪਣਾ ਗੱਡਾ ਲੈ ਕੇ ਸੇਠ ਤੇ ਸੇਠ ਦੇ ਪਰਿਵਾਰ ਨੂੰ ਉਸ ਵਿੱਚ ਬਿਠਾ ਕੇ ਲੈ ਕੇ ਗਏ ਸੀ। ਇਸ ਤੋਂ ਬਿਨਾਂ ਤਾਇਆ ਸ਼ਾਇਦ ਹੀ ਕਿਸੇ ਵਿਆਹ-ਸ਼ਾਦੀ, ਮੇਲੇ-ਗੇਲੇ ਆਦਿ 'ਤੇ ਗਿਆ ਹੋਵੇ। ਹੋਰ ਤਾਂ ਹੋਰ ਕਿਸੇ ਰਿਸ਼ਤੇਦਾਰੀ ਵਿੱਚ ਵੀ ਘੱਟ-ਵੱਧ ਹੀ ਜਾਂਦਾ ਸੀ। ਵੱਧ ਤੋਂ ਵੱਧ ਉਹ ਸਾਡੇ ਪਿੰਡ ਤੋਂ ਦੂ ਕੁ ਕੋਹ 'ਤੇ ਪਿੰਡ ਫਫੜੇ ਭਾਈ-ਕੇ ਵਿਖੇ ਵਿਆਹੀ ਮੇਰੀ ਭੂਆ ਦੀ ਧੀ ਜੰਗੀਰੋ ਨੂੰ ਸਾਲ ਦੋ ਸਾਲ ਬਾਅਦ ਮਿਲ ਆਉਂਦਾ। ਉਹ ਵੀ ਇਸ ਕਰ ਕੇ ਕਿਉਂਕਿ ਪਿੰਡ ਫਫੜੇ ਭਾਈ-ਕੇ ਸਾਡੇ ਖੇਤਾਂ ਵੱਲ ਸੀ ਤੇ ਸਾਡੇ ਖੇਤੋਂ ਉਹ ਮੁਸ਼ਕਲ ਨਾਲ ਕੋਹ ਕੁ ਦੀ ਵਾਟ 'ਤੇ ਹੀ ਪੈਂਦਾ ਸੀ। ਜੇ ਤਾਇਆ ਸੰਤਾ ਨਾਂ ਜਾਂਦਾ ਤਾਂ ਭੈਣ ਜੰਗੀਰ ਕੌਰ ਆਪ ਹੀ ਖੇਤ ਆ ਕੇ ਉਸਨੂੰ ਮਿਲ ਜਾਂਦੀ। ਜੰਗੀਰੋ ਭੈਣ ਮੋਹਖ਼ੋਰੀ ਇਸਤਰੀ ਸੀ ਤੇ ਆਪਣੇ ਇਸ ਸਾਧ-ਬਿਰਤੀ ਵਾਲੇ ਮਾਮੇ ਨਾਲ ਉਸਨੂੰ ਅੰਤਾਂ ਦਾ ਮੋਹ ਤੇ ਹਮਦਰਦੀ ਸੀ।

ਹੋਰ ਤਾਂ ਹੋਰ, ਤਾਇਆ ਸੰਤਾ ਘਰ ਦੀ ਕਿਸੇ ਤਰਾਂ ਦੀ ਕਬੀਲਦਾਰੀ ਜਾਂ ਇਸ ਕਬੀਲਦਾਰੀ ਦੇ ਝੰਜਟਾਂ ਵਿੱਚ ਵੀ ਕਿਸੇ ਕਿਸਮ ਦੀ ਦਿਲਚਸਪੀ ਨਹੀਂ ਸੀ ਲੈਂਦਾ। ਘਰ ਲਈ ਕੀ ਲਿਆਉਣਾ ਹੈ ਕੀ ਨਹੀਂ, ਕਿਸੇ ਦਾ ਕੀ ਤੇ ਕਿੰਨਾ ਦੇਣਾ-ਲੈਣਾ ਹੈ, ਇਸ ਨਾਲ ਉਹ ਕਿਸੇ ਕਿਸਮ ਦਾ ਲਾਗਾ-ਦੇਗਾ ਨਹੀਂ ਸੀ ਰਖਦਾ। ਇਹ ਸਿਰਦਰਦੀ ਪਹਿਲੇ ਨੰਬਰ 'ਤੇ ਮੇਰੀ ਮਾਂ ਦੀ ਸੀ ਤੇ ਬਾਕੀ ਬਾਹਰਲਾ ਬਹੁਤਾ ਲੈਣ-ਦੇਣ ਮੇਰਾ ਬਾਪੂ ਹੀ ਕਰਦਾ ਸੀ ਜਿਸ ਵਿੱਚ ਉਹ ਅਕਸਰ ਮਾਰ ਖਾ ਜਾਂਦਾ ਸੀ। ਤਾਇਆ ਤਾਂ ਕਮਾ ਕੇ ਬੋਹਲ ਲਾਉਣ ਵਾਲਾ ਸੀ ਅੱਗੋਂ ਇਹ ਬੋਹਲ ਕਿਧਰ ਜਾਂਦੇ ਸਨ ਤੇ ਕੌਣ ਲੈ ਜਾਂਦਾ ਸੀ, ਇਹ ਤਾਇਆ ਮੇਰੀ ਮਾਂ ਤੇ ਮੇਰੇ ਬਾਪੂ ਉੱਤੇ ਸੁੱਟ ਰਖਦਾ ਸੀ।

ਪਤਾ ਨਹੀਂ ਕਿਰਤ ਨਾਲ ਇਸ ਹੱਦ ਤੱਕ ਜੁੜ ਜਾਣ ਸਦਕਾ ਜਾਂ ਫਿਰ ਆਪਣੀ ਪਹਿਲੀ ਉਮਰ ਵਿੱਚ ਆਪਣੀਆਂ ਦੋਵੇਂ ਪਤਨੀਆਂ ਦੇ ਵਿਛੋੜੇ ਸਦਕਾ ਤਾਇਆ ਸੰਤਾ ਅਫੀਮ ਖਾਣ ਲੱਗ ਪਿਆ ਸੀ। ਇਹ ਅਫੀਮ ਉਹ ਕਦੋਂ ਤੋਂ ਖਾਣ ਲੱਗਿਆ ਸੀ, ਇਹਦਾ ਮੈਨੂੰ ਕੋਈ ਪਤਾ ਨਹੀਂ। ਹਾਂ, ਐਨਾ ਜ਼ਰੂਰ ਪਤਾ ਹੈ ਕਿ ਜਦ ਮੈਂ ਸੁਰਤ ਸੰਭਾਲੀ ਓਦੋਂ ਅਫੀਮ ਖਾਂਦਾ ਹੁੰਦਾ ਸੀ। ਅਜੀਬ ਗੱਲ ਕਿ ਅਫੀਮ ਖਾਣ ਉਪਰੰਤ ਨਾ ਤਾਂ ਉਹ ਬਾਕੀ ਅਮਲੀਆਂ ਵਾਂਗ ਚੁਸਤ-ਫੁਰਤ ਗਪੌੜੀਆਂ ਮਾਰਦਾ ਸੀ ਤੇ ਨਾ ਹੀ ਉਹ ਘੋਰੀ ਅਮਲੀਆਂ ਵਾਂਗ ਘੋਰੀ ਕਿਸਮ ਦਾ ਬੰਦਾ ਬਣ ਕੇ ਮੰਜੇ ਉੱਤੇ ਗੋਡੇ ਜੋੜ ਕੇ ਹੀ ਪੈਂਦਾ ਸੀ। ਵਿਹਲੜ ਤੇ ਘੋਰੀ (ਨਿਕੰਮੇ ਤੇ ਸੁਸਤ) ਬੰਦਿਆਂ ਨੂੰ ਤਾਂ ਉਹ ਬੇਪਸੰਦ ਤੇ ਨਫ਼ਰਤ ਕਰਦਾ ਸੀ। ਮੇਰੇ ਬਾਪੂ ਤੇ ਵੱਡੇ ਭਾਈ ਹਰਨੇਕ ਨੂੰ ਕੰਮ ਨਾ ਕਰਨ ਕਾਰਨ ਉਹ ਅਕਸਰ 'ਸਾਲੇ ਵਿਹਲੜ ਤੇ ਨਿਖੱਟੂ' ਕਹਿ ਕੇ ਆਪਣੀ ਨਫ਼ਰਤ ਦਾਂ ਪਰਗਟਾਵਾ ਕਰਿਆ ਕਰਦਾ ਸੀ। 'ਵਿਹਲੜ, ਨਖੱਟੂ, ਘੋਰੀ, ਘਰ-ਪੱਟੂ, ਅੰਨ ਦੇ ਕੀੜੇ' ਆਦਿ ਕੁੱਝ ਲਫਜ਼ ਸਨ ਜਿਹੜੇ ਉਹ ਮੇਰੇ ਬਾਪੂ ਤੇ ਮੇਰੇ ਵੱਡੇ ਭਾਈ ਹਰਨੇਕ ਲਈ ਆਮ ਵਰਤਦਾ ਸੀ ਤੇ ਇਹਨਾਂ ਅੱਗੇ ਅਕਸਰ 'ਸਾਲੇ' ਲਫਜ਼ ਦਾ ਵਿਸ਼ੇਸ਼ਣ ਜ਼ਰੂਰ ਲਾਉਂਦਾ ਸੀ। ਤਾਏ ਦੀ ਅਫੀਮ ਖਾਣੀ ਘਰ ਵਿੱਚ ਕਿਸੇ ਨੂੰ ਚੁਭਦੀ ਵੀ ਨਹੀਂ ਸੀ। ਇਸਦਾ ਇੱਕ ਕਾਰਨ ਤਾਂ ਇਹ ਸੀ ਕਿ ਤਾਏ ਰਾਹੀਂ ਕੀਤੀ ਕਮਾਈ ਦੇ ਮੁਕਾਬਲੇ ਉਸਦੀ ਅਫੀਮ 'ਤੇ ਕੀਤਾ ਖਰਚਾ ਬਹੁਤ ਹੀ ਗੈਰ-ਮਾਮੂਲੀ ਸੀ। ਖਾਧੀ ਅਫੀਮ ਸਦਕਾ ਤਾਇਆ ਦਿਨ-ਰਾਤ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ ਸੀ। ਮੁਖ ਤੌਰ 'ਤੇ ਸਾਡੇ ਘਰ ਦੀ ਆਰਥਿਕਤਾ ਦਾ ਦਾਰੋਮੁਦਾਰ ਦੋ ਬੰਦਿਆਂ ਉੱਤੇ ਖੜਾ ਸੀ। ਇੱਕ ਤਾਏ ਉੱਤੇ ਦੂਜਾ ਮੇਰੀ ਭੂਆ ਦੇ ਪੁੱਤ ਜੰਗੀਰ ਉੱਤੇ ਜਿਹੜਾ ਬਚਪਨ ਤੋਂ ਹੀ ਸਾਡੇ ਘਰ ਦਾ ਅੰਗ ਬਣਿਆ ਹੋਇਆ ਸੀ। ਜੰਗੀਰ ਕੰਮ ਵਿੱਚ ਧੁਸ ਜ਼ਰੂਰ ਸੀ ਪਰ ਉਸਨੂੰ ਖੇਤੀ ਕਰਨ ਦੇ ਤੌਰ-ਤਰੀਕਿਆਂ ਦੀ ਉੱਕਾ ਹੀ ਸਮਝ ਨਹੀਂ ਸੀ। ਇਸਦੇ ਉਲ਼ਟ ਮਿੱਟੀ ਨਾਲ਼ ਮਿੱਟੀ ਹੋਏ ਰਹਿਣ ਦੇ ਬਾਵਜੂਦ ਤਾਇਆ ਸੰਤਾ ਖੇਤੀ ਕਰਨ ਦੀ ਆਪਣੇ ਸਮੇਂ ਦੀ ਤਕਨੀਕ ਵਿੱਚ ਪੂਰਾ ਸਮਝਦਾਰ ਤੇ ਤਜਰਬੇਕਾਰ ਸੀ। ਉਸਨੂੰ ਇਸ ਗੱਲ ਦੀ ਹੱਦ ਦਰਜੇ ਤੱਕ ਸਮਝ ਸੀ ਕਿ ਹਲ਼ ਦੀ ਰਾਹਲ਼ ਕਿਵੇਂ ਕੱਢਣੀ ਹੈ, ਬੀਜਾਈ ਕਰਨ ਵੇਲੇ ਕਿੰਨਾ ਬੀਜ ਪਾਉਣਾ ਹੈ, ਫਸਲ ਨੂੰ ਕਦ ਪਾਣੀ ਲਾਉਣਾ ਹੈ ਕਦ ਨਹੀਂ। ਕਪਾਹ, ਕਣਕ, ਬਾਜਰਾ, ਸਰੋਂ, ਛੋਲੇ, ਮੱਕੀ ਆਦਿ ਫਸਲਾਂ ਦੇ ਇੱਕ-ਇੱਕ ਬੂਟੇ ਦਾ ਉਸਨੂੰ ਇਸ ਹੱਦ ਤੱਕ ਪਤਾ ਸੀ ਕਿ ਉਹ ਸਹਿਜੇ ਹੀ ਦਸ ਸਕਦਾ ਸੀ ਕਿ ਕਿਸਨੂੰ ਕੀ ਹੋਇਆ ਹੈ। ਦੂਜੇ, ਉਸਦੇ ਅਫੀਮ ਖਾਣ ਉੱਤੇ ਮੇਰੇ ਬਾਪੂ ਤੇ ਮੇਰੇ ਵੱਡੇ ਭਰਾ ਨੂੰ ਇਸ ਕਰ ਕੇ ਵੀ ਕੋਈ ਇਤਰਾਜ਼ ਨਹੀਂ ਸੀ ਕਿਉਂਕਿ ਉਸਦੇ ਅਫੀਮ ਖਾਣ ਸਦਕਾ ਉਹਨਾਂ ਨੂੰ ਵਿਹਲੇ ਰਹਿਣ ਦਾ ਪੂਰਾ ਮੌਕਾ ਮਿਲ ਜਾਂਦਾ ਸੀ। ਤਾਇਆ ਅਫੀਮ ਨੀ ਖਾਊ ਤਾਂ ਉਹ ਕੰਮ ਨੀ ਕਰ ਸਕੂ ਤੇ ਜੇ ਕੰਮ ਨੀਂ ਕਰ ਸਕੂ ਤਾਂ ਉਨਾਂ ਦੋਵਾਂ ਨੂੰ ਖੇਤ ਕੰਮ ਕਰਨ ਲਈ ਜਾਣਾ ਪਿਆ ਕਰੂ। ਇਸ ਲਈ ਬਾਪੂ ਤਾਏ ਲਈ ਅਫੀਮ ਨਹੀਂ ਸੀ ਮੁੱਕਣ ਦਿੰਦਾ। ਇਸ ਲਈ ਮਰਦੇ-ਦਮ ਤੱਕ ਤਾਇਆ ਸਾਡੇ ਘਰ ਦੀ ਇੱਕ ਮਜ਼ਬੂਤ ਆਰਥਿਕ ਥੰਮੀ ਬਣਿਆ ਰਿਹਾ।

ਤਾਏ ਸੰਤੇ ਦੇ ਗਲ਼ ਖ਼ੱਦਰ ਦਾ ਕੁੜਤਾ, ਤੇੜ ਖ਼ੱਦਰ ਦੀ ਲੰਗੋਟੀ ਤੇ ਖੱਦਰ ਦੀ ਧੋਤੀ, ਸਿਰ ਉੱਤੇ ਮੈਲ਼ੀ ਪੱਗ ਤੇ ਪੈਰੀਂ ਵਿੰਗਾ ਬਣੀ ਧੌੜੀ ਜੁੱਤੀ ਹੁੰਦੀ ਸੀ। ਕੰਮ ਕਰਨ ਵੇਲੇ ਉਹ ਸਿਰ ਉੱਤੋਂ ਪੱਗ ਕਦੇ ਵੀ ਨਹੀਂ ਸੀ ਲਾਹੁੰਦਾ। ਜੇਠ ਹਾੜ ਦੀਆਂ ਤਪਦੀਆਂ ਦੁਪਹਿਰਾਂ ਵਿੱਚ ਵੀ। ਹਾਂ, ਕਦੀ-ਕਦਾਈਂ ਪੱਗ ਉੱਤੋਂ ਦੀ ਪਰਨਾ ਜ਼ਰੂਰ ਲਪੇਟ ਲੈਂਦਾ ਸੀ। ਉਹ ਵੀ ਤਾਂ ਜੇ ਕੰਮ ਕਰਨ ਵੇਲੇ ਇਸਦੀ ਲੋੜ ਹੁੰਦੀ। ਜਿਵੇਂ ਦਾਣੇ ਕੱਢਣ ਜਾਂ ਛੰਡਣ, ਜਾਂ ਭਾਰੀ ਪੰਡਾਂ ਚੁੱਕਣ ਆਦਿ ਦੇ ਮੌਕਿਆਂ ਸਮੇਂ। ਪੱਗ ਪਾਟਦੀ ਪਾਟ ਜਾਂਦੀ ਸੀ ਪਰ ਉਹ ਉਸਦੇ ਸਿਰ ਦਾ ਸਾਥ ਨਹੀਂ ਸੀ ਛਡਦੀ। ਪਰਨਾ ਰਖਦਾ ਜ਼ਰੂਰ ਪਰ ਉਸਨੂੰ ਉਹ ਕਿਸੇ ਚੀਜ਼ ਨੂੰ ਬੰਨਣ-ਬੰਨਾਉਣ, ਸਾਂਭਣ-ਸੰਭਾਉਣ ਲਈ ਹੀ ਬਹੁਤਾ ਵਰਤਦਾ। ਜਿਵੇਂ ਖੇਤ ਰੋਟੀ ਖਾਂਦਿਆਂ ਬਚੀ ਰੋਟੀ ਸਾਂਭ ਕੇ ਰੱਖਣੀ, ਮੱਕੀ ਦੀ ਕੋਈ ਪੱਕੀ ਹੋਈ ਛੱਲੀ, ਖੇਤਾਂ ਵਿੱਚ ਕੰਮ ਕਰਦਿਆਂ ਮਿਲੇ ਮਿੱਠੇ ਚਿਬੜ, ਬੇਰੀ ਜਾਂ ਮਲਿਆਂ ਦੇ ਬੇਰ ਆਦਿ ਪਰਨੇ ਨਾਲ ਬੰਨ ਕੇ ਰਖਣ ਵਾਸਤੇ, ਬੇਰ ਉਹ ਸਾਨੂੰ ਵੀ ਦਿੰਦਾ ਤੇ ਆਪ ਹੀ ਬੜੇ ਸ਼ੌਕ ਨਾਲ ਖਾਂਦਾ। ਮਲਿਆਂ ਦੇ ਬੇਰ ਤਾਂ ਉਹ ਕਈ ਵਾਰ ਇੱਕੋ ਵੇਲੇ ਸੈਂਕੜਾ, ਡੂਢ ਸੈਂਕੜਾ ਗਿਣ ਕੇ ਖਾ ਜਾਂਦਾ। ਕੱਪੜੇ ਜੇ ਪਿੰਡੋਂ ਧੋ ਕੇ ਆ-ਗੇ ਤਾਂ ਵੀ ਚੰਗਾ ਤੇ ਜੇ ਨਹੀਂ ਆਏ ਤਾਂ ਵੀ ਚੰਗਾ। ਤਾਏ ਨਾਲ ਸੰਬੰਧਿਤ ਕਪੜੇ ਧੋਣ ਦੀ ਗੱਲ ਮਾਂ ਨੂੰ ਵਿਸ਼ੇਸ਼ ਤੌਰ 'ਤੇ ਯਾਦ ਰੱਖਣੀ ਪੈਂਦੀ : 'ਵੇ ਜੇ ਉਹਨੂੰ ਨੀ ਇਨਾਂ ਗੱਲਾਂ ਦੀ ਪ੍ਰਵਾਹ ਤਾਂ ਤੁਸੀਂ ਤਾਂ ਲਹਾ ਲਿਆ ਕਰੋ ਉਸਦੇ ਕੱਪੜੇ ?'

ਜਿਥੇ ਮੇਰਾ ਬਾਪੂ ਵਿਹਲੜ ਤੇ ਆਦਰਸ਼ਵਾਦੀ ਵਿਰਤੀ ਤੇ ਮਾਨਸਿਕਤਾ ਵਾਲਾ ਬੰਦਾ ਸੀ ਉਥੇ ਤਾਇਆ ਅਤੀ ਯਥਾਰਥਵਾਦੀ ਸੋਚ ਤੇ ਯਥਾਰਥਕ ਅਮਲ ਦਾ ਮਾਲਕ ਸੀ। ਛੀ ਮਹੀਨਿਆਂ ਬਾਦ ਜਦ ਹਾੜੀ ਜਾਂ ਸਾਉਣੀ ਦੀ ਪੱਕੀ ਜਿਨਸ ਦੇ ਬੋਹਲ ਜਾਂ ਢੇਰ ਲਗਦੇ ਤਾਂ ਮੇਰੇ ਬਾਪੂ ਨੇ ਹਮੇਸ਼ਾ ਉਸ ਜਿਨਸ ਨੂੰ ਵਧਾ-ਚੜਾ ਕੇ ਅੰਗਣਾ। ਜੇ ਕਣਕ, ਕਪਾਹ ਨੇ 60-70 ਮਣ ਹੋਣਾ ਤਾਂ ਬਾਪੂ ਨੇ ਤੋਲੇ ਜਾਣ ਤੋਂ ਪਹਿਲਾਂ ਉਸ ਨੂੰ ਸੱਤ-ਅੱਠ ਵੀਹਾਂ (140-160) ਮਣ ਅੰਗ ਕੇ ਦੱਸਣਾ। ਇਹ ਕੋਈ ਬਾਪੂ ਜਾਣ-ਬੁਝ ਕੇ ਨਹੀਂ ਸੀ ਆਖਦਾ ਸਗੋਂ ਉਹ ਜਿਨਸ ਉਸਨੂੰ ਲਗਦੀ ਹੀ ਉਤਨੀ ਹੁੰਦੀ ਸੀ। ਇਹੀ ਹਾਲ ਮੇਰੀ ਭੂਆ ਦੇ ਪੁੱਤ ਜੰਗੀਰ ਦਾ ਹੁੰਦਾ। ਉਹ ਵੀ ਹੋਈ ਪੈਦਾਵਾਰ ਨੂੰ ਲੋੜ ਨਾਲੋਂ ਵੱਧ ਵਧਾ ਕੇ ਵੇਖਣ ਦਾ ਆਦੀ ਸੀ। ਪਰ ਤਾਏ ਦੀ ਅੰਗੀ ਜਿਨਸ ਵਿੱਚ ਦੋ-ਚਾਰ ਮਣ ਦੀ ਘਾਟ-ਵਾਧ ਤਾਂ ਬੇਸ਼ਕ ਹੋ ਜਾਣੀ ਪਰ ਇਸਤੋਂ ਵੱਧ ਕਦੇ ਨਹੀਂ।

ਜ਼ਿੰਦਗੀ ਵਿੱਚ ਵਧੇਰੇ ਯਥਾਰਥਵਾਦੀ ਸੋਚ ਦਾ ਧਾਰਨੀ ਹੋਣ ਕਾਰਨ ਮੇਰਾ ਤਾਇਆ ਮੇਰੇ ਪੜਨ ਦੇ ਹੱਕ ਵਿੱਚ ਨਹੀਂ ਸੀ। ਉਸਦਾ ਵਿਚਾਰ ਸੀ ਕਿ ਗਰੀਬ ਕਿਸਾਨ ਦੇ ਪੁੱਤਾਂ ਨੂੰ ਪੜਾਈਆਂ ਕੀ ਆਖਣ ? ਥੋੜੀ ਜ਼ਮੀਨ 'ਤੇ ਜੇ ਅਸੀਂ ਚਾਰੇ ਭਰਾ ਦੱਬ ਕੇ ਕੰਮ ਕਰੀਏ ਤਾਂ ਥੋੜੀ ਵਿਚੋਂ ਵੀ ਸਿਉਨਾ ਪੈਦਾ ਕੀਤਾ ਜਾ ਸਕਦਾ ਹੈ। ਨਿੱਕੇ ਹੁੰਦਿਆਂ ਖੇਤ ਗਿਆ ਨੂੰ ਉਹ ਹਲ਼ ਵਾਹੁੰਦਾ ਮੈਨੂੰ ਤੇ ਮੇਰੇ ਛੋਟੇ ਭਰਾਵਾਂ ਚੰਦ ਤੇ ਮਹਿੰਦਰ ਨੂੰ ਵਾਰੀ-ਸਿਰ ਹਲ਼ ਦਾ ਮੁੰਨਾ ਫੜਾ ਦਿੰਦਾ ਤੇ ਨਾਲ਼ ਦੀ ਨਾਲ਼ ਖੇਤੀ ਦੇ ਕੰਮ ਦੀਆਂ ਬਰਕਤਾਂ ਵੀ ਦਸਦਾ ਰਹਿੰਦਾ। ਉਹ ਅਕਸਰ ਇਸ ਗੱਲ ਉੱਤੇ ਜ਼ੋਰ ਦੇ ਕੇ ਆਖਦਾ, 'ਜੱਟ ਦੇ ਚਾਰ ਪੁੱਤ ਹੋਣ ਤੇ ਫਿਰ ਵੀ ਘਰ ਵਿੱਚ ਭੁੱਖ-ਨੰਗ ਹੋਵੇ, ਧਿਰਗ ਐ ਐਸੇ ਜੱਟ ਦੇ ਪੁੱਤਾਂ ਦੇ!' ਪਰ ਤਾਏ ਦੇ ਕਥਨਾਂ ਮੁਤਾਬਿਕ ਅਸੀਂ ਚਾਰੇ ਦੇ ਚਾਰੇ ਭਰਾ ਖੇਤੀ ਦੇ ਕੰਮ ਵਿੱਚ ਨਾ ਪੈ ਸਕੇ। ਮੇਰੇ ਤੋਂ ਮੇਰਾ ਵੱਡਾ ਭਰਾ ਹਰਨੇਕ ਵਿਹਲਪੁਣੇ ਤੇ ਵੈਲਪੁਣੇ ਦਾ ਸ਼ਿਕਾਰ ਹੋ ਗਿਆ ਤੇ ਮੈਂ ਖੇਤੀ ਮੁਸ਼ੱਕਤੀ ਕੰਮ ਤੋਂ ਉਂਜ ਹੀ ਅੰਦਰੋ-ਅੰਦਰ ਭੈ ਖਾਂਦਾ ਸਾਂ ਅਤੇ ਖੇਤੀ ਦਾ ਜੂਲ਼ਾ ਪੈ ਗਿਆ ਮੇਰੇ ਛੋਟੇ ਭਰਾਵਾਂ ਚੰਦ ਤੇ ਮਹਿੰਦਰ ਦੇ ਗਲ਼ਾਂ ਵਿਚ। ਉਹ ਵੀ ਬਹੁਤ ਛੋਟੀ ਉਮਰ ਵਿਚ। ਇਸੇ ਕਰ ਕੇ ਆਪਣੇ ਚਾਰੇ ਭਤੀਜਿਆਂ ਵਿਚੋਂ ਤਾਏ ਨੂੰ ਸਭ ਤੋਂ ਵੱਧ ਤਿਉਹ ਆਪਣੇ ਇਨਾਂ ਛੋਟੇ ਭਤੀਜਿਆਂ ਨਾਲ਼ ਹੀ ਸੀ। ਵਿਹਲਾ ਤੇ ਨਿਖੱਟੂ ਮੇਰਾ ਵੱਡਾ ਭਰਾ ਉਹਨੂੰ ਉਂਜ ਹੀ ਚੰਗਾ ਨਹੀਂ ਸੀ ਲਗਦਾ ਤੇ ਮੇਰੀ ਪੜਾਈ ਤੋਂ ਉਹ ਬਹੁਤਾ ਉਤਸ਼ਾਹਿਤ ਨਹੀਂ ਸੀ। ਪਰ ਇਹ ਵੀ ਇੱਕ ਸੱਚ ਹੈ ਕਿ ਮੈਨੂੰ ਪੜਨੋਂ ਹਟਣ ਲਈ ਉਸਨੇ ਮੇਰੇ ਜਾਂ ਸਾਡੇ ਪਰਿਵਾਰ ਉੱਤੇ ਕਦੇ ਜ਼ੋਰ ਨਹੀਂ ਸੀ ਪਾਇਆ। ਘਰ ਦੀ ਮਾੜੀ ਆਰਥਿਕ ਹਾਲਤ ਲਈ ਉਹ ਮੁੱਖ ਤੌਰ 'ਤੇ ਮੇਰੇ ਬਾਪੂ ਤੇ ਮੇਰੇ ਵੱਡੇ ਭਰਾ ਨੂੰ ਹੀ ਸਮਝਦਾ ਸੀ ਕਿਉਂਕਿ ਉਹ ਦੋਵੇਂ ਹੀ ਖੇਤੀ ਦੇ ਕੰਮ ਤੋਂ ਮੂੰਹ ਮੋੜ ਚੁੱਕੇ ਸਨ।

ਬਾਕੀ ਦੁਨੀਆਂ ਨਾਲੋਂ ਟੁੱਟ ਕੇ ਖੇਤ ਵਿੱਚ ਸਿਰਫ ਕੰਮ ਕਰਨ ਦਾ ਇਹ ਮਤਲਬ ਨਹੀਂ ਬਈ ਤਾਏ ਨੇ ਮਨੁੱਖੀ ਰਿਸ਼ਤਿਆਂ ਤੇ ਮਨੁੱਖੀ ਮੋਹ ਨੂੰ ਤਿਲਾਂਜਲੀ ਦੇ ਦਿੱਤੀ ਸੀ। ਘਰ ਨਾਲੋਂ ਅੱਡ ਖੇਤ ਵਿੱਚ ਰਹਿ ਕੇ ਉਹ ਕਿਰਤ ਇਸ ਕਰ ਕੇ ਨਹੀਂ ਸੀ ਕਰਦਾ ਕਿ ਇਸ ਨਾਲ ਉਸਦਾ ਮਨ ਕਿਸੇ 'ਹੋਰ ਪਾਸੇ' ਲੱਗਿਆ ਰਹੇ ?

ਬਾਕੀ ਸਫ਼ਾ 30 'ਤੇ

# ਪੰਜਾਬੀ ਲੋਕ ਗੀਤਾਂ ਵਿਚ ਛੜੇ

ਪੰਜਾਬੀ ਸਭਿਆਚਾਰ

## ਜਸਵਿੰਦਰ ਸਿੰਘ ਰੁਪਾਲ

ਛੜਾ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸ ਦਾ ਵਿਆਹ ਨਾ ਹੋਇਆ ਹੋਵੇ, ਪਰ ਇਹ ਕੁਆਰੇ ਨਾਲੋਂ ਵੱਖਰਾ ਹੈ। ਕੁਆਰਾ ਵਿਅਕਤੀ ਉਹ ਹੈ, ਜਿਸ ਦਾ ਅਜੇ ਵਿਆਹ ਨਹੀਂ ਹੋਇਆ, ਪਰ ਸਮਾਂ ਪਾ ਕੇ ਉਸ ਦਾ ਵਿਆਹ ਹੋ ਜਾਵੇਗਾ। ਇਸ ਤੋਂ ਉਲਟ ਛੜਾ ਆਮ ਤੌਰ ’ਤੇ ਵਿਆਹ ਦੀ ਉਮਰ ਲੰਘਾ ਚੁੱਕਿਆ ਉਹ ਵਿਅਕਤੀ ਹੈ, ਜਿਸ ਦੇ ਵਿਆਹ ਹੋਣ ਦੀ ਸੰਭਾਵਨਾ ਬਹੁਤ ਹੀ ਘੱਟ ਹੈ। ਕਈ ਕਾਰਨਾਂ ਕਰ ਕੇ ਉਹ ਵਿਆਹ ਤੋਂ ਵਾਂਝਾ ਰਿਹਾ ਹੁੰਦਾ ਹੈ। ਇੱਕ ਕਾਰਨ ਪਿੰਡ ਦੇ ਜੱਟਾਂ ਵਿੱਚ ਜ਼ਮੀਨ ਦੀ ਵੰਡ ਦਾ ਹੈ। ਪਹਿਲਾਂ ਇਹ ਹੁੰਦਾ ਸੀ ਕਿ 4-5 ਭਰਾ ਹੁੰਦੇ ਹੋਏ ਵੀ 1 ਜਾਂ 2 ਦਾ ਹੀ ਵਿਆਹ ਕਰਦੇ ਸਨ ਤਾਂ ਕਿ ਜ਼ਮੀਨ ਦੀਆਂ ਵੰਡੀਆਂ ਨਾ ਪੈਣ। ਪਹਿਲਾਂ ਪਹਿਲ ਤਾਂ ਸਾਡਾ ਅਰਥਚਾਰਾ ਹੀ ਜ਼ਮੀਨ ’ਤੇ ਸੀ, ਵੰਡੇ ਜਾਣ ’ਤੇ ਸਾਰੇ ਸਾਧਨਾਂ ਦੀ ਵੰਡ ਕਰਨੀ ਪੈਂਦੀ ਸੀ ਅਤੇ ਪੱਲੇ ਕੁਝ ਨਹੀਂ ਸੀ ਪੈਂਦਾ। ਵਿੱਦਿਆ ਦੇ ਪਸਾਰ ਅਤੇ ਕਿੱਤਿਆਂ ਦੀ ਵਿਭਿੰਨਤਾ ਕਾਰਨ ਵੀ ਅਤੇ ਕੁਝ ਬਦਲਦੇ ਸਮੇਂ ਅਨੁਸਾਰ ਹੋ ਰਹੀ ਸੋਚ ਦੇ ਵਿਕਾਸ ਕਾਰਨ ਵੀ ਹੁਣ ਇਹ ਵਰਤਾਰਾ ਘਟ ਗਿਆ ਹੈ।

ਕੁਝ ਵਿਅਕਤੀ ਹੋਰ ਕਾਰਨਾਂ ਕਰਕੇ ਜਿਵੇਂ ਸਰੀਰਕ ਅਪੰਗਤਾ, ਕਰੂਪਤਾ, ਆਰਥਿਕ ਕਾਰਨਾਂ ਕਰਕੇ ਜਾਂ ਨਸ਼ੇੜੀ ਹੋਣ ਕਾਰਨ ਵੀ ਵਿਆਹ ਤੋਂ ਵਾਂਝੇ ਰਹਿ ਜਾਂਦੇ ਹਨ। ਕਾਰਨ ਕੁਝ ਵੀ ਹੋਵੇ, ‘ਨਾਰ ਵਿਹੂਣੀ ਜ਼ਿੰਦਗੀ’ ਹੰਢਾਉਣੀ ਪੈਂਦੀ ਸੀ ਅਤੇ ਇਸ ਦਾ ਦਰਦ ਤਾਂ ਉਹ ਹੀ ਜਾਣ ਸਕਦਾ ਹੈ, ਜਿਸ ’ਤੇ ਆਣ ਬਣੀ ਹੋਵੇ। ਸਰੀਰਕ, ਮਾਨਸਿਕ, ਭਾਵਨਾਤਮਕ ਅਤੇ ਸਮਾਜਿਕ ਤੌਰ ’ਤੇ ਇਹ ਲੋਕ ਅਧੂਰੇ ਰਹਿ ਜਾਂਦੇ ਹਨ ਤੇ ਸ਼ਖ਼ਸੀਅਤ ਦਾ ਵਿਕਾਸ ਪੂਰਾ ਅਤੇ ਸੰਤੁਲਿਤ ਨਹੀਂ ਹੁੰਦਾ। ਪੁਰਾਣੇ ਸਮੇਂ ਵਿੱਚ ਛੜਿਆਂ ਦੀ ਆਬਾਦੀ ਕਾਫ਼ੀ ਹੁੰਦੀ ਸੀ, ਭਾਵ ਬਹੁਤ ਸਾਰੇ ਵਿਅਕਤੀਆਂ ਨੂੰ ਇਸ ਅਵਸਥਾ ਵਿੱਚੋਂ ਲੰਘਣਾ ਪੈਂਦਾ ਸੀ :

ਬੇਰੀਏ ਨੀਂ ਤੈਨੂੰ ਬੇਰ ਲੱਗਣਗੇ  
ਸਿਖਰੀਂ ਲੱਗਣ ਗੜੌਂਦੇ।  
ਤੈਨੂੰ ਛੜੇ ਦਿਖਾਵਾਂ ਵੇ  
ਰਾਂਝਣਾ ਇੱਲਾਂ ਵਾਂਗੂੰ ਭੌਂਦੇ।

ਕਈ ਵਾਰ ਇਸ ਤਰਾਂ ਵੀ ਕਹਿੰਦੇ ਸਨ:

ਤੈਨੂੰ ਛੜੇ ਦਿਖਾਵਾਂ ਵੇ  
ਰਾਂਝਣਾ ਸਾਰੀ ਰਾਤ ਨਾ ਸੌਂਦੇ।

ਸਭ ਤੋਂ ਪਹਿਲੀ ਗੱਲ ਤਾਂ ਰੋਟੀ ਦੀ ਹੀ ਹੈ। ਛੜੇ ਜੇ ਤਾਂ ਸਾਂਝੇ ਪਰਿਵਾਰ ਵਿੱਚ ਹਨ, ਉੱਥੇ ਇਹ ਸਮੱਸਿਆ ਵਿਕਰਾਲ ਰੂਪ ਤਾਂ ਧਾਰਨ ਨਹੀਂ ਕਰਦੀ, ਪਰ ਬਿਗਾਨੇ ਹੱਥਾਂ ਵੱਲ ਦੇਖਣਾ ਅਤੇ ਭਾਬੀਆਂ ਦੇ ਨਖਰੇ ਸਹਾਰਨੇ ਪੈਂਦੇ ਹਨ। ਪਰ ਜਿੱਥੇ ਕਿਧਰੇ ਛੜੇ ਨੂੰ ਇਕੱਲਾ ਰਹਿਣਾ ਪਵੇ, ਉੱਥੇ ਤਾਂ ਢਿੱਡ ਥਾਪੜਨ ਲਈ ਆਪ ਹੀ ਹੱਥ ਸੇਕਣੇ ਪੈਂਦੇ ਨੇ। ਹੁਣ ਵਿਆਹਿਆਂ ਦੇ ਘਰੋਂ ਬਣਦੇ ਸੁਆਦੀ ਖਾਣਿਆਂ ਦੀ ਖ਼ੁਸ਼ਬੂ ਤੋਂ ਛੜੇ ਲਲਚਾ ਉੱਠਦੇ ਨੇ ਤੇ ਹੂਕ ਨਿਕਲਦੀ ਹੈ :

ਰੰਨਾਂ ਵਾਲਿਆਂ ਦੇ ਪੱਕਣ ਪਰੌਂਠੇ  
ਛੜਿਆਂ ਦੀ ਅੱਗ ਨਾ ਬਲੇ

ਖਾਣੇ ਤੋਂ ਬਾਅਦ ਦੀ ਲੋੜ ਦੇ ਨਾਲ ਸਰੀਰਕ ਸਾਂਝ ਦੀ ਵੀ ਸੀ। ਸਿਗਮੰਡ ਫਰਾਇਡ ਨੇ ਤਾਂ ਮਰਦ ਔਰਤ ਦੀ ਇੱਕ ਦੂਜੇ ਦੇ ਸਾਥ ਦੀ ਲੋੜ ਨੂੰ ਜੀਵਨ ਦਾ ਧੁਰਾ ਮੰਨਿਆ ਹੈ। ਅਸਲ ਵਿੱਚ ਜੀਵਨ ਦੀ ਗੱਡੀ ਸੁਖਾਵੀਂ ਤਾਂ ਦੋ ਪਹੀਆਂ ’ਤੇ ਹੀ ਚੱਲ ਸਕਦੀ ਹੈ। ਗੁਰੂ ਸਾਹਿਬਾਨ ਨੇ ਵੀ ਇਸ ਆਪਸੀ ਲੋੜ ਨੂੰ ਮਹਿਸੂਸ ਕਰ ਕੇ ਹੀ ਗ੍ਰਹਿਸਥ ਧਰਮ ਨੂੰ ਪ੍ਰਧਾਨਤਾ ਦਿੱਤੀ ਸੀ, ਪਰ ਛੜੇ ਤਾਂ ਵਿਆਹ ਕਰਵਾਉਣ ਨੂੰ ਤਿਆਰ ਹਨ, ਉਹ ਕੋਈ ਸੰਨਿਆਸੀ ਤਾਂ ਨਹੀਂ ਹਨ। ਇੱਕ ਪੁਰਾਣੇ ਗੀਤ ਵਿੱਚ ਆਉਂਦਾ ਹੈ :

ਰੱਬਾ ਸਾਡਾ ਵੀ ਭਰਾ ਦੇ ਕਿਤੇ ਤੋਪਾ  
ਤੇ ਵਹੁਟੀਆਂ ਦੀ ਕਰ ਵਰਖਾ।

ਤਦੇ ਤਾਂ ਉਨਾਂ ਦੀ ਇਹ ਭਾਵਨਾ ਇੱਥੇ ਲੋਕ ਸਾਹਿਤ ਵਿੱਚ ਵੀ ਪ੍ਰਗਟਾਈ ਗਈ ਹੈ :

ਛੜਾ ਛੜੇ ਨਾਲ ਕਰੇ ਦਲੀਲਾਂ  
ਆਪਾਂ ਵਿਆਹ ਕਰਵਾਈਏ।  
ਬਈ ਜਿਹੜੀ ਆਪਾਂ ਵਹੁਟੀ ਲਿਆਈਏ  
ਛੱਜ ਤੂਮਾਂ ਦਾ ਪਾਈਏ।  
ਗੱਡੀ ਵਿੱਚ ਰੋਂਦੀ ਨੂੰ  
ਘੁੱਟ ਕੇ ਕਾਲਜੇ ਲਾਈਏ।

ਛੜੇ ਸੋਚਦੇ ਕਿ ਕੋਈ ਮੁਟਿਆਰ ਅੱਗ ਲੈਣ ਹੀ ਆ ਜਾਵੇ। ਮੁਟਿਆਰ ਨੂੰ ਦੇਖ ਕੇ ਛੜੇ ਦੀ ਤਾਂਘ ਇੰਜ ਦਿਖਾਈ ਦਿੰਦੀ ਹੈ :

ਤੂੰ ਕਦੇ ਛੜਿਆਂ ਦੇ ਅੱਗ ਲੈਣ ਆਏਂਗੀ  
ਬਹਿ ਕੇ ਸੀਨਾ ਠਾਰਾਂਗੇ।  
ਨੀਂ ਤੇਰੀ ਚੱਪਣੀ ਵਗਾਹ ਕੇ ਮਾਰਾਂਗੇ।

ਪਰ ਹੁੰਦਾ ਉਲਟ ਹੀ। ਛੜੇ ਕੋਲ ਤਾਂ ਕਿਸੇ ਨੇ ਕੀ ਆਉਣਾ ਸੀ, ਸਗੋਂ ਮੁਟਿਆਰਾਂ ਤਾਂ ਛੜੇ ਨੂੰ ਆਪਣੇ ਘਰ ਵੀ ਆਇਆ ਬਰਦਾਸ਼ਤ ਨਹੀਂ ਕਰਦੀਆਂ :

ਕੋਰੇ ਕੋਰੇ ਕੁੱਜੇ ਵਿੱਚ  
ਦਹੀਂ ਮੈਂ ਜਮਾਉਨੀ ਆਂ  
ਤੜਕੇ ਉੱਠ ਕੇ ਰਿੜਕਾਂਗੇ  
ਛੜੇ ਆਉਣਗੇ ਲੱਸੀ ਨੂੰ ਝਿੜਕਾਂਗੇ।

ਵੱਡੀ ਸਮੱਸਿਆ ਇਹ ਕਿ ਸਮਾਜ ਵਿੱਚ ਛੜੇ ਨੂੰ ਸਤਿਕਾਰ ਨਾਲ ਨਹੀਂ ਦੇਖਿਆ ਜਾਂਦਾ। ਪਰਿਵਾਰ ਵਿੱਚ ਉਨਾਂ ਨੂੰ ਔਖੇ ਕੰਮ ਦੇ ਦਿੰਦੇ ਸਨ ਕਿ ਇਨਾਂ ਨੇ ਕਿਹੜਾ ਟੱਬਰ ਪਾਲਣੇ ਹਨ, ਇਨਾਂ ਦੇ ਕਿਹੜਾ ਜੁਆਕ ਰੋਂਦੇ ਹਨ। ਇਸੇ ਲਈ ਕਿਹਾ ਹੈ :

ਛੜੇ ਸੌਣਗੇ ਮੱਕੀ ਦੀ ਰਾਖੀ  
ਰੰਨਾਂ ਵਾਲੇ ਘਰੀਂ ਸੌਣਗੇ।

ਸਾਂਝੇ ਪਰਿਵਾਰ ਵਿੱਚ ਵੀ ਭਰਜਾਈ ਹਮੇਸ਼ਾਂ ਡਰਦੀ, ਸੰਗਦੀ ਰਹਿੰਦੀ ਸੀ। ਇਹ ਡਰ ਉਦੋਂ ਹੋਰ ਵੀ ਵੱਧ ਹੁੰਦਾ ਸੀ ਜਦੋਂ ਛੜਾ ਉਸ ਦਾ ‘ਜੇਠ’ ਹੋਵੇ। ਦਿਓਰ ਨਾਲ ਤਾਂ ਉਹ ਖੁੱਲ ਜਾਂਦੀ ਸੀ, ਹਾਸਾ ਮਜ਼ਾਕ ਵੀ ਕਰਦੀ ਰਹਿੰਦੀ, ਪਰ ਛੜੇ ਜੇਠ ਤੋਂ ਸਦਾ ਖਿਝੀ ਦਿਖਦੀ। ਛੜਾ ਭੈੜੀਆਂ ਨਜ਼ਰਾਂ ਨਾਲ ਭਰਜਾਈ ਵੱਲ ਵੇਖਦਾ, ਉਹ ਵੀ ਅੱਖ ਤਾੜ ਜਾਂਦੀ। ਤਦੇ ਤਾਂ ਇੱਕ ਗਾਇਕ ਨੇ ਕਿਹਾ ਹੈ :

ਛੜਾ ਜੇਠ ਨਾ ਹੋਵੇ ਕਿਸੇ ਨਾਰ ਦਾ ਨੀਂ  
ਰਹਿੰਦਾ ਹਰ ਦਮ ਝਾਤੀਆਂ ਮਾਰਦਾ ਨੀਂ

ਭਾਬੀ ਇਸੇ ਕਾਰਨ ਛੜੇ ਜੇਠ ਨੂੰ ਹਲਕੀ ਜਿਹੀ ਵਸਤ ਵੀ ਦੇ ਕੇ ਰਾਜ਼ੀ ਨਹੀਂ :

ਛੜੇ ਜੇਠ ਨੂੰ ਲੱਸੀ ਨਹੀਂ ਦੇਣੀ  
ਦਿਉਰ ਭਾਵੇਂ ਮੱਝ ਚੁੰਘ ਜਾਏ।

ਕਦੇ ਕਦੇ ਵਿਆਹਿਆ ਹੋਇਆ ਛੋਟਾ ਭਰਾ ਅਲੱਗ ਹੋ ਜਾਂਦਾ ਅਤੇ ਛੜੇ ਆਪਣੀ ਮਾਂ ਨਾਲ ਰਹਿੰਦੇ। ਬੇਬੇ ਦੇ ਮਰਨ ’ਤੇ ਹਾਲਾਤ ਇਸ ਤਰਾਂ ਬਿਆਨੇ ਹਨ :

ਕੋਈ ਡਰਦੀ ਰੋਣ ਨਾ ਆਵੇ  
ਛੜੇ ਦੀ ਮਾਂ ਮਰ ਗਈ।

ਵਿਆਹੀਆਂ ਵਰੀਆਂ ਨੂੰ ਹੱਸਣ ਲਈ ਅਤੇ ਅਠਖੇਲੀਆਂ ਕਰਨ ਲਈ ਵੀ ਛੜਾ ਹੀ ਲੱਭਦਾ ਹੈ। ਉਹ ਛੜੇ ਨਾਲ ਨਹੀਂ, ਸਗੋਂ ਛੜੇ ’ਤੇ ਹੱਸਦੀਆਂ ਹਨ। ਉਨਾਂ ਦਾ ਮਜ਼ਾਕ ਇੰਜ ਚੱਲਦਾ ਹੈ :

ਲਿਆਈਂ ਲਿਆਈਂ ਨੀਂ ਛੜੇ ਦੀ ਮੁੱਛ ਫੜ ਕੇ  
ਛਟੀਆਂ ਦੀ ਅੱਗ ਨਾ ਬਲ਼ੇ

ਇਸ ਮੁਟਿਆਰ ਨੂੰ ਛੜੇ ਦੀ ਮੁੱਛ ਚੰਗੀ ਨਹੀਂ ਲੱਗਦੀ, ਖਬਰੈ ਕਦੇ ਇਸ ਨੂੰ ਦੇਖ ਕੇ ਛੜੇ ਨੇ ਮੁੱਛ ਨੂੰ ਵੱਟ ਚਾੜਿਆ ਹੋਵੇ। ਦੂਸਰੀ ਮੁਟਿਆਰ ਇਸ ਤੋਂ ਵੀ ਕੁਝ ਅੱਗੇ ਹੀ ਹੈ, ਤਦੇ ਤਾਂ ਪਹਿਲੀ ਉਸ ਦੇ ਪ੍ਰਤੀਕਰਮ ’ਤੇ ਟਿੱਪਣੀ ਕਰਦੀ ਹੋਈ ਕਹਿੰਦੀ ਹੈ :

ਮੈਂ ਤਾਂ ਕਿਹਾ ਇੱਕ ਮੁੱਛ ਨੂੰ  
ਤੂੰ ਸਾਰੇ ਛੜੇ ਨੂੰ ਘਸੀਟੀ ਆਵੇਂ।

ਕਿਸੇ ਦੇ ਵਿਆਹ ਤੋਂ ਪਹਿਲਾਂ ‘ਜਾਗੋ’ ਕੱਢਦੇ ਤਾਂ ਉਸ ਦੀਆਂ ਬੋਲੀਆਂ ਵਿੱਚ ਵੀ ਛੜਿਆਂ ਨੂੰ ਛੇੜਿਆ ਜਾਂਦਾ ਸੀ :

ਆਉਂਦੀ ਕੁੜੀਏ, ਜਾਂਦੀ ਕੁੜੀਏ,  
ਭਰ ਲਿਆ ਟੋਕਰਾ ਨੜਿਆਂ ਦਾ,  
ਕਿੱਥੇ ਲਾਹੇਂਗੀ ? ਕਿੱਥੇ ਲਾਹੇਂਗੀ  
ਨੀਂ ਸਾਰਾ ਪਿੰਡ ਛੜਿਆਂ ਦਾ।  
ਛੜੇ ਮਲੰਗੋ ਕੋਠੇ ਚੜ ਜਾਓ,  
ਰੰਨਾਂ ਵਾਲੇ ਅੰਦਰ ਵੜ ਜਾਓ,  
ਫੇਰ ਨਾ ਰੌਲਾ ਪਾਇਓ  
ਨੀਂ ਧੂੜਾਂ ਪੱਟਦੀ ਆਉਂਦੀ ਐ,  
ਨਾਨਕਿਆਂ ਦੀ ਜਾਗੋ...

ਕੁਝ ਹੋਰ ਬੋਲੀਆਂ ਵਿੱਚ ਛੜੇ ਨੂੰ ਛੇੜਿਆ ਜਾਣਾ, ਉਸ ਦਾ ਇਕੱਲਿਆਂ ਨਾਰ ਬਿਨਾਂ ਵਿਚਰਨਾ, ਵਿਆਹ ਲਈ ਤਰਸਣਾ, ਮੁਟਿਆਰਾਂ ਪ੍ਰਤੀ ਉਸ ਦੀ ਅਤੇ ਮੁਟਿਆਰਾਂ ਦੀ ਉਸ ਪ੍ਰਤੀ ਸੋਚ ਆਦਿ ਨੂੰ ਪ੍ਰਗਟਾਇਆ ਗਿਆ ਹੈ :

ਰੰਨਾਂ ਵਾਲਿਆਂ ਨੂੰ ਰੋਣ ਨਿਆਣੇ  
ਛੜਿਆਂ ਨੂੰ ਰੋਣ ਬਿੱਲੀਆਂ

ਇਸੇ ਤਰਾਂ ਇੱਕ ਹੋਰ ਬੋਲੀ ਵਿੱਚ ਇੱਕ ਵਿਆਂਦੜ, ਛੜਿਆਂ ਬਾਰੇ ਆਪਣੇ ‘ਭਾਵ’ ਆਪਣੇ ਨਾਲ ਬੀਤੀ ਘਟਨਾ ਸੁਣਾ ਕੇ ਪ੍ਰਗਟ ਕਰਦੀ ਹੈ :

ਆਰੀ, ਆਰੀ, ਆਰੀ।  
ਛੜਿਆਂ ਦੇ ਮੂੰਹ ਲੱਗ ਗਈ  
ਛੋਲਿਆਂ ਦੀ ਦਾਲ ਕਰਾਰੀ  
ਛੜੇ ਨੇ ਦਾਲ ਹੋਰ ਮੰਗ ਲਈ  
ਮੈਂ ਵੀ ਕੜਛੀ ਬੁੱਲਾਂ ’ਤੇ ਮਾਰੀ

ਵਿਚਾਰਾ ਛੜਾ ਕਦੇ ਤਾਂ ਭਾਬੀ ਦੀ ਮਿੰਨਤ ਕਰਦਾ ਹੈ, ਕਦੇ ਕੋਈ ਹਸੀਨਾ ਨੂੰ ਦਿਲ ਦੇ ਬੈਠਦਾ ਹੈ ਤੇ ਅਰਜ਼ ਕਰਦਾ ਹੈ ਕਿ ਉਹ ਛੜੇ ਨਾਲ ਲਾ ਕੇ ਤਾਂ ਵੇਖੇ, ਫੇਰ ਵੇਖੇ, ਛੜਾ ਕਿਵੇਂ ਉਸ ਦੀ ਸੇਵਾ ਕਰਦਾ ਹੈ।

ਛੜੇ ਛੜੇ ਨਾ ਕਰਿਆ ਕਰ ਨੀਂ  
ਦੇਖ ਛੜੇ ਨਾਲ ਲਾ ਕੇ।  
ਛੜਾ ਤਾਂ ਤੇਰੇ ਭਾਂਡੇ ਮਾਂਜੂ  
ਧੁਰ ਕੜਛੀ ਤੋਂ ਲੈ ਕੇ।  
ਬਹਿ ਜਾਈਂ ਪੀਹੜੇ ’ਤੇ  
ਰੇਬ ਪਜਾਮੀ ਪਾ ਕੇ।

ਇੱਕ ਲੋਕ ਬੋਲੀ ਛੜਿਆਂ ਨੂੰ ਨਸੀਹਤ ਦਿੰਦੀ ਹੈ :

ਜੇ ਛੜਿਓ ਤੁਸੀਂ ਵਿਆਹ ਕਰਵਾਉਣਾ  
ਤੜਕੇ ਉੱਠ ਕੇ ਨਾਇਆ ਕਰੋ।  
ਰੰਨਾਂ ਵਾਲਿਆਂ ਦੇ ਪੈਰੀਂ ਹੱਥ ਲਾਇਆ ਕਰੋ।

ਅੰਤ ਵਿੱਚ ਇੱਕ ਬੇਨਤੀ ਬਨਾਮ ਚਿਤਾਵਨੀ ਹੈ ਕਿ ਜੇ ਭਰੂਣ-ਹੱਤਿਆ ਨੂੰ ਠੱਲ ਨਾ ਪਾਈ ਗਈ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡੇ ਕੁਆਰੇ ਗੱਭਰੂ ਛੜਿਆਂ ਦੀ ਢਾਣੀ ਵਿੱਚ ਜਾ ਰਲਣਗੇ ਅਤੇ ਬਹੁਤ ਥੋੜੇ ਬਚੇ ਰੰਨਾਂ ਵਾਲਿਆਂ ਦੇ ਪੈਰੀਂ ਹੱਥ ਲਾਉਣ ਲਈ ਮਜਬੂਰ ਹੋਣਗੇ।

# ਮਾਂ-ਬੋਲੀ ਤੋਂ ਦੂਰ ਹੋਣ ਦਾ ਮੇਰਾ ਦੁਖਾਂਤ

ਸਭਿਆਚਾਰ ਤੇ ਭਾਸ਼ਾ



## ਜਸਲੀਨ ਸੇਠੀ

ਕੁਝ ਸਮਾਂ ਪਹਿਲਾਂ ਮੈਂ ਇਕ ਤੁਰਕੀ-ਬਰਤਾਨਵੀ ਲੇਖਿਕਾ ਦੁਆਰਾ ਲਿਖੀ ਕਿਤਾਬ ਪੜੀ ਜਿਸ ਦੇ ਅੰਤ ਵਿਚ ਉਸ ਨੇ ਅੰਗਰੇਜ਼ੀ ਵਿਚ ਸੁਪਨੇ ਲੈਣ ਬਾਰੇ ਲਿਖਿਆ ਸੀ। ਲੇਖਿਕਾ ਕਹਿੰਦੀ ਸੀ ਕਿ ਤੁਰਕੀ ਦੇ ਲੋਕ ਉਸ ਦੀ ਬਹੁਤ ਆਲੋਚਨਾ ਕਰਦੇ ਹਨ, ਕਿਉਂਕਿ ਉਹ ਆਪਣੀਆਂ ਕਿਤਾਬਾਂ ਨੂੰ ਅੰਗਰੇਜ਼ੀ ਵਿਚ ਲਿਖਦੀ ਹੈ, ਨਾ ਕਿ ਆਪਣੀ ਮਾਂ-ਬੋਲੀ ਵਿਚ। ਉਹ ਕਹਿੰਦੀ ਕਿ ਮੈਂ ਯਤਨ ਕਰਦੀ ਹਾਂ ਕਿ ਆਪਣੀ ਅੰਗਰੇਜ਼ੀ ਵਿਚ ਲਿਖੀ ਕਿਤਾਬ ਦਾ ਅਨੁਵਾਦ ਕਿਸੇ ਤੁਰਕੀ ਵਿਚ ਮਾਹਿਰ ਵਿਅਕਤੀ ਤੋਂ ਕਰਵਾਏ ਅਤੇ ਫਿਰ ਉਸ ਅਨੁਵਾਦ ਨੂੰ ਆਪਣਾ ਰੂਪ ਦੇਵੇ ਪਰ ਖ਼ੁਦ ਤੁਰਕੀ ਵਿਚ ਲਿਖਣਾ ਅਸੰਭਵ ਕੰਮ ਹੈ। ਉਹ ਆਖਦੀ ਹੈ ਕਿ ਜੋ ਅਲਫਾਜ਼ ਉਹ ਅੰਗਰੇਜ਼ੀ ਵਿਚ ਵਰਤ ਸਕਦੀ ਹੈ, ਤੁਰਕੀ ਦੀ ਭਾਸ਼ਾ ਵਿਚ ਨਹੀਂ। ਮੈਨੂੰ ਉਸ ਲੇਖਿਕਾ ਦੀ ਸਮੱਸਿਆ ਵਿਚ ਆਪਣੀ ਝਲਕ ਨਜ਼ਰ ਆਉਂਦੀ ਹੈ।

ਸਕੂਲ ਵਿਚ ਮੈਂ ਦਸਵੀਂ ਤੱਕ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦਾ ਗਿਆਨ ਲਿਆ ਅਤੇ ਕਾਲਜ ਆ ਕੇ ਮੈਨੂੰ ਪੰਜਾਬੀ ਅਤੇ ਅੰਗਰੇਜ਼ੀ ਨੂੰ ਕੁਝ ਹੋਰ ਸਮਾਂ ਪੜਨ ਦਾ ਮੌਕਾ ਮਿਲਿਆ। ਪਰ ਸਕੂਲ ਤੋਂ ਲੈ ਕੇ ਹੁਣ ਤੱਕ, ਜਦ ਮੈਂ ਖ਼ੁਦ ਇਕ ਪੱਤਰਕਾਰੀ ਦੀ ਅਧਿਆਪਕ ਹਾਂ, ਮੈਨੂੰ ਹਮੇਸ਼ਾ ਮੇਰੀ ਪੰਜਾਬੀ ਨਾਲ ਸਾਂਝ ਅਧੂਰੀ ਲੱਗਦੀ ਰਹੀ ਹੈ। ਮੈਂ ਆਪਣੀ ਰੋਜ਼ਮਰਾ ਦੀ ਜ਼ਿੰਦਗੀ ਵਿਚ ਸਾਰਾ ਦਿਨ ਪੰਜਾਬੀ ਹੀ ਬੋਲਦੀ ਅਤੇ ਸੁਣਦੀ ਹਾਂ ਪਰ ਫਿਰ ਵੀ ਜਦੋਂ ਲਿਖਣ ਦੀ ਗੱਲ ਆਉਂਦੀ ਹੈ ਤਾਂ ਦਿਮਾਗ ਅੰਗਰੇਜ਼ੀ ਭਾਸ਼ਾ ਵਿਚ ਵਾਕ ਬਣਾਉਣੇ ਸ਼ੁਰੂ ਕਰ ਦਿੰਦਾ ਹੈ। ਮੈਂ ਇਹ ਨਹੀਂ ਆਖਦੀ ਕਿ ਮੈਂ ਅੰਗਰੇਜ਼ੀ ਵਿਚ ਲਿਖਣ ਵਿਚ ਨਿਪੁੰਨ ਹਾਂ। ਕਈ ਵਾਰ, ਕਈ ਸ਼ਬਦ, ਕਈ ਥਾਂ ਉੱਤੇ ਰੁਕ ਜਾਂਦੇ ਹਨ ਅਤੇ ਮੈਨੂੰ ਆਪਣੇ ਦਿਮਾਗ ਉੱਤੇ ਜ਼ੋਰ ਲਗਾਉਣ ਅਤੇ ਇੰਟਰਨੈਟ ਦੀ ਮਦਦ ਲੈਣੀ ਪੈਂਦੀ ਹੈ।

ਜੇਕਰ ਮੈਂ ਪੰਜਾਬੀ ਜਾਂ ਹਿੰਦੀ ਵਿਚ ਕੁਝ ਲਿਖਣਾ ਚਾਹਾਂ ਤਾਂ ਅਕਸਰ ਇਸ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਾਰਨ ਜਦੋਂ ਵੀ ਪੰਜਾਬੀ ਵਿਚ ਕੁਝ ਲਿਖਿਆ ਛਪਵਾਉਣ ਬਾਰੇ ਸੋਚਦੀ ਹਾਂ ਤਾਂ ਮੈਨੂੰ ਇਹ ਤੌਖਲਾ ਹੁੰਦਾ ਹੈ ਕਿ ਮੈਂ ਆਪਣੀ ਮਾਂ-ਬੋਲੀ ਨਾਲ ਇਨਸਾਫ਼ ਨਹੀਂ ਕਰ ਪਾਵਾਂਗੀ।

ਜਦੋਂ ਮੈਂ ਪਹਿਲੀ ਵਾਰ ਪੰਜਾਬੀ ਵਿਚ ਕੁਝ ਲਿਖਿਆ ਸੀ ਤਾਂ ਉਹ ਇਸ ਕਰਕੇ ਸੀ ਕਿਉਂਕਿ ਉਸ ਹੱਡਬੀਤੀ ਘਟਨਾ ਦਾ ਕਿਸੇ ਹੋਰ ਭਾਸ਼ਾ ਵਿਚ ਅਨੁਵਾਦ ਕਰ ਕੇ ਦੱਸਣਾ ਸਹੀ ਨਹੀਂ ਲੱਗ ਰਿਹਾ ਸੀ। ਉਸ ਨਾਲ ਦਗਾ ਕਰਨ ਜਿਹਾ ਜਾਪ ਰਿਹਾ ਸੀ। ਉਸ ਮੌਕੇ ਤੋਂ ਬਾਅਦ ਵੀ ਮੈਂ ਪੰਜਾਬੀ ਵਿਚ ਕਾਫ਼ੀ ਵਾਰ ਕੁਝ ਲਿਖਣ ਦਾ ਸੋਚਿਆ ਤੇ ਯਤਨ ਕੀਤਾ ਪਰ ਮੇਰੇ ਲਫ਼ਜ਼ਾਂ ਦਾ ਦਰਿਆ ਜਿਵੇਂ ਸੁੱਕ ਜਾਂਦਾ ਹੈ। ਲਿਖਣ ਵੇਲੇ ਪੰਜਾਬੀ ਮੈਨੂੰ ਮੇਰੀ ਮਾਂ-ਬੋਲੀ ਨਹੀਂ, ਸਗੋਂ ਮਤਰੇਈ ਮਾਂ ਵਾਂਗ ਜਾਪਦੀ ਹੈ। ਮੇਰੇ ਨਾਲ ਦੇ ਕਈ ਸਹਿਯੋਗੀ, ਸਹਿਪਾਠੀ ਅਤੇ ਸਾਥੀ ਹਨ ਜੋ ਪੰਜਾਬੀ ਵਿਚ ਆਪਣੇ ਵਿਚਾਰਾਂ ਦਾ ਵਰਣਨ ਬਹੁਤ ਹੀ ਸੋਹਣੇ ਢੰਗ ਨਾਲ ਕਰਦੇ ਹਨ ਜਿਸ ਨੂੰ ਪੜ ਕੇ ਮਨ ਖ਼ੁਸ਼ ਹੋ ਜਾਂਦਾ ਹੈ। ਉਨਾਂ ਤੋਂ ਪ੍ਰੇਰਿਤ ਹੋ ਕੇ ਮੈਂ ਦੁਬਾਰਾ ਕਲਮ ਚੁੱਕਦੀ ਹਾਂ ਅਤੇ ਪੰਜਾਬੀ ਵਿਚ ਲਿਖਣ ਦੀ ਕੋਸ਼ਿਸ਼ ਕਰਦੀ ਹਾਂ ਪਰ ਏਦਾਂ ਲੱਗਦਾ ਹੈ ਜਿਵੇਂ ਮੇਰੇ ਅੱਖਰਾਂ ਦਾ, ਵਾਕਾਂ ਦਾ ਕੋਈ ਭਾਵ ਹੀ ਨਹੀਂ ਨਿਕਲ ਰਿਹਾ। ਜਿਵੇਂ ਮੇਰੇ ਮਨ ਵਿਚ ਜੋ ਵਿਚਾਰ ਹਨ ਉਨਾਂ ਨੂੰ ਮੈਂ ਕਾਗਜ਼ ਉੱਤੇ ਉਤਾਰਨ ਵਿਚ ਸਫਲ ਨਹੀਂ ਹੋ ਪਾ ਰਹੀ ਹਾਂ। ਪੰਜਾਬੀ ਮੇਰੀ ਮਾਤ ਭਾਸ਼ਾ ਹੈ ਪਰ ਮੈਨੂੰ ਇਸ ਨੇ ਕਦੇ ਪੂਰੀ ਤਰਾਂ ਅਪਣਾਇਆ ਨਹੀਂ। ਇਸ ਲਈ ਮੈਂ ਖ਼ੁਦ ਨੂੰ ਕਸੂਰਵਾਦ ਸਮਝਦੀ ਹਾਂ। ਮੇਰੇ ਅੰਦਾਜ਼ੇ ਮੁਤਾਬਕ ਇਸ ਦੇ ਕਈ ਕਾਰਨ ਹੋ ਸਕਦੇ ਹਨ। ਮੈਂ ਆਪਣੀ ਸਾਰੀ ਸਕੂਲੀ ਅਤੇ ਕਾਲਜ ਦੀ ਪੜਾਈ ਅੰਗਰੇਜ਼ੀ ਮਾਧਿਅਮ ਵਿਚ ਕੀਤੀ ਹੈ ਅਤੇ ਹਮੇਸ਼ਾ ਸਾਹਿਤਕ ਕਿਤਾਬਾਂ ਪੜਨ ਦੀ ਰੁਚੀ ਅੰਗਰੇਜ਼ੀ ਵਿਚ ਵੱਧ ਰਹੀ ਹੈ। ਪੰਜਾਬੀ ਭਾਸ਼ਾ ਦੇ ਸਾਹਿਤ ਨਾਲ ਮੇਰਾ ਜ਼ਿਆਦਾ ਰਾਬਤਾ ਨਹੀਂ ਹੋਇਆ ਹੈ। ਇਹ ਵੀ ਇਕ ਕਾਰਨ ਹੈ ਕਿ ਮੈਂ ਪੰਜਾਬੀ ਭਾਸ਼ਾ ਦੀ ਸਲੈਂਗ ਸ਼ਬਦਾਵਲੀ ਤੋਂ ਜਾਣੂ ਨਹੀਂ ਹਾਂ। ਇਸ ਤਰਾਂ ਹੀ ਮੇਰਾ ਪੰਜਾਬੀ ਗਾਣੇ, ਸੰਗੀਤ ਅਤੇ ਫਿਲਮਾਂ ਵੱਲ ਵੀ ਰੁਝਾਨ ਘੱਟ ਹੀ ਰਿਹਾ ਹੈ। ਇਨਾਂ ਦੋਨਾਂ ਗੱਲਾਂ ਦਾ ਵੱਡਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੈਂ ਸ਼ੁਰੂ ਤੋਂ ਹੀ ਸ਼ਹਿਰਾਂ ਵਿਚ ਰਹੀ ਹਾਂ। ਮੇਰੇ ਮਾਂ-ਪਿਓ ਨੇ ਵੀ ਆਪਣਾ ਵਧੇਰੇ ਸਮਾਂ ਸ਼ਹਿਰਾਂ ਵਿਚ ਬਿਤਾਇਆ ਹੈ। ਪਿੰਡਾਂ ਦੀ ਜ਼ਿੰਦਗੀ ਅਤੇ ਪਿੰਡਾਂ ਦੀ ਜੀਵਨ-ਸ਼ੈਲੀ ਨਾਲ ਮੇਰਾ ਵਾਸਤਾ ਬਹੁਤ ਘੱਟ ਪਿਆ ਹੈ ਅਤੇ ਇਹ ਇਕ ਵੱਡਾ ਕਾਰਨ ਹੈ ਜੋ ਮੈਂ ਮੰਨਦੀ ਹਾਂ ਕਿ ਪੰਜਾਬੀ ਦਾ ਮੇਰੇ ਨਾਲ ਸਾਥ ਅਤੇ ਮੇਰਾ ਪੰਜਾਬੀ ਨਾਲ ਸਾਥ ਅਜੇ ਵੀ ਬਿਖੜਾ ਜਾਪਦਾ ਹੈ। ਮੈਂ ਆਪਣੇ ਵਿਚਾਰਾਂ ਅਤੇ ਜਜ਼ਬਾਤ ਨੂੰ ਲਿਖਤੀ ਰੂਪ ਵਿਚ ਪ੍ਰਦਰਸ਼ਿਤ ਕਰਨ ਵਿਚ ਅਸਫਲ ਰਹਿੰਦੀ ਹਾਂ।

ਅਧਿਆਪਨ ਵਿਚ ਆਉਣ ਤੋਂ ਬਾਅਦ ਮੇਰੀ ਪੰਜਾਬੀ ਬੋਲਣ ਅਤੇ ਲਿਖਣ ਵਿਚ ਕਾਫ਼ੀ ਸੁਧਾਰ ਆਇਆ ਹੈ। ਇਸ ਦਾ ਸਿਹਰਾ ਮੇਰੇ ਉਨਾਂ ਵਿਦਿਆਰਥੀਆਂ ਨੂੰ ਜਾਂਦਾ ਹੈ ਜਿਹੜੇ ਪੰਜਾਬੀ ਮਾਧਿਅਮ ਦੇ ਸਨ ਅਤੇ ਜਿਨਾਂ ਕਾਰਨ ਮੈਂ ਆਪਣੇ ਵਿਸ਼ੇ ਨੂੰ ਪੰਜਾਬੀ ਵਿਚ ਪੜਨਾ-ਪੜਾਉਣਾ, ਸਮਝਣਾ-ਸਮਝਾਉਣਾ ਸ਼ੁਰੂ ਕੀਤਾ। ਮੇਰੇ ਹਿਸਾਬ ਨਾਲ ਕਿਸੇ ਵੀ ਭਾਸ਼ਾ ਨੂੰ ਅਪਨਾਉਣ ਲਈ ਜ਼ਰੂਰੀ ਹੈ ਉਸ ਦੇ ਸਾਹਿਤ ਤੋਂ ਜਾਣੂ ਹੋਣਾ ਤਾਂ ਜੋ ਆਪਣੇ ਭਾਵ ਜ਼ਾਹਰ ਕਰਨ ਸਮੇਂ ਭਾਸ਼ਾ ਤੁਹਾਡੇ ਦਿਮਾਗ ਵਿਚ ਅਲਫ਼ਾਜ਼ਾਂ ਦੀ ਰੌਸ਼ਨੀ ਦਾ ਚਾਨਣ ਪਾ ਸਕੇ। ਹੁਣ ਮੈਂ ਕੋਸ਼ਿਸ਼ ਕਰਦੀ ਹਾਂ ਕਿ ਪੰਜਾਬੀ ਵਿਚ ਕੋਈ ਨਾ ਕੋਈ ਲੇਖ, ਕਵਿਤਾ ਜਾਂ ਕਿਤਾਬ ਪੜਾਂ ਤਾਂ ਜੋ ਲਿਖਣ ਸਮੇਂ ਮੈਨੂੰ ਪੰਜਾਬੀ ਅੰਗਰੇਜ਼ੀ ਵਾਂਗ ਸ਼ਬਦਾਂ ਦਾ ਇਕ ਲਗਾਤਾਰ ਵਰਦਾ ਹੋਇਆ ਝਰਨਾ ਲੱਗੇ। ਹੌਲੀ-ਹੌਲੀ ਮੈਂ ਆਪਣੀ ਪੰਜਾਬੀ ਨਾਲ ਸਾਂਝ ਵਧਾਉਣ ਦੀ ਅਤੇ ਉਸ ਨੂੰ ਪੂਰੀ ਤਰਾਂ ਅਪਨਾਉਣ ਦੀ ਕੋਸ਼ਿਸ਼ ਕਰਦੀ ਰਹਾਂਗੀ।

## 1. ਇਬਾਦਤ

ਲਿਖਾਰੀ ਦਰਗਾਹੋਂ ਸੁਨੇਹਾ ਲਿਆਵੇ,
ਲੱਗਦਾ ਸੱਚੀ ਇਹ ਕਹਾਵਤ ਹੈ।
ਸਿਜਦਾ ਉਹਦੀ ਸੁੱਚੀ ਕਲਮ ਨੂੰ,
ਲਿਖਣਾ ਹੀ ਜਿਸਦੀ ਇਬਾਦਤ ਹੈ ।
ਨਾਖੁਸ਼ ਨੀ ਭੈੜੀ ਦੁਨੀਆਂਦਾਰੀ ਤੋਂ,
ਵਾਹ! ਕੈਸੀ ਇਹ ਸ਼ਰਾਫ਼ਤ ਹੈ ।
ਉਹ ਡੋਲਦਾ ਨਹੀਂ ਝੂਠ ਦੇ ਹੜਾਂ ਤੋਂ,
ਕਰਦਾ ਸੱਚ ਦੇ ਚੱਪੂ ਨਾਲ ਸਵਾਗਤ ਹੈ ।
ਕਲਪਨਾ ਦੀ ਉਡਾਰੀ 'ਚੋਂ ਲੱਭੇ ਮੋਤੀ,
ਉਹਦੀ ਸੋਹਣੀ ਇਹ ਆਦਤ ਹੈ ।
ਬਣਾ ਧੂੜ ਮੈਂ ਉਹਦੇ ਕਦਮਾਂ ਦੀ,
ਮੇਰੀ ਤਾਂ ਬਸ ਇਹੀ ਚਾਹਤ ਹੈ।

**-ਸੁਖਜਿੰਦਰ ਸਿੰਘ ਭੰਗਚੜੀ**

## 2. (ਮੁਕੱਦਰ)

ਦੱਸ ਮੁਕੱਦਰਾਂ! ਕਿੱਧਰ ਜਾਣਾ ?
ਕੀ-ਕੀ ਅਜੇ ਕਰਾਉਣਾ ਹੈ ਤੂੰ ?
ਅਜੇ ਵੀ ਕਰਦਾ ਹੈ ਮਨ ਆਈਆਂ,
ਕਿੰਨਾ ਮੈਨੂੰ ਭਰਮਾਉਣਾ ਹੈ ਤੂੰ ?
ਹਰ ਵਾਰ ਇਤਬਾਰ ਤੋੜੇ,
ਕਿੰਨਾ ਅਜੇ ਸਤਾਉਣਾ ਹੈ ਤੂੰ ?
ਕਦੀ-ਕਦੀ ਮੈਨੂੰ ਚੰਗਾ ਲੱਗੇ,
ਕਦੀ ਭਰ ਜੀਅ ਰਵਾਉਂਦਾ ਹੈ ਤੂੰ ?
ਦੋ ਰਾਹਾਂ 'ਤੇ ਅਕਸਰ ਲਿਆ ਕੇ,
ਕਿਉਂ ਪਰਖਾ ਨਿੱਤ ਲੈਂਦਾ ਹੈ ਤੂੰ ?
ਕਦੀ ਗਲ਼ ਲਾ ਕੇ ਹੌਂਸਲਾ ਦਿੰਦਾ,
ਕਦੀ ਆਪਸ ਵਿੱਚ ਲੜਾਉਦਾ ਹੈ ਤੂੰ !
ਵਾਹ ਮੁਕੱਦਰਾਂ! ਤੇਰੇ ਵਾਰੇ ਨਿਆਰੇ,
ਨਿੱਤ ਆਪਣੀ ਮਰਜ਼ੀ ਕਰਦਾ ਹੈ ਤੂੰ !

**- ਪਰਵੀਨ ਕੌਰ ਸਿੱਧੂ**

## 3. ਸਮਾਂ ਸੋਸ਼ਲ ਮੀਡੀਆ ਦਾ

ਲਾਈਵ ਹੋ ਕੇ ਦੇਖੋ ਏਥੇ ਲੋਕੀ ਲੜਦੇ,
ਆਪਣੇ ਹੀ ਆਪ ਨੂੰ ਡਿਫੈਂਡ ਕਰਦੇ।
ਬੇਤੁਕੀਆਂ ਜੀਆਂ ਪੋਸਟਾਂ ਤੇ ਹੀ ਹੀ ਹੁੰਦੀ ਐ,
ਨਾ ਸੱਚੀ ਗੱਲ ਆਪਣੇ ਖਿਲਾਫ ਜਰਦੇ।
ਜਿਹੜਾ ਸੱਚ ਲਿਖੇ ਕਹਿੰਦੇ ਤੂੰ ਬੱਲਿਆ,
ਪੱਕਾ ਏਂ ਵਿਰੋਧੀ ਫਿਰਦਾ ਏਂ ਹੱਲਿਆ।
ਨਵੇਂ ਨਵੇਂ ਏਥੇ ਵਿਦਵਾਨ ਲੱਭਦੇ,
ਚੱਕ ਕੈਮਰਾ ਤੇ ਮਾਈਕ ਫਿਰਦੇ ਨੇ ਯੱਭਦੇ।
ਕਹਿਣ ਅਸੀਂ ਲੋਕਾਂ ਦੀ ਅਵਾਜ ਚੁੱਕਣੀ,
ਛੱਡਾਂਗੇਂ ਕਰਾਕੇ ਹੱਲ ਮੁੱਦੇ ਸਭਦੇ ?
ਮੁੱਦਿਆਂ ਦੇ ਨਾਲ ਕੋਈ ਸਾਰੋਕਾਰ ਨੀ,
ਇਹ ਤਾਂ ਸਾਰੇ ਫਿਰਦੇ ਵੀਊ ਲੱਭਦੇ।।
ਕੁਝ ਕੁ ਨੇ ਕਰਦੇ ਸਮਾਜ ਸੇਵਾ ਬਈ
ਅਸਲ ਚ ਖਾਂਦੇ ਓਹੋ ਖੁਦ ਮੇਵਾ ਬਈ।
ਭੁੱਖੇ ਸ਼ੇਰਾ ਵਾਂਗੂ ਨੇ ਸ਼ਿਕਾਰ ਭਾਲਦੇ,
ਸੇਵਾ ਦੇ ਨਾਂ ਉਤੇ ਢਿੱਡ ਪਾਲਦੇ।
ਸੇਵਾ ਸੂਵਾ ਵਾਲਾ ਹੁਣ ਗਿਆ ਦੌਰ ਜੀ,
ਸਾਧੂ ਬਾਣੇ ਵਿੱਚ ਘੁੰਮਦੇ ਆ ਚੋਰ ਜੀ।
ਏਥੇ ਮਰਿਆਂ ਤੇ ਵਿਆਹ ਵਾਂਗੂ ਚਾਅ ਚੜਦਾ,
ਕੋਈ ਅਰਥੀ ਤੋਂ ਲਾਈਵ, ਸਿਵਿਆਂ 'ਚ ਖੜਦਾ।
ਘਰੇ ਮਾਂ ਪਿਓ ਨੂੰ ਨਾ ਪਾਣੀ ਪੁੱਛਦੇ,
ਬਾਹਰ ਹਰ ਦੁੱਖ ਦੀ ਕਹਾਣੀ ਪੁੱਛਦੇ।
ਕੁਝ ਕੁ ਦਾ ਏਨਾ ਏ ਮਿਆਰ ਡਿੱਗਿਆ,
ਕੈਮਰੇ ਦੇ ਅੱਗੇ ਜ਼ਹਿਰ ਹੀ ਗਲੱਛਦੇ।
ਲਿਖਣਾ ਚਾਹੁੰਦੇ ਤਾਂ ਕੁਝ ਚੰਗਾ ਲਿਖ ਲਓ,
ਕੁਝ 'ਮਨੁੱਖਤਾ ਦੀ ਸੇਵਾ' ਵਾਲੇ ਕੋਲੋਂ ਸਿੱਖ ਲਓ।
ਕਮਲਿਆਂ, ਰੁਲਿਆਂ ਨੂੰ ਗੱਲ ਲਾਉਂਦਾ ਉਹ,
ਪਾਤਸ਼ਾਹ ਦਾ ਫਿਰ ਵੀ ਸ਼ੁਕਰ ਮਨਾਉਂਦਾ ਉਹ।
ਰਹਿਮ ਕਰੋ ਲੋਕਾਂ ਉੱਤੇ ਟਾਲਾ ਵੱਟ ਜੋ,
ਚਿਖਾ ਉੱਤੇ ਰੋਟੀ ਸੇਕਣੋ ਵੀ ਹਟ ਜੋ।

**-ਗਿੱਲ ਅੰਮ੍ਰਿਤ**

## 4. ਵਿਰੋਧ ਦੀ ਵੰਨਗੀ

ਜੇ ਲਲਕਾਰ ਨਹੀਂ ਸਕਦੇ
ਜੇ ਨਾਹਰੇ ਨਹੀਂ ਲਾਅ ਸਕਦੇ
ਤਾਂ ਚੀਕਾਂ ਹੀ ਮਾਰ ਲਓ।
ਖੁੱਲ ਕੇ ਰੋਅ ਹੀ ਲਓ
ਕਿ ਖਾਰੇ ਹੰਝੂਆਂ ਦਾ ਵੀ
ਆਪਣਾ ਇੱਕ ਕਬੀਲਾ ਹੁੰਦਾ ਹੈ।
ਜ਼ਲਾਲਤ ਭੋਗਣ ਦਾ ਕਾਹਦਾ ਮਾਣ
ਜਾਬਾਂ ਦੇ ਭੇੜ 'ਚੋਂ ਜਿੱਤਣ
ਤੇ ਹਾਰਨ ਵਾਲਾ ਇੱਕੋ ਹੀ ਹੁੰਦੈ।
ਖੁੰਢਾਂ ਤੇ ਬਹਿ ਕੇ
ਵਿਹਲੜ ਚਰਚਾ ਨਾ ਕਰੋ
ਇੰਨਾਂ ਖੁੰਢਾਂ ਦੇ ਬੀਅ ਬੀਜੋ
ਉਸ ਧਰਤੀ 'ਚ
ਜਿੱਥੋਂ ਇਹ ਰੁੱਖ ਪੱਟੇ ਸੀ।
ਇਤਿਹਾਸ ਇੰਝ ਹੀ ਲਿਖਿਆ ਜਾਂਦੈ।
ਤੇ ਇਤਿਹਾਸ ਸਿਰਫ਼ ਕਲਮਾਂ ਨਹੀਂ ਲਿਖਦੀਆਂ
ਕਹੀਆਂ, ਦਾਤੀਆਂ, ਤਲਵਾਰਾਂ ਦੀ ਲਿਖਾਈ
ਕਲਮ ਤੋਂ ਸੋਹਣੀ ਹੁੰਦੀ ਹੈ।
ਜਦ ਮੁੱਠੀਆਂ 'ਚ ਥੁੱਕ ਕੇ
ਪਾਉਂਦੇ ਹੋ ਤੁਸੀਂ
ਕਹੀ ਦੇ ਬਾਹੇਂ ਨੂੰ ਹੱਥ
ਤਾਂ ਪੱਧਰ ਹੁੰਦੀ ਧਰਤੀ
ਤੇ ਦਿਸ਼ਾ ਬਦਲਦਾ ਪਾਣੀ ਦਾ ਵਹਿਣ
ਤੁਹਾਡੇ ਵਿਰੋਧ ਦੇ ਗਵਾਹ ਬਣਦੇ ਨੇ।
ਜੇ ਗਾਲ ਨਹੀਂ ਕੱਢ ਸਕਦੇ
ਜੇ ਕਚੀਚੀ ਨਹੀਂ ਵੱਟ ਸਕਦੇ
ਤਾਂ ਵੈਣ ਹੀ ਪਾ ਲਓ
ਹੌਲ ਪੈਣ ਤੀਕ ਸਹਿਣਾ
ਜ਼ਰੂਰੀ ਨਹੀਂ ਹੁੰਦਾ।
ਮਰ ਜਾਣ ਤੀਕ ਜਿਉਣਾ
ਜ਼ਰੂਰੀ ਨਹੀਂ ਹੁੰਦਾ।

**- ਅਮਰਦੀਪ ਸਿੰਘ ਗਿੱਲ**

## 5. ਝੋਨੇ ਦੀ ਲਵਾਈ ਪਿੱਛੇ ਲੜਦੇ

ਧੱਕਿਆਂ ਦੀ ਭੁੱਲ ਕੇ ਯਾਰੋ, ਮੀਰੀ ਪੀਰੀ ਲੜ ਪਏ ਨੇ।
ਅੱਜ ਬੜਾ ਉਦਾਸ ਉਦਾਸੀ, ਜੱਟ ਤੇ ਸੀਰੀ ਲੜ ਪਏ ਨੇ।
ਇੱਕ-ਦੂਜੇ ਦੇ ਹਾਮੀ, ਦੋਵੇਂ ਵੱਖੋ-ਵੱਖ ਖੜੇ,
ਸਾਜਿਸ਼ ਦੇ ਬਿਨ ਭਾਈਆਂ ਦੇ ਵਿੱਚ ਬਣਦੇ ਕਦੋਂ ਧੜੇ,
ਚੱਕ ਗੈਰਾਂ ਦੀ ਵਿੱਚ ਆ ਕੇ ਇਹੇ ਅਖੀਰੀ ਲੜ ਪਏ ਨੇ।
ਲੁੱਟਣ ਵਾਲੇ ਹੋਰ ਕਿਤੇ ਸੰਨ ਲਾ ਕੇ ਬੈਠੇ ਨੇ,
ਦੂਰ ਵਸੇਂਦੇ ਜੜ ਸਾਡੀ ਵਿੱਚ ਆ ਕੇ ਬੈਠੇ ਨੇ,
ਹਰੇ ਭਰੇ ਇਹ ਜੰਗਲ ਐਵੇਂ ਨਈਂਓ ਸੜ ਪਏ ਨੇ।
ਉਸਤੇ ਵਰ ਪਏ ਜੋ ਸਹਿੰਦਾ ਏ ਧੁੱਪਾਂ ਤੇਹਾਂ ਨੂੰ,
ਘੱਟ ਕਰਵਾਉਣਾ ਭੁੱਲ ਕੇ ਠੇਕੇ, ਰੇਹ, ਸਪਰੇਹਾਂ ਨੂੰ,
ਲੱਗਦਾ ਲੈ ਕੇ ਗੁੜਤੀ ਇਹੇ ਜਗੀਰੀ ਲੜ ਪਏ ਨੇ।
ਸਾਂਝ ਪੁਰਾਣੀ ਦਾ ਨਾ ਯਾਰੋ, ਏਦਾਂ ਘਾਣ ਕਰੋ,
ਲੜਨਾ ਬੜਾ ਜ਼ਰੂਰੀ, ਦੁਸ਼ਮਣ ਦੀ ਪਹਿਚਾਣ ਕਰੋ,
ਇਹ ਤਾਂ ਏਦਾਂ ਗਲ ਤੇ ਜਿਵੇਂ ਜੰਜ਼ੀਰੀ ਲੜ ਪਏ ਨੇ।
'ਪਰਮ' ਭੇਤ ਨਾ ਪਾਇਆ ਹਾਲੇ ਤੀਕਰ ਚੋਰਾਂ ਦਾ।
ਕਾਮੇ ਲੜ ਕੇ ਕਰਦੇ ਅਕਸਰ ਫਾਇਦਾ ਹੋਰਾਂ ਦਾ,
ਹਾਜ਼ਾਰ ਕੀਲੇ ਦੇ ਮਾਲਕ ਥੋਡੀ ਸ਼ੈਹਿ ਤੇ ਦੜ ਪਏ ਨੇ।

**-ਪਰਮ ਪਰਵਿੰਦਰ**
**ਮੋ. 9814621165**

## 6. ਆਪਾਂ ਮੇਰੀਏ ਧੀਏ

ਕਿੰਨੇ ਹੀ ਖ਼ਤਰਨਾਕ ਯੁੱਗ 'ਚੋਂ ਲੰਘ ਰਹੇ ਆਂ
ਆਪਾਂ ਮੇਰੀਏ ਧੀਏ
ਜਿੱਥੇ ਤੇਰੇ ਸਰੀਰ ਦੇ ਸੋਹਲ ਜਿਹੇ ਅੰਗਾਂ ਨੂੰ
ਮਸੀਨ ਦੇ ਪੁਰਜਿਆਂ ਨਾਲ ਤੋਲਿਆ ਜਾਂਦਾ
ਜਿੱਥੇ ਤੇਰੇ ਸ਼ਾਹਿਦ ਵਰਗੇ ਮਿੱਠੇ ਬੋਲਾਂ ਨੂੰ
ਬੰਦੂਕਾਂ ਦੀ ਤਾੜ-2 ਓਹਲੇ ਦਬਾ ਲਿਆ ਜਾਂਦਾ
ਜਿੱਥੇ ਤੇਰੇ ਖੁੱਲ ਕੇ ਹੱਸਣ ਵਾਲੇ ਹਾਸੇ ਨੂੰ
ਕਿਸੇ ਗੱਭਰੂ ਦੀ ਮੌਤ ਦਾ ਕਾਰਨ ਦੱਸਿਆ ਜਾਂਦਾ
ਬੇਸ਼ੱਕ ਉਹ ਗੀਤਕਾਰਾਂ ਦੀਆਂ ਮਿੱਠੀਆਂ-2
ਗੱਲਾਂ ਤੋਂ ਤਿਲਕ ਕੇ ਡਿੱਗਕੇ ਮਰ ਗਿਆ ਹੋਵੇ।
ਸੱਚਮੁੱਚ ਹੀ ਖ਼ਤਰਨਾਕ ਯੁੱਗ 'ਚੋਂ ਲੰਘ ਰਹੇ ਆ
ਆਪਾਂ ਮੇਰੀਏ ਧੀਏ
ਇਸ ਨੂੰ ਯੁੱਗ ਜਾਂ ਸੱਤਯੁਗ ਆਖ ਦੇਣਾ ਠੀਕ ਨਹੀਂ
ਯੁੱਗ ਤਾ ਬਾਬੇ ਨਾਨਕ ਦੀ ਤੱਕੜੀ ਵਿੱਚ
ਤੇਰਾ ਤੇਰਾ ਕਰਕੇ ਪੂਰਾ ਪੂਰਾ ਤੋਲਿਆ ਗਿਆ
ਯੁੱਗ ਤਾ ਮੋਕਸ਼ ਪ੍ਰਾਪਤ ਕਰਨ ਉਪਰੰਤ
ਬੁੱਧ ਦੇ ਮੱਥੇ ਵਿਚਕਾਰ ਸਮਾਪਤ ਹੋ ਗਿਆ
ਯੁੱਗ ਤਾਂ ਸੁਕਰਾਤ ਦੇ ਜਹਿਰ ਦੇ ਪਿਆਲੇ 'ਚੋਂ
ਆਪਣੇ ਹਿੱਸੇ ਦਾ ਜਹਿਰ ਪੀ ਕੇ ਮਰ ਗਿਆ
ਯੁੱਗ ਤਾਂ ਈਸਾ ਮਸੀਹ ਨਾਲ ਸੂਲੀ ਤੇ
ਕਲਵਰੀ ਪਹਾੜੀ ਤੇ ਟੰਗਿਆ ਗਿਆ।
ਕਿੰਨੇ ਹੀ ਖ਼ਤਰਨਾਕ ਯੁੱਗ 'ਚੋਂ ਲੰਘ ਰਹੇ ਆਂ
ਆਪਾਂ ਮੇਰੀਏ ਧੀਏ
ਜਿੱਥੇ ਬੇਸੁਰੇ ਗੀਤਾਂ ਦੇ ਨਿਪੁੰਸਕ ਸ਼ਬਦ
ਅੱਖ ਦੀ ਪੁਤਲੀ ਵਿੱਚ ਖੁੱਬ ਜਾਂਦੇ ਨੇ
ਕਿਸੇ ਭੱਦੀ ਕਲਮ ਦੀ ਤਿੱਖੀ ਨੋਕ ਵਾਂਗ
ਫੈਲ ਜਾਂਦੇ ਨੇ ਧੁੰਦਲੇ ਅਸਮਾਨ ਵਿੱਚ
ਜਿਸ ਅਸਮਾਨ ਵਿੱਚ ਚਿੜੀਆਂ ਦਾ ਚੰਬਾਂ
ਕਾਵਾਂ ਦੇ ਡਰ ਤੋਂ ਉੱਡਣ ਤੋਂ ਗੁਰੇਜ ਕਰਦਾ
ਜਿਹੜੇ ਕਾਂ ਮੇਰੀ ਦਾਦੀ ਮਾਂ ਦੀਆਂ ਬਾਤਾਂ ਵਿੱਚ
ਤੂਤੜਾਂ ਦੇ ਢੇਰ ਹੇਠ ਲੁਕਦੇ ਫਿਰਦੇ ਸੀ
ਅੱਜ ਕੱਲ ਉਹ ਕਾਗਜ਼ਾਂ ਦੇ ਸ਼ੇਰ ਬਣੇ ਫਿਰਦੇ ਆ।
ਕਿੰਨੇ ਹੀ ਖਤਰਨਾਕ ਯੁੱਗ 'ਚੋਂ ਲੰਘ ਰਹੇ ਆਂ
ਆਪਾਂ ਮੇਰੀਏ ਧੀਏ
ਜਿੱਥੇ ਲਹੂ ਭਿੱਜੇ ਵਰਿਆਂ ਦੇ ਤਿੱਖੇ ਦੰਦੇ
ਉਲਝ ਗਏ ਨੇ ਰਬਾਬ ਦੀਆਂ ਤਾਰਾਂ ਵਿੱਚ
ਤੋੜ ਸੁੱਟੇ ਨੇ ਮਰਦਾਨੇ ਦੇ ਰੂਹਾਨੀ ਸੁਰ
ਫਸ ਗਏ ਨੇ ਵਾਰਿਸ਼ ਦੀ ਵੰਝਲੀ ਵਿੱਚ
ਹਲਕੇ ਕੁੱਤੇ ਦੀ ਵਿੰਗੀ ਹੋਈ ਪੂਛ ਵਾਂਗ
ਵਿਗਾੜ ਸੁੱਟੇ ਨੇ ਵੰਝਲੀ ਦੇ ਮਿੱਠੇ-2 ਬੋਲ
ਜੋ ਅੱਜ ਕੱਲ ਕੰਨਾਂ ਵਿੱਚ ਮਿਠਾਸ ਨਹੀਂ
ਸਗੋਂ ਲੱਚਰਤਾ ਦਾ ਮਿੱਠਾ ਜਹਿਰ ਘੋਲਦੇ ਆ।

**ਹਰਮਨ ਜ਼ਫਰਨਾਮਾ**

## 7. ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ

ਮਾਂ ਧਰਤੀਏ, ਤੇਰੀ ਗੋਦ ਨੂੰ ਚੰਨ ਹੋਰ ਬਥੇਰੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ
ਜਿੱਥੇ ਰੂਹ ਬਣਗੀ ਇੱਕ ਹਾਵਾ ਹੈ
ਜਿੱਥੇ ਜ਼ਿੰਦਗੀ ਇੱਕ ਪਛਤਾਵਾ ਹੈ
ਜਿੱਥੇ ਕੈਦ ਅਣਖ ਦਾ ਲਾਵਾ ਹੈ
ਜਿੱਥੇ ਅਕਲ ਮਸੋਸੀ ਮੁੜ ਪਈ ਖਾ ਰੋਜ਼ ਥਪੇੜੇ
ਤੂੰ ਮਘਦਾ ਰਹੀਂ ਵੇ ਸੂਰਜਾ
ਜਿੱਥੇ ਲੋਕ ਬੜੇ ਮਜਬੂਰ ਜਿਹੇ
ਦਿੱਲੀ ਦੇ ਦਿਲ ਤੋਂ ਦੂਰ ਜਿਹੇ
ਤੇ ਭੁੱਖਾਂ ਵਿਚ ਮਸ਼ਹੂਰ ਜਿਹੇ
ਜਿੱਥੇ ਮਰ ਕੇ ਚਾਂਭਲ ਜਾਂਵਦੇ ਹਨ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ ਸੂਰਜਾ
ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਹੀਂ ਵੇ ਸੂਰਜਾ
ਜੇ ਸੋਕਾ ਇਹ ਹੀ ਸੜਦੇ ਨੇ
ਜੇ ਡੋਬਾ ਇਹ ਹੀ ਮਰਦੇ ਨੇ
ਸਭ ਕਹਿਰ ਇਨਾਂ ਸਿਰ ਵਰਦੇ ਨੇ
ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤ੍ਰੇੜੇ
ਤੂੰ ਮੱਘਦਾ ਰਹੀਂ ਵੇ ਸੂਰਜਾ
ਜਿੱਥੇ ਹਾਰ ਮੰਨ ਲਈ ਚਾਵਾਂ ਨੇ
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ
ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ
ਜਿੱਥੇ ਧੀਆਂ ਹੌਕੇ ਲੈਂਦੀਆਂ ਅਸਮਾਨ ਜਡੇਰੇ
ਤੂੰ ਮੱਘਦਾ ਰਹੀਂ ਵੇ ਸੂਰਜਾ
ਜਿੱਥੇ ਰੋਟੀ ਵਿੱਚ ਮਨ ਘੁੱਟਿਆ ਹੈ
ਜਿੱਥੇ ਨੇਰਾ ਦੱਬ ਕੇ ਜੁੱਟਿਆ ਹੈ
ਜਿੱਥੇ ਗ਼ੈਰਤ ਦਾ ਤਗ ਟੁੱਟਿਆ ਹੈ
ਜਿੱਥੇ ਆ ਕੇ ਵੋਟਾਂ ਵਾਲਿਆਂ ਟਟਵੈਰ ਸਹੇੜੇ
ਤੂੰ ਮੱਘਦਾ ਰਹੀਂ ਵੇ ਸੂਰਜਾ
ਤੂੰ ਆਪਣਾ ਆਪ ਮਚਾਂਦਾ ਹੈਂ
ਪਰ ਆਪਾ ਹੀ ਰੁਸ਼ਨਾਂਦਾ ਹੈਂ
ਕਿਉਂ ਕੰਮੀਆਂ ਤੋਂ ਸ਼ਰਮਾਂਦਾ ਹੈਂ
ਇਹ ਸਦਾ ਸਦਾ ਨਾ ਰਹਿਣਗੇ ਮੰਦਹਾਲ ਮਰੇੜੇ
ਤੂੰ ਮੱਘਦਾ ਰਹੀਂ ਵੇ ਸੂਰਜਾ

**-ਸੰਤ ਰਾਮ ਉਦਾਸੀ**

## 8. ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ

ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਞ ਸਹਿਣਗੇ।
ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਏਨਾਂ ਨੂੰ ਉੱਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇਥੇ ਖੜੇ ਰਹਿਣਗੇ।
ਯਾਰ ਮੇਰੇ ਜੁ ਇਸ ਆਸ 'ਤੇ ਮਰ ਗਏ
ਕਿ ਮੈਂ ਉਨਾਂ ਦੇ ਦੁੱਖ ਦਾ ਬਣਾਵਾਂਗਾ ਗੀਤ
ਜੇ ਮੈਂ ਚੁੱਪ ਹੀ ਰਿਹਾ ਜੇ ਮੈਂ ਕੁਝ ਨਾ ਕਿਹਾ
ਬਣਕੇ ਰੂਹਾਂ ਸਦਾ ਭਟਕਦੇ ਰਹਿਣਗੇ।
ਜੋ ਵਿਦੇਸ਼ਾਂ 'ਚ ਰੁਲਦੇ ਨੇ ਰੋਜ਼ੀ ਲਈ
ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ
ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ
ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।
ਕੀ ਇਹ ਇਨਸਾਫ਼ ਹਉਮੈਂ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ।
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜਨ ਲਹਿਣਗੇ।
ਇਹ ਜੁ ਰੰਗਾਂ 'ਚ ਚਿੱਤਰੇ ਨੇ ਖੁਰ ਜਾਣਗੇ
ਇਹ ਜੁ ਮਰਮਰ 'ਚ ਉੱਕਰੇ ਨੇ ਮਿਟ ਜਾਣਗੇ।
ਬਲਦੇ ਹਥਾਂ ਨੇ ਜਿਹੜੇ ਹਵਾ ਵਿਚ ਲਿਖੇ
ਹਰਫ਼ ਉਹੀ ਹਮੇਸ਼ਾ ਲਿਖੇ ਜਾਣਗੇ।
ਇਹ ਵੀ ਸ਼ਾਇਦ ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਜਗੇਗਾ ਮੇਰੀ ਕਬਰ 'ਤੇ
ਜੇ ਹਵਾ ਇਹ ਰਹੀ ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ।
ਤੇਰੀ ਕਿੱਥੇ ਮੈਂ ਕੱਲ ਤਸਵੀਰ ਦੇਖੀ
ਤੇਰੀ ਕਿੱਥੇ ਮੈਂ ਕੱਲ ਤਸਵੀਰ ਦੇਖੀ
ਕਲੇਜੇ ਅਪਣੇ ਜਿਉਂ ਸ਼ਮਸ਼ੀਰ ਦੇਖੀ।
ਮੈਂ ਅੱਖਾਂ ਮੀਟ ਕੇ ਆਪੇ ਨੂੰ ਤੱਕਿਆ
ਤਾਂ ਅਪਣੇ ਗਿਰਦ ਸੌ ਜ਼ੰਜੀਰ ਦੇਖੀ
ਲਿਖੀ ਇਕ ਰਾਤ ਉੱਤੇ ਸਾਨਗੀ ਨੇ
ਮੈਂ ਜਗਦੀ ਜਾਮਨੀ ਤਹਿਰੀਰ ਦੇਖੀ।
ਮੈਂ ਏਨਾ ਨੇੜਿਓਂ ਪਾਣੀ ਨੂੰ ਤੱਕਿਆ
ਕਿ ਹਰ ਕਤਰੇ ਦੇ ਦਿਲ 'ਚ ਲਕੀਰ ਦੇਖੀ
ਨ ਮਿਲਿਆ ਗੀਤ ਸ਼ਬਦ ਖਿਆਲ ਕੋਈ
ਕਿਸੇ ਖੰਜ਼ਰ ਨੇ ਛਾਤੀ ਚੀਰ ਦੇਖੀ।
ਜਦੋਂ ਦਾ ਨੇੜਿਓਂ ਤੱਕਿਆ ਮੈਂ ਖੁਦ ਨੂੰ
ਮੈਂ ਕੁਲ ਖਲਕਤ ਹੀ ਬੇ-ਤਕਸੀਰ ਦੇਖੀ
ਨਵੇਂ ਦੁੱਖ ਵਿਚ ਪੁਰਾਣੇ ਲਫਜ਼ ਤੜਪੇ
ਨਵੇਂ ਵਾਕਾਂ ਦੀ ਇਉਂ ਤਾਮੀਰ ਦੇਖੀ।

**-ਸੁਰਜੀਤ ਪਾਤਰ**

ਬਾਕੀ ਸਫ਼ਾ 29 'ਤੇ



# ਕਾਵਿ ਸੰਸਾਰ

# ਘੱਟ ਵਿਕਸਿਤ ਮੁਲਕਾਂ ਦੇ ਦਿਵਾਲੀਆ ਹੋਣ ਦਾ ਖ਼ਦਸ਼ਾ

ਵਿਸ਼ਵ ਦਰਪਣ

**ਮਾਨਵ**

ਸੰਸਾਰ ਦੇ ਦਰਜਨਾਂ ਘੱਟ ਵਿਕਸਿਤ ਤੇ ਵਿਕਾਸਸ਼ੀਲ ਮੁਲਕਾਂ ਅੱਗੇ ਦਿਵਾਲੀਆ ਹੋਣ ਦਾ ਖ਼ਤਰਾ ਹੈ। ਪਹਿਲਾਂ ਹੀ ਆਰਥਿਕ ਸੰਕਟ ਵਿਚ ਧਸੇ ਸੰਸਾਰ ਸਰਮਾਏਦਾਰਾ ਪ੍ਰਬੰਧ ਅੱਗੇ ਹੁਣ ਵਧ ਰਹੀ ਮਹਿੰਗਾਈ ਤੇ ਵਧਦੇ ਦਰਾਮਦ ਖਰਚੇ, ਵਧਦੀਆਂ ਵਿਆਜ ਦਰਾਂ ਤੇ ਮਜ਼ਬੂਤ ਹੁੰਦੇ ਡਾਲਰ ਨੇ ਨਵੀਂ ਮੁਸੀਬਤ ਖੜੀ ਕਰ ਦਿੱਤੀ ਹੈ ਜਿਸ ਦਾ ਖਮਿਆਜ਼ਾ ਘੱਟ ਵਿਕਸਤ ਮੁਲਕਾਂ ਦੇ ਕਿਰਤੀ ਲੋਕਾਂ ਨੂੰ ਸਭ ਤੋਂ ਵੱਧ ਭੁਗਤਣਾ ਪੈ ਰਿਹਾ ਹੈ।

ਸ੍ਰੀਲੰਕਾ ਆਪਣੀਆਂ ਵਿਦੇਸ਼ੀ ਦੇਣਦਾਰੀਆਂ ਤੋਂ ਦਿਵਾਲੀਆ ਹੋ ਗਿਆ। ਉੱਥੇ ਕਿਰਤੀਆਂ ਦੇ ਸੰਘਰਸ਼ ਵਿਸਫੋਟਕ ਰੂਪ ਧਾਰਨ ਕਰ ਚੁੱਕੇ ਹਨ ਜਿਨਾਂ ਨੇ ਇਸ ਦੇ ਰਾਸ਼ਟਰਪਤੀ ਨੂੰ ਅਸਤੀਫਾ ਦੇਣ ’ਤੇ ਮਜਬੂਰ ਕਰ ਦਿੱਤਾ। ਖ਼ਤਮ ਹੋ ਰਹੇ ਵਿਦੇਸ਼ੀ ਮੁਦਰਾ ਭੰਡਾਰ, ਮਹਿੰਗਾਈ ਕਾਰਨ ਤੇਲ ਤੇ ਹੋਰ ਬੁਨਿਆਦੀ ਵਸਤਾਂ ਦੀ ਦਰਾਮਦ ’ਤੇ ਵਧੇ ਖਰਚੇ ਕਾਰਨ ਲਗਾਤਾਰ ਬੋਝ ਵਧ ਰਿਹਾ ਸੀ। 50 ਕਰੋੜ ਡਾਲਰ ਦੇ ਵਿਦੇਸ਼ੀ ਮੁਦਰਾ ਭੰਡਾਰ ਅੱਗੇ ਇਸ ਦੀਆਂ ਕਰਜ਼ਾ ਤੇ ਵਿਆਜ ਦੇਣਦਾਰੀਆਂ 7 ਅਰਬ ਡਾਲਰ ਨੂੰ ਪਹੁੰਚ ਚੁੱਕੀਆਂ ਸਨ। ਹੁਣ ਸਰਕਾਰ ਨੇ ਕੌਮਾਂਤਰੀ ਮੁਦਰਾ ਕੋਸ਼ ਤੋਂ ਰਾਹਤ ਪੈਕੇਜ ਦੀ ਮੰਗ ਕੀਤੀ ਹੈ।

ਦਿਵਾਲੀਆ ਮੁਲਕਾਂ ਦੀ ਸੂਚੀ ਵਿਚ ਸ਼ਾਮਲ ਹੋਣ ਵਾਲਾ ਸ੍ਰੀਲੰਕਾ ਕੋਈ ਪਹਿਲਾ ਮੁਲਕ ਨਹੀਂ। ਇਸ ਤੋਂ ਪਹਿਲਾਂ ਅਰਜਨਟੀਨਾ, ਇਕੁਆਡੋਰ, ਜ਼ਾਮਬੀਆ, ਸੂਰੀਨਾਮ ਤੇ ਬੇਲੀਜ਼ ਜਿਹੇ ਛੋਟੇ, ਦਰਮਿਆਨੇ ਮੁਲਕ ਆਪਣੀਆਂ ਦੇਣਦਾਰੀਆਂ ਤੋਂ ਦਿਵਾਲੀਆ ਹੋ ਚੁੱਕੇ ਹਨ। ਸਿਆਸੀ ਉਥਲ-ਪੁਥਲ ਦਾ ਸ਼ਿਕਾਰ ਪਾਕਿਸਤਾਨ ਵੀ ਦਿਵਾਲੀਆ ਹੋਣ ਕੰਢੇ ਹੈ। ਅਰਬ ਜਗਤ ਦੇ ਸਭ ਤੋਂ ਵੱਧ ਆਬਾਦੀ ਵਾਲੇ ਵੱਡੇ ਮੁਲਕ ਮਿਸਰ ਨੇ ਵੀ ਕੌਮਾਂਤਰੀ ਮੁਦਰਾ ਕੋਸ਼ ਕੋਲੋਂ ਰਾਹਤ ਮੰਗੀ ਹੈ। 2020 ਵਿਚ ਮਿਸਰ ਨੇ ਕੌਮਾਂਤਰੀ ਮੁਦਰਾ ਕੋਸ਼ ਕੋਲੋਂ 8 ਅਰਬ ਡਾਲਰ ਦਾ ਕਰਜ਼ਾ ਚੁੱਕਿਆ ਸੀ। ਮਿਸਰ ਦੀ ਆਰਥਿਕ ਹਾਲਤ ਦੇਖ ਕੇ ਵਿਦੇਸ਼ੀ ਨਿਵੇਸ਼ਕਾਂ ਨੇ ਆਪਣਾ ਕਾਫੀ ਸਰਮਾਇਆ ਮਿਸਰ ਵਿਚੋਂ ਬਾਹਰ ਕੱਢ ਲਿਆ ਹੈ ਜਿਸ ਕਾਰਨ ਡਾਲਰ ਮੁਕਾਬਲੇ ਮਿਸਰ ਦੀ ਮੁਦਰਾ ਹੋਰ ਡਿੱਗ ਗਈ ਹੈ।

ਕਈ ਸਾਲਾਂ ਤੋਂ ਕੌਮਾਂਤਰੀ ਪੱਧਰ ’ਤੇ ਵਿਆਜ ਦਰਾਂ ਘੱਟ ਹੋਣ ਕਾਰਨ ਇਨਾਂ ਮੁਲਕਾਂ ਨੂੰ ਸਸਤਾ ਕਰਜ਼ਾ ਮਿਲਦਾ ਰਿਹਾ ਪਰ ਹੁਣ ਜਦ ਸਸਤੇ ਕਰਜ਼ੇ ਦੀ ਨੀਤੀ ਦੇ ਨਤੀਜੇ ਮਹਿੰਗਾਈ ਦੇ ਰੂਪ ਵਿਚ ਸਾਹਮਣੇ ਆ ਰਹੇ ਹਨ ਤਾਂ ਸੰਸਾਰ ਭਰ ਵਿਚ ਬੈਂਕ ਵਿਆਜ ਦਰਾਂ ਵਧਾ ਰਹੇ ਹਨ ਜਿਸ ਕਾਰਨ ਦੇਣਦਾਰੀਆਂ ਦਾ ਬੋਝ ਵਧ ਗਿਆ ਹੈ। ਲੌਕਡਾਊਨ ਦੇ ਦੋ ਸਾਲਾਂ ਵਿਚ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਜਿਹੇ ਅਦਾਰਿਆਂ ਨੇ ਘੱਟ ਵਿਕਸਤ ਮੁਲਕਾਂ ਕੋਲੋਂ ਆਪਣੀਆਂ ਲੈਣਦਾਰੀਆਂ ਕੁਝ ਅੱਗੇ ਪਾ ਦਿੱਤੀਆਂ ਸਨ ਪਰ ਹੁਣ ਦੋ ਸਾਲਾਂ ਬਾਅਦ ਇਹ ਸਮਾਂ ਵੀ ਪੁੱਗ ਗਿਆ ਹੈ। ਐਨ ਇਸ ਵੇਲੇ ਰੂਸ ਯੂਕਰੇਨ ਜੰਗ ਨੇ ਪਹਿਲੋਂ ਹੀ ਵਧ ਰਹੀ ਮਹਿੰਗਾਈ ਨੂੰ ਹੋਰ ਜ਼ਰਬਾਂ ਲਾ ਦਿੱਤੀਆਂ ਹਨ ਜਿਸ ਕਾਰਨ ਕੁੱਲ ਸਰਮਾਏਦਾਰਾ ਜਗਤ ਵਿਚ ਅਸਥਿਰਤਾ ਛਾ ਗਈ ਹੈ। ਵਧਦੀ ਅਸਥਿਰਤਾ ਕਾਰਨ ਨਿਵੇਸ਼ਕ ਮੁੜ ਤੋਂ ਆਪਣਾ ਸਰਮਾਇਆ ਘੱਟ ਵਿਕਸਤ ਤੇ ਵਿਕਾਸਸ਼ੀਲ ਮੁਲਕਾਂ ਵਿਚੋਂ ਕੱਢ ਕੇ ਅਮਰੀਕੀ ਸ਼ੇਅਰ ਬਜ਼ਾਰਾਂ ਵਿਚ ਲਿਜਾ ਰਹੇ ਹਨ ਜਿਸ ਕਾਰਨ ਡਾਲਰ ਦੀ ਮੰਗ ਵਧ ਗਈ ਹੈ ਅਤੇ ਬਾਕੀ ਮੁਦਰਾਵਾਂ ਦੀ ਕਦਰ ਹੇਠਾਂ ਜਾ ਰਹੀ ਹੈ।

ਵਧਦੀ ਅਸਥਿਰਤਾ ਕਾਰਨ ਸਰਮਾਏਦਾਰ ਘੱਟ ਵਿਕਸਤ ਜਾਂ ਵਿਕਾਸਸ਼ੀਲ ਮੁਲਕਾਂ ’ਚ ਨਿਵੇਸ਼ ਦੀ ਥਾਂ ਵਧੇਰੇ ਭਰੋਸੇਯੋਗ/ਵਿਕਸਤ ਮੁਲਕਾਂ ਵਿਚ ਨਿਵੇਸ਼ ਕਰਨ ਨੂੰ ਤਰਜੀਹ ਦੇ ਰਹੇ ਹਨ। ਅਮਰੀਕਾ ਜਾਂ ਪੱਛਮੀ ਯੂਰੋਪ ਦੇ ਮੁਲਕਾਂ ਦੀ ਭਰੋਸੇਯੋਗਤਾ ਦਾ ਮਤਲਬ ਇਹ ਨਹੀਂ ਕਿ ਇਨਾਂ ਮੁਲਕਾਂ ਵਿਚ ਆਰਥਿਕ ਸੰਕਟ ਨਹੀਂ ਸਗੋਂ ਇਨਾਂ ਮੁਲਕਾਂ ਅੰਦਰ 1930ਵਿਆਂ ਦੀ ਮਹਾਂਮੰਦੀ ਤੋਂ ਬਾਅਦ ਸਭ ਤੋਂ ਵੱਡਾ ਚਿਰਕਾਲੀ ਸੰਕਟ ਛਾਇਆ ਹੋਇਆ ਹੈ ਪਰ ਸਾਮਰਾਜੀ ਲੁੱਟ ਕਾਰਨ ਇਨਾਂ ਮੁਲਕਾਂ ਦੀਆਂ ਸਰਕਾਰਾਂ ਸੰਕਟ ਨੂੰ ਝੱਲਣ ਲਈ ਅਜੇ ਦੂਸਰੇ ਮੁਲਕਾਂ ਨਾਲੋਂ ਬਿਹਤਰ ਹਾਲਤ ਵਿਚ ਹਨ, ਇਸ ਲਈ ਸਰਮਾਏਦਾਰਾ ਨਿਵੇਸ਼ਕਾਂ ਦੇ ਨਜ਼ਰੀਏ ਤੋਂ ਉੱਥੇ ਪੈਸਾ ਡੁੱਬਣ ਦਾ ਖ਼ਦਸ਼ਾ ਮੁਕਾਬਲਤਨ ਘੱਟ ਹੈ। ਦੂਸਰਾ ਇਨਾਂ ਪੱਛਮੀ ਮੁਲਕਾਂ ਨੇ ਜਿਸ ਤਰਾਂ 2008 ਦੇ ਸੰਕਟ ਤੋਂ ਬਾਅਦ ਅਤੇ ਪਿਛਲੇ ਦੋ ਸਾਲਾਂ ਵਿਚ ਸਰਮਾਏਦਾਰਾਂ ਨੂੰ ਬੇਲਆਊਟ ਦੇ ਨਾਂ ’ਤੇ ਗੱਫੇ ਵੰਡੇ, ਉਸ ਨੇ ਵੀ ਇਨਾਂ ਨਿਵੇਸ਼ਕਾਂ ਨੂੰ ਭਰੋਸਾ ਦਿੱਤਾ ਹੈ।

ਘੱਟ ਵਿਕਸਿਤ ਤੇ ਵਿਕਾਸਸ਼ੀਲ ਮੁਲਕਾਂ ਵਿਚ ਨਿੱਜੀ ਸਰਮਾਏ ਦੇ ਨਿਵੇਸ਼ ਘਟਣ ਕਾਰਨ ਬੀਤੇ ਦਸ ਕੁ ਸਾਲਾਂ ਤੋਂ ਇਨਾਂ ਮੁਲਕਾਂ ਨੇ ਚੀਨ ਵੱਲ ਰੁਖ਼ ਕੀਤਾ ਹੈ। ਚੀਨ ਨੇ ਆਪਣੇ ਹਿੱਤਾਂ ਲਈ ਅਜਿਹੇ ਅਨੇਕਾਂ ਹੀ ਮੁਲਕਾਂ ਨੂੰ ਕਰਜ਼ਾ ਮੁਹੱਈਆ ਕਰਾਇਆ ਜਿਸ ਸਦਕਾ ਉਹ ਆਪਣੀਆਂ ਦੇਣਦਾਰੀਆਂ ਦੀਆਂ ਕਿਸ਼ਤਾਂ ਮੋੜ ਸਕੇ ਜਾਂ ਆਪਣੇ ਵੱਡੇ ਪ੍ਰਾਜੈਕਟ ਫੰਡ ਕਰ ਸਕੇ ਪਰ ਇਸ ਨੇ ਕਰਜ਼ੇ ਦੀ ਸਮੱਸਿਆ ਨੂੰ ਖਤਮ ਨਹੀਂ ਕੀਤਾ, ਬੱਸ ਇਸ ਦਾ ਮੁਹਾਣ ਪੱਛਮੀ ਸਾਮਰਾਜੀ ਸੰਸਥਾਵਾਂ ਤੋਂ ਮੋੜਕੇ ਚੀਨ ਵੱਲ ਕਰ ਦਿੱਤਾ ਹੈ। ਮਿਸਾਲ ਦੇ ਤੌਰ ’ਤੇ ਦੱਖਣੀ ਏਸ਼ੀਆ ਦੇ ਮੁਲਕਾਂ (ਮਾਲਦੀਵ, ਪਾਕਿਸਤਾਨ, ਸ੍ਰੀਲੰਕਾ ਤੇ ਹੋਰ) ਦਾ ਚੀਨ ਤੋਂ ਲਿਆ ਕਰਜ਼ਾ 2011 ਵਿਚ 4.7 ਅਰਬ ਡਾਲਰ ਸੀ ਜੋ 2020 ਵਿਚ 36.3 ਅਰਬ ਡਾਲਰ ਹੋ ਚੁੱਕਾ ਹੈ।

ਸਰਮਾਏਦਾਰੀ ਪ੍ਰਬੰਧ ਦੇ ਸ਼ੁਰੂਆਤੀ ਦਿਨਾਂ ਵਿਚ ਕਰਜ਼ੇ ਦੀ ਅਹਿਮ ਭੂਮਿਕਾ ਸੀ। ਵੱਡੇ ਵੱਡੇ ਨਿਵੇਸ਼ ਪ੍ਰਾਜੈਕਟ ਫੰਡ ਕਰਕੇ ਬੈਂਕ ਕਰਜ਼ੇ ਨੇ ਪੈਦਾਵਾਰੀ ਤਾਕਤਾਂ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਪਰ ਅੱਜ ਜਦੋਂ ਸਰਮਾਏਦਾਰਾ ਪ੍ਰਬੰਧ ਨਿੱਘਰ ਚੁੱਕਾ ਹੈ ਤਾਂ ਇਹ ਕਰਜ਼ਾ ਇਸ ਪੂਰੇ ਪ੍ਰਬੰਧ ’ਤੇ ਗੰਦੇ ਨਾਸੂਰ ਵਾਂਗ ਲੱਗਾ ਹੋਇਆ ਹੈ। ਸਰਮਾਏਦਾਰਾ ਪ੍ਰਬੰਧ ਇਸ ਵੇਲੇ ਸਾਹ ਹੀ ਕਰਜ਼ੇ ਆਸਰੇ ਲੈ ਰਿਹਾ ਹੈ। ਕਰਜ਼ੇ ਦੇ ਹਰ ਰੂਪ ਘਰੇਲੂ, ਕਾਰੋਬਾਰੀ ਤੇ ਸਰਕਾਰੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਇਸੇ ਕਰਕੇ ਕੌਮਾਂਤਰੀ ਮੁਦਰਾ ਕੋਸ਼ ਦੀ ਕਾਰਜਕਾਰੀ ਨਿਰਦੇਸ਼ਕਾ ਕ੍ਰਿਸਟਲੀਨਾ ਜੌਰਜੀਵਾ ਨੇ ਡਾਵੋਸ ਵਿਚ ਹੋਈ ਸੰਸਾਰ ਆਰਥਿਕ ਮੰਚ ਦੀ ਬੈਠਕ ਵਿਚ ਇਹ ਬਿਆਨ ਦਿੱਤਾ ਕਿ ਸੰਸਾਰ ਅਰਥਚਾਰਾ ਇਸ ਵੇਲੇ ‘ਦੂਜੀ ਸੰਸਾਰ ਜੰਗ ਤੋਂ ਬਾਅਦ ਆਪਣੀ ਸਭ ਤੋਂ ਔਖੀ ਅਜ਼ਮਾਇਸ਼ ਵਿਚੋਂ ਲੰਘ ਰਿਹਾ ਹੈ।’ ਸੰਸਾਰ ਬੈਂਕ ਮੁਤਾਬਕ ਇਸ ਸਾਲ ਦੇ ਅੰਦਰ ਹੀ ਦਰਜਨ ਤੋਂ ਉੱਤੇ ਮੁਲਕਾਂ ਦੇ ਦਿਵਾਲੀਆ ਹੋਣ ਦਾ ਖ਼ਦਸ਼ਾ ਹੈ। ਜੇ ਇਹ ਮੁਲਕ ਦਿਵਾਲੀਆ ਹੁੰਦੇ ਹਨ ਤਾਂ ਸਰਮਾਏਦਾਰਾ ਸਰਕਾਰਾਂ ਇਸ ਦਾ ਵੱਧ ਤੋਂ ਵੱਧ ਬੋਝ ਕਿਰਤੀਆਂ ’ਤੇ ਸੁੱਟਣਗੀਆਂ। ਸੰਸਾਰ ਬੈਂਕ ਮੁਤਾਬਕ ਹੀ ਅਜਿਹੇ ਮੁਲਕਾਂ ਵਿਚ 50% ਤੋਂ ਵੱਧ ਪਰਿਵਾਰਾਂ ਕੋਲ਼ ਖਪਤ ਦਾ ਬੁਨਿਆਦੀ ਪੱਧਰ ਕਾਇਮ ਰੱਖਣ ਲਈ ਵੀ ਸਰੋਤ ਮੌਜੂਦ ਨਹੀਂ।

ਫਿਰ ਕਰਜ਼ੇ ਦੀ ਸਮੱਸਿਆ ਦਾ ਹੱਲ ਕੀ ਹੈ? ਲਾਜ਼ਮੀ ਇੱਕ ਜਵਾਬ ਤਾਂ ਇਹ ਹੈ ਕਿ ਇਨਾਂ ਦਰਜਨਾਂ ਮੁਲਕਾਂ ਸਿਰ ਜਿਹੜਾ ਕਰਜ਼ਾ ਹੈ, ਉਸ ’ਤੇ ਕਾਟੀ ਮਾਰ ਦਿੱਤੀ ਜਾਵੇ ਪਰ ਅਜਿਹਾ ਵੱਡਾ ਕਦਮ ਮੌਜੂਦਾ ਸਰਮਾਏਦਾਰਾ ਢਾਂਚੇ ਵਿਚ ਸੰਭਵ ਨਹੀਂ। ਦੂਜਾ ਜੇ ਇਹ ਕਰਜ਼ਾ ਮੁਆਫ਼ ਕਰ ਵੀ ਦਿੱਤਾ ਜਾਵੇ ਤਾਂ ਸਰਮਾਏਦਾਰਾ ਨੀਤੀਆਂ ਬਦੌਲਤ ਇਹ ਮੁੜ ਚੜ ਜਾਵੇਗਾ। ਇਸ ਲਈ ਇਸ ਦਾ ਪੱਕਾ ਹੱਲ ਸਿਰਫ਼ ਤੇ ਸਿਰਫ਼ ਸਰਮਾਏਦਾਰਾ ਢਾਂਚੇ ਨੂੰ ਬੁਨਿਆਦੀ ਤੌਰ ’ਤੇ ਬਦਲਣਾ ਹੈ।

# ਨਿੱਜੀ ਜ਼ਿੰਦਗੀ ਤੋਂ ਲੈਕੇ ਖ਼ਾਸ ਲੋਕਾਂ ਦੀ ਜ਼ਿੰਦਗੀ

ਹਰਫਾਂ ਦੇ ਨੂਰ

**ਬਰਜਿੰਦਰ ਕੌਰ ਬਿਸਰਾਓ**

**ਮੋ. 9988901324**

ਮੰਨਿਆ ਹਾਈਟੈਕ ਜ਼ਮਾਨਾ ਹੈ।ਆਮ ਇਨਸਾਨ ਦੀ ਨਿੱਜੀ ਜ਼ਿੰਦਗੀ ਤੋਂ ਲੈਕੇ ਖ਼ਾਸ ਲੋਕਾਂ ਦੀ ਜ਼ਿੰਦਗੀ, ਸੋਚ ਦਾ ਪੱਧਰ, ਰਾਜਨੀਤਕ, ਸਮਾਜਿਕ ਪੱਧਰ ਤੇ ਜਾਂ ਇਉਂ ਕਹਿ ਲਵੋ ਕਿ ਹਰ ਪੱਖੋਂ ਬਹੁਤ ਤੇਜ਼ੀ ਨਾਲ ਬਦਲਾਅ ਆਇਆ ਹੈ। ਬਦਲਾਅ ਜਿਹੋ ਜਿਹਾ ਮਰਜ਼ੀ ਹੋਵੇ ਉਸ ਨਾਲ ਆਮ ਵਿਅਕਤੀ ਹੀ ਪ੍ਰਭਾਵਿਤ ਹੁੰਦਾ ਹੈ। ਆਪਾਂ ਗੱਲ ਕਰੀਏ ਕਿ ਨਵੀਂ ਸਰਕਾਰ ਦੇ ਆਉਂਦੇ ਹੀ ਧੜਾਧੜ ਲੁੱਟ ਖੋਹਾਂ, ਕਤਲੇਆਮ ਵਰਗੀਆਂ ਘਟਨਾਵਾਂ ਕਿਤੇ ਕਿਸੇ ਰਾਜਨੀਤੀ ਦਾ ਹਿੱਸਾ ਤਾਂ ਨਹੀਂ ਹਨ? ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲੀਆਂ ਸਰਕਾਰਾਂ ਦੇ ਸਮੇਂ ਵੀ ਇਹ ਸਭ ਕੁਝ ਵਾਪਰਦਾ ਸੀ ਪਰ ਹੁਣ ਇੱਕ ਦਮ ਤੇਜ਼ੀ ਨਾਲ ਵਾਧਾ ਹੋਇਆ ਹੈ।

ਸਮੇਂ ਸਮੇਂ ਤੇ ਹਸਦੇ ਵਸਦੇ ਪੰਜਾਬ ਨੂੰ ਨਜ਼ਰ ਲੱਗਦੀ ਰਹੀ ਹੈ।ਇਸ ਨੇ ਕਿੰਨੀਆਂ ਵੰਡਾਂ ਦਾ ਸੰਤਾਪ ਹੰਢਾਇਆ ਹੈ, ਇਸ ਨੇ ਅੱਤਵਾਦ ਦਾ ਦੌਰ ਹੰਢਾਇਆ ਹੈ, ਇਹ ਨਸ਼ਿਆਂ ਦੇ ਛੇਵੇਂ ਦਰਿਆ ਦੇ ਹੜ ਵਿੱਚ ਰੁੜਦਾ ਜਾ ਰਿਹਾ ਹੈ।

ਪਰ ਸੋਚੋ, ਇਸ ਸਭ ਦਾ ਖਾਮਿਆਜ਼ਾ ਕਿਸ ਨੂੰ ਭੁਗਤਣਾ ਪਿਆ ਹੈ? ਪਾਠਕੋ, ਅਗਰ ਕੋਈ ਵੀ ਕਾਲ਼ਾ ਦੌਰ ਆਇਆ ਹੈ ਉਸ ਦਾ ਸੰਤਾਪ ਆਮ ਵਰਗ ਦੇ ਆਮ ਲੋਕਾਂ ਨੂੰ ਹੰਢਾਉਣਾ ਪਿਆ ਹੈ, ਉਸ ਦਾ ਸੰਤਾਪ ਪੰਜਾਬ ਦੀ ਨੌਜਵਾਨੀ ਨੂੰ ਹੰਢਾਉਣਾ ਪਿਆ ਹੈ। ਇਹ ਸਭ ਕੁਝ ਕਿੱਥੋਂ ਅਤੇ ਕਿਵੇਂ ਉਪਜਦਾ ਹੈ, ਇਸ ਬਾਰੇ ਵੀ ਸਭ ਨੂੰ ਚੌਕੰਨੇ ਹੋ ਜਾਣਾ ਚਾਹੀਦਾ ਹੈ। ਸਾਰੇ ਮਾਪੇ ਆਪਣਿਆਂ ਪੁੱਤਾਂ ਨੂੰ ਸਾਂਭ ਲੈਣ, ਨਹੀਂ ਤਾਂ ਲੱਗਦਾ ਹੈ ਕਿ ਸਾਜਿਸ਼ਾਂ ਦਾ ਦੌਰ ਫਿਰ ਸ਼ੁਰੂ ਹੋ ਗਿਆ ਹੈ।

ਇੱਕ ਸਮਾਂ ਹੁੰਦਾ ਸੀ, ਸਿਆਸੀ ਲੀਡਰਸ਼ਿਪ ਵੀ ਭੋਲ਼ੀ ਭਾਲੀ ਅਤੇ ਉਸ ਨਾਲ਼ ਜੁੜੇ ਲੋਕ ਵੀ ਭੋਲੇ ਭਾਲੇ ਹੁੰਦੇ ਸਨ। ਇੱਕ ਇੱਕ ਪਾਰਟੀ ਨਾਲ ਪੂਰਾ ਪੂਰਾ ਖਾਨਦਾਨ ਜੁੜਿਆ ਰਹਿੰਦਾ ਸੀ, ਰਗਾਂ ਵਿੱਚ ਪਾਰਟੀ ਲਈ ਵਫ਼ਾ ਦਾ ਖ਼ੂਨ ਦੌੜਦਾ ਹੁੰਦਾ ਸੀ। ਹਿੱਕ ਠੋਕ ਠੋਕ ਕੇ ਆਪਣੀ ਸਿਆਸੀ ਪਾਰਟੀ ਬਾਰੇ ਦੱਸਦੇ ਹੁੰਦੇ ਸਨ।ਪਰ ਅੱਜ ਜ਼ਮਾਨਾ ਬਦਲ ਗਿਆ ਹੈ। ਸਾਜ਼ਿਸ਼ਾਂ ਹੋ ਰਹੀਆਂ ਹਨ। ਸਾਡੇ ਪੰਜਾਬ ਦੀ ਇਹ ਹਾਲਤ ਹੋ ਗਈ ਹੈ ਕਿ ਜ਼ਿੰਦਗੀਆਂ ਮਹਿੰਗੀਆਂ ਹੋ ਗਈਆਂ ਹਨ ਤੇ ਮੌਤ ਸਸਤੀ ਹੋ ਗਈ ਹੈ। ਅੱਜ ਸਿਆਸੀ ਪਾਰਟੀਆਂ ਲਾਸ਼ਾਂ ਤੇ ਸਿਆਸਤਾਂ ਕਰਦੀਆਂ ਹਨ। ਅੱਜ ਦੇ ਆਮ ਵਰਗ ਦੇ ਲੋਕਾਂ ਨੂੰ ਪੂਰਬ ਵੱਲ ਜਾਣ ਲੱਗਿਆਂ ਪੱਛਮ ਵੱਲ ਨੂੰ ਦੱਸ ਕੇ ਜਾਣਾ ਪੈਂਦਾ ਹੈ। ਇਸ ਸਭ ਵਿੱਚ ਕਸੂਰ ਵੀ ਆਮ ਵਰਗ ਦਾ ਹੀ ਹੈ। ਜਦ ਤੋਂ ਆਮ ਵਿਅਕਤੀ ਵਿਕਾਊ ਹੋ ਗਿਆ ਉਦੋਂ ਤੋਂ ਸਿਆਸਤ ਖ਼ਰੀਦਦਾਰ ਹੋ ਗਈ।

ਅੱਜ ਦਾ ਸਿਆਸੀ ਲੀਡਰ ਜੇ ਤੁਹਾਡਾ ਲਾਹਾ ਚੁੱਕ ਕੇ ਤੁਹਾਨੂੰ ਠੁੱਡ ਮਾਰਦਾ ਹੈ ਤਾਂ ਤੁਸੀਂ ਵੀ ਪਾਰਟੀਆਂ ਦਾ ਖਹਿੜਾ ਛੱਡੋ। ਹੁਣ ਵਕਤ ਸੁਚੇਤ ਹੋਣ ਦਾ ਆ ਗਿਆ ਹੈ। ਜਿਹੜੇ ਲੀਡਰ ਦੋ ਮਹੀਨਾ ਪਹਿਲਾਂ ਇੱਕ ਇਨਸਾਨ ਨੂੰ ਭੈੜੇ ਤੋਂ ਭੈੜੇ ਸ਼ਬਦਾਂ ਨਾਲ ਬਿਆਨਬਾਜ਼ੀ ਕਰਦੇ ਨਜ਼ਰ ਆਉਂਦੇ ਹਨ ਉਹੀ ਲੋਕ ਉਸੇ ਵਿਅਕਤੀ ਦੇ ਹਮਦਰਦੀ ਕਿਵੇਂ ਹੋ ਸਕਦੇ ਹਨ?

ਪਰ ਸਾਡੇ ਸਿਆਸਤਦਾਨ ਭੁੱਲ ਜਾਂਦੇ ਹਨ ਕਿ ਹਾਈਟੈਕ ਜ਼ਮਾਨਾ ਹੈ, ਲੋਕਾਂ ਕੋਲ ਉਨਾਂ ਦੀ ਬਿਆਨਬਾਜ਼ੀਆਂ ਦੇ ਕਿੱਸੇ ਸਾਂਭੇ ਪਏ ਹਨ। ਮੰਨਿਆ ਕਿ ਉਹ ਉਨਾਂ ਦੀ ਸਿਆਸਤ ਦਾ ਹਿੱਸਾ ਹੋਵੇ ਪਰ ਆਮ ਜਨਤਾ ਬਹੁਤ ਭੋਲ਼ੀ ਹੈ।ਉਹ ਸਿਆਸੀ ਪਾਰਟੀਆਂ ਨੂੰ ਤਾਂ ਚੁਣਦੀ ਹੈ ਕਿ ਉਨਾਂ ਦਾ ਕੁਝ ਭਲਾ ਹੋ ਸਕੇ।

ਪਿਛਲੇ ਦਿਨੀਂ ਬਹੁਤ ਦਿਲ ਕੰਬਾਊ ਖਬਰਾਂ ਨਾਲ ਹਿਰਦੇ ਵਲੂੰਧਰੇ ਗਏ।ਪਰ ਕੀ ਕਤਲੋਗਾਰਦ ਦੀਆਂ ਘਟਨਾਵਾਂ ਸਿਰਫ਼ ਸਿਆਸਤ ਦਾ ਨੰਗਾ ਨਾਚ ਹੈ? ਨਵੀਂ ਸਰਕਾਰ ਨੂੰ ਵੀ ਬਹੁਤ ਸੋਚ ਸੋਚ ਕੇ ਹਰ ਫ਼ੈਸਲਾ ਕਰਨ ਦੀ ਲੋੜ ਹੈ। ਉਹ ਵੀ ਹਰ ਕਦਮ ਫੂਕ ਫੂਕ ਕੇ ਰੱਖੇ। ਉਸ ਕੋਲ ਫ਼ੈਸਲੇ ਲੈਣ ਲਈ ਪੰਜ ਸਾਲ ਦਾ ਵਕਤ ਹੈ।ਇਸ ਲਈ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਵਿਰੋਧੀ ਧਿਰਾਂ ਦੁਆਰਾ ਖੇਡੀਆਂ ਜਾਣ ਵਾਲੀਆਂ ਰਾਜਨੀਤੀਆਂ ਨੂੰ ਜ਼ਰੂਰ ਫਿਲਮਾ ਕੇ ਦੇਖ ਲਿਆ ਕਰਨ । ਨਵੀਂ ਸਰਕਾਰ ਨੂੰ ਸੰਜਮ ਅਤੇ ਠਰੰਮੇ ਤੋਂ ਕੰਮ ਲੈਣ ਦੀ ਲੋੜ ਹੈ। ਪਹਿਲਾਂ ਪਹਿਲ ਉਹ ਕੋਈ ਵੀ ਫੈਸਲੇ ਲੈਣ ਤੋਂ ਪਹਿਲਾਂ ਉਸ ਤੇ ਵਿਚਾਰਨ ਕਿ ਉਸ ਵਿੱਚੋਂ ਕਿਹੜੀ ਪ੍ਰਤੀਕਿਰਿਆ ਜਨਮ ਲੈ ਸਕਦੀ ਹੈ। ਮੰਨਿਆ ਕਿ ਬਹੁਤ ਕੁਝ ਕਰਨ ਦਾ ਜਜ਼ਬਾ ਹੈ, ਪਰ ਕੋਈ ਵੀ ਵੱਡੇ ਵੱਡੇ ਹੋਰ ਸਖ਼ਤ ਫ਼ੈਸਲੇ ਲੈਣ ਤੋਂ ਪਹਿਲਾਂ ਲੋਕ ਭਲਾਈ ਕੰਮਾਂ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਹੋ ਸਕੇ।

ਕਈ ਵਾਰ ਬਹੁਤੀ ਜਲਦਬਾਜ਼ੀ ਵੀ ਕੜਾਹੀ ਚੋਂ ਨਿਕਲਦੀ ਗਰਮ ਗਰਮ ਜਲੇਬੀ ਮੂੰਹ ਵਿੱਚ ਰੱਖਣ ਦਾ ਕੰਮ ਕਰ ਜਾਂਦੀ ਹੈ। ਆਮ ਵਰਗ ਨੂੰ ਇੱਕ ਪਾਰਟੀ ਨਾਲ ਜੁੜੇ ਰਹਿਣ ਦੀ ਵਿਚਾਰਧਾਰਾ ਨੂੰ ਤਿਆਗ ਕੇ ਆਧੁਨਿਕਤਾ ਵਾਲੀ ਸੋਚ ਅਪਣਾਉਣੀ ਹੀ ਪੈਣੀ ਹੈ। ਹੁਣ ਲੋੜ ਹੈ ਸੁਚੇਤ ਹੋਣ ਦੀ, ਕਿਉਂ ਕਿ ਚੁਰਾਸੀ ਵਰਗੇ ਦੌਰ ਦੇ ਸੰਕੇਤ ਪੈਦਾ ਕੀਤੇ ਜਾ ਰਹੇ ਹਨ। ਹੁਣ ਆਮ ਵਰਗ ਨੂੰ ਆਪਣੀ ਜਵਾਨੀ ਅਤੇ ਆਪਣਾ ਪੰਜਾਬ ਸੰਭਾਲਣ ਦੀ ਲੋੜ ਹੈ। ਆਪਣੀ ਅਤੇ ਆਪਣੇ ਸੂਬੇ ਦੀ ਤਰੱਕੀ ਲਈ ਸਰਕਾਰਾਂ ਦਾ ਸਾਥ ਦੇਣ ਦੀ ਲੋੜ ਹੁੰਦੀ ਹੈ ਚਾਹੇ ਉਹ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ। ਅੱਜ ਪੰਜਾਬ ਅਤੇ ਇਸ ਦੀ ਜਵਾਨੀ ਨੂੰ ਇੱਕ ਵਾਰ ਫਿਰ ਤੋਂ ਅੱਤਵਾਦ ਅਤੇ ਗੈਂਗਸਟਰਵਾਦ ਵੱਲ ਧਕੇਲਿਆ ਜਾ ਰਿਹਾ ਹੈ। ਹੁਣ ਦੌਰ ਆ ਗਿਆ ਹੈ ਮਾਪਿਆਂ ਨੂੰ ਆਪਣੇ ਜਵਾਨ ਪੁੱਤਾਂ ਨਾਲ਼ ਤੁਰਨ ਦਾ, ਕਿਉਂ ਕਿ ਪਤਾ ਨਹੀਂ ਕੌਣ ਕਿਸ ਮੋੜ ਤੇ ਉਸ ਨੂੰ ਕੁਰਾਹੇ ਤੋਰਨ ਲਈ ਉਂਗਲੀ ਫ਼ੜਨ ਨੂੰ ਤਿਆਰ ਖੜਾ ਹੋਵੇ। ਪਹਿਲਾਂ ਹੀ ਨਸ਼ਿਆਂ ਵਿੱਚ ਡੁੱਬੀ ਜਵਾਨੀ ਬਰਬਾਦ ਹੋ ਗਈ ਹੈ। ਸੋ, ਲੋਕੋ ਹੁਣ ਆਪਣੇ ਪੰਜਾਬ ਅਤੇ ਨੌਜਵਾਨੀ ਨੂੰ ਬਚਾਉਣ ਲਈ ਸੁਚੇਤ ਹੋ ਜਾਓ।



# ਸੰਗੀਤ ਜਗਤ ਵਿਚ ਹਾਰਮੋਨੀਅਮ ਦਾ ਵਿਸ਼ੇਸ਼ ਸਥਾਨ

**ਡਾਕਟਰ ਨਰਿੰਦਰ ਕੌਰ**

ਹਾਰਮੋਨੀਅਮ 'ਤੇ ਰੋਕ ਲਾਉਣ ਦੀ ਮੰਗ ਕੋਈ ਨਵੀਂ ਗੱਲ ਨਹੀਂ ਹੈ। ਬੇਸ਼ੱਕ ਅੱਜ ਗੱਲ ਦਰਬਾਰ ਸਾਹਿਬ ਦੀ ਹੈ ਪਰ ਜੇ ਅਸੀਂ ਇਸ ਦੇ ਪਿਛੋਕੜ ਵੱਲ ਝਾਤ ਪਾਈਏ ਤਾਂ ਦੇਖਦੇ ਹਾਂ ਕਿ ਹਿੰਦੁਸਤਾਨ ਵਿਚ ਬਹੁਤ ਵਾਰ ਇਸ ਨੂੰ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ, ਜਿਸ ਦਾ ਮੁੱਖ ਕਾਰਨ ਇਕੋ ਸੀ ਕਿ ਇਹ ਨਿਰਧਾਰਤ ਸੁਰ ਸੀਮਾ ਦੇ ਆਧਾਰ 'ਤੇ ਬਣਿਆ ਸਾਜ਼ ਸੀ, ਜਿਸ ਵਿਚ ਤੰਤੀ ਸਾਜ਼ਾਂ ਵਰਗਾ ਵਿਸਥਾਰਿਤ ਖੇਤਰ ਨਹੀਂ ਸੀ, ਜਿਸ ਨਾਲ ਭਾਰਤੀ ਸ਼ਾਸਤਰੀ ਸੰਗੀਤ ਦੀਆਂ ਬਾਰੀਕੀਆਂ ਨੂੰ ਪੂਰਨ ਤੌਰ 'ਤੇ ਪ੍ਰਗਟਾਇਆ ਜਾ ਸਕੇ। ਫਰਾਂਸ ਵਿਚ ਪੈਦਾ ਹੋਏ ਇਸ ਸਾਜ਼ ਨੇ 19ਵੀਂ ਸਦੀ ਦੇ ਅਖ਼ੀਰਲੇ ਦਹਾਕਿਆਂ ਵਿਚ ਭਾਰਤ ਵਿਚ ਪ੍ਰਵੇਸ਼ ਕੀਤਾ। ਸ਼ੁਰੂ ਵਿਚ ਤਾਂ ਇਸ ਦਾ ਸੁਆਗਤ ਹੋਇਆ ਪਰ ਛੇਤੀ ਹੀ ਇਹ ਇਕ ਚਰਚਾ ਦਾ ਵਿਸ਼ਾ ਬਣ ਗਿਆ।

ਵਿਦਵਾਨਾਂ ਨੇ ਆਖਿਆ ਕਿ ਇਸ ਵਿਚ ਅੰਦੋਲਨ, ਮੀਂਡ ਅਤੇ ਗਮਕ ਦੀ ਘਾਟ ਹੈ, ਜਿਸ ਕਰਕੇ ਇਸ ਨਾਲ ਰਾਗਾਂ ਦੀ ਪੇਸ਼ਕਾਰੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਭਾਰਤੀ ਸ਼ਾਸਤਰੀ ਸੰਗੀਤ ਤੇ ਕੁਝ ਰਾਗਾਂ ਵਿਚ ਤਾਂ ਸੁਰਾਂ ਸਮਾਨ ਹੋਣ ਤੇ ਅੰਤਰ ਕੇਵਲ ਸੁਰਾਂ ਦੇ ਲਗਾਵ ਕਰਕੇ ਹੀ ਹੁੰਦਾ ਹੈ। ਇਸ ਲਈ ਗਮਕ, ਮੀਂਡ ਤੇ ਅੰਦੋਲਨ ਬਹੁਤ ਅਹਿਮ ਸਥਾਨ ਰੱਖਦੇ ਹਨ। ਰਬਿੰਦਰਨਾਥ ਟੈਗੋਰ ਨੇ ਤਾਂ ਇਸ ਨੂੰ 'ਬੇਨ ਆਫ ਇੰਡੀਅਨ ਮਿਊਜ਼ਿਕ' ਭਾਵ ਕਿ ਭਾਰਤੀ ਸੰਗੀਤ 'ਤੇ ਲੱਗਾ ਸ਼ਾਪ ਆਖਿਆ। ਬ੍ਰਿਟਿਸ਼ ਸੰਗੀਤ ਸ਼ਾਸਤਰੀ ਏ. ਐਚ. ਫੌਕਸ ਸਟਰਾਂਗਵੇਜ਼ ਜਦੋਂ 1910-11 ਦੌਰਾਨ ਭਾਰਤ ਆਇਆ ਤਾਂ ਉਸ ਨੇ ਭਾਰਤੀਆਂ ਨੂੰ ਹਾਰਮੋਨੀਅਮ ਦੀ ਵਰਤੋਂ ਤੋਂ ਆਗਾਹ ਕੀਤਾ ਅਤੇ ਆਪਣੀ ਪੁਸਤਕ 'ਦ ਮਿਊਜ਼ਿਕ ਆਫ਼ ਹਿੰਦੁਸਤਾਨ' ਵਿਚ ਭਾਰਤੀ ਸੰਗੀਤ ਲਈ ਹਾਰਮੋਨੀਅਮ ਬਾਰੇ ਚਿੰਤਾ ਜ਼ਾਹਰ ਕੀਤੀ। ਭਾਰਤੀ ਵਿਦਵਾਨ ਬੀ. ਸੀ. ਦੇਵਾ ਨੇ ਵੀ ਇਸ ਨੂੰ ਸ਼ਰੁਤੀ ਅਤੇ ਗਮਕ ਤੋਂ ਹੀਣਾ ਸਾਜ਼ ਹੋਣ ਕਰਕੇ ਅਣ-ਉਚਿਤ ਸਾਜ਼ ਆਖਿਆ। ਸੰਨ 1930 ਵਿਚ ਆਲ ਇੰਡੀਆ ਰੇਡੀਓ ਦਿੱਲੀ ਦੇ ਮੁਖੀ ਜਾਨ ਹਰਬਰਟ ਫੌਲਡਸ ਨੇ ਤਾਂ ਇਸ ਨੂੰ ਹਾਰਮ-ਓਨੀਅਮ ਭਾਵ ਭਾਰਤੀ ਸੰਗੀਤ ਨੂੰ ਨੁਕਸਾਨ ਪਹੁੰਚਾਉਣ ਵਾਲਾ ਆਖਿਆ, ਕਿਉਂਕਿ ਇਸ ਵਿਚ ਸੂਖਮ ਧੁਨੀਆਂ ਦੀ ਘਾਟ ਸੀ। ਏਸੇ ਲਈ 1940 ਵਿਚ ਉਸ ਵੇਲੇ ਦੇ ਆਲ ਇੰਡੀਆ ਰੇਡੀਓ ਦੇ ਕੰਟਰੋਲਰ ਮਿਸਟਰ ਲਾਇਨਲ ਫੀਲਡਨ ਨੇ ਇਸ 'ਤੇ ਰੋਕ ਲਾ ਦਿੱਤੀ ਸੀ।

ਦੂਜੇ ਪਾਸੇ ਕੁਝ ਵਿਦਵਾਨਾਂ ਨੇ ਇਸ ਵਿਚ ਸੁਧਾਰ ਕਰਨੇ ਸ਼ੁਰੂ ਕਰ ਦਿੱਤੇ। ਇਕ ਸਚਾਈ ਇਹ ਸੀ ਕਿ ਮਿਸ਼ਨਰੀਆਂ ਨੇ ਇਸ ਨੂੰ ਆਮ ਲੋਕਾਂ ਵਿਚ ਬਹੁਤ ਮਸ਼ਹੂਰ ਕਰ ਦਿੱਤਾ। ਛੇਤੀ ਹੀ ਇਹ ਹਰਮਨ ਪਿਆਰਾ ਸਾਜ਼ ਬਣ ਗਿਆ। ਸਮੇਂ ਦੇ ਨਾਲ ਭਾਰਤੀ ਸ਼ਾਸਤਰੀ ਸੰਗੀਤ ਵਿਚ ਵੀ ਬਦਲਾਅ ਆਏ। ਕੇਵਲ ਆਮ ਲੋਕਾਂ ਵਿਚ ਹੀ ਨਹੀਂ ਬਲਕਿ ਸ਼ਾਸਤਰੀ ਸੰਗੀਤਕਾਰਾਂ ਵਿਚ ਵੀ ਇਸ ਦੀ ਹਰਮਨਪਿਆਰਤਾ ਵਧਣ ਲੱਗ ਪਈ। ਉਸਤਾਦ ਅਮੀਰ ਖਾਨ, ਬੜੇ ਗੁਲਾਮ ਅਲੀ ਖਾਨ, ਬੇਗਮ ਅਖ਼ਤਰ ਆਦਿ ਨੇ ਇਸ ਨੂੰ ਸਾਰੰਗੀ ਤੋਂ ਵੀ ਜ਼ਿਆਦਾ ਪਸੰਦ ਕੀਤਾ। ਜਿਹੜੇ ਸੰਗੀਤਕਾਰਾਂ ਨੇ ਸ਼ੁਰੂ ਵਿਚ ਇਸ ਦਾ ਵਿਰੋਧ ਕੀਤਾ ਸੀ ਉਹ ਵੀ ਹਾਰਮੋਨੀਅਮ ਨੂੰ ਅਪਨਾਉਣ ਲੱਗ ਪਏ। ਮੰਦਰਾਂ, ਗਿਰਜਾਘਰਾਂ ਅਤੇ ਗੁਰਦਵਾਰਿਆਂ ਵਿਚ ਪ੍ਰਵੇਸ਼ ਪਾਉਣ ਤੋਂ ਬਾਅਦ ਇਹ ਹੁਣ ਸ਼ਾਸਤਰੀ ਸੰਗੀਤ ਦੇ ਨਾਲ ਵੀ ਸਥਾਨ ਪਾਉਣ ਲੱਗ ਪਿਆ।

ਸੰਨ 1875 ਵਿਚ ਕਲਕੱਤੇ ਦੇ ਦੁਆਰਕਾ ਨਾਥ ਘੋਸ਼ ਨੇ ਕੁਝ ਸੁਧਾਰ ਕਰਕੇ ਜਿਵੇਂ ਕਿ ਇਸ ਨਾਲ ਹੱਥ ਪੱਖਾ ਲਗਾ ਕੇ ਅਤੇ ਕੁਝ ਕੁ ਹੋਰ ਸੁਧਾਰ ਕਰਕੇ ਇਸ ਦਾ




ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਪਹਿਲਾਂ ਯੂਰੋਪੀਅਨ ਹਾਰਮੋਨੀਅਮ ਵਿਚ ਪੈਡਲ ਵਾਲਾ ਬੈਲੋ ਹੁੰਦਾ ਸੀ। ਉਸ ਤੋਂ ਬਾਅਦ ਮੁੰਬਈ ਦੇ ਐਸ. ਪੀ. ਭਗਤ ਨੇ ਇਸ ਵਿਚ ਵੱਡੇ ਪੱਧਰ 'ਤੇ ਬਦਲਾਅ ਲਿਆਂਦੇ ਜਿਸ ਕਰਕੇ ਵੱਡੇ-ਵੱਡੇ ਸੰਗੀਤਕਾਰਾਂ ਨੇ ਇਸ ਨੂੰ ਅਪਨਾ ਲਿਆ। ਇਸ ਤੋਂ ਬਾਅਦ ਮੁੰਬਈ ਦੇ ਹੀ ਸ੍ਰੀ ਹਰੀ ਭਾਊ ਵਿਸ਼ਵਨਾਥ ਅਤੇ ਰਾਮ ਸਿੰਘ ਨੇ ਵੀ ਹਾਰਮੋਨੀਅਮ ਬਣਾਉਣੇ ਸ਼ੁਰੂ ਕਰ ਦਿੱਤੇ। 1913 ਤੱਕ ਭਾਰਤ ਵਿਸ਼ਵ ਦਾ ਸਭ ਤੋਂ ਜ਼ਿਆਦਾ ਹਾਰਮੋਨੀਅਮ ਬਣਾਉਣ ਵਾਲਾ ਦੇਸ਼ ਬਣ ਗਿਆ। ਹਾਰਮੋਨੀਅਮ ਵਾਦਕਾਂ ਨੇ ਵੀ ਇਸ ਵਿਚ ਭਾਰਤੀ ਸੰਗੀਤ ਦੀਆਂ ਬਾਰੀਕੀਆਂ ਕੱਢਣ ਦੇ ਢੰਗ ਈਜਾਦ ਕਰ ਲਏ। ਪੰਡਿਤ ਗਣਪਤ ਰਾਓ ਨੇ ਵੀਹਵੀਂ ਸਦੀ ਦੇ ਸ਼ੁਰੂ ਵਿਚ ਹੀ ਇਸ ਦੀਆਂ ਖ਼ਾਮੀਆਂ ਨੂੰ ਪੂਰਾ ਕਰਨ ਦੇ ਕੁਝ ਹੱਲ ਕੱਢ ਲਏ। ਪੰਡਿਤ ਗੋਬਿੰਦ ਰਾਓ ਟੇਂਬੇ ਨੇ ਹਾਰਮੋਨੀਅਮ ਦੇ ਸੋਲੋ ਵਾਦਨ ਵਿਚ ਮੁਹਾਰਤ ਹਾਸਲ ਕਰ ਲਈ। ਉਹ ਸ਼ਾਸਤਰੀ ਸੰਗੀਤ ਦੇ ਪੰਡਿਤ ਭਾਸਕਰ ਬੁਆ ਬਖਲੇ ਨਾਲ ਸ਼ਾਸਤਰੀ ਸੰਗੀਤ ਦੀ ਸੰਗਤ ਵੀ ਕਰਦੇ ਸਨ। ਇਸ ਤੋਂ ਇਲਾਵਾ ਪੰਡਿਤ ਗਿਆਨ ਪ੍ਰਕਾਸ਼ ਘੋਸ਼, ਪੰਡਿਤ ਪੀ. ਮਧੁਕਰ ਅਤੇ ਪੰਡਿਤ ਭੀਸ਼ਮ ਦੇਵ ਬੇਦੀ ਅਤੇ ਉਨਾਂ ਦੇ ਸ਼ਗਿਰਦ ਮਨੋਹਰ ਚਿਮੋਟੇ ਨੇ ਵੀ ਹਾਰਮੋਨੀਅਮ ਦੀ ਵਾਦਨ ਸ਼ੈਲੀ ਨੂੰ ਪ੍ਰਫੁੱਲਿਤ ਕਰਨ ਲਈ ਕਾਫੀ ਯੋਗਦਾਨ ਪਾਇਆ।

ਪੰਡਿਤ ਪੀ. ਮਧੁਕਰ ਦੇ ਸ਼ਾਗਿਰਦ ਪੰਡਿਤ ਤੁਲਸੀ ਦਾਸ ਬੋਰਕਰ, ਪੰਡਿਤ ਵਿਸ਼ਵਨਾਥ ਪੇਂਧੁਕਰ ਅਤੇ ਪੰਡਿਤ ਅਨੰਤ ਕੁਮਾਰ ਅਤੇ ਰਾਮ ਭਾਊ ਵੀਜਾਪੁਰ ਆਦਿ ਹਾਰਮੋਨੀਅਮ ਵਾਦਕਾਂ ਨੇ ਇਸ ਨੂੰ ਪ੍ਰਚੱਲਿਤ ਅਤੇ ਪ੍ਰਫੁੱਲਿਤ ਕੀਤਾ। 1970 ਵਿਚ ਸੰਗੀਤ ਨਾਟਕ ਅਕਾਦਮੀ ਨੇ ਇਕ ਸੈਮੀਨਾਰ ਕਰਵਾਇਆ, ਜਿਸ ਨੂੰ ਆਲ ਇੰਡੀਆ ਰੇਡੀਓ ਨੇ ਸਪੌਂਸਰ ਕੀਤਾ। ਇਸ ਸੈਮੀਨਾਰ ਵਿਚ ਵਿਦਵਾਨਾਂ ਨਾਲ ਸਲਾਹ-ਮਸ਼ਵਰਾ ਹੋਇਆ। ਵਿਚਕਾਰ ਸੰਗੀਤ ਤੇ ਹਾਰਮੋਨੀਅਮ ਬਾਰੇ ਵੀ ਦੱਖਣ ਭਾਰਤ ਦੇ ਪੀ. ਬੀ. ਸੁਬਰਾਮਨੀਅਮ ਨੇ ਦੱਸਿਆ ਕਿ ਹਾਰਮੋਨੀਅਮ ਦੀਆਂ ਫਰੀ ਰੀਡ ਸੁਰਾਂ ਦੱਖਣੀ ਏਸ਼ੀਆ ਦੇ ਰੁਜ਼ਮ ਜਾਂ ਸ਼ੈਂਗ ਕਹਾਉਣ ਵਾਲੇ ਸਾਜ਼ ਵਿਚ ਵੀ ਵਰਤੀਆਂ ਜਾਂਦੀਆਂ ਹਨ ਜੋ ਉੱਤਰ ਪੂਰਬੀ ਭਾਰਤ ਵਿਚ ਮੂੰਹ ਨਾਲ ਵਜਾਇਆ ਜਾਣ ਵਾਲਾ ਇਕ ਸਾਜ਼ ਹੈ। ਸੋ ਇਸ ਲਈ ਇਸ ਨੂੰ ਬਾਹਰਲਾ ਸਾਜ਼ ਕਹਿ ਕੇ ਇਸ ਦੀ ਨਿਖੇਧੀ ਕਰਨਾ ਉਚਿਤ ਨਹੀਂ। ਸੰਨ 1971 ਵਿਚ ਇਨਾਂ ਸਾਰੇ ਕਾਰਨਾਂ ਕਰਕੇ ਆਲ ਇੰਡੀਆ ਰੇਡੀਓ ਤੋਂ ਰੋਕ ਹਟਾ ਲਈ ਗਈ। ਭਾਵੇਂ ਬਹੁਤ ਸਮੇਂ ਤੱਕ ਇਸ ਨੂੰ ਪੂਰਨ ਮਾਨਤਾ ਪ੍ਰਾਪਤ ਨਾ ਹੋਈ ਪਰ ਅੱਜ ਆਲ ਇੰਡੀਆ ਰੇਡੀਓ 'ਤੇ ਵੀ ਹਾਰਮੋਨੀਅਮ ਸਾਜ਼ ਦੀ ਸੰਗਤੀ ਅਤੇ ਸੋਲੋ ਪ੍ਰਵਾਨਿਤ ਹੈ।

ਅੱਪਾ ਜਲਗਾਉਂਕਰ ਨੂੰ ਸੰਗੀਤ ਨਾਟਕ ਅਕੈਡਮੀ ਵਲੋਂ ਉੱਤਮ ਹਾਰਮੋਨੀਅਮ ਵਾਦਨ ਲਈ ਪਹਿਲਾ ਪੁਰਸਕਾਰ ਵੀ ਪ੍ਰਾਪਤ ਹੋਇਆ। ਉਸ ਤੋਂ ਬਾਅਦ 2006 ਵਿਚ ਤੁਲਸੀ ਦਾਸ ਬੋਰਕਰ ਨੂੰ ਹਾਰਮੋਨੀਅਮ ਵਾਦਨ ਲਈ ਭਾਰਤ ਦੇ ਸਾਬਕਾ ਰਾਸ਼ਟਰਪਤੀ ਏ. ਪੀ. ਜੇ. ਅਬਦੁਲ ਕਲਾਮ ਵਲੋਂ ਅਕੈਡਮੀ ਪੁਰਸਕਾਰ ਦਿੱਤਾ ਗਿਆ। ਅੱਜ ਉਨਾਂ ਦੇ ਸ਼ਾਗਿਰਦ ਕੇਦਾਰ ਨਫਾੜੇ, ਸੀਮਾ ਮਿਸਤਰੀ, ਸੁਧਿਰ ਨਾਇਕ ਅਤੇ ਸ੍ਰੀ ਰਾਮ ਹਸਬਨੀਸ ਇਸ ਖੇਤਰ ਵਿਚ ਉੱਘੇ ਕਾਰਜ ਕਰ ਰਹੇ ਹਨ। ਹਾਰਮੋਨੀਅਮ ਵਾਦਕਾਂ ਅਨੁਸਾਰ ਇਸ ਸਾਜ਼ ਵਿਚ ਕੁਝ ਅਜਿਹੀਆਂ ਖੂਬੀਆਂ ਹਨ ਜੋ ਕਿ ਤੰਤੀ ਸਾਜ਼ਾਂ ਵਿਚ ਵੀ ਨਹੀਂ। ਜਿਵੇਂ ਕਿ ਇਸ ਦੀ ਲੰਬੀ ਅਤੇ ਸਪਾਟ ਆਵਾਜ਼।

ਤੁਲਸੀਦਾਸ ਬੋਰਕਰ ਆਖਦੇ ਹਨ ਕਿ ਉਹ ਇਸ ਨੂੰ ਸਾਰੰਗੀ ਅੰਗ ਨਾਲ ਵਜਾਉਂਦੇ ਹਨ। ਇਸ ਦੀ ਸ਼ਾਨਦਾਰ ਆਵਾਜ਼ ਗਾਇਕ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ। ਇਕ ਵਾਦਕ ਨੂੰ ਆਪਣੇ ਸਾਜ਼ ਦੀਆਂ ਖ਼ਾਮੀਆਂ ਅਤੇ ਖੂਬੀਆਂ ਦੋਹਾਂ ਦਾ ਧਿਆਨ ਹੋਣਾ ਚਾਹੀਦਾ ਹੈ ਤਾਂ ਹੀ ਉਹ ਚੰਗੀ ਤਰਾਂ ਆਪਣਾ ਰੋਲ ਅਦਾ ਕਰ ਸਕਦਾ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਹਾਰਮੋਨੀਅਮ ਨੇ ਭਾਰਤੀ ਸ਼ਾਸਤਰੀ ਸੰਗੀਤ ਵਿਚ ਤਾਂ ਆਪਣੀ ਉੱਘੀ ਥਾਂ ਬਣਾ ਲਈ ਹੈ ਪਰ ਹੁਣ ਸ੍ਰੀ ਦਰਬਾਰ ਸਾਹਿਬ ਵਿਚ ਇਸ ਦੀ ਵਰਤੋਂ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਹੈ। ਕੁਝ ਵਿਦਵਾਨ ਮੰਨਦੇ ਹਨ ਕਿ ਸਾਡੇ ਗੁਰੂਆਂ ਨੇ ਕੇਵਲ ਤੰਤੀ ਸਾਜ਼ਾਂ ਨਾਲ ਹੀ ਕੀਰਤਨ ਕੀਤਾ ਸੀ, ਇਸ ਲਈ ਸਾਨੂੰ ਵੀ ਅੱਜ ਕੇਵਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ ਚਾਹੀਦਾ ਹੈ।

ਗੁਰੂ ਸਾਹਿਬਾਂ ਵੇਲੇ ਇਸ ਖਿੱਤੇ ਵਿਚ ਕੇਵਲ ਤੰਤੀ ਸਾਜ਼ਾਂ ਦਾ ਹੀ ਪ੍ਰਚਲਣ ਸੀ, ਹਾਰਮੋਨੀਅਮ ਤਾਂ ਬਹੁਤ ਮਗਰੋਂ ਪ੍ਰਚਾਰ ਵਿਚ ਆਇਆ। ਜੇ ਅਸੀਂ ਅੱਜ ਤੰਤੀ ਸਾਜ਼ਾਂ ਦੀ ਗੱਲ ਕਰਦੇ ਹਾਂ ਤਾਂ ਫਿਰ ਸਾਨੂੰ ਇਹ ਵੀ ਵੇਖਣ ਦੀ ਲੋੜ ਹੈ ਕਿ ਅੱਜ ਬਹੁਤ ਸਾਰੇ ਬਦਲਾਅ ਆ ਚੁੱਕੇ ਹਨ। ਅੱਜ ਦੇ ਗੁਰਬਾਣੀ ਸੰਗੀਤ ਤੇ ਸਮੇਂ ਦਾ ਪ੍ਰਭਾਵ ਵੀ ਪੈ ਚੁੱਕਾ ਹੈ ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਮੁਸਲਿਮ ਜ਼ਾਲਮ ਹਾਕਮਾਂ ਕਰਕੇ ਅਸੀਂ ਆਪਣਾ ਬਹੁਤ ਕੀਮਤੀ ਵਿਰਸਾ ਖੋਹਿਆ ਹੈ। ਅਜੋਕੇ ਸਮੇਂ ਵਿਚ ਤਾਂ ਪੁਰਾਣੇ ਸਿੰਘਾਂ ਵਾਲਾ ਨਿਤਨੇਮ ਵੀ ਨਹੀਂ ਰਹਿ ਗਿਆ। ਪੁਰਾਣੇ ਸਿੰਘਾਂ ਦੇ ਨਿਤਨੇਮ ਵਿਚ ਆਸਾ ਦੀ ਵਾਰ ਅਤੇ ਸੁਖਮਨੀ ਸਾਹਿਬ ਵੀ ਸ਼ਾਮਿਲ ਹੁੰਦਾ ਸੀ। ਅੱਜ ਅਸੀਂ ਸਮੇਂ ਮੁਤਾਬਿਕ ਆਪਣੇ ਰਹਿਣ-ਸਹਿਣ ਨੂੰ ਵੀ ਬਦਲਿਆ ਹੈ।

ਅੱਜ ਗੁਰੂ ਸਮੇਂ ਦੀਆਂ ਘੋੜ ਸਵਾਰੀਆਂ ਜਾਂ ਹਥਿਆਰ ਨਹੀਂ ਰਹੇ। ਇਨਾਂ ਦੀ ਥਾਂ ਅੱਜ ਮੋਟਰ ਗੱਡੀਆਂ ਅਤੇ ਪਿਸਤੌਲਾਂ ਨੇ ਲੈ ਲਈ ਹੈ। ਜੇ ਅਸੀਂ ਕੇਵਲ ਗੁਰੂ ਸਾਹਿਬ ਦੇ ਸਮੇਂ ਨੂੰ ਵੀ ਵੇਖੀਏ ਤਾਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਦੇ ਸਮੇਂ ਰਬਾਬ, ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਸਾਰੰਦਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਤਾਊਸ ਅਤੇ ਬਾਅਦ ਵਿਚ ਦਿਲਰੁਬਾ ਦੀ ਵਰਤੋਂ ਹੁੰਦੀ ਰਹੀ। ਗੁਰੂ ਸਾਹਿਬ ਦੇ ਸਮੇਂ ਤਾਂ ਧਰੁਪਦ ਗਾਇਨ ਹੁੰਦਾ ਸੀ ਪਰ ਅੱਜ ਨਹੀਂ। ਉਦੋਂ ਤਾਂ ਪਖਾਵਜ ਦੀ ਵਰਤੋਂ ਹੁੰਦੀ ਸੀ, ਪਰ ਤਬਲਾ ਨਹੀਂ ਸੀ। ਜੇ ਤਾਂ ਸ੍ਰੀ ਦਰਬਾਰ ਸਾਹਿਬ ਵਿਚ ਇਸ ਨੂੰ ਬੰਦ ਕਰਨ ਦਾ ਕਾਰਨ ਇਹ ਹੈ ਕਿ ਇਹ ਗੁਰਬਾਣੀ ਸੰਗੀਤ ਵਿਚ ਕੋਈ ਵਿਘਨ ਪਾਉਂਦਾ ਹੈ, ਤਾਂ ਇਸ ਲਈ ਸਾਨੂੰ ਇਸ ਦੀ ਵਾਦਨ ਤਕਨੀਕ ਦੀ ਸੀਮਾ ਵੱਲ ਧਿਆਨ ਦੇਣ ਦੀ ਲੋੜ ਹੈ ਨਾ ਕਿ ਇਸ ਨੂੰ ਹਟਾਉਣ ਦੀ। ਇਸ ਤੋਂ ਇਲਾਵਾ ਤੰਤੀ ਸਾਜ਼ਾਂ ਨੂੰ ਉਤਸ਼ਾਹਿਤ ਕਰਨਾ ਅਤੇ ਕੁਝ ਕੀਰਤਨ ਦਰਬਾਰ ਕੇਵਲ ਤੰਤੀ ਸਾਜ਼ਾਂ ਨਾਲ ਹੀ ਕਰਵਾਉਣੇ ਇਸ ਦਿਸ਼ਾ ਵਿਚ ਇਕ ਚੰਗਾ ਕਦਮ ਹੋਵੇਗਾ।

ਗੁਰਬਾਣੀ ਸੰਗੀਤ ਭਾਰਤੀ ਸ਼ਾਸਤਰੀ ਸੰਗੀਤ ਤੋਂ ਵੱਖਰਾ ਸੰਗੀਤ ਨਹੀਂ ਹੈ ਅੰਤਰ ਕੇਵਲ ਸ਼ੈਲੀ ਜਾਂ ਢੰਗ ਦਾ ਹੈ ਜੋ ਪ੍ਰੰਪਰਾਗਤ ਕੀਰਤਨਕਾਰਾਂ ਕੋਲੋਂ ਸਿੱਖਿਆ ਜਾ ਸਕਦਾ ਹੈ। ਰਾਗਾਂ ਵਿਚ ਕੀਰਤਨ ਕਰਨ ਵਾਲਾ ਇਕ ਯੋਗ ਕੀਰਤਨਕਾਰ ਹੀ ਏਸ ਭੇਦ ਨੂੰ ਸਿਖਾ ਸਕਦਾ ਹੈ, ਨਾ ਕਿ ਕੋਈ ਭਾਰਤੀ ਸ਼ਾਸਤਰੀ ਸੰਗੀਤ ਦਾ ਖਿਆਲ ਗਾਇਕ। ਇਸ ਲਈ ਜੇ ਅਸੀਂ ਅੱਜ ਵੀ ਆਪਣੇ ਗੁਰੂਆਂ ਦੀ ਪਰੰਪਰਾ ਅਤੇ ਵਿਰਸੇ ਨੂੰ ਸਾਂਭਣਾ ਚਾਹੁੰਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਪ੍ਰੰਪਰਾਗਤ ਕੀਰਤਨਕਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਥਾਂ-ਥਾਂ ਪਿੰਡਾਂ ਵਿਚ ਗਲੀ-ਮੁਹੱਲੇ ਵਿਚ ਗੁਰਬਾਣੀ ਕੀਰਤਨ ਕੇਂਦਰ ਹੋਣੇ ਚਾਹੀਦੇ ਹਨ ਜਾਂ ਫਿਰ ਪੰਜਾਬੀ ਸੂਬੇ ਦੇ ਸਕੂਲਾਂ ਕਾਲਜਾਂ ਵਿਚ ਗੁਰਬਾਣੀ ਸੰਗੀਤ ਅਤੇ ਤੰਤੀ ਸਾਜ਼ਾਂ ਦੀ ਸਿਖਲਾਈ ਜ਼ਰੂਰੀ ਰੂਪ ਨਾਲ ਕਰਵਾਈ ਜਾਵੇ। ਸੂਬੇ ਦੇ ਸਾਰੇ ਸਰਕਾਰੀ ਸਕੂਲਾਂ ਵਿਚ ਇਸ ਨੂੰ ਜ਼ਰੂਰੀ ਵਿਸ਼ਾ ਬਣਾਇਆ ਜਾਏ ਤਾਂ ਜੋ ਸਾਡਾ ਵਿਰਸਾ ਪ੍ਰਫੁੱਲਿਤ ਹੋ ਸਕੇ। ਇਤਿਹਾਸਕ ਤੱਥਾਂ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਹਾਰਮੋਨੀਅਮ ਅਨੇਕਾਂ ਔਕੜਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਅੱਜ ਸਾਡੇ ਸਾਹਮਣੇ ਆਪਣੀਆਂ ਖ਼ੂਬੀਆਂ ਕਰਕੇ ਸਾਡੇ ਸੰਗੀਤ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਹੈ। ਸਾਨੂੰ ਇਕ ਹੋਰ ਗੱਲ ਵੀ ਹਮੇਸ਼ਾ ਚੇਤੇ ਰੱਖਣੀ ਚਾਹੀਦੀ ਹੈ ਕਿ ਤੰਤੀ ਸਾਜ਼ਾਂ ਨੂੰ ਸੁਰ ਕਰਨ ਲਈ ਵੀ ਸਾਨੂੰ ਹਾਰਮੋਨੀਅਮ ਦੀ ਲੋੜ ਪੈਂਦੀ ਹੈ।

ਆਪਣੇ ਸਮੇਂ ਦੇ ਉੱਘੇ ਰਾਗੀ ਭਾਈ ਸਮੁੰਦ ਸਿੰਘ, ਭਾਈ ਬਖ਼ਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰੀਕ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ, ਭਾਈ ਨਰਿੰਦਰ ਸਿੰਘ ਬਨਾਰਸੀ, ਭਾਈ ਸਰਬਜੀਤ ਸਿੰਘ ਆਦਿ ਅਨੇਕ ਉੱਘੇ ਰਾਗੀ ਹਾਰਮੋਨੀਅਮ ਦੀ ਵਰਤੋਂ ਕਰਦੇ ਰਹੇ ਹਨ। ਬਹੁਤ ਸਾਰੇ ਰਬਾਬੀ ਕੀਰਤਨਕਾਰ ਵੀ ਹਾਰਮੋਨੀਅਮ ਦੀ ਵਰਤੋਂ ਕਰਦੇ ਰਹੇ ਹਨ। ਸੰਗਤ ਵੀ ਹਾਰਮੋਨੀਅਮ ਦੀ ਆਦੀ ਹੋ ਚੁੱਕੀ ਹੈ। ਇਸ ਲਈ ਕੋਈ ਵਿਚਲਾ ਰਸਤਾ ਕੱਢਣਾ ਹੀ ਉਚਿਤ ਹੋਵੇਗਾ। ਨਿਰਸੰਦੇਹ ਹਾਰਮੋਨੀਅਮ ਨੇ ਗੁਰਬਾਣੀ ਅਤੇ ਸ਼ਾਸਤਰੀ ਸੰਗੀਤ ਦੀ ਸਿਖਲਾਈ ਨੂੰ ਸੌਖਾ ਬਣਾਇਆ ਹੈ। ਕੀਰਤਨ ਪ੍ਰਭੂ-ਭਗਤੀ ਦਾ ਵਿਸ਼ਾ ਹੈ ਅਤੇ ਕੁਝ ਕੀਰਤਨਕਾਰ ਐਸੇ ਵੀ ਹਨ ਜੋ ਤਾਨਪੁਰੇ ਜਾਂ ਤੰਤੀ ਸਾਜ਼ ਨਾਲ ਗਾਉਣ ਦੀ ਸਮਰੱਥਾ ਨਹੀਂ ਰੱਖਦੇ। ਪਰ ਉਹ ਗੁਰਬਾਣੀ ਨਾਲ ਜੁੜੇ ਹੋਏ ਹਨ। ਤੰਤੀ ਸਾਜ਼ਾਂ ਨੂੰ ਉਤਸ਼ਾਹਿਤ ਕਰਦੇ ਹੋਏ ਅਜਿਹਾ ਕਰੀਏ ਕਿ ਗੁਰੂਆਂ ਦਾ ਵਿਰਸਾ ਵੀ ਸਾਂਭਿਆ ਜਾਏ ਅਤੇ ਸੰਗਤ ਦੀ ਖ਼ੁਸ਼ੀ ਵੀ ਬਰਕਰਾਰ ਰਹੇ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਪਾਤਸ਼ਾਹੀ ਦੀ ਵਿਰਾਸਤ ਨੂੰ ਉਭਾਰਨ ਵਾਲੀ ਕਿਤਾਬ 'ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ'

*ਲੇਖਕ : ਪ੍ਰੋਫੈਸਰ ਬਲਵਿੰਦਰ ਪਾਲ ਸਿੰਘ*
*ਮੁਲ : 350 ਰੁਪਏ*
*ਪ੍ਰਕਾਸ਼ਕ : ਗਿਆਨੀ ਦਿਤ ਸਿੰਘ ਸਾਹਿਤ ਸਭਾ ਜਲੰਧਰ*
*ਸੰਪਰਕ 9815700916*



**ਰਿਵਿਊ ਕਰਤਾ ਬਲਦੀਪ ਸਿੰਘ ਰਾਮੂਵਾਲੀਆ**

ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਅਸੀਸ ਸਦਕਾ ਪੰਜਾਬ ਦੀ ਧਰਤ : ਗੁਰੂ ਸਿੱਖਿਆ ਅਨੁਸਾਰ ਪੰਚ ਪ੍ਰਧਾਨੀ ਤੰਤਰ ਥੱਲੇ ਵੀ ਖਾਲਸਾ ਰਾਜ ਦੀ ਸਥਾਪਤੀ ਕੀਤੀ ਸੀ। ਇਹ ਰਾਜ ਭਾਂਵੇ ਥੋੜਾ ਕੁ ਚਿਰ ਰਿਹਾ : ਪਰ ਇਸਦੀਆਂ ਪ੍ਰਾਪਤੀਆਂ ਨੇ ਜਿਥੇ ਸਮੇਂ ਦੀ ਮੁਗਲ ਸਲਤਨਤ ਦੀਆਂ ਚੂਲਾਂ ਢਿੱਲੀਆਂ ਕਰ ਦਿੱਤੀਆਂ : ਉਥੇ ਵੀ ਵਕਤੀ ਰਜਵਾੜਾਸ਼ਾਹੀ ਦੀ ਹੋਂਦ ਵੀ ਖਤਰੇ ਵਿੱਚ ਪਾ ਦਿੱਤੀ ; ਜਿਸਦੇ ਕਾਰਨ ਮੁਗਲਾਂ, ਰਾਜਪੂਤਾਂ ਤੇ ਪਹਾੜੀ ਹਿੰਦੂ ਰਾਜਿਆਂ ਨੇ ਇਕਸੁਰ ਹੋ ਕੇ ਬਾਬਾ ਬੰਦਾ ਸਿੰਘ ਬਹਾਦਰ ਖ਼ਿਲਾਫ਼ ਜਹਾਦ ਛੇੜਿਆ। ਬਾਬਾ ਬੰਦਾ ਸਿੰਘ ਦੀ ਹਸਤੀ ਨੇ ਸਮੇਂ ਦੀਆਂ ਸ਼ਾਸਕ ਧਿਰਾਂ ਅੰਦਰ ਇੰਨਾ ਜ਼ਿਆਦਾ ਖੌਫ਼ ਪੈਦਾ ਕੀਤਾ ਕਿ ; ਉਨਾਂ ਨੇ ਬਾਬਾ ਬੰਦਾ ਸਿੰਘ ਦੇ ਰਾਜ ਭਾਗ ਦੀ ਹੋਂਦ ਹਸਤੀ ਨੂੰ ਪ੍ਰਗਟ ਕਰਨ ਵਾਲੀ ਹਰ ਸਥੂਲ ਸ਼ੈਅ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ : ਜਿਸ ਵਿੱਚ ਉਸ ਦੁਆਰਾ ਚਲਾਇਆ ਨਾਨਕਸ਼ਾਹੀ ਸਿੱਕਾ ਤੇ ਕਿਲੇ ਹਵੇਲੀਆਂ ਆਦਿ ਸਨ; ਫਿਰ ਲੋਕਾਂ ਦੀ ਸੁਰਤ ਵਿੱਚ ਉਸਦੀ ਤਸਵੀਰ ਨੂੰ ਵਿਗਾੜਨ ਲਈ ਸਾਲਾਂ ਬਧੀ ਪ੍ਰਚਾਰ ਕੀਤੀ ਗਏ(ਇਹੋ ਕੁਝ ਸੰਤ ਜਰਨੈਲ ਸਿੰਘ ਹੁਣਾ ਦੀ ਸ਼ਖ਼ਸੀਅਤ ਨਾਲ ਵੀ ਸਮੇਂ ਦੀ ਸਰਕਾਰ ਨੇ ਕਰਨ ਦੀ ਕੋਸ਼ਿਸ਼ ਕੀਤੀ) : ਇਸ ਪ੍ਰਚਾਰ ਵਿੱਚ ਉਹ ਕਿੰਨੇ ਸਫ਼ਲ ਹੋਏ ਇਸਦਾ ਅੰਦਾਜਾ ਲਗਾਉਣਾ ਔਖਾ ਨਹੀਂ ਹੈ : ਕੋਈ ਵੀ ਅਠਾਰਵੀਂ ਉਨਵੀਂ ਸਦੀ ਦੀ ਸਿੱਖ ਲਿਖ਼ਤ ਚੁਕ ਕੇ ਪੜ ਲਵੋ : ਹਰ ਇਕ ਵਿੱਚ ਗੁਰੂ ਕਾ ਬੰਦਾ ਕਟਿਹਰੇ ਵਿਚ ਖੜਾ ਦਿੱਸਦਾ ਹੈ। ਇਹਨਾਂ ਲਿਖਾਰੀਆਂ ਦੀ ਨੀਅਤ ਤੇ ਕੋਈ ਸ਼ੱਕ ਨਹੀਂ ਪਰ ਸਰਕਾਰ ਦੇ ਬਣਾਏ ਤੇ ਧੁਮਾਏ ਝੂਠ ਨੂੰ ਇਹ ਸਮਝ ਨਹੀਂ ਸਕੇ। ਇਹ ਤਾਂ ਭਲਾ ਹੋਵੇ ਡਾ. ਗੰਡਾ ਸਿੰਘ, ਡਾ. ਬਲਵੰਤ ਸਿੰਘ ਢਿੱਲੋਂ, ਸੁਖਦਿਆਲ ਸਿੰਘ ਮੋਹਨ ਸਿੰਘ ਭੰਗੂ ਵਰਗੇ ਲਿਖਾਰੀਆਂ ਦਾ ਜਿਨਾਂ ਨੇ ਬਾਬਾ ਬੰਦਾ ਸਿੰਘ ਦੀ ਅਸਲ ਤਸਵੀਰ ਸਿੱਖ ਪੰਥ ਸਨਮੁਖ ਲਿਆ ਕੇ ਰੱਖੀ । ਇਸ ਕੜੀ ਵਿੱਚ ਹੀ ਹੁਣ ਇਕ ਨਾਮ ਹੋਰ ਜੁੜ ਗਿਆ 'ਪ੍ਰੋ ਬਲਵਿੰਦਰ ਪਾਲ ਸਿੰਘ' ਹੁਣਾ ਦਾ : ਜਿਨਾਂ ਨੇ ਬਹੁਤ ਮਿਹਨਤ ਨਾਲ 'ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ ਭਾਗ ਪਹਿਲਾ' ਕਿਤਾਬ ਸੰਪਾਦਿਤ ਕਰਕੇ ਪਾਠਕਾਂ ਦੀ ਝੋਲੀ ਵਿਚ ਪਾਈ ਹੈ।

ਇਸ ਕਿਤਾਬ ਦੀ ਭੂਮਿਕਾ ਉੱਘੇ ਸਿੱਖ ਵਿਦਵਾਨ ਸਿਰਦਾਰ ਗੁਰਤੇਜ ਸਿੰਘ ਨੇ ਲਿਖਦਿਆਂ ਕਿਹਾ ਹੈ ਕਿ 'ਬਾਬਾ ਬੰਦਾ ਸਿੰਘ ਬਹਾਦਰ ਦਾ ਇਤਿਹਾਸ ਤੇ ਦੇਣ ਖ਼ਾਲਸਾ ਪੰਥ ਲਈ ਅਹਿਮ ਅਰਥ ਰੱਖਦੀ ਹੈ, ਜਿਸ ਵਿਚ ਸੱਚੀ ਰਾਜਨੀਤੀ ਤੇ ਖਾਲਸਾ ਰਾਜ ਦਾ ਸੰਕਲਪ ਮੌਜੂਦ ਹੈ।ਸੋ ਖ਼ਾਲਸਾ ਪੰਥ ਦੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਦੇਣ ਨੂੰ ਪਛਾਣਦਿਆਂ ਅਹਿਮ ਸਥਾਨ ਦੇਣਾ ਚਾਹੀਦਾ ਹੈ। ਪ੍ਰਵਾਸੀ ਖਾਲਸਾ ਜੀ, ਗੁਰਦੁਆਰਿਆਂ ਤੇ ਪੰਥਕ ਸੰਸਥਾਵਾਂ ਵਲੋਂ ਹਰ ਮੰਚ ਉਪਰ ਬਾਬਾ ਬੰਦਾ ਸਿੰਘ ਦੀ ਬਹਾਦਰ ਦੇ ਇਤਿਹਾਸ ਨੂੰ ਉਭਾਰਨ ਦੀ ਲੋੜ ਹੈ।'

ਪ੍ਰੋ ਬਲਵਿੰਦਰਪਾਲ ਸਿੰਘ ਹੁਣਾ ਨੇ ਆਪਣੇ ਦੋ ਲੇਖਾਂ 'ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ' ਅਤੇ 'ਇਤਿਹਾਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨਾਲ ਬੇਇਨਸਾਫ਼ੀ' ਵਿੱਚ ਆਪਣੇ ਲਏ ਵਿਸ਼ਿਆਂ ਨਾਲ ਪੂਰਾ ਪੂਰਾ ਇਨਸਾਫ ਕੀਤਾ ਹੈ। ਪਹਿਲੇ ਲੇਖ ਵਿੱਚ ਬੇਗਮਪੁਰਾ ਸ਼ਹਿਰ, ਹਲੇਮੀ ਰਾਜ ਦੇ ਪੈਟਰਨ ਤੇ ਉਸਾਰੇ ਪੰਚ ਪ੍ਰਧਾਨੀ




ਖਾਲਸਾ ਰਾਜ ਦੀਆਂ ਖ਼ੂਬੀਆਂ ਦਾ ਸਾ ਵਿਸਥਾਰ ਵਰਣਨ ਹੈ : ਉਥੇ ਹੀ ਬਾਬਾ ਬੰਦਾ ਸਿੰਘ ਪ੍ਰਤੀ ਲੋਕਾਂ ਵਿੱਚ ਸਨੇਹ ਵੇਖ ਸਮੇਂ ਦੀ ਸਰਕਾਰ ਤੇ ਰਜਵਾੜਿਆਂ ਵਿੱਚ ਪੈਦਾ ਹੋਈ ਦਹਿਸ਼ਤ ਅਤੇ ਫਿਰ ਸਮੇਂ ਦੀ ਸਾਸ਼ਕ ਧਿਰ ਨਾਲ ਚੱਲੇ ਲੰਮੇ ਸੰਘਰਸ਼ ਦਾ ਜ਼ਿਕਰ ਕੀਤਾ ਗਿਆ ਹੈ। ਦੂਜੇ ਲੇਖ ਵਿੱਚ ਸੰਪਾਦਕ ਨੇ ਸਮਕਾਲੀਨ ਫ਼ਾਰਸੀ ਸਰੋਤਾਂ ਦੇ ਆਧਾਰ ਤੇ ਬਾਬਾ ਬੰਦਾ ਸਿੰਘ ਬਹਾਦਰ ਵਿਰੁਧ ਫੈਲਾਏ ਹਰ ਸਰਕਾਰੀ ਝੂਠ ਦਾ ਦਲੀਲ ਪੂਰਵਕ ਜੁਆਬ ਦਿੱਤਾ ਹੈ। ਜਿੱਥੇ ਲੇਖਕ ਨੇ ਅਖੌਤੀ ਤੱਤ ਖਾਲਸੇ ਦੀ ਕਾਰਗੁਜ਼ਾਰੀ ਨੰਗੀ ਕੀਤੀ; ਉਥੇ ਹੀ ਕੁਝ ਮੂਰਖਾਂ ਦੁਆਰਾ ਬਾਬਾ ਬੰਦਾ ਸਿੰਘ ਦੀ ਸ਼ਹਾਦਤ ਤੋਂ ਕਾਫੀ ਸਮਾਂ ਬਾਅਦ ਬਣਾਏ ਬੰਦਈ ਖਾਲਸੇ ਤੇ ਵੀ ਤਿੱਖਾ ਪ੍ਰਤੀਕਰਮ ਦਿੱਤਾ ਹੈ । ਇਸਦੇ ਨਾਲ ਮਾਤਾ ਜੀ ਦੇ ਨਾਮ ਮੜੇ ਜਾਂਦੇ ਝੂਠੇ ਚਿੱਠੀ ਪੱਤਰਾਂ ਤੇ ਪਾਲਿਤ ਅਜੀਤ ਅਜੀਤ ਸਿੰਘ ਤੇ ਉਸਦੇ ਪੁਤਰ ਹਠੀ ਸਿੰਘ ਦੀ ਅਸਲੀਅਤ ਵੀ ਪਾਠਕਾਂ ਦੇ ਸਨਮੁਖ ਰੱਖੀ ਹੈ । ਇਸਦੇ ਨਾਲ ਹੀ ਸਿੱਖ ਲਿਖ਼ਤਾਂ ਜੋ ਅਠਾਰਵੀਂ ਸਦੀ ਤੋਂ ਹਰਿੰਦਰ ਸਿੰਘ ਮਹਿਬੂਬ ਤੱਕ ਬਾਬਾ ਜੀ ਨੂੰ ਕਟਹਿਰੇ ਵਿਚ ਖੜਾ ਕਰਦੀਆਂ ਹਨ ਤੇ ਵੀ ਸੋਹਣੀ ਟੀਕਾ ਟਿੱਪਣੀ ਕੀਤੀ ਹੈ। ਤੀਸਰਾ ਲੇਖ ਦੇਸ ਪਰਦੇਸ ਵਾਲੇ ਸ. ਗੁਰਬਚਨ ਸਿੰਘ ਹੁਣਾ ਦਾ 'ਗੁਰਮਤਿ ਫਲਸਫਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਖ਼ਾਲਸਾ ਰਾਜ' ਵਿੱਚ ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਵਿੱਚ ਬੇਗਮਪੁਰਾ ਰਾਜ ਦੀ ਸਥਾਪਤੀ ਲਈ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਹੁਣ ਤੱਕ ਪੰਥਕ ਤੋਂ ਨਿੱਜੀ ਜੀਵਨ ਵਿੱਚ ਆਈਆਂ ਕਮੀਆਂ ਤੇ ਹੱਲ ਉੱਤੇ ਗੱਲ ਕੀਤੀ ਗਈ ਹੈ। ਇਸ ਵਿਸ਼ੇ 'ਤੇ ਹੋਰ ਵਿਸਥਾਰ ਨਾਲ ਗੱਲ ਤੁਰਨੀ ਚਾਹੀਦੀ ਹੈ ਕਿ ਪਾਤਸ਼ਾਹੀ ਦੀ ਵਿਰਾਸਤ ਨੂੰ ਮੁੜ ਪੰਥ ਕਿਵੇਂ ਸੰਭਾਲੇ ਤੇ ਪ੍ਰਚਾਰੇ ਤੇ ਰੂਪਮਾਨ ਕਰਨ ਖਾਲਸਾ ਰਾਜ ਦੀ ਮੁੜ ਉਸਾਰੀ ਕਰ ਮਿਸਾਲ ਸਥਾਪਿਤ ਕਰੇ।

ਇਸਤੋਂ ਬਾਅਦ ਸੰਪਾਦਕ ਨੇ ਉੱਘੇ ਪੱਤਰਕਾਰ, ਲੇਖਕ ਕਰਮ ਸਿੰਘ ਜਖ਼ਮੀ ਦੇ ਲਿਖੇ ਨਾਵਲ 'ਗਾਥਾ ਖਾਲਸਾ ਰਾਜ ਦੀ' ਨੂੰ ਥਾਂ ਦਿੱਤੀ ਹੈ । ਇਹ ਲਿਖ਼ਤ ਪੜਿਆਂ ਹੀ ਪਤਾ ਲੱਗਦਾ ਸਿੱਖ ਨਾਵਲਕਾਰੀ ਵਿੱਚ ਅੱਜ ਕਿੰਨੀ ਵੱਡੀ ਖੜੋਤ ਆ ਚੁੱਕੀ ਹੈ : ਜਿਸਦਾ ਟੁਟਣਾ ਬਹੁਤ ਜ਼ਰੂਰੀ ਹੈ (ਭਾਵੇਂ ਕਿ ਇਸ ਲਈ ਯਤਨ ਹੋ ਰਹੇ ਹਨ : ਪਰ...)

---

ਇਹ ਸੰਘਰਸ਼ ਚੱਲਦੇ-ਰੁਕਦੇ-ਚੱਲਦੇ-ਰੁਕਦੇ ਦੀ ਨੀਤੀ ਉੱਪਰ ਕੰਮ ਕਰਦੇ ਹਨ। ਇਨਾਂ ਨੂੰ ਇਕ ਮੌਕੇ ਦੀ ਤਲਾਸ਼ ਹੁੰਦੀ ਹੈ ਤੇ ਇਤਿਹਾਸ ਗਵਾਹ ਕਿ ਹਥਿਆਰਬੰਦ ਸੰਘਰਸ਼ ਕਰਨ ਵਾਲਿਆਂ ਨੂੰ ਅਜਿਹੇ ਮੌਕੇ ਮਿਲਦੇ ਵੀ ਰਹੇ ਹਨ। ਲੈਟਿਨ ਅਮਰੀਕਾ ਇਸ ਦੀ ਸਪੱਸ਼ਟ ਉਦਾਹਰਨ ਹੈ। ਸਭ ਤੋਂ ਅਹਿਮ ਗੱਲ-ਹਥਿਆਰਬੰਦ ਸੰਘਰਸ਼ ਹਾਰ/ਜਿੱਤ ਨਹੀਂ ਇਤਿਹਾਸ ਦੀ ਤੋਰ ਨੂੰ ਪ੍ਰਭਾਵਿਤ ਕਰਨ, ਬਦਲਣ ਤੇ ਨਵੇਂ ਬਿੰਬ ਘੜੇ ਜਾਣ ਹਿਤ ਲੜੇ ਜਾਂਦੇ ਹਨ. ਇਹ ਗੱਲ ਸਾਨੂੰ ਹਜਾਰਾਂ ਸਾਲ ਪਹਿਲਾਂ ਪੋਰਸ ਤੇ ਇਸ ਸਦੀ ਵਿਚ ਸੰਤ ਜਰਨੈਲ ਸਿੰਘ ਸਮਝਾ ਗਏ ਸੀ।

ਹੁਣ ਜੇਕਰ ਕੋਈ ਇਸ ਸਭ ਨੂੰ ਨਾ ਸਮਝ ਕੇ ਆਪਣੀਆਂ ਹੀ ਖ਼ੁਸ਼ਫਹਿਮੀਆਂ ਵਿਚ ਮਸਤ ਰਹਿਣਾ ਚਾਹੁੰਦਾ, ਫ਼ਿਰ ਉਸ ਉੱਤੇ ਤਾਂ ਆਪਾਂ ਤਰਸ ਹੀ ਕਰ ਸਕਦੇ ਹਾਂ ਕਿ ਨਾ?

**ਪਰਮਿੰਦਰ ਸਿੰਘ ਸ਼ੌਂਕੀ**

## ਕਿਰਨ ਬੇਦੀ ਦੇ 'ਬਾਰਾਂ ਵਜੇ ਅਤੇ ਸਰਦਾਰ ਜੀ' ਵਾਲੇ ਕੁਮੈਂਟ ਫਾਸ਼ੀਵਾਦੀ ਬਿਰਤੀ

ਫਾਂਸੀ ਦਾ ਰੱਸਾ ਚੁੰਮਣ ਵਾਲੇ 121 ਅਜ਼ਾਦੀ ਪ੍ਰਵਾਨਿਆਂ ਵਿਚੋਂ 93 ਸਿੱਖ ਸਨ।

ਉਮਰ ਕੈਦ ਦੀ ਸਜ਼ਾ ਪ੍ਰਾਪਤ 2626 ਅਜ਼ਾਦੀ ਘੁਲਾਟੀਆਂ ਵਿੱਚੋਂ 2147 ਸਿੱਖ ਸਨ

ਜਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੋਈ ਗੋਲੀਬਾਰੀ ਵਿੱਚ 1300 ਸ਼ਹੀਦ ਹੋਏ ਜਿਨਾਂ ਵਿੱਚੋਂ 799 ਸਿੱਖ ਸਨ (ਇਹ ਉਸ ਸਮੇਂ ਦੀ ਗੱਲ ਹੈ ਜਦੋਂ ਸਿੱਖ ਦੇਸ਼ ਦੀ ਕੁੱਲ ਅਬਾਦੀ ਦਾ 1.5 ਪ੍ਰਤੀਸ਼ਤ ਸਨ

1947 ਵਿਚ ਕਬਾਇਲੀਆਂ ਦੀ ਕਸ਼ਮੀਰ ਵਿਚ ਘੁੱਸਪੈਠ ਵਿਰੁੱਧ ਸਿੱਖ ਫੌਜੀਆਂ ਨੇ ਜਾਨਾਂ ਵਾਰੀਆਂ ਅਤੇ ਕਸ਼ਮੀਰ ਨੂੰ ਬਚਾਇਆ।

1962 ਵਿਚ ਚੀਨ ਨਾਲ ਜੰਗ ਵਿਚ ਸਿੱਖ ਫੌਜੀ ਪਹਿਲੀ ਕਤਾਰ ਵਿਚ ਲੜੇ ਅਤੇ ਸ਼ਹੀਦ ਹੋਏ।

ਚੀਨ ਨਾਲ ਹੋਈ ਲੜਾਈ ਤੋਂ ਬਾਅਦ ਪੰਜਾਬ ਨੇ ਨੈਸ਼ਨਲ ਡਿਫੈਂਸ ਫੰਡ ਵਿਚ 3.7 ਕਰੋੜ ਰੁਪਏ ਅਤੇ 252 ਕਿਲੋ ਸੋਨੇ ਦਾ ਯੋਗਦਾਨ ਪਾਇਆ ਜੋ ਸਾਰੇ ਦੇਸ਼ ਵਿਚ ਇੱਕਠੇ ਹੋਏ ਫੰਡ ਦੇ ਅੱਧ ਦੇ ਕਰੀਬ ਹੈ।

1965, ਅਤੇ 1971 ਵਿਚ ਪਾਕਿਸਤਾਨ ਨਾਲ ਹੋਈਆਂ ਜੰਗਾਂ ਸਿੱਖ ਫੌਜੀਆਂ ਨੇ ਜਾਨਾਂ ਵਾਰ ਕੇ ਲੜੀਆਂ। ਗੁਰਦੁਆਰਿਆਂ ਵਿਚੋਂ ਲੰਗਰ ਪਕ ਕੇ ਬਾਰਡਰ ਤੇ ਮੋਰਚਿਆਂ ਵਿਚ ਫੌਜੀਆਂ ਕੋਲ ਪਹੁੰਚਾਇਆ ਜਾਂਦਾ ਰਿਹਾ। ਇਨਾਂ ਜੰਗਾਂ ਵਿਚ ਪੰਜਾਬੀਆਂ ਅਤੇ ਸਿੱਖਾਂ ਨੇ ਪਿੰਡ ਪੱਧਰ ਤੇ ਅਹਿਮ ਯੋਗਦਾਨ ਅਦਾ ਕੀਤਾ।

ਕਾਰਗਿਲ ਦੀ ਲੜਾਈ ਦੀ ਜਿੱਤ ਵਿਚ ਵੀ 8 ਸਿੱਖ ਇੰਨਫੈਂਟਰੀ ਡਿਵੀਜ਼ਨ ਵੱਲੋਂ ਕਾਬਿਲੇ ਤਾਰੀਫ਼ ਅਤੇ ਇਤਿਹਾਸਕ ਯੋਗਦਾਨ ਪਾਇਆ ਗਿਆ।

ਕੋਈ ਜ਼ਮਾਨਾ ਸੀ ਜਦੋਂ ਅਸੀਂ ਖ਼ੁਰਾਕ ਦੇ ਮਾਮਲੇ ਵਿਚ ਅਮਰੀਕਾ ਆਦਿ ਦੇਸ਼ਾਂ ਤੇ ਨਿਰਭਰ ਸਾਂ ਅਤੇ ਸਾਡੇ ਮੁਲਕ ਦੀ ਹੈਸੀਅਤ ਮੰਗਤਿਆਂ ਵਾਲੀ ਬਣੀ ਹੋਈ ਸੀ। ਦੇਸ਼ ਨੂੰ ਖ਼ੁਰਾਕ ਦੇ ਮਸਲੇ ਤੇ ਆਤਮ ਨਿਰਭਰ ਬਣਾਉਣ ਵਿਚ ਸਿੱਖ ਕਿਸਾਨੀ ਨੇ ਅਹਿਮ ਰੋਲ ਅਦਾ ਕੀਤਾ।

ਹੜਾਂ, ਕੁਦਰਤੀ ਆਫ਼ਤਾਂ ਵੇਲੇ ਸਿੱਖ ਸੰਸਥਾਵਾਂ ਵੱਲੋਂ ਮੂਹਰੇ ਹੋਕੇ ਰਿਲੀਫ਼ ਕੈਂਪ ਆਯੋਜਿਤ ਕੀਤੇ ਜਾਂਦੇ ਰਹੇ ਹਨ ਅਤੇ ਸੇਵਾ ਨਿਭਾਈ ਜਾਂਦੀ ਰਹੀ ਹੈ।

ਕੋਵਿਡ ਦੌਰਾਨ ਗੁਰਦੁਆਰਿਆਂ ਵੱਲੋਂ ਆਕਸੀਜਨ ਦੇ ਲੰਗਰ ਲਗਾਉਣੇ ਅਜੇ ਕੱਲ ਦੀ ਗੱਲ ਹੈ।

ਦੇਸ਼ ਲਈ ਏਨਾ ਕੁਝ ਕਰਨ ਦੇ ਬਾਵਜੂਦ ਸਿੱਖਾਂ ਨੂੰ ਉਨਾਂ ਦੇ ਸਰਲ ਸੁਭਾਅ ਦੇ ਕਾਰਨ, ਉਨਾਂ ਦੀ ਵੱਖਰੀ ਦਿੱਖ ਦੇ ਕਾਰਨ, ਉਨਾਂ ਦੇ ਵਿਸ਼ਾਲ ਹਿਰਦਿਆਂ ਦੇ ਬਾਵਜੂਦ, ਉਨਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਰਿਟਾਇਰਡ ਆਈਪੀ ਐਸ ਅਫਸਰ ਕਿਰਨ ਬੇਦੀ ਵੱਲੋਂ ਦਿੱਲੀ ਵਿਚ ਇਕ ਪਬਲਿਕ ਫੰਕਸ਼ਨ ਦੌਰਾਨ ਦੁਪਹਿਰ ਦੇ ਬਾਰਾਂ ਵੱਜਣ ਦਾ ਸਬੰਧ ਸਰਦਾਰ ਜੀ ਨਾਲ ਜੋੜਨਾ ਅਤੇ ਉਨਾਂ ਦਾ ਮਜ਼ਾਕ ਉਡਾਉਣਾ, ਹੱਦ ਦਰਜੇ ਦੀ ਘਟੀਆ ਹਰਕਤ ਹੈ। ਇਸ ਹਿਮਾਕਤ ਦੀ ਜਿੰਨੀਂ ਵੀ ਨਿੰਦਾ ਕੀਤੀ ਜਾਵੇ ਘੱਟ ਹੈ। ਸਿੱਖਾਂ ਨੂੰ ਇਹ ਗੱਲ ਦਿਲ ਤੇ ਲਿਖ ਲੈਣੀ ਚਾਹੀਦੀ ਹੈ ਅਤੇ ਅਜਿਹੀ ਸੌੜੀ ਮਾਨਸਿਕਤਾ ਵਾਲੇ ਵਿਅਕਤੀਆਂ ਨੂੰ ਕਦੇ ਵੀ ਮੂੰਹ ਨਹੀਂ ਲਾਉਣਾ ਚਾਹੀਦਾ - ਉਨਾਂ ਦਾ ਸਮਾਜਕ ਬਾਈਕਾਟ ਹੀ ਉਨਾਂ ਨੂੰ ਢੁਕਵਾਂ ਜਵਾਬ ਹੈ।

**ਬਲਬੀਰ ਸਿੰਘ ਰਾਜੇਵਾਲ ਕਿਸਾਨ ਨੇਤਾ**

## 9. ਹੁਣ ਨਈਂ ਹਟਦਾ

ਹੁਣ ਨਈਂ ਹਟਦਾ, ਮਾਏ ਨੀਂ, ਹੁਣ ਨਈਂ ਹਟਦਾ
ਰਾਂਝੇ ਦੇ ਤਰਫੋ ਖਿਆਲ
ਹੁਣ ਨਈਂ ਹਟਦਾ, ਮਾਏ ਨੀਂ, ਹੁਣ ਨਈਂ ਹਟਦਾ
ਤਖ਼ਤ ਹਜ਼ਾਰਾ ਲਗਦਾ ਪਿਆਰਾ
ਖੇੜਿਆਂ ਦੇ ਵਸਣਾ ਮੁਹਾਲ
ਹੁਣ ਨਈਂ ਹਟਦਾ, ਮਾਏ ਨੀਂ, ਹੁਣ ਨਈਂ ਹਟਦਾ
ਰਾਂਝਾ, ਰਾਂਝਾ ਕਰਦੀ ਕਰਦੀ
ਨੀਂ ਮੈਂ ਆਪ ਹੀ ਰਾਂਝਾ ਹੋਈ
ਸਈਓ ਨੀਂ ਮੈਨੂੰ ਸੱਦੋ ਰਾਂਝਾ
ਹੀਰ ਨਾ ਆਖੋ ਕੋਈ
ਆ ਸੱਜਣ ਗਲ ਲੱਗ ਕੇ ਰਹੀਏ
ਇਸ ਵਿਛੋੜੇ ਨੂੰ ਅੱਗਛਾਂ ਲਾਈਏ
ਇਸ ਦਮ ਦਾ ਨਾ ਕੋਈ ਭਰੋਸਾ
ਮਤਾ ਵਿਛੜੇ ਨਾ ਮਰ ਜਾਈਏ
ਇਸ਼ਕ ਰਾਂਝਣ ਨੇ ਬੇਦਿਲ ਕੀਤੀ
ਰੋਵਾਂ ਮੈਂ ਨੀਰ ਉਛਾਲ
ਹੁਣ ਨਈਂ ਹਟਦਾ, ਮਾਏ ਨੀਂ, ਹੁਣ ਨਈਂ ਹਟਦਾ

**- ਸ਼ਾਹ ਹੁਸੈਨ**

## 10. ਅੱਜ ਆਖਾਂ ਵਾਰਿਸ ਸ਼ਾਹ ਨੂੰ-ਅੰਮ੍ਰਿਤਾ ਪ੍ਰੀਤਮ

ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ
ਉੱਠ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ਾਂ ਵਿੱਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿਚ
ਦਿੱਤੀ ਜ਼ਹਿਰ ਮਿਲਾ।
ਤੇ ਉਨਾਂ ਪਾਣੀਆਂ ਧਰਤ ਨੂੰ
ਦਿੱਤਾ ਪਾਣੀ ਲਾ।
ਇਸ ਜ਼ਰਖ਼ੇਜ਼ ਜ਼ਮੀਨ ਦੇ
ਲੂੰ ਲੂੰ ਫੁੱਟਿਆ ਜ਼ਹਿਰ।
ਗਿੱਠ ਗਿੱਠ ਚੜੀਆਂ ਲਾਲੀਆਂ
ਫੁੱਟ ਫੁੱਟ ਚੜਿਆ ਕਹਿਰ।
ਵਿਹੁ ਵਲਿੱਸੀ ਵਾ ਫਿਰ
ਵਣ ਵਣ ਵੱਗੀ ਜਾ।
ਉਹਨੇ ਹਰ ਇਕ ਬਾਂਸ ਦੀ ਵੰਝਲੀ
ਦਿੱਤੀ ਨਾਗ ਬਣਾ।
ਪਹਿਲਾ ਡੰਗ ਮਦਾਰੀਆਂ
ਮੰਤਰ ਗਏ ਗੁਆਚ।
ਦੂਜੇ ਡੰਗ ਦੀ ਲੱਗ ਗਈ
ਜਣੇ ਖਣੇ ਨੂੰ ਲਾਗ।
ਲਾਗਾਂ ਕੀਲੇ ਲੋਕ ਮੂੰਹ
ਬਸ ਫਿਰ ਡੰਗ ਹੀ ਡੰਗ।
ਪਲੋ ਪਲੀ ਪੰਜਾਬ ਦੇ
ਨੀਲੇ ਪੈ ਗਏ ਅੰਗ।
ਗਲਿਓਂ ਟੁੱਟੇ ਗੀਤ ਫਿਰ
ਤ੍ਰਕਲਿਉਂ ਟੁੱਟੀ ਤੰਦ।
ਤ੍ਰਿਜੰਣੋਂ ਟੁੱਟੀਆਂ ਸਹੇਲੀਆਂ
ਚਰੱਖੜੇ ਘੂਕਰ ਬੰਦ।
ਸਣੇ ਸੇਜ ਦੇ ਬੇੜੀਆਂ,
ਲੁੱਡਣ ਦਿੱਤੀਆਂ ਰੋੜ।
ਸਣੇ ਡਾਲੀਆਂ ਪੀਂਘ ਅੱਜ
ਪਿੱਪਲਾਂ ਦਿੱਤੀ ਤੋੜ।
ਜਿਥੇ ਵਜਦੀ ਫੂਕ ਪਿਆਰ ਦੀ
ਉਹ ਵੰਝਲੀ ਗਈ ਗੁਆਚ।
ਰਾਂਝੇ ਦੇ ਸਭ ਵੀਰ ਅੱਜ
ਭੁੱਲ ਗਏ ਉਸਦੀ ਜਾਚ।
ਧਰਤੀ 'ਤੇ ਲਹੂ ਵੱਸਿਆ
ਕਬਰਾਂ ਪਈਆਂ ਚੋਣ।
ਪ੍ਰੀਤ ਦੀਆਂ ਸਹਿਜ਼ਾਦੀਆਂ
ਅੱਜ ਵਿਚ ਮਜ਼ਾਰਾਂ ਰੋਣ।
ਅੱਜ ਸਭੇ ਕੈਦੋਂ ਬਣ ਗਏ
ਹੁਸਨ ਇਸ਼ਕ ਦੇ ਚੋਰ।
ਅੱਜ ਕਿਥੋਂ ਲਿਆਈਏ ਲੱਭ ਕੇ
ਵਾਰਿਸ ਸ਼ਾਹ ਇਕ ਹੋਰ।
ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ।

## ਹਮ ਕਿਤੁ ਕਾਜ ਜਗਤ...

ਨਹੀਂ, ਉਹ ਇਹ ਕਿਰਤ ਇਸ ਤਰਾਂ ਇਸ ਲਈ ਕਰਦਾ ਸੀ ਕਿਉਂਕਿ ਉਸਨੂੰ ਪਤਾ ਸੀ ਕਿ ਇਸ ਕਿਰਤ ਨਾਲ ਇੱਕ ਮਨੁਖੀ ਪਰਿਵਾਰ ਦਾ ਜੀਵਨ-ਨਿਰਬਾਹ ਜੁੜਿਆ ਹੋਇਆ ਸੀ। ਇਸ ਸਿਰਜਣ-ਕਾਰਜ ਨਾਲ਼ ਅੰਦਰੋਂ ਜਨੂੰਨ ਦੀ ਹੱਦ ਤੱਕ ਇੱਕ ਸੁਰ ਹੋਣ ਦਾ ਵੀ ਇਹੋ ਕਾਰਨ ਸੀ। ਜਿਸ ਦਿਨ ਮੀਂਹ, ਝੱਖੜ ਦਾ ਮੌਸਮ ਹੋ ਜਾਂਦਾ ਤਾਂ ਇਸਦਾ ਸਭ ਤੋਂ ਵੱਧ ਫਿਕਰ ਜਾਂ ਤਾਂ ਮੇਰੇ ਤਾਏ ਨੂੰ ਹੁੰਦਾ ਤੇ ਜਾਂ ਫਿਰ ਮੇਰੀ ਮਾਂ ਨੂੰ। ਇਸ ਲਈ ਜਦ ਕਦ ਕੁਦਰਤ ਵੱਲੋਂ ਉਸਦੀ ਕਿਰਤ 'ਤੇ ਕੋਈ ਕਰੋਪੀ ਜਾਂ ਕਹਿਰ ਹੁੰਦਾ ਸੀ ਤਾਂ ਉਹ ਉਸਨੂੰ ਬੁਰੀ ਤਰਾਂ ਬੇਚੈਨ ਕਰ ਦਿੰਦਾ ਸੀ। ਜਿੰਨਾ ਹੋ ਸਕਦਾ, ਉਹ ਭੱਜ-ਦੌੜ ਕਰ ਕੇ ਇਸਨੂੰ ਬਚਾਉਣ ਦੀ ਕੋਸ਼ਿਸ਼ ਵੀ ਪੂਰੀ ਕਰਦਾ। ਇਸ ਫਿਕਰ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਜਦ 1966 ਵਿੱਚ ਵੱਧ ਮੀਂਹ ਪੈਣ ਕਾਰਨ ਆਏ ਸਾਡੇ ਖੇਤਾਂ ਵੱਲ ਆਏ ਇੱਕ ਹੜ ਨੇ ਸਾਡੀ ਸਾਰੀ ਫਸਲ ਤਬਾਹ ਕਰ ਦਿੱਤੀ ਤਾਂ ਤਾਏ ਦਾ ਦਿਮਾਗੀ ਸੰਤੁਲਨ ਹੀ ਹਿੱਲ ਗਿਆ। ਤੇ ਇਹ ਸੰਤੁਲਨ ਅਜਿਹਾ ਵਿਗੜਿਆ ਕਿ ਉਹ ਮੁੜ ਥਾ-ਸਿਰ ਨਾ ਹੋ ਸਕਿਆ। ਇਸ ਸਦਮੇ ਨੇ ਉਸਨੂੰ ਅਜਿਹਾ ਹਿਲਾਇਆ ਕਿ ਉਹ ਖੇਤ ਜਾ ਕੇ ਮੁੜ ਕਿਰਤ ਕਰਨ ਦੇ ਸਮਰੱਥ ਹੀ ਨਾ ਰਿਹਾ। ਬੋਲਦਾ ਤਾਂ ਉਹ ਪਹਿਲਾਂ ਹੀ ਬਹੁਤ ਘੱਟ ਸੀ ਤੇ ਇਸ ਸਦਮੇ ਤੋਂ ਬਾਅਦ ਉਹ ਬੋਲ ਹੋਰ ਵੀ ਘੱਟ ਗਏ। ਤੇ ਉਸ ਕੋਲ ਬਚੇ ਹੋਏ ਬੋਲ ਐਵੇਂ ਫਾਲਤੂ ਨਹੀਂ, ਸਗੋਂ ਕਿਰਤ ਨਾਲ ਹੀ ਜੁੜੇ ਹੋਏ ਸਨ : 'ਹੁਣ ਖੇਤਾਂ ਵਿੱਚ ਕੰਮ ਕੌਣ ਕਰੂ ? ਜੁਆਕ ਰੋਟੀ ਕਿਥੋਂ ਖਾਣਗੇ ?' ਆਪਣਾ ਧੀ ਨਾ ਪੁੱਤ, ਫਿਕਰ ਭਾਈ ਦੀ ਔਲਾਦ ਦਾ !

ਅਜੀਬ ਗੱਲ ਇਹ ਕਿ ਤਿੰਨ-ਚਾਰ ਦਹਾਕਿਆਂ ਤੋਂ ਅਫੀਮ ਖਾਂਦੇ ਆ ਰਹੇ ਤਾਏ ਨੇ ਅਫੀਮ ਵੀ ਉਸ ਸਮੇਂ ਇੱਕ-ਦਮ ਹੀ ਛੱਡ ਦਿੱਤੀ ਤੇ ਮਰਦੇ-ਦਮ ਤੱਕ ਮੁੜ ਇਸਨੂੰ ਮੂੰਹ ਨਾ ਲਾਇਆ। 'ਜਦ ਕੰਮ ਈ ਨੀ ਕਰਨਾ ਤਾਂ ਅਫੀਮ ਕਾਹਦੇ ਵਾਸਤੇ ?' ਜਦ ਫਿਕਰਮੰਦ ਹੋਏ ਘਰ ਦੇ ਉਸਨੂੰ ਅਫੀਮ ਖਾਣ ਨੂੰ ਆਖਦੇ ਤਾਂ ਉਸਦਾ ਇਹੋ ਜਵਾਬ ਹੁੰਦਾ। ਇਸ ਸਦਮੇ ਸਦਕਾ ਹੀ ਸਾਲ ਦੇ ਅੰਦਰ-ਅੰਦਰ 1967 ਵਿੱਚ ਇਸ ਉਪਕਾਰੀ ਕਰਮਯੋਧੇ ਦੀ ਮੌਤ ਹੋ ਗਈ।

ਤਾਏ ਦੀ ਖੇਤਾਂ ਨਾਲ਼ ਸਾਂਝ ਤੇ ਯਥਾਰਥਵਾਦੀ ਸੋਚ ਦੀ ਇੱਕ ਗੱਲ ਮੈਨੂੰ ਹੋਰ ਯਾਦ ਹੈ। ਉਸਦੀ ਮੌਤ ਤੋ ਕੁੱਝ ਦਿਨ ਪਹਿਲਾਂ ਮੈਂ ਤਾਏ ਨੂੰ ਪੁੱਛਿਆ, 'ਤਾਇਆ ਜੀ, ਤੁਹਾਥੋਂ ਪਿੱਛੋਂ ਤੁਹਾਨੂੰ ਵੱਡਾ ਕਰੀਏ ? ਨਾਲ਼ੇ ਦੱਸੋ ਬਈ ਤੁਹਾਡੇ ਫੁੱਲ ਕਿਥੇ ਪਾ ਕੇ ਆਈਏ, ਹਰਦੁਆਰ ਜਾਂ ਕੀਰਤਪੁਰ ?' ਆਪਣੇ ਵਿਚਾਰ ਅਨੁਸਾਰ ਮੈਂ ਤਾਂਏ ਦੇ ਫੁੱਲ ਕੀਰਤਪੁਰ ਪਾਉਣ ਦੀ ਸਲਾਹ ਬਣਾਈ ਬੈਠਾ ਸਾਂ ਪਰ ਤਾਏ ਦਾ ਜਵਾਬ ਸੁਣ ਕੇ ਮੈਂ ਹਰਾਨ ਰਹਿ ਗਿਆ। ਉਸ ਅਨਪੜ ਤੇ ਮਿੱਟੀ ਨਾਲ਼ ਮਿੱਟੀ ਹੋਣ ਵਾਲ਼ੇ ਇਨਸਾਨ ਨੇ ਕਿਹਾ, 'ਕੋਈ ਖਰਚਾ ਕਰਨ ਦੀ ਲੋੜ ਨਹੀਂ। ਫੁੱਲ-ਫੱਲ ਕਿਤੇ ਲੈਜਾਣ ਦੀ ਲੋੜ ਨੀਂ। ਇਥੇ ਆਪਣੇ ਪਿੰਡ ਆਲ਼ੀ ਨਹਿਰ ਵਿੱਚ ਈ ਤੇਰ ਦਿਉ।'

ਪਰ ਅਫਸੋਸ, ਇਸ ਸਿੱਧੇ-ਸਾਦੇ ਤੇ ਯਥਾਰਥਵਾਦੀ ਇਨਸਾਨ ਦੀ ਇਹ ਇੱਛਾ ਪੂਰੀ ਨਾ ਹੋ ਸਕੀ। ਘਰ ਵਿੱਚ ਪਹਿਲਾਂ ਤੋਂ ਚਲਦੇ ਆ ਰਹੇ ਸਮਾਜਿਕ ਵਿਸ਼ਵਾਸਾਂ ਤੇ ਮਾਨਤਾਵਾਂ ਦੇ ਕਾਰਨ ਉਸਦੇ ਫੁੱਲ ਹਰਦੁਆਰ ਵਿੱਚ ਹੀ ਪਾਏ ਗਏ। ਹਾਂ, ਤਾਏ ਨੂੰ 'ਵੱਡਾ' ਜ਼ਰੂਰ ਨਹੀਂ ਕੀਤਾ ਗਿਆ। ਉਹ ਵੀ ਇਸ ਕਰ ਕੇ ਨਹੀਂ ਕਿ ਇਸ ਤਰਾਂ ਦੀ ਤਾਏ ਦੀ ਇੱਛਾ ਸੀ ਬਲਕਿ ਇਸ ਕਰ ਕੇ ਕਿ ਉਸ ਸਮੇਂ ਘਰ ਦੀ ਆਰਥਿਕ ਹਾਲਤ ਹੀ ਅਜਿਹਾ ਕਰਨ ਦੀ ਇਜ਼ਜਾਤ ਨਹੀਂ ਸੀ ਦਿੰਦੀ। ਹਾਂ, ਤਾਏ ਦੇ ਕਹੇ ਨੇ 'ਅਜਿਹਾ- ਨਾ-ਕਰਨ' ਦਾ ਬਹਾਨਾ ਜ਼ਰੂਰ ਸਾਨੂੰ ਦੇ ਦਿੱਤਾ ਸੀ।

ਵੱਡੇ ਹੋ ਕੇ ਮੇਰੇ ਅੰਦਰ ਮੇਰੇ ਤਾਏ ਪ੍ਰਤੀ ਬੜਾ ਸਤਿਕਾਰ ਪੈਦਾ ਹੋ ਗਿਆ ਸੀ ਤੇ ਮੈਂ ਉਸਦਾ ਸਤਿਕਾਰ ਆਪਣੇ ਬਾਪੂ ਨਾਲ਼ੋਂ ਵੀ ਵੱਧ ਕਰਨ ਲੱਗ ਪਿਆ ਸੀ। ਮੈਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਸੀ ਕਿ ਸਾਡੇ ਘਰ ਦੀ ਡਗ-ਮਗਾਉਂਦੀ ਆਰਥਿਕ ਹਾਲਤ ਜੇ ਕੁੱਝ ਸੰਭਲ ਕੇ ਰਹਿ ਸਕੀ ਸੀ ਤਾਂ ਉਸ ਵਿੱਚ ਮੇਰੇ ਤਾਏ ਦਾ ਹੱਥ ਸਭ ਤੋਂ ਉੱਤੇ ਸੀ। ਉਸਦੀ ਸ਼ਖ਼ਸੀਅਤ ਦੇ ਕਿਰਤੀ ਤੇ ਮਿਹਨਤ-ਮੁਸ਼ੱਕਤੀ ਪੱਖ ਨੇ ਮੇਰੇ ਅੰਦਰ ਕਿਰਤ ਤੇ ਕਿਰਤੀਆਂ ਲਈ ਇੱਕ ਵਿਸ਼ੇਸ਼ ਸਤਿਕਾਰ ਵਾਲ਼ੀ ਭਾਵਨਾ ਪਲਪਣ ਵਿੱਚ ਬੜਾ ਅਹਿਮ ਰੋਲ਼ ਅਦਾ ਕੀਤਾ। ਆਪਣੇ ਨਾਟਕਾਂ ਵਿੱਚ ਤਾਏ ਸੰਤਾ ਸਿੰਘ ਨੂੰ ਸਾਹਮਣੇ ਰਖ ਕੇ ਮੈਂ ਬਹੁਤ ਘੱਟ ਪਾਤਰਾਂ ਦੀ ਉਸਾਰੀ ਕੀਤੀ ਹੈ। ਮੁੱਖ ਪਾਤਰਾਂ ਵਿਚੋਂ ਤਾਂ ਬਿਲਕੁਲ ਹੀ ਨਹੀਂ। ਸਿਰਫ ਮੇਰੇ ਪੂਰੇ ਨਾਟਕ 'ਇੱਕ ਸੀ ਦਰਿਆ' ਵਿੱਚ ਇੱਕ ਪਾਤਰ, ਜਿਸਦਾ ਨਾਂ ਵੀ ਮੈਂ ਸੰਤਾ ਸਿੰਘ ਹੀ ਰੱਖਿਆ ਹੈ, ਦੀ ਸਿਰਜਣਾ ਉਸਨੂੰ ਸਾਹਮਣੇ ਰੱਖੀ ਕੀਤੀ ਹੈ। ਇਸ ਨਾਟਕ ਵਿੱਚ ਮੈਂ ਗ੍ਰਹਿਸਥ ਵਿੱਚ ਰਹਿੰਦਿਆਂ ਤੇ ਕਿਰਤ ਕਰਦਿਆਂ ਸਮਾਜਿਕ ਤੇ ਆਰਥਿਕ ਮੁਸ਼ਕਲਾਂ ਦਾ ਸਾਹਮਣਾ ਕਰਨ ਦਾ ਸੰਦੇਸ਼ ਦੇਣ ਦਾ ਯਤਨ ਕੀਤਾ ਹੈ। ਤੇ ਨਿਸਚੇ ਹੀ ਇਸ ਨਾਟਕ ਵਿੱਚ ਕਿਰਤ ਦੀ ਵਡਿਆਈ ਦੀ ਭਾਵਨਾ ਪਿੱਛੇ ਮੇਰੇ ਤਾਇਆ ਸੰਤਾ ਸਿੰਘ ਖੜਾ ਹੈ। ਇਸ ਵਿੱਚ ਇੱਕ ਥਾਂ ਗ੍ਰਹਿਸਥ ਤੋਂ ਭੱਜ ਕੇ ਸਾਧ ਬਣੇ ਇੱਕ ਪਾਤਰ ਧਰਮ ਸਿੰਘ ਨੂੰ ਤਾਇਆ ਸੰਤਾ ਸਿੰਘ ਕਹਿੰਦਾ ਹੈ, 'ਅਸੀਂ ਲੜਾਂਗੇ ਧਰਮ ਸਿਆਂ, ਅਸੀਂ ਲੜਾਂਗੇ, ਤੂੰ ਜਿਥੇ ਜਾਣੈ, ਜਾਹ, ਜਾਹ ਪਾ ਲੈ ਮੁਕਤੀ ਜਿਥੋਂ ਪੈਂਦੀ ਐ, ਅਸੀਂ ਤਾਂ ਜੇ ਪਈ ਇੱਥੇ ਈ ਪਾਵਾਂਗੇ, ਇਸ ਧਰਤੀ 'ਤੇ, ਦੁੱਖਾਂ-ਸੁੱਖਾਂ ਨੂੰ ਪਿੰਡਿਆਂ 'ਤੇ ਹੰਢਾ-ਹੰਢਾ। (ਦੂਜਿਆਂ ਨੂੰ) ਚੱਲੋ ਯੋਧਿਉ। ਕਰਮ-ਭੂਮੀ ਨੂੰ ਵਾਪਿਸ ਚਲੋ।' ਪਰ ਕਦੇ-ਕਦੇ ਜਦ ਮੇਰਾ ਤਾਇਆ ਮੇਰੇ ਮਨ ਉਤੇ ਅੱਜ ਵੀ ਆ ਬੈਠਦਾ ਹੈ ਤਾਂ ਮੇਰਾ ਸਾਹਿਤਕ ਮਨ ਬਹੁਤ ਉਦਾਸ ਹੋ ਜਾਂਦਾ ਹੈ। ਮੈਂ ਉਸ ਵਰਗੇ ਕਿਰਤੀਆਂ ਦੇ ਇਸ ਧਰਤੀ ਉਤੇ ਆਏ ਮਨੋਰਥਾਂ ਨੂੰ ਸਮਝਣ-ਸਮਝਾਉਣ ਦੇ ਚੱਕਰਾਂ ਵਿੱਚ ਪੈ ਜਾਂਦਾ ਹਾਂ ਅਤੇ ਅਜਿਹੇ ਮੌਕਿਆਂ 'ਤੇ ਤਾਏ ਵੱਲੋਂ ਕੀਤੇ ਇਸ ਸੰਸਾਰ ਨੂੰ ਕੀਤੇ ਜਾਣ ਵਾਲਾ ਪ੍ਰਸ਼ਨ ਆਪਣੇ ਆਪ ਮੇਰੇ ਮੂੰਹ ਉਤੇ ਆ ਕੇ ਪੁੱਛਣ ਲੱਗ ਪੈਂਦਾ ਹੈ: 'ਹਮ ਕਿਤੁ ਕਾਜ ਜਗਤ ਮਹਿ ਆਏ ?'

## ਬਾਬਾ ਬੰਦਾ ਸਿੰਘ ਬਹਾਦਰ...

ਫਿਰ ਉਸ ਨੂੰ ਸਮਝਾਇਆ, ਸਿੱਖੀ ਦਾ ਕਿਰਦਾਰ।
ਤੇਰੇ ਵਰਗੇ ਬਾਲ ਸਨ ਫਤਹਿ ਸਿੰਘ ਜੁਝਾਰ,
ਖੇਤ ਜੁ ਮਾਂਡਿਉ ਸੂਰਮਾ ਹੁਣ ਜੂਝਣ ਦੀ ਵਾਰ।'
'ਲਿਖਿਆ ਏ ਇਤਿਹਾਸ ਵਿਚ ਬੰਦਾ ਰਿਹਾ ਅਹਿਲ।
ਕੋਹੇ ਗਏ ਉਸ ਬਾਲ ਦਾ ਲੁੱਸ-ਲੁੱਸ ਕਰਦਾ ਦਿਲ।
ਪਿਉ ਦੇ ਮੂੰਹ ਵਿਚ ਪਾਇਆ, ਤਾਂ ਜੋ ਜਾਵੇ ਡੋਲ।
ਇਸ ਕਰੜੀ ਅਜਮਾਇਸ਼ ਵਿਚ ਬੰਦਾ ਰਿਹਾ ਅਡੋਲ।
ਰੋਵੇਗਾ ਇਤਿਹਾਸ ਵੀ ਆਪਣੇ ਪੰਨੇ ਫੋਲ਼।'

## ਵੇਸਵਾਵਾਂ ਦੇ ਹੱਕ...

ਕੇਂਦਰ ਸਰਕਾਰ ਕਾਨੂੰਨ ਦੇ ਖਰੜੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਵੱਖ-ਵੱਖ ਦੇਸ਼ਾਂ ਦੇ ਕਾਨੂੰਨਾਂ ਦੀ ਘੋਖ ਕਰਕੇ ਉਨਾਂ ਦੇ ਅਪਣਾਏ ਜਾਣ ਯੋਗ ਨੁਕਤਿਆਂ ਨੂੰ ਭਾਰਤ ਮੁਤਾਬਿਕ ਢਾਲ ਕੇ ਖਰੜੇ ਵਿਚ ਸ਼ਾਮਿਲ ਕਰ ਸਕਦੀ ਹੈ।

ਇਸ ਸਭ ਨੂੰ ਅਮਲੀਜਾਮਾ ਪਹਿਨਾਉਣ ਵੇਲੇ ਜੇਕਰ ਮੰਟੋ ਦੇ ਲਫ਼ਜ਼ਾਂ ਦੀ ਭਾਵਨਾ ਨੂੰ ਹੀ ਆਧਾਰ ਬਣਾਇਆ ਜਾਏ ਤਾਂ ਨਤੀਜੇ ਬੇਮਿਸਾਲ ਹੋਣਗੇ, ਜਿਸ ਵਿਚ ਉਨਾਂ ਕਿਹਾ ਸੀ,
'ਹਰ ਔਰਤ ਵੇਸਵਾ ਨਹੀਂ ਹੁੰਦੀ।
ਪਰ ਹਰ ਵੇਸਵਾ ਔਰਤ ਹੁੰਦੀ ਹੈ।

## ਅੱਖੀਂ ਦੇਖਿਆ ਤੇ ਹੰਡਾਇਆ

ਸੰਤਾਂ ਦੇ ਬਚਨਾਂ ਅਨੁਸਾਰ ਦਾਸ ਵੀ ਆਪਣੀ ਸਿੰਘਣੀ ਬੀਬੀ ਬਲਵਿੰਦਰ ਕੌਰ ਅਤੇ ਆਪਣੇ 10 ਕੁ ਮਹੀਨਿਆਂ ਦੇ ਬੇਟੇ ਪ੍ਰਬੋਧ ਸਿੰਘ ਨੂੰ ਨਾਲ ਲੈ ਕੇ ਬਾਕੀ ਸਿੰਘਾਂ ਦੇ ਨਾਲ ਹੀ ਪ੍ਰਕਰਮਾ ਵਿੱਚ ਅਖਾੜਾ ਬ੍ਰਹਮ ਬੂਟੇ ਦੇ ਨੇੜੇ ਅਤੇ ਛਬੀਲ ਕੋਲੇ ਕਮਰਾ ਨੰਬਰ 40 ਵਿੱਚ ਸਤਿਕਾਰਯੋਗ ਭਾਈ ਸਾਹਿਬ ਭਾਈ ਦਲਬੀਰ ਸਿੰਘ ਜੀ ਅਭਿਆਸੀ ਦੇ ਪਾਸ ਆ ਗਏ। ਇੱਥੇ ਹੀ ਉਸ ਸਮੇਂ ਭਾਈ ਮੋਹਕਮ ਸਿੰਘ ਜੀ, ਉਨਾਂ ਦੀ ਸਿੰਘਣੀ ਬੀਬੀ ਹਰਜਿੰਦਰ ਕੌਰ, ਰਾਗੀ ਭਾਈ ਦਿਆਲ ਸਿੰਘ ਜੀ, ਉਨਾਂ ਦੀ ਸਿੰਘਣੀ ਬੀਬੀ ਸੁਖਜੀਤ ਕੌਰ, ਰਾਗੀ ਭਾਈ ਗੁਰਸ਼ਰਨ ਸਿੰਘ ਜੀ, ਉਨਾਂ ਦੀ ਸਿੰਘਣੀ ਬੀਬੀ ਗੁਰਮੀਤ ਕੌਰ, ਬੇਟਾ ਹਰੀ ਸਿੰਘ ਅਤੇ ਭਾਈ ਸਾਹਿਬ ਭਾਈ ਅਮਰੀਕ ਸਿੰਘ ਜੀ ਦੀ ਸਿੰਘਣੀ ਆਪਣੀਆਂ ਛੋਟੀਆਂ ਬੱਚੀਆਂ ਨਾਲ ਬੀਬੀ ਹਰਮੀਤ ਕੌਰ, ਭਾਈ ਹਰਭਜਨ ਸਿੰਘ ਜੀ (ਉਰਫ ਮਹਾਂ ਸਿੰਘ) ਉਨਾਂ ਦੀ ਸਿੰਘਣੀ ਅਤੇ ਬੱਚੇ, ਭਾਈ ਸ਼ਾਮ ਸਿੰਘ ਜੀ ਅਤੇ ਹੋਰ ਕੁੱਝ ਸਿੰਘ ਸਿੰਘਣੀਆਂ ਸਾਰੇ ਬੱਚਿਆਂ ਸਮੇਤ ਇੱਕ ਜਗਾ 'ਤੇ ਇਕੱਠੇ ਹੋ ਗਏ, 3 ਅਤੇ 4 ਜੂਨ ਦੀ ਰਾਤ ਨੂੰ ਅਸੀਂ ਸਾਰੇ ਸਿੰਘਾਂ ਨੇ ਮਿਲਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਪਹਿਰਾ ਦਿੱਤਾ।

ਚੱਲਦਾ....

## ਭਾਰਤ ਤੇ ਪੰਜਾਬ...

ਹਰ ਭਾਰਤੀ ਆਪਣੀ ਬਿਮਾਰੀ ਲਈ ਹੋਏ ਖ਼ਰਚੇ ਦਾ 67% ਪੈਸਾ ਆਪਣੀ ਜੇਬ 'ਚੋਂ ਕੱਢਦਾ ਹੈ ਜੋ ਸਾਰੀ ਦੁਨੀਆ ਵਿਚੋਂ ਸਭ ਤੋਂ ਵੱਧ ਹੈ। ਕੁੱਲ ਦੁਨੀਆ ਦਾ ਇਹ ਔਸਤਨ ਅੰਕੜਾ 18.2% ਹੈ। ਤੇਈ ਪ੍ਰਤੀਸ਼ਤ ਬਿਮਾਰ ਭਾਰਤੀ ਆਪਣਾ ਉੱਕਾ ਹੀ ਇਲਾਜ ਨਹੀਂ ਕਰਵਾ ਪਾਉਂਦੇ ਤੇ ਹਰ ਸਾਲ ਤਕਰੀਬਨ 24 ਲੱਖ ਸੌਖੇ ਹੀ ਠੀਕ ਹੋ ਸਕਣ ਵਾਲੇ ਮਰੀਜ਼ ਇਲਾਜ ਖੁਣੋਂ ਮਰ ਜਾਂਦੇ ਹਨ। ਹੁਣ ਗੱਲ ਕਰਦੇ ਹਾਂ ਗ਼ਰੀਬੀ ਦੀ।

ਦੇਸ਼ ਨੇ ਕਈ ਸਾਲਾਂ ਤੱਕ 10% ਤੱਕ ਦੀ ਵਿਕਾਸ ਦਰ ਦਾ ਆਨੰਦ ਮਾਣਿਆ ਹੈ ਅਤੇ 1,644 ਬਿਲੀਅਨ ਅਮਰੀਕੀ ਡਾਲਰ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦੇ ਨਾਲ ਇਸ ਦਾ ਅਰਥਚਾਰਾ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਅਰਥ-ਵਿਵਸਥਾਵਾਂ 'ਚੋਂ ਇਕ ਹੈ। ਪਰ ਹੁਣ ਤਕ ਇਸ ਪ੍ਰਭਾਵਸ਼ਾਲੀ ਆਰਥਿਕ ਉਛਾਲ ਤੋਂ ਭਾਰਤੀ ਅਬਾਦੀ ਦੇ ਸਿਰਫ਼ ਇਕ ਛੋਟੇ ਹਿੱਸੇ ਨੂੰ ਹੀ ਲਾਭ ਹੋਇਆ ਹੈ ਕਿਉਂਕਿ ਭਾਰਤ ਵਿਚ ਜ਼ਿਆਦਾਤਰ ਲੋਕ ਅਜੇ ਵੀ ਘੋਰ ਗ਼ਰੀਬੀ ਵਿਚ ਜੀ ਰਹੇ ਹਨ। ਭਾਰਤ ਵਿਚ ਦੋ-ਤਿਹਾਈ ਲੋਕ ਗ਼ਰੀਬੀ ਵਿਚ ਰਹਿੰਦੇ ਹਨ।

ਵਿਸ਼ਵ ਬੈਂਕ ਦੁਆਰਾ ਨਿਰਧਾਰਤ ਡਾਲਰ 3.2 ਪ੍ਰਤੀ ਦਿਨ ਦੀ ਗ਼ਰੀਬੀ ਰੇਖਾ ਦੇ ਪੈਮਾਨੇ ਮੁਤਾਬਕ ਭਾਰਤੀ ਆਬਾਦੀ ਦਾ 68.8% ਇਕ ਦਿਨ ਵਿਚ $2 ਤੋਂ ਵੀ ਘੱਟ ਖ਼ਰਚ ਕਰਦਾ ਹੋਇਆ ਗ਼ਰੀਬੀ ਰੇਖਾ ਤੋਂ ਥੱਲੇ ਹੈ। ਤੀਹ ਫ਼ੀਸਦੀ ਤੋਂ ਵੱਧ ਲੋਕ ਬਹੁਤ ਗ਼ਰੀਬ ਹਨ ਜਿਨਾਂ ਕੋਲ ਡਾਲਰ 1.25 ਪ੍ਰਤੀ ਦਿਨ ਤੋਂ ਵੀ ਘੱਟ ਉਪਲਬਧ ਹੈ। ਸੱਤ ਪ੍ਰਤੀਸ਼ਤ ਭਾਰਤੀ ਸਾਲਾਨਾ ਆਪਣਾ ਇਲਾਜ ਕਰਵਾਉਂਦੇ ਹੋਏ ਗ਼ਰੀਬੀ ਰੇਖਾ ਤੋਂ ਥੱਲੇ ਜਾ ਡਿੱਗਦੇ ਹਨ।

ਇਹ ਲਗਭਗ 55 ਲੱਖ ਬੰਦੇ ਦਾ ਅੰਕੜਾ ਕੁੱਲ ਕੋਰੀਅਨ ਜਨਸੰਖਿਆ ਤੋਂ ਵੀ ਵਧੇਰੇ ਹੈ, ਆਲਮ ਇਹ ਹੈ ਕਿ ਗ਼ਰੀਬੀ ਦੀ ਲਪੇਟ ਵਿਚ ਆਏ ਭਾਰਤੀ ਸਸਤੀਆਂ ਅਤੇ ਚੰਗੀ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਦੀ ਘਾਟ ਕਾਰਨ ਆਪਣੀ ਜਾਨ ਤਕ ਲੈ ਰਹੇ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਨੇ ਉਜਾਗਰ ਕੀਤਾ ਹੈ ਕਿ ਭਾਰਤ ਵਿਚ 2001 ਤੋਂ 2015 ਦਰਮਿਆਨ 3.8 ਲੱਖ ਲੋਕਾਂ ਨੇ ਇਲਾਜ ਦੀਆਂ ਸਹੂਲਤਾਂ ਦੀ ਘਾਟ ਕਾਰਨ ਖ਼ੁਦਕੁਸ਼ੀ ਕੀਤੀ। ਇਹ ਉਸ ਸਮੇਂ ਦੀਆਂ ਕੁੱਲ ਖ਼ੁਦਕੁਸ਼ੀਆਂ ਦਾ ਲਗਭਗ 21 ਫ਼ੀਸਦੀ ਸੀ। ਪੰਜ ਮਈ ਨੂੰ ਕੋਵਿਡ ਕਾਰਨ ਹੋਈਆਂ ਮੌਤਾਂ ਦੀ ਰਿਪੋਰਟ ਜਾਰੀ ਕਰਨ ਮੌਕੇ ਵਿਸ਼ਵ ਸਿਹਤ ਸੰਗਠਨ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਗੈਬਰੇਸਿਸ ਨੇ ਅੰਕੜਿਆਂ ਨੂੰ ਗੰਭੀਰ ਕਰਾਰ ਦਿੰਦਿਆਂ ਇਕ ਮਹੱਤਵਪੂਰਨ ਟਿੱਪਣੀ ਕਰਦੇ ਹੋਏ ਕਿਹਾ ਕਿ ਸਰਕਾਰਾਂ ਨੂੰ ਅਜਿਹੇ ਸੰਕਟਾਂ ਦਾ ਸਾਹਮਣਾ ਕਰਨ ਲਈ ਸਿਹਤ ਖੇਤਰ ਵਿਚ ਨਿਵੇਸ਼ ਵਧਾਉਣ ਦੀ ਸਖ਼ਤ ਲੋੜ ਹੈ।

ਭਾਰਤ ਸਰਕਾਰ ਆਪਣੇ ਕੁੱਲ ਜੀਡੀਪੀ 'ਚੋਂ ਸਿਰਫ਼ 1.2% ਹੀ ਸਿਹਤ ਸੇਵਾਵਾਂ ਲਈ ਖ਼ਰਚ ਕਰਦੀ ਹੈ। ਅਮੀਰ ਮੁਲਕਾਂ ਜਿਵੇਂ ਅਮਰੀਕਾ (16.9%), ਜਰਮਨੀ (11.2%), ਫਰਾਂਸ (11.2%), ਜਾਪਾਨ (10.9%) ਆਦਿ ਨਾਲ ਤੁਲਨਾ ਦੀ ਤਾਂ ਗੱਲ ਹੀ ਦੂਰ ਹੈ : ਭਾਰਤ ਦੇ ਗੁਆਂਢੀ ਮੁਲਕ ਜਿਵੇਂ ਸ੍ਰੀਲੰਕਾ (1.6%), ਨੇਪਾਲ (1%), ਭੂਟਾਨ (2.5%), ਥਾਈਲੈਂਡ (2.9%) ਤੇ ਮਾਲਦੀਵਜ਼ (9.4%) ਵੀ ਇਸ ਸਿਲਸਿਲੇ ਵਿਚ ਭਾਰਤ ਤੋਂ ਮੋਹਰੀ ਹਨ। ਸਿਹਤ ਸੰਭਾਲ ਦੀ ਗੁਣਵੱਤਾ ਅਤੇ ਪਹੁੰਚ ਵਿਚ ਭਾਰਤ ਸਾਰੇ ਬ੍ਰਿਕਸ ਦੇਸ਼ਾਂ ਵਿਚ ਆਖ਼ਰੀ ਸਥਾਨ 'ਤੇ ਹੈ ਅਤੇ ਦੁਨੀਆ ਭਰ ਦੇ 195 ਦੇਸ਼ਾਂ ਵਿੱਚੋਂ 178ਵੇਂ ਸਥਾਨ 'ਤੇ ਹੈ।

ਭਾਰਤ ਸਰਕਾਰ ਨੇ 2025 ਤਕ ਸਿਹਤ ਖੇਤਰ ਵਿਚ ਮੌਜੂਦਾ ਕੁੱਲ ਜੀਡੀਪੀ ਦੇ 1.2 % ਤੋਂ ਵਧਾ ਕੇ 2.5% ਨਿਵੇਸ਼ ਕਰਨਾ ਮਿੱਥਿਆ ਹੈ ਜੋ ਫਿਰ ਵੀ ਦੁਨੀਆ ਦੀ ਔਸਤਨ 6.5% ਤੋਂ ਬਹੁਤ ਜ਼ਿਆਦਾ ਘੱਟ ਰਹੇਗਾ। 'ਲਾਂਸੇਟ' ਵਿਚ ਪ੍ਰਕਾਸ਼ਿਤ ਗਲੋਬਲ ਬਰਡਨ ਆਫ ਡਿਸੀਜ਼ ਸਟੱਡੀ ਅਨੁਸਾਰ ਭਾਰਤ ਸਿਹਤ ਸੰਭਾਲ ਤੱਕ ਪਹੁੰਚ ਦੇ ਮਾਮਲੇ ਵਿਚ ਇਕ ਮਾੜਾ ਪ੍ਰਦਰਸ਼ਨ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ। ਸਿਹਤ ਖ਼ਰਚਿਆਂ 'ਤੇ ਵਿਸ਼ਵ-ਵਿਆਪੀ ਸਬੂਤ ਦਰਸਾਉਂਦੇ ਹਨ ਕਿ ਜਦੋਂ ਤਕ ਕੋਈ ਦੇਸ਼ ਆਪਣੀ ਜੀਡੀਪੀ ਦਾ ਘੱਟੋ-ਘੱਟ 5-6 ਪ੍ਰਤੀਸ਼ਤ ਸਿਹਤ 'ਤੇ ਖ਼ਰਚ ਨਹੀਂ ਕਰਦਾ, ਉਦੋਂ ਤਕ ਬੁਨਿਆਦੀ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਹੋ ਸਕਦੀਆਂ ਹਨ। ਕੋਰੋਨਾ ਨੇ ਲੋਕਾਂ ਅੱਗੇ ਇਹ ਸੱਚ ਉਜਾਗਰ ਕਰ ਦਿੱਤਾ ਹੈ ਕਿ ਪ੍ਰਾਈਵੇਟ ਸਿਹਤ ਸੈਕਟਰ ਅਨੈਤਿਕ, ਬੇਲਗਾਮ, ਭ੍ਰਿਸ਼ਟ ਅਤੇ ਗ਼ੈਰ-ਜ਼ਿੰਮੇਵਾਰ ਹੈ ਜੋ ਕਦੇ ਵੀ ਜਨਤਕ ਅਦਾਰੇ ਦਾ ਬਦਲ ਨਹੀਂ ਹੋ ਸਕਦਾ।

ਨਿੱਜੀ ਖੇਤਰ ਦਾ ਸਿਹਤ ਸੇਵਾਵਾਂ ਬਾਰੇ ਢਾਂਚਾ ਜਨਤਕ ਦੇ ਮੁਕਾਬਲੇ ਆਧੁਨਿਕ, ਸਾਫ਼-ਸੁਥਰਾ ਅਤੇ ਸਟਾਫ ਪੱਖੋਂ ਪੂਰਾ ਹੈ। ਪਰ ਵੈਂਟੀਲੇਟਰ ਉੱਤੇ ਪਏ ਸਰਕਾਰੀ ਢਾਂਚੇ ਨੂੰ ਮਜ਼ਬੂਤ ਅਤੇ ਨਰੋਆ ਕਰਨਾ ਸਰਕਾਰ ਦੀ ਅਸਲ ਜ਼ਿੰਮੇਵਾਰੀ ਬਣਦੀ ਹੈ ਨਾ ਕਿ ਵਿਚੋਲਾ ਬਣ ਕੇ ਇਸ ਜ਼ਿੰਮੇਵਾਰੀ ਤੋਂ ਭੱਜਣ ਦੀ। ਇਸ ਸਮੁੱਚੇ ਵਿਸ਼ਲੇਸ਼ਣ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਦੇਸ਼ ਦੀ ਸਮੁੱਚੀ ਸਿਹਤ-ਪ੍ਰਣਾਲੀ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਲਿਆਉਣ ਦੀ ਲੋੜ ਹੈ। ਪੀਐੱਮ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਕੋਵਿਡ-19 ਮਹਾਂਮਾਰੀ ਦਾ ਟਾਕਰਾ ਕਰਨ ਦੇ ਨਾਲ-ਨਾਲ ਸਿਹਤ ਦੇ ਬੁਨਿਆਦੀ ਢਾਂਚੇ ਵੱਲ ਖ਼ਾਸ ਧਿਆਨ ਦਿੰਦੀ ਰਹੀ ਹੈ। ਜਨਤਕ ਸੇਵਾਵਾਂ ਦੇ ਪ੍ਰਬੰਧ ਵਿਚ ਸਰਕਾਰ ਦੀ ਭੂਮਿਕਾ ਨੂੰ ਦੁਹਰਾਉਣ ਅਤੇ ਹਿੰਸਕ ਕਾਰਪੋਰੇਟ ਨਿੱਜੀਕਰਨ ਤੋਂ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਅੰਦੋਲਨ ਨੂੰ ਵਿਸ਼ਾਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਸੰਘਰਸ਼ ਦਾ ਇਕ ਅਹਿਮ ਹਿੱਸਾ ਸਿਹਤ ਤੇ ਸਿਹਤ-ਸੰਭਾਲ ਦੇ ਹੋਕੇ ਨੂੰ ਜਨਤਕ ਭਲਾਈ ਦੇ ਤੌਰ 'ਤੇ ਮੁੜ ਸਿਰਜਣਾ, ਜਨਤਕ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਦੀ ਮੰਗ ਕਰਨਾ ਅਤੇ ਸਾਰਿਆਂ ਲਈ ਸਿਹਤ ਦੇ ਬੁਨਿਆਦੀ ਅਧਿਕਾਰ ਵਜੋਂ ਇਕ ਅੰਦੋਲਨ ਬਣਾਉਣਾ ਹੋਵੇਗਾ।

## ਸੰਗਰੂਰ ਚੋਣ ਦੌਰਾਨ...

ਸਰਕਾਰ ਲਈ ਸਾਲ 2017 ਦੀਆਂ ਚੋਣਾਂ ਵਿਚ ਪਠਾਨਕੋਟ ਦੀ ਭੋਆ ਸੀਟ ਤੋਂ ਚੁਣੇ ਗਏ ਸਨ। ਪੰਜਾਬ ਦੀਆਂ ਦੋਵੇਂ ਕਾਂਗਰਸ ਸਰਕਾਰਾਂ ਸਮੇਂ ਉਨਾਂ 'ਤੇ ਰੇਤ ਅਤੇ ਬਜਰੀ ਦੀ ਗ਼ੈਰ-ਕਾਨੂੰਨੀ ਖੁਦਾਈ ਕਰਾਉਣ ਅਤੇ ਕਰੋੜਾਂ ਰੁਪਏ ਇਕੱਠੇ ਕਰਨ ਦੇ ਦੋਸ਼ ਲਗਦੇ ਰਹੇ ਹਨ। ਫਰਵਰੀ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨਾਂ ਦੀ ਪਾਰਟੀ ਨੇ ਉਨਾਂ ਨੂੰ ਇਸ ਸੀਟ ਤੋਂ ਮੁੜ ਆਪਣਾ ਉਮੀਦਵਾਰ ਐਲਾਨ ਦਿੱਤਾ ਸੀ, ਪਰ ਉਹ ਚੋਣ ਹਾਰ ਗਏ ਸਨ। ਫਿਰ ਵੀ ਉਨਾਂ ਦੀ ਕੰਪਨੀ ਨੇ ਗ਼ੈਰ-ਕਾਨੂੰਨੀ ਢੰਗ ਨਾਲ ਰੇਤਾ-ਬਜਰੀ ਦੀ ਖੁਦਾਈ ਅਤੇ ਕਾਰੋਬਾਰ ਜਾਰੀ ਰੱਖਿਆ। ਇਸ 'ਤੇ 'ਆਪ' ਦੇ ਇਕ ਕਾਰਕੁੰਨ ਨੇ ਲਿਖਤੀ ਤੌਰ 'ਤੇ ਉਨਾਂ ਵਿਰੁੱਧ ਸ਼ਿਕਾਇਤ ਕਰ ਦਿੱਤੀ ਜਿਸ ਦੀ ਬਕਾਇਦਾ ਜਾਂਚ-ਪੜਤਾਲ ਤੋਂ ਬਾਅਦ ਉਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਜੀਲੈਂਸ ਬਿਊਰੋ ਪੰਜਾਬ ਹੁਣ ਚਮਕੌਰ ਸਾਹਿਬ ਹਲਕੇ ਦੇ ਰੇਤ ਮਾਫ਼ੀਆ ਨੂੰ ਨੱਪਣ ਦੇ ਰੌਂਅ ਵਿੱਚ ਹੈ ਜਿਸ ਦੀ ਪੈੜ ਇੱਕ ਵੱਡੇ ਸਿਆਸੀ ਘਰ ਤੱਕ ਜਾਂਦੀ ਹੈ। ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਰੇਤ ਮਾਫ਼ੀਆ ਨੇ ਚਮਕੌਰ ਸਾਹਿਬ ਹਲਕੇ ਵਿੱਚ ਨਾ ਸਿਰਫ਼ ਜੰਗਲਾਤ ਦੀ ਜ਼ਮੀਨ ਨੂੰ ਖੋਰਾ ਲਾਇਆ ਹੈ ਬਲਕਿ ਸਤਲੁਜ ਦਰਿਆ ਦੇ ਵਗਦੇ ਪਾਣੀ ਵਿਚੋਂ ਵੀ ਰੇਤਾ ਕੱਢਿਆ ਹੈ।

ਧਿਆਨਦੇਣਯੋਗ ਹੈ ਕਿ ਵਿਜੀਲੈਂਸ ਬਿਊਰੋ ਨੇ ਜੋ ਐੱਫਆਈਆਰ ਨੰਬਰ 7 ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਸੰਗਤ ਸਿੰਘ ਗਿਲਜੀਆਂ ਆਦਿ 'ਤੇ ਦਰਜ ਕੀਤੀ ਹੈ, ਉਸ ਵਿੱਚ ਪਿੰਡ ਜਿੰਦਾਪੁਰ ਦੇ ਆਸ-ਪਾਸ ਗ਼ੈਰਕਾਨੂੰਨੀ ਖਣਨ ਅਤੇ ਇਸ ਵਿਚੋਂ 40 ਤੋਂ 50 ਕਰੋੜ ਰੁਪਏ ਕਮਾਏ ਜਾਣ ਦੀ ਗੱਲ ਸਾਹਮਣੇ ਆਈ ਹੈ। ਵਿਜੀਲੈਂਸ ਨੇ ਇਸ ਦੀ ਪੁਸ਼ਟੀ ਲਈ ਤਕਨੀਕੀ ਟੀਮ ਬਣਾਈ ਜਿਸ ਨੇ ਡਰੋਨਾਂ ਅਤੇ ਹੋਰ ਪੈਮਾਨਿਆਂ ਦੀ ਮਦਦ ਨਾਲ ਲਗਾਤਾਰ ਤਿੰਨ ਦਿਨ ਜਿੰਦਾਪੁਰ ਖਿੱਤੇ ਵਿੱਚ ਹੋਈ ਗ਼ੈਰਕਾਨੂੰਨੀ ਮਾਈਨਿੰਗ ਦੀ ਜਾਂਚ ਕੀਤੀ ਹੈ। ਇਸ ਤਕਨੀਕੀ ਟੀਮ ਨੇ ਜੋ ਵੇਰਵੇ ਉੱਚ ਅਫ਼ਸਰਾਂ ਨਾਲ ਸਾਂਝੇ ਕੀਤੇ ਹਨ, ਉਨਾਂ ਅਨੁਸਾਰ ਜਿੰਦਾਪੁਰ ਖਿੱਤੇ ਵਿੱਚ ਜੰਗਲਾਤ ਮਹਿਕਮੇ ਦੀ 486 ਏਕੜ ਸੁਰੱਖਿਅਤ ਜ਼ਮੀਨ ਹੈ ਜਿਸ ਨਾਲ ਕੋਈ ਛੇੜਛਾੜ ਨਹੀਂ ਹੋ ਸਕਦੀ। ਇਸ ਜ਼ਮੀਨ ਵਿੱਚੋਂ ਹੀ ਸਤਲੁਜ ਦਰਿਆ ਵਹਿੰਦਾ ਹੈ। ਤਕਨੀਕੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਜੰਗਲਾਤੀ ਜ਼ਮੀਨ ਤੋਂ ਇਲਾਵਾ ਦਰਿਆ ਵਿਚੋਂ ਵੀ ਰੇਤਾ ਕੱਢਿਆ ਗਿਆ ਹੈ। ਜਦੋਂ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਚੰਨੀ ਸਨ ਤਾਂ ਉਦੋਂ ਇੱਥੋਂ ਮਾਈਨਿੰਗ ਹੁੰਦੀ ਰਹੀ ਹੈ। ਵਿਜੀਲੈਂਸ ਵੱਲੋਂ ਚਮਕੌਰ ਸਾਹਿਬ ਹਲਕੇ ਦੇ ਰਾਜਾ ਸਿੰਘ ਅਤੇ ਇਕਬਾਲ ਸਿੰਘ 'ਤੇ ਉਂਗਲ ਚੁੱਕੀ ਗਈ ਹੈ ਜਿਨਾਂ ਨੂੰ ਤਤਕਾਲੀ ਮੁੱਖ ਮੰਤਰੀ ਚੰਨੀ ਦੇ ਨੇੜਲੇ ਦੱਸਿਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਜੁਲਾਈ ਵਿੱਚ ਨਵੀਂ ਖਣਨ ਨੀਤੀ ਲਿਆਉਣ ਦਾ ਐਲਾਨ ਕੀਤਾ ਹੋਇਆ ਹੈ ਜਿਸਦਾ ਖਰੜਾ ਤਿਆਰ ਹੋ ਗਿਆ ਹੈ। ਇਸ ਨੀਤੀ ਤਹਿਤ ਵਾਹਨਾਂ 'ਤੇ ਇੱਕੋ ਤਰਾਂ ਦਾ ਰੰਗ ਹੋਵੇਗਾ ਅਤੇ ਜੀਪੀਐੱਸ ਸਿਸਟਮ ਲਾਇਆ ਜਾਵੇਗਾ। ਜ਼ਿਲਿਆਂ ਦੇ ਐੱਸਪੀਜ਼ ਨੂੰ ਹਫ਼ਤੇ ਵਿੱਚ ਤਿੰਨ ਦਿਨ ਖੱਡਾਂ 'ਤੇ ਦੌਰਾ ਕਰਨ ਦੀ ਜ਼ਿੰਮੇਵਾਰੀ ਲਾਈ ਜਾਣੀ ਹੈ।

## ਭਾਰਤ ਬੰਦ ਦਾ ਦੇਸ਼ ਦੇ...

ਜਦੋਂਕਿ 75 ਫ਼ੀਸਦੀ ਜਵਾਨਾਂ ਨੂੰ ਸੇਵਾ-ਮੁਕਤ ਕਰ ਦਿੱਤਾ ਜਾਵੇਗਾ। ਇਹ ਸਪੱਸ਼ਟ ਹੈ ਕਿ ਇਹ ਠੇਕਾ-ਆਧਾਰਿਤ ਨੌਕਰੀ ਹੈ ਅਤੇ ਏਨੇ ਥੋੜੇ ਸਮੇਂ ਲਈ ਨੌਕਰੀ ਕਰਨ ਕਰ ਕੇ ਉਨਾਂ ਨੂੰ ਪੈਨਸ਼ਨ ਆਦਿ ਦੇ ਫ਼ਾਇਦੇ ਨਹੀਂ ਮਿਲਣਗੇ।

ਸੁਰੱਖਿਆ ਮਾਹਿਰ ਇਹ ਸਵਾਲ ਪੁੱਛ ਰਹੇ ਹਨ ਕਿ 75 ਫ਼ੀਸਦੀ ਜਵਾਨ ਸੈਨਾਵਾਂ ਤੋਂ ਬਾਹਰ ਆ ਕੇ ਕੀ ਕਰਨਗੇ। ਕਈ ਮਾਹਿਰਾਂ ਦੀ ਰਾਏ ਹੈ ਕਿ ਉਨਾਂ ਨੂੰ ਸੁਰੱਖਿਆ ਬਲਾਂ, ਸਟੇਟ ਪੁਲਿਸ ਫੋਰਸਾਂ ਅਤੇ ਸਰਕਾਰ ਦੇ ਹੋਰ ਵਿਭਾਗਾਂ ਵਿਚ ਨੌਕਰੀ ਮਿਲ ਸਕਦੀ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਅਗਨੀਵੀਰਾਂ ਨੂੰ ਕੇਂਦਰੀ ਸੁਰੱਖਿਆ ਬਲਾਂ ਵਿਚ ਤਰਜੀਹ ਦੇਣ ਦਾ ਭਰੋਸਾ ਦਿਵਾਇਆ ਹੈ। ਜੇਕਰ ਇਸ ਦਲੀਲ ਨੂੰ ਮੰਨ ਵੀ ਲਿਆ ਜਾਵੇ ਤਾਂ ਵੀ ਕੁਝ ਸਾਲਾਂ ਬਾਅਦ ਸਿਖਲਾਈ ਪ੍ਰਾਪਤ ਅਤੇ ਚਾਰ ਸਾਲ ਸੈਨਾ ਵਿਚ ਨੌਕਰੀ ਕਰ ਚੁੱਕੇ ਬਹੁਤੇ ਜਵਾਨਾਂ ਨੂੰ ਨੌਕਰੀ ਨਹੀਂ ਮਿਲੇਗੀ। ਮਾਹਿਰਾਂ ਅਨੁਸਾਰ ਜਿਨਾਂ ਨੂੰ ਸਰਕਾਰੀ ਨੌਕਰੀ ਮਿਲ ਜਾਵੇਗੀ, ਉਨਾਂ ਦੀ ਜ਼ਿੰਦਗੀ ਤਾਂ ਸਹੀ ਲੀਹਾਂ 'ਤੇ ਚੱਲਣ ਲੱਗ ਪਵੇਗੀ ਪਰ ਜਿਨਾਂ ਨੂੰ ਨੌਕਰੀ ਨਹੀਂ ਮਿਲੇਗੀ, ਉਹ ਉਸ ਸਥਿਤੀ ਨੂੰ ਸਵੀਕਾਰ ਨਹੀਂ ਕਰ ਸਕਣਗੇ। ਇਸ ਨਾਲ ਸਮਾਜ ਵਿਚ ਹਥਿਆਰਾਂ ਦੀ ਸਿਖਲਾਈ ਪ੍ਰਾਪਤ ਬੇਰੁਜ਼ਗਾਰਾਂ ਦੀ ਗਿਣਤੀ ਵਧੇਗੀ ਤੇ ਸਮਾਜ ਦਾ ਸੈਨਿਕੀਕਰਨ ਹੋਵੇਗਾ ਜਿਸ ਦੇ ਸਿੱਟੇ ਬਹੁਤ ਗੰਭੀਰ ਹੋ ਸਕਦੇ ਹਨ। ਇਸੇ ਤਰਾਂ ਧਰਮ, ਜਾਤ ਅਤੇ ਖੇਤਰ 'ਤੇ ਆਧਾਰਿਤ ਰੈਜੀਮੈਂਟਾਂ ਦੇ ਖ਼ਾਤਮੇ ਬਾਰੇ ਵੀ ਸ਼ੰਕੇ ਪ੍ਰਗਟਾਏ ਜਾ ਰਹੇ ਹਨ। ਜੇ ਅਜਿਹਾ ਅਸਰ ਪੈਂਦਾ ਹੈ ਤਾਂ ਸਮਾਜ ਦੇ ਕੁਝ ਵਰਗਾਂ ਵਿਚ ਸਮੂਹਿਕ ਰੋਸ ਵੀ ਪੈਦਾ ਹੋ ਸਕਦਾ ਹੈ।

## ਮੁੱਖ ਮੰਤਰੀ ਦੇ ਹਵਾਈ..

**ਮੁੱਖ ਮੰਤਰੀ ਦੇ ਹੈਲੀਕਾਪਟਰ ਦਾ ਮਹੀਨਾਵਾਰ ਖਰਚ**

ਜਨਵਰੀ 2022 8,11,899 ਰੁਪਏ ਦਾ ਬਿੱਲ
ਫ਼ਰਵਰੀ 2022 8,11,899 ਰੁਪਏ ਦਾ ਬਿੱਲ
ਮਾਰਚ 2022 8,11,899 ਰੁਪਏ ਦਾ ਬਿੱਲ
ਕੁੱਲ 24,35,697 ਰੁਪਏ

16 ਮਾਰਚ ਨੂੰ ਦਿੱਲੀ ਆਦਮਪੁਰ, ਦਿੱਲੀ 4,00,000 ਰੁਪਏ ਪ੍ਰਤੀ ਘੰਟਾ 2 ਘੰਟੇ 35 ਮਿੰਟ 13,66,833 ਰੁਪਏ ਬਿੱਲ 13,66,833 ਰੁਪਏ, 16 ਮਾਰਚ 2022 ਗ੍ਰੇਟਰ ਨੋਇਡਾ ਤੋਂ ਚੰਡੀਗੜ ਤੋਂ ਆਦਮਪੁਰ ਤੋਂ ਖਟਕੜ ਕਲਾਂ ਤੋਂ ਆਦਮਪੁਰ ਤੋਂ ਚੰਡੀਗੜ 2,50,00 ਰੁਪਏ ਪ੍ਰਤੀ ਘੰਟਾ 5 ਘੰਟੇ 30 ਮਿੰਟ 16,77,960 ਬਿੱਲ 16,77,960 ਰੁਪਏ ਬਿੱਲ 16,77,960 ਰੁਪਏ, 15 ਤੇ 16 ਮਾਰਚ ਗ੍ਰੇਟਰ ਨੋਇਡਾ ਤੋਂ ਚੰਡੀਗੜ, ਆਦਮਪੁਰ ਤੋਂ ਖਟਕੜ ਕਲਾਂ ਤੋਂ ਆਦਮਪੁਰ ਤੋਂ ਦਿੱਲੀ ਤੋਂ ਗ੍ਰੇਟਰ ਨੋਇਡਾ 2,15,00 ਪ੍ਰਤੀ ਘੰਟਾ 6 ਘੰਟੇ 15 18,03,925 ਰੁਪਏ ਬਿੱਲ 18,03,925 ਰੁਪਏ, 5 ਮਾਰਚ ਦਿੱਲੀ ਤੋਂ ਚੰਡੀਗੜ ਤੋਂ ਅੰਮ੍ਰਿਤਸਰ ਚੰਡੀਗੜ ਤੋਂ ਦਿੱਲੀ 1,60,000 ਪ੍ਰਤੀ ਘੰਟ 4 ਘੰਟੇ 00 ਮਿੰਟ 10,08,900 ਬਿੱਲ 10,08,900 ਰੁਪਏ, 15 ਤੇ 16 ਮਾਰਚ 2022 ਦਿੱਲੀ ਤੋਂ ਚੰਡੀਗੜ ਤੋਂ ਦਿੱਲੀ 1,20,000 ਪ੍ਰਤੀ ਘੰਟਾ 4 ਘੰਟੇ 00 ਮਿੰਟ 6,96,200 ਬਿੱਲ 6,96,200 ਰੁਪਏ ਕੁੱਲ 65,53,818 ਰੁਪਏ ਬਣਦਾ ਹੈ।

## ਇਸਲਾਮਿਕ ਸਟੇਟ ਵੱਲੋਂ...

ਕੌਮਾਂਤਰੀ ਭਾਈਚਾਰਾ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ

**ਹਮਲੇ ਦੀ ਨਿੰਦਾ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਵੱਖ ਵੱਖ ਦੇਸ਼ਾਂ ਵਿਚ ਵੱਸਦੇ ਸਿੱਖਾਂ ਨੂੰ ਆਪੋ-ਆਪਣੇ ਮੁਲਕਾਂ ਦੀਆਂ ਸਰਕਾਰਾਂ ਰਾਹੀਂ ਇਸ ਮਸਲੇ ਦੇ ਹੱਲ ਲਈ ਜ਼ੋਰ ਪਾਉਣ ਦੀ ਅਪੀਲ ਕੀਤੀ ਹੈ। ਉਨਾਂ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਅਫ਼ਗਾਨਿਸਤਾਨ ਦੀ ਸਰਕਾਰ ਨਾਲ ਸੰਪਰਕ ਸਥਾਪਤ ਕਰਕੇ ਉੱਥੋਂ ਦੇ ਸਿੱਖਾਂ ਨੂੰ ਸੁਰੱਖਿਅਤ ਕੱਢਣ ਲਈ ਉਪਰਾਲੇ ਕਰੇ। ਉਨਾਂ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਅਤੇ ਸਿੱਖ ਸੰਸਥਾਵਾਂ ਨੂੰ ਵੀ ਕਿਹਾ ਕਿ ਉਹ ਆਪਣੇ ਮੁਲਕਾਂ ਦੀਆਂ ਸਰਕਾਰਾਂ ਤੱਕ ਪਹੁੰਚ ਕਰਕੇ ਅਫ਼ਗਾਨਿਸਤਾਨ 'ਚ ਰਹਿੰਦੇ ਸਿੱਖਾਂ ਨੂੰ ਸੁਰੱਖਿਅਤ ਕੱਢਣ ਲਈ ਉਪਰਾਲੇ ਕਰਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਫ਼ਗਾਨਿਸਤਾਨ ਵਿਚ ਵੱਸਦੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਨੂੰ ਇਸ ਸਬੰਧੀ ਪੱਤਰ ਲਿਖਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਇਸ ਨੂੰ ਵਹਿਸ਼ੀ ਹਮਲਾ ਕਰਾਰ ਦਿੱਤਾ। ਪਾਕਿ ਵਿਦੇਸ਼ ਦਫ਼ਤਰ ਨੇ ਇਸ ਹਮਲੇ ਨੂੰ ਘਿਣਾਉਣੀ ਹਰਕਤ ਕਰਾਰ ਦਿੱਤਾ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਵੀ ਗੁਰਦੁਆਰਾ ਸਾਹਿਬ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ।

### ਅਫ਼ਗਾਨੀ ਸਿੱਖ ਭਾਰਤ ਆਉਣ ਲਈ ਤਿਆਰ

ਕਾਬੁਲ ਦੇ ਇਕ ਗੁਰਦੁਆਰੇ ਵਿਚ ਰਹਿ ਰਹੇ 150 ਤੋਂ ਵੱਧ ਸਿੱਖ ਤਾਲਿਬਾਨ ਦੇ ਅਫ਼ਗਾਨਿਸਤਾਨ 'ਤੇ ਕਬਜ਼ਾ ਕਰਨ ਤੋਂ ਬਾਅਦ ਭਾਰਤ ਆਉਣ ਲਈ ਵੀਜ਼ੇ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਕਾਬੁਲ ਵਿਚ ਗੁਰਦੁਆਰਾ ਕਰਤਾ-ਏ-ਪਰਵਾਨ ਦੇ ਪ੍ਰਧਾਨ ਗੁਰਨਾਮ ਸਿੰਘ ਨੇ ਭਾਰਤ ਸਰਕਾਰ ਨੂੰ ਹਿੰਦੂਆਂ ਤੇ ਸਿੱਖਾਂ ਲਈ ਨਿਕਾਸੀ ਯਤਨ ਤੇਜ਼ ਕਰਨ ਦੀ ਅਪੀਲ ਕੀਤੀ। ਉਨਾਂ ਕਿਹਾ ਕਿ 150 ਤੋਂ ਵੱਧ ਅਫ਼ਗਾਨੀ ਸਿੱਖ ਤਾਲਿਬਾਨ ਦੇ ਵਾਪਸ ਆਉਣ ਦੇ ਬਾਅਦ ਤੋਂ ਭਾਰਤ ਆਉਣਾ ਚਾਹੁੰਦੇ ਹਨ ਉਨਾਂ ਕੋਲ ਭਾਰਤੀ ਵੀਜ਼ੇ ਵੀ ਸਨ ਪਰ ਤਾਲਿਬਾਨ ਸਰਕਾਰ ਨੇ ਉਨਾਂ ਨੂੰ ਰੱਦ ਕਰ ਦਿੱਤਾ ਸੀ। ਉਨਾਂ ਕਿਹਾ ਕਿ ਸਿੱਖ ਭਾਈਚਾਰੇ ਦੇ ਲੋਕ ਆਪਣੇ ਕਾਰੋਬਾਰ ਛੱਡਣ ਅਤੇ ਦੁਕਾਨਾਂ ਵੇਚਣ ਲਈ ਵੀ ਤਿਆਰ ਹਨ। ਉਨਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਸਰਕਾਰ ਵੀ ਕਦਮ ਚੁੱਕੇ। ਉੱਧਰ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਭਾਰਤ ਨੇ ਅਫ਼ਗਾਨਿਸਤਾਨ ਵਿਚ ਰਹਿਣ ਵਾਲੇ 100 ਤੋਂ ਵੱਧ ਸਿੱਖਾਂ ਤੇ ਹਿੰਦੂਆਂ ਲਈ ਪਹਿਲ ਦੇ ਆਧਾਰ 'ਤੇ ਈ-ਵੀਜ਼ੇ ਜਾਰੀ ਕੀਤੇ ਹਨ। ਦੂਸਰੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਫ਼ਗਾਨਿਸਤਾਨ ਦੇ ਸਿੱਖਾਂ ਲਈ ਮਦਦ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਮੌਜੂਦਾ ਹਾਲਾਤ ਦੇ ਚੱਲਦਿਆਂ ਜਿਹੜੇ ਸਿੱਖ ਅਫ਼ਗਾਨਿਸਤਾਨ ਤੋਂ ਭਾਰਤ ਆਉਣਾ ਚਾਹੁੰਦੇ ਹਨ, ਉਨਾਂ ਦੀਆਂ ਹਵਾਈ ਟਿਕਟਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਉਨਾਂ ਨੇ ਇਸ ਸਬੰਧ ਵਿਚ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਰਹਿ ਰਹੇ ਸਿੱਖਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਦੀ ਤੁਰੰਤ ਮਨਜ਼ੂਰੀ ਦੇਵੇ ਤਾਂ ਕਿ ਉਹ ਡਰ ਭਰੇ ਮਾਹੌਲ ਵਿਚੋਂ ਨਿਕਲ ਸਕਣ। ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦੀ ਸੱਤਾ ਆਉਣ ਤੋਂ ਬਾਅਦ ਹੁਣ ਤਕ ਉੱਥੇ 167 ਸਿੱਖ ਅਤੇ ਹਿੰਦੂ ਹੀ ਰਹਿ ਗਏ ਹਨ ਜਿਨਾਂ ਵਿੱਚੋਂ ਪੰਜ ਕੋਲ ਪਾਸਪੋਰਟ ਨਹੀਂ ਹੈ।

## ਬਾਬਾ ਬੰਦਾ ਸਿੰਘ ਜੀ...

ਮੁਗਲਾਂ ਨੇ ਲਗਭਗ 300 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਸਿੰਘਾਂ ਦੇ ਮ੍ਰਿਤਕ ਸਰੀਰਾਂ ਦੀ ਚੀਰ ਫਾੜ ਕਰ ਦਿੱਤੀ ਕਿ ਇਨਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹਨ। ਸ਼ਹੀਦੀ ਸਿੱਖਾਂ ਦੇ ਸਿਰ ਨੇਜਿਆਂ ਬਰਛਿਆਂ ਤੇ ਟੰਗੇ ਗਏ। ਬਾਬਾ ਜੀ ਦੀ ਸੁਪਤਨੀ ਅਤੇ ਤਿੰਨ ਵਰਿਆਂ ਦੇ ਪੁੱਤਰ ਅਜੈ ਸਿੰਘ ਨੂੰ ਵੀ ਫੜ ਲਿਆ। ਗੁਰਦਾਸ ਨੰਗਲ ਤੋਂ ਬਾਬਾ ਜੀ ਅਤੇ ਸਾਥੀਆਂ ਨੂੰ ਕੈਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਬਾਬਾ ਜੀ ਨੂੰ ਲੋਹੇ ਦੀਆਂ ਜੰਜੀਰਾਂ ਨਾਲ ਜਕੜ ਕੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਿੰਜਰਾ ਹਾਥੀ ਉਪਰ ਬੰਨ ਦਿੱਤਾ। ਦੋ ਮੁਗਲ ਸੈਨਿਕ ਖੰਜਰ ਲੈ ਕੇ ਪਹਿਰਾ ਦੇ ਰਹੇ ਸਨ। ਸਾਥੀਆਂ ਨੂੰ ਵੀ ਜੰਜੀਰਾਂ ਨਾਲ ਬੰਨ ਦੇ ਖੱਚਰਾਂ ਖੋਧਿਆਂ ਉਪਰ ਬਿਠਾਇਆ।

ਬੰਦਾ ਸਿੰਘ ਬਹਾਦਰ ਜੀ ਨਾਲ 200 ਸਾਥੀਆਂ ਨੂੰ ਜਕਰੀਆ ਖਾਂ ਨੇ ਜਲੂਸ ਦੀ ਸ਼ਕਲ ਵਿਚ ਦਿੱਲੀ ਤੋਰਿਆ। ਬਾਦਸ਼ਾਹ ਨੂੰ ਖੁਸ਼ ਕਰਨ ਲਈ ਉਸ ਨੇ ਕੈਦੀਆਂ ਨੂੰ ਵਧਾਉਣ ਦੀ ਸੋਚੀ, ਰਾਹ ਵਿਚ ਹੋਰ ਸਿੱਖ ਫੜਨੇ ਸ਼ੁਰੂ ਕਰ ਦਿੱਤੇ। ਕੁਝ ਨੂੰ ਕੈਦੀ ਬਣਾ ਲਿਆ, ਕੁਝ ਦੇ ਸਿਰ ਵੱਢ ਕੇ ਹੋਰ ਨੇਜਿਆਂ ਤੇ ਟੰਗ ਲਏ। ਇਸ ਤਰਾਂ ਕੈਦੀਆਂ ਦੀ ਗਿਣਤੀ 740 ਅਤੇ ਟੰਗੇ ਹੋਏ ਸਿਰਾਂ ਦੀ ਗਿਣਤੀ 2000 ਹੋ ਗਈ। ਇਸ ਤੋਂ ਇਲਾਵਾ ਸਿੱਖਾਂ ਦੇ ਸਿਰ ਗੱਡਿਆਂ ਤੇ ਵੀ ਲੱਦੇ ਹੋਏ ਸਨ। ਇਹ ਜਲੂਸ 29 ਫਰਵਰੀ, 1716 ਈ. ਨੂੰ ਦਿੱਲੀ ਪੁੱਜਾ, ਜਲੂਸ ਦੇ ਅੱਗੇ ਟੰਗੇ ਹੋਏ ਸਿਰ ਸਨ। ਉਨਾਂ ਨਾਲ ਇਕ ਬਿੱਲੀ ਵੀ ਟੰਗੀ ਰਹੀ। ਇਹ ਦੱਸਣ ਲਈ ਕਿ ਗੁਰਦਾਸ ਨੰਗਲ ਵਿਚ ਸਿੱਖ ਤਾਂ ਇਕ ਪਾਸੇ ਬਿੱਲੀ ਤੱਕ ਵੀ ਮਾਰ ਦਿੱਤੀ ਹੈ। ਇਸ ਤੋਂ ਬਾਅਦ ਬਾਬਾ ਜੀ ਸਨ, ਜੋ ਹਾਥੀ ਤੇ ਇਕ ਪਿੰਜਰੇ ਵਿਚ ਸਨ। ਮਖੌਲ ਉਡਾਉਣ ਲਈ ਤਿੱਲੇ ਗੋਟੇ ਵਾਲੇ ਕੀਮਤੀ ਕੱਪੜੇ ਪਾਏ ਹੋਏ ਸਨ। ਉਨਾਂ ਦੇ ਪਿੱਛੇ ਇਕ ਸੈਨਿਕ ਨੰਗੀ ਤਲਵਾਰ ਲੈ ਕੇ ਖੜਾ ਸੀ। ਪਿੱਛੇ ਬਾਕੀ ਕੈਦੀ ਆ ਰਹੇ ਸਨ। ਜੋ ਦੋ ਦੋ ਬੰਨ ਕੇ ਬਿਨਾਂ ਕਾਠੀ ਵਾਲੇ ਊਠਾਂ 'ਤੇ ਬੰਨੇ ਹੋਏ ਸਨ। ਜਿਨਾਂ ਦੇ ਸਿਰਾਂ 'ਤੇ ਭੇਡ ਦੀ ਖੱਲ ਦੀਆਂ ਨੋਕਦਾਰ ਸ਼ੀਸ਼ੇ ਜੜੀਆਂ ਟੋਪੀਆਂ ਸਨ। ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜੇ ਦੇ ਵਿਚਕਾਰ ਮੀਲਾਂ ਲੰਮੀ ਸੜਕ ਦੇ ਦੋਨੋਂ ਪਾਸੇ ਤਮਾਸ਼ੀਬਨ ਖੜੇ ਸਨ।

ਮਿਰਜਾ ਮੁਹੰਮਦ ਹਰੀਸੀ ਜੋ ਇਸ ਨੂੰ ਦੇਖਿਆ ਤਮਾਸ਼ਾ ਕਹਿੰਦਾ ਹੈ, ਗਲੀਆਂ, ਬਾਜ਼ਾਰਾਂ ਵਿਚ ਇਤਨਾ ਭਾਰੀ ਇਕੱਠ ਸ਼ਾਇਦ ਹੀ ਕਿਸੇ ਨੇ ਵੇਖਿਆ ਹੋਵੇ। ਮੁਸਲਮਾਨ ਖੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ, ਪਰ ਸਿੱਖ ਵੀ ਭਾਣੇ ਨੂੰ ਮੰਨਦੇ ਹੋਏ ਸ਼ਾਂਤ ਸਨ। ਗੁਰਬਾਣੀ ਦਾ ਜਾਪ ਕਰਦੇ ਰਹੇ। ਤਮਾਸ਼ਬੀਨ ਆਖਦੇ ਕਿ ਤੁਹਾਡੀਆਂ ਕੀਤੀਆਂ ਨੇ ਇਹ ਦਿਨ ਵਿਖਾਏ ਹਨ। ਸਿੰਘ ਕਹਿੰਦੇ ਸਭ ਕੁਝ ਰੱਬ ਦੀ ਰਜ਼ਾ ਵਿਚ ਹੋ ਰਿਹਾ ਹੈ। ਭੀੜ ਨੇ ਕਿਹਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ। ਸਿੰਘ ਕਹਿੰਦੇ ਅਸੀਂ ਮੌਤ ਤੋਂ ਕਦ ਡਰੇ ਹਾਂ, ਜੇਕਰ ਅਸੀਂ ਡਰਦੇ ਹੁੰਦੇ ਤਾਂ ਇੰਨੀਆਂ ਜੰਗਾਂ ਕਿਵੇਂ ਲੜ ਸਕਦੇ ਸੀ। ਅਸੀਂ ਤਾਂ ਮਜਬੂਰੀਵਸ ਤੁਹਾਡੇ ਕਾਬੂ ਆ ਗਏ, ਨਹੀਂ ਤਾਂ ਤੁਹਾਨੂੰ ਪਤਾ ਹੀ ਹੈ ਕਿ ਅਸੀਂ ਕਿਹੋ ਜਿਹੇ ਹੱਥ ਵਿਖਾ ਸਕਦੇ ਹਾਂ। ਜਦੋਂ ਸ਼ਾਹੀ ਕਿਲੇ ਕੋਲ ਪਹੁੰਚੇ ਤਾਂ ਬਾਬਾ ਜੀ ਦੇ ਪ੍ਰਮੁੱਖ ਸਾਥੀ ਜਿਵੇਂ ਬਾਜ ਸਿੰਘ, ਫਤਹਿ ਸਿੰਘ, ਬਾਬਾ ਕਾਹਨ ਸਿੰਘ ਆਦਿ ਨੂੰ ਬੰਦੀਖਾਨੇ ਭੇਜ ਦਿੱਤਾ। ਬਾਬਾ ਜੀ ਦੇ ਤਿੰਨ ਵਰਿਆਂ ਦੇ ਪੁੱਤਰ ਅਜੈ ਸਿੰਘ, ਉਸ ਦੀ ਮਾਤਾ ਤੇ ਖਿਡਾਵੀ ਨੂੰ ਸ਼ਾਹੀ ਜਨਾਨਾਖਾਨਾ ਵਿਚ ਰੱਖਿਆ। ਮਾਰਚ 5, 1716 ਨੂੰ ਕੋਤਵਾਲੀ ਦੇ ਸਾਹਮਣੇ ਸਿੱਖਾਂ ਦੇ 100-100 ਕਰਕੇ ਕਤਲ ਸ਼ੁਰੂ ਹੋਏ। ਵਾਰ ਵਾਰ ਐਲਾਨ ਕੀਤਾ ਜਾਂਦਾ ਕਿ ਜਿਹੜਾ ਆਪਣਾ ਧਰਮ ਤਿਆਗ ਕੇ ਮੁਸਲਮਾਨ ਬਣ ਜਾਵੇ, ਉਸ ਦੀ ਜਾਨ ਬਖ਼ਸ਼ ਦਿੱਤੀ ਜਾਵੇ। ਜਾਨ ਸਰਮਨ ਸਦੀਫ਼ਨਸਨ ਜੋ ਸ਼ਾਹੀ ਦਫ਼ਤਰ ਵਿਚ ਸਨ ਦਾ ਕਥਨ ਹੈ ਕਿ ਕੋਈ ਵੀ ਸਿੱਖ ਆਪਣੇ ਧਰਮ ਤੋਂ ਨਹੀਂ ਫਿਰਿਆ। ਸੱਤ ਦਿਨਾਂ ਵਿਚ ਸਾਰੇ ਸਿੱਖ ਸ਼ਹੀਦ ਹੋ ਗਏ। ਰਾਤ ਨੂੰ ਸ਼ਹੀਦਾਂ ਦੇ ਸਰੀਰ ਗੱਡਿਆਂ 'ਤੇ ਲੱਦ ਕੇ ਸ਼ਹਿਰੋਂ ਬਾਹਰ ਦਰੱਖਤਾਂ ਤੇ ਟੰਗ ਦਿੱਤੇ ਜਾਂਦੇ। ਇਸ ਕਤਲੇਆਮ ਤੋਂ ਤਿੰਨ ਮਹੀਨੇ ਤੱਕ ਬਾਬਾ ਜੀ ਅਤੇ ਸਾਥੀਆਂ ਨੂੰ ਸਖ਼ਤ ਤਸੀਹੇ ਦਿੱਤੇ ਗਏ ਕਿ ਉਹ ਆਪਣੇ ਦੱਬੇ ਹੋਏ ਖ਼ਜ਼ਾਨੇ ਅਤੇ ਉਨਾਂ ਦੇ ਮਦਦਗਾਰ ਕੌਣ ਸਨ ਦਾ ਪਤਾ ਦੇਣ। ਅੰਤ ਬਾਬਾ ਜੀ ਅਤੇ ਉਸ ਦੇ 26 ਸਾਥੀਆਂ ਨੂੰ 9 ਜੂਨ 1716 ਨੂੰ ਸ਼ਹੀਦ ਕਰਨ ਲਈ ਖਵਾਜਾ ਕੁਤਬਦੀਨ ਬੁਖਤਿਆਰ ਕਾਕੀ ਦੇ ਮਕਬਰੇ ਦੀ ਪਰਿਕਰਮਾ ਕਰਵਾਈ ਗਈ। ਫਿਰ ਦੁਹਰਾਇਆ ਕਿ ਇਸਲਾਮ ਕਬੂਲ ਕਰੋ ਜਾਂ ਫਿਰ ਮੌਤ। ਦਸ਼ਮੇਸ਼ ਪਿਤਾ ਦੇ ਸਿਦਕੀ ਸੰਤ ਸੂਰਮਿਆਂ ਨੇ ਸ਼ਹੀਦੀ ਪ੍ਰਾਪਤ ਕਰ ਲਈ। ਬਾਬਾ ਜੀ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਨੂੰ ਬਾਬਾ ਜੀ ਦੀ ਗੋਦ ਵਿਚ ਬਿਠਾਇਆ ਅਤੇ ਆਪਣੇ ਪੁੱਤਰ ਨੂੰ ਖੁਦ ਵੱਢ ਦਿਓ। ਬਾਬਾ ਜੀ ਨੇ ਇਨਕਾਰ ਕੀਤਾ ਤਾਂ ਜਲਾਦ ਨੇ ਬੱਚੇ ਦੇ ਟੋਟੇ ਕਰ ਦਿੱਤੇ। ਬੱਚੇ ਦਾ ਦਿਲ ਬਾਬਾ ਜੀ ਦੇ ਮੂੰਹ ਵਿਚ ਤੁਨਿਆ ਗਿਆ। ਬਾਬਾ ਜੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ ਅਡੋਲ ਰਹੇ। ਮੁਸਲਮਾਨ ਇਤਿਹਾਸਕਾਰ ਗੁਲਾਮ ਹੁਸੈਨ ਲਿਖਦਾ ਹੈ ਕਿ ਇਸਮਾਦਲ ਦੌਲ ਮੁਹੰਮਦ ਅਮੀਨ ਖਾਂ ਜੋ ਬਾਬਾ ਜੀ ਦੇ ਕੋਲ ਖੜਾ ਸੀ, ਇਸ ਸ਼ਹੀਦੀ ਦਾ ਉਸ ਦੇ ਮਨ ਤੇ ਅਸਰ ਹੋਇਆ ਤਾਂ ਉਹ ਕਹਿ ਉਠਿਆ ਕਿ ਅਜੇਹੀ ਸਿਆਣਪ, ਸਾਊਪੁਣੇ ਤੇ ਉਚਚਿਤਾ ਦੇ ਮਾਲਕ ਨੇ ਦੁਨੀਆ ਦੇ ਅਜਿਹੇ ਵਖਤਾਂ ਵਿਚ ਕਿਉਂ ਪਾਇਆ ਅਤੇ ਆਪਣੀ ਜਾਨ ਨੂੰ ਇਸ ਬਿਪਤਾ ਵਿਚ ਫਸਾਇਆ।

ਜਲਾਦ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੀਆਂ ਅੱਖਾਂ ਕੱਢੀਆਂ। ਹੱਥ ਪੈਰ ਵੱਢਣ ਉਪਰੰਤ ਭਖਦੇ ਹੋਏ ਲਾਲ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ। ਅਜਿਹੇ ਅਣਮਨੁੱਖੀ ਤਸੀਹੇ ਸਹਿੰਦਿਆਂ ਬਾਬਾ ਜੀ ਜੂਨ 9, 1716 ਨੂੰ ਸ਼ਹੀਦੀ ਪਾ ਗਏ।

ਬਾਬਾ ਜੀ ਦੇ 6 ਸਾਲ ਦੇ ਰਾਜ ਪ੍ਰਬੰਧ ਦੀਆਂ ਵਿਸ਼ੇਸ਼ਤਾਈਆਂ ਹਨ : ਬਾਬਾ ਜੀ ਸਿੱਖ ਕੌਮ ਦੇ ਉਹ ਸਿਪਾਹੀ ਹਨ ਜਿਨਾਂ ਸਿੱਖ ਧਰਮ ਵਿਚ ਬਹਾਦਰੀ ਦੇ ਸਿਧਾਂਤ ਨੂੰ ਅਗਾਂਹ ਤੋਰਿਆ। ਖ਼ਾਲਸੇ ਨੇ ਬਰਾਬਰਤਾ ਦੇ ਸਿਧਾਂਤ ਤੇ ਪਹਿਰਾ ਦਿੰਦਿਆਂ ਪਹਿਲੀ ਵਾਰ ਰਾਜਸੀ ਸੱਤਾ ਤੇ ਕਬਜਾ ਕੀਤਾ। ਉਨਾਂ ਨੇ ਨੀਚਾਂ ਵਿਚੋਂ ਨੀਚ ਨੂੰ ਹਾਕਮ ਬਣਾਇਆ। ਖ਼ਾਲਸੇ ਨੇ ਜਿਸ ਇਲਾਕੇ ਤੇ ਕਬਜਾ ਕੀਤਾ, ਉਸ ਸੂਬੇ ਦਾ ਪਹਿਲਾ ਹਾਕਮ ਭਾਈ ਬੀਰ ਸਿੰਘ ਨੂੰ ਥਾਪਿਆ ਜੋ ਕਿ ਇਕ ਨੀਵੀਂ ਜਾਤ ਵਿਚੋਂ ਸਨ। ਉਨਾਂ ਦੇ ਰਾਜ ਵਿਚ ਸਿੱਖ ਇਕ ਅਜਿੱਤ ਕੌਮ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ। ਉਨਾਂ ਦੇ ਰਾਜ ਨਾਲ ਹਰ ਇਕ ਨੂੰ ਬਰਾਬਰ ਅਜ਼ਾਦੀ ਸੀ। ਉਹ ਕਿਸੇ ਕੌਮ ਦੇ ਫਿਰਕੇ ਦੇ ਵਿਰੁਧ ਨਹੀਂ ਸਨ। ਉਨਾਂ ਤੋਂ ਬਾਅਦ 1717-1748 ਤੱਕ ਮੁਗਲਾਂ ਦੇ ਅਕਹਿ ਜ਼ੁਲਮ ਸਹਿ ਕੇ ਖ਼ਾਲਸੇ ਦੀਆਂ ਬਾਰਾਂ ਮਿਸਲਾਂ ਹੋਂਦ ਵਿਚ ਆਈਆਂ। ਫਿਰ 1801 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕੀਤਾ।

ਬਾਬਾ ਜੀ ਨੇ ਜਨਤੰਤਰ ਦੀ ਨੀਂਹ ਰੱਖੀ। ਡਾ. ਗੰਡਾ ਸਿੰਘ ਜੀ ਅਨੁਸਾਰ-ਬਾਬਾ ਜੀ ਦੀ ਅਗਵਾਈ ਹੇਠ ਖ਼ਾਲਸੇ ਨੇ ਜ਼ਿੰਮੀਦਾਰਾ ਪ੍ਰਬੰਧ ਖਤਮ ਕੀਤਾ, ਜਮੀਨ ਤੇ ਉਨਾਂ ਕਿਸਾਨਾਂ ਦੀ ਮਾਲਕੀ ਕੀਤੀ ਜੋ ਖੁਦ ਹੱਲ ਵਾਹੁੰਦੇ ਸਨ। ਅਜਿਹੇ ਲੋਕਾਂ ਨੂੰ ਉਚਾ ਕੀਤਾ ਜੋ ਬੇਜਮੀਨੇ ਅਤੇ ਨਿਖਿਧ ਸਨ।

ਬਾਬਾ ਜੀ ਇਕ ਸੂਰਬੀਰ, ਸਫ਼ਲ ਪ੍ਰਬੰਧਕ, ਸਿਦਕੀ ਅਤੇ ਧਰਮੀ ਸਿੱਖ ਸਨ। ਉਨਾਂ ਦੀ ਸਿੱਖ ਕੌਮ ਨੂੰ ਬੇਮਿਸਾਲ ਦੇਣ ਹੈ। ਉਨਾਂ ਦੀ ਵਿਲੱਖਣ ਸ਼ਹੀਦੀ ਅਤੇ ਉਨਾਂ ਦਾ ਸਿੱਖ ਪੰਥ ਦੀ ਸਥਾਪਤੀ ਵਿਚ ਪਾਏ ਯੋਗਦਾਨ 'ਤੇ ਕੌਮ ਨੂੰ ਹਮੇਸ਼ਾ ਮਾਣ ਰਹੇਗਾ।

ਅੰਤਿਕਾ : ਜੋ ਮਨੁੱਖ ਜਗਤ ਰੂਪ ਰਣਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਅਤੇ ਅੜ ਖਲੋਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦ ਇਨਾਂ ਨਾਲ ਲੜਿਆ ਜਾ ਸਕਦਾ ਹੈ, ਉਹ ਅਸਲ ਸੂਰਮਾ ਹੈ। ਉਸ ਦੇ ਦਸਮ ਦੁਆਰ ਵਿਚ ਧੌਂਸਾਂ ਵੱਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਸੂਰਮਾ ਹੋਰ ਵੀ ਹੈ, ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੈ। ਗਰੀਬਾਂ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਰ ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੀ ਖਾਤਰ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ 1105, ਭਗਤ ਕਬੀਰ ਜੀ।






ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ਅੱਜ ਦਾ ਮੁੱਦਾ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com